ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ' | ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ' | (ਕੁੱਲ ਸਫ਼ੇ 12 Pages 12)

(Wednesday, 9 July, 2025) ਪਟਿਆਲਾ ਬੁੱਧਵਾਰ, 9 ਜੁਲਾਈ, 2025, 25 ਹਾੜ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 188 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


ਅਦਾਰਾ
**ਚੜ੍ਹਦੀਕਲਾ**
ਵੱਲੋਂ
**ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ**
**ਕੋਟਿ-ਕੋਟਿ ਪ੍ਰਣਾਮ**

## ਇੰਡੀਗੋ ਜਹਾਜ਼ 'ਤੇ ਮੱਧੂ ਮੱਖੀਆਂ ਦਾ ਹਮਲਾ, ਯਾਤਰੀ ਫਸੇ

ਸੂਰਤ , 8 ਜੁਲਾਈ (ਚੜ੍ਹਦੀਕਲਾ ਬਿਊਰੋ) : ਗੁਜਰਾਤ ਦੇ ਸੂਰਤ ਵਿੱਚ ਇੱਕ ਯਾਤਰੂ ਜਹਾਜ਼ ਨੂੰ ਉਸ ਸਮੇਂ ਵੱਡੀ ਦਿੱਕਤ ਪੈਦਾ ਹੋ ਗਈ ਜਦੋਂ ਉਡਾਣ ਲਈ ਤਿਆਰ ਜਹਾਜ਼ 'ਤੇ ਮੱਧੂ-ਮੱਖੀਆਂ ਤੇ ਭੂੰਡ ਨੇ ਹਮਲਾ ਕਰ ਦਿੱਤਾ। ਇਹ ਹਮਲਾ ਇੰਨਾ ਭਿਆਨਕ ਸੀ ਕਿ ਇਸ ਮਗਰੋਂ ਜਹਾਜ਼ ਨੂੰ ਇੱਕ ਘੰਟੇ ਤੱਕ ਰਨਵੇਅ 'ਤੇ ਹੀ ਰੁਕਣਾ ਪਿਆ, ਇਸ ਹਮਲੇ ਨੇ ਪੂਰੇ ਹਵਾਈ ਅੱਡੇ 'ਤੇ ਹਫੜਾ-ਦਫੜੀ ਮਚਾ ਦਿੱਤੀ। ਜਾਣਕਾਰੀ ਅਨੁਸਾਰ ਇੰਡੀਗੋ ਦੀ ਉਡਾਣ 6ਈ-7267 ਸ਼ਾਮ 4:20 ਵਜੇ (ਬਾਕੀ ਸਫ਼ਾ 2 'ਤੇ)

# ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫ਼ਤਾਰੀ 'ਚ ਹਾਈ ਕੋਰਟ ਤੋਂ ਨਹੀਂ ਮਿਲੀ ਰਾਹਤ

### ਪਟੀਸ਼ਨ 'ਚ ਸੋਧ ਲਈ ਮੰਗਿਆ ਸਮਾਂ, ਮੁੜ ਸੁਣਵਾਈ 29 ਨੂੰ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 8 ਜੁਲਾਈ : ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ। ਮਜੀਠੀਆ ਦੇ ਵਕੀਲਾਂ ਨੇ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਵਿੱਚ ਸੋਧ ਕਰਨ ਲਈ ਤਿੰਨ ਹਫ਼ਤਿਆਂ ਦਾ ਸਮਾਂ ਮੰਗਿਆ ਸੀ, ਜਿਸ ਨੂੰ ਹਾਈ ਕੋਰਟ ਨੇ ਸਵੀਕਾਰ ਕਰ ਲਿਆ ਹੈ।

ਅਗਲੀ ਸੁਣਵਾਈ 29 ਜੁਲਾਈ ਨੂੰ ਹੋਵੇਗੀ। ਸਾਬਕਾ ਮੰਤਰੀ ਮਜੀਠੀਆ ਇਸ ਸਮੇਂ ਨਾਭਾ ਜੇਲ ਵਿੱਚ ਬੰਦ ਹਨ। ਮਜੀਠੀਆ ਦਾ ਪੁਲਿਸ ਰਿਮਾਂਡ 6 ਜੁਲਾਈ ਨੂੰ ਖਤਮ ਹੋ ਗਿਆ ਸੀ, ਜਿਸ ਤੋਂ ਬਾਅਦ ਮੋਹਾਲੀ ਅਦਾਲਤ ਨੇ ਉਨ੍ਹਾਂ ਨੂੰ 19 ਜੁਲਾਈ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਸੀ। ਜੇਲ ਪ੍ਰਸ਼ਾਸਨ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਦੀਆਂ ਬੈਰਕਾਂ ਵਿੱਚ ਸੀਸੀਟੀਵੀ ਕੈਮਰੇ ਲਗਾ ਦਿੱਤੇ ਹਨ ਅਤੇ ਸਪੱਸ਼ਟ ਕਰ



ਦਿੱਤਾ ਹੈ ਕਿ ਉਨ੍ਹਾਂ ਨੂੰ ਕੋਈ ਵਿਸ਼ੇਸ਼ ਸਹੂਲਤ ਨਹੀਂ ਦਿੱਤੀ ਜਾਵੇਗੀ। ਸਰਕਾਰੀ ਵਕੀਲ ਅਨੁਸਾਰ ਮਾਮਲੇ ਦੀ ਅਗਲੀ ਸੁਣਵਾਈ 29 ਜੁਲਾਈ ਨੂੰ ਹੋਵੇਗੀ। ਮਜੀਠੀਆ ਨੂੰ ਜੇਲ ਲਿਜਾਂਦੇ ਸਮੇਂ ਪੁਲਿਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਸਨ ਅਤੇ ਜੇਲ੍ਹ ਵੱਲ ਜਾਣ ਵਾਲੀ ਸੜਕ 'ਤੇ ਵਾਹਨਾਂ ਦੀ ਆਵਾਜਾਈ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਸਵੇਰੇ 4:30 ਵਜੇ ਮੋਹਾਲੀ ਵਿੱਚ ਮਜੀਠੀਆ ਵਿਰੁੱਧ (ਬਾਕੀ ਸਫ਼ਾ 2 'ਤੇ)

### ਵਿਜੀਲੈਂਸ ਨੇ ਗੋਰਖਪੁਰ ਦੀ ਸਰਈਆ ਡਿਸਟਲਰੀ 'ਚ ਮਜੀਠੀਆ ਸਬੰਧੀ ਰਿਕਾਰਡ ਖੰਗਾਲਿਆ

ਗੋਰਖਪੁਰ, 8 ਜੁਲਾਈ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿਜੀਲੈਂਸ ਦੀ ਟੀਮ ਨੇ ਸਰਈਆ ਡਿਸਟਲਰੀ 'ਚ ਲਗਾਤਾਰ ਤੀਜੇ ਦਿਨ ਛਾਣਬੀਨ ਕੀਤੀ। ਸੋਮਵਾਰ ਨੂੰ ਟੀਮ ਨੇ ਅੱਠ ਘੰਟੇ ਤੱਕ ਦਸਤਾਵੇਜ਼ ਖੰਘਾਲੇ ਤੇ ਆਰਥਿਕ ਰਿਕਾਰਡਾਂ ਦੀ ਫੋਟੋ ਕਾਪੀ ਕਰਾਈ। ਇਹ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਨਾਲ ਜੁੜੀ ਹੈ। ਸੋਮਵਾਰ ਨੂੰ ਸਵੇਰੇ 11 ਵਜੇ ਤੋਂ ਸ਼ਾਮ ਸੱਤ ਵਜੇ ਤੱਕ ਵਿਜੀਲੈਂਸ ਦੀ ਟੀਮ ਨੇ ਦਸਤਾਵੇਜ਼ਾਂ ਦੀ ਜਾਂਚ ਪੜਤਾਲ ਕੀਤੀ। ਇਸ ਦੌਰਾਨ ਕੰਪਲੈਕਸ 'ਚ ਕਿਸੇ ਵੀ ਬਾਹਰੀ ਵਿਅਕਤੀ ਦੇ ਦਾਖ਼ਲੇ 'ਤੇ ਪੂਰੀ ਤਰ੍ਹਾਂ ਰੋਕ ਰਹੀ। ਸੂਤਰਾਂ ਦੇ ਮੁਤਾਬਕ ਟੀਮ ਨੂੰ ਡਿਸਟਲਰੀ ਦੇ ਰਿਕਾਰਡ ਤੋਂ ਅਜਿਹੇ ਵਿੱਤੀ (ਬਾਕੀ ਸਫ਼ਾ 2 'ਤੇ)

### ਪੰਜਾਬ ਬਣਿਆ ਦੇਸ਼ ਦਾ ਪਹਿਲਾ ਸੂਬਾ

# ਹਰੇਕ ਪਰਿਵਾਰ ਨੂੰ ਮਿਲੇਗਾ 10 ਲੱਖ ਰੁ. ਦਾ ਨਗਦੀ ਰਹਿਤ ਇਲਾਜ: ਮਾਨ

### ਮਾਨ ਅਤੇ ਕੇਜਰੀਵਾਲ ਵੱਲੋਂ ਪੰਜਾਬ ਦੇ 65 ਲੱਖ ਪਰਿਵਾਰਾਂ ਲਈ ਨਗਦੀ ਰਹਿਤ ਸਿਹਤ ਯੋਜਨਾ ਦਾ ਐਲਾਨ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 8 ਜੁਲਾਈ :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਵੱਲੋਂ ਅੱਜ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਸ਼ੁਰੂਆਤ ਕਰਨ ਨਾਲ ਪੰਜਾਬ ਸਿਹਤ ਕ੍ਰਾਂਤੀ ਦੇ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰ ਗਿਆ। ਇਸ ਯੋਜਨਾ ਦੇ ਲਾਗੂ ਹੋਣ ਨਾਲ ਪੰਜਾਬ, ਦੇਸ਼ ਦਾ ਪਹਿਲਾ ਸੂਬਾ ਹੋਵੇਗਾ ਜਿੱਥੇ ਸਾਰੇ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਨਗਦ ਰਹਿਤ ਇਲਾਜ (ਕੈਸ਼ਲੈੱਸ ਟਰੀਟਮੈਂਟ) ਮਿਲੇਗਾ।

ਅੱਜ ਇੱਥੇ ਮਿਊਂਸਪਲ ਭਵਨ ਵਿਖੇ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਸ਼ੁਰੂਆਤ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਬਹੁਤ ਸਾਰੇ ਪਰਿਵਾਰ ਗੰਭੀਰ ਬਿਮਾਰੀਆਂ ਤੋਂ ਪੀੜਤ ਹੁੰਦੇ ਸਨ ਪਰ ਇਲਾਜ ਮਹਿੰਗਾ ਹੋਣ ਕਰਕੇ ਬੇਵੱਸੀ ਦੇ ਆਲਮ ਵਿੱਚ ਜ਼ਿੰਦਗੀ ਬਤੀਤ ਕਰਦੇ ਸਨ। ਉਨ੍ਹਾਂ ਕਿਹਾ ਕਿ ਲੋਕਾਂ ਨੇ ਤਾਂ ਆਸਾਂ-ਉਮੀਦਾਂ ਵੀ ਛੱਡ ਦਿੱਤੀਆਂ ਸਨ ਕਿਉਂਕਿ ਉਨ੍ਹਾਂ ਨੂੰ ਇਲਾਜ ਲਈ ਜ਼ਮੀਨ ਜਾਂ ਘਰ-ਬਾਰ ਵੇਚਣਾ ਪੈਂਦਾ



ਸੀ। ਭਗਵੰਤ ਸਿੰਘ ਮਾਨ ਨੇ ਦੁੱਖ ਨਾਲ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਿਕੰਮੀ ਕਾਰਗੁਜ਼ਾਰੀ ਕਾਰਨ ਇਸ ਸੰਜੀਦਾ ਮਸਲੇ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਨਵੀਂ ਸਿਹਤ ਯੋਜਨਾ ਦੇ ਸ਼ੁਰੂ ਹੋਣ ਨਾਲ ਸੂਬੇ ਦੇ ਸਾਰੇ ਪਰਿਵਾਰ 10 ਲੱਖ ਰੁਪਏ ਤੱਕ ਦੇ ਨਗਦੀ ਰਹਿਤ ਇਲਾਜ ਦੇ ਹੱਕਦਾਰ ਹੋਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਸਾਰੇ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਮੁਫ਼ਤ ਹੋਵੇਗਾ ਜਿਸ ਨਾਲ ਆਮ ਆਦਮੀ ਨੂੰ ਵੱਡੀ ਰਾਹਤ ਮਿਲੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਸੂਬੇ ਦੇ ਕਿਸੇ ਵੀ ਵਸਨੀਕ ਨੂੰ ਗੰਭੀਰ ਬਿਮਾਰੀਆਂ ਦਾ ਇਲਾਜ ਕਰਵਾਉਣ ਲਈ ਆਪਣੀ ਜੇਬ ਵਿੱਚੋਂ ਇੱਕ ਵੀ ਪੈਸਾ ਨਹੀਂ ਦੇਣਾ ਪਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਸਿਹਤ, ਸਿੱਖਿਆ, ਬਿਜਲੀ, (ਬਾਕੀ ਸਫ਼ਾ 2 'ਤੇ)

### 'ਮੁੱਖ ਮੰਤਰੀ ਸਿਹਤ ਯੋਜਨਾ' ਸਿਹਤ ਸੰਭਾਲ ਮੁਹੱਈਆ ਕਰਵਾਉਣ ਦੀ ਦਿਸ਼ਾ 'ਚ ਅਹਿਮ ਕਦਮ: ਕੇਜਰੀਵਾਲ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 8 ਜੁਲਾਈ :ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਕਿਹਾ ਕਿ 'ਮੁੱਖ ਮੰਤਰੀ ਸਿਹਤ ਯੋਜਨਾ' ਲੋਕਾਂ ਨੂੰ ਇਕ ਵੀ ਪੈਸਾ ਖ਼ਰਚੇ ਬਿਨਾਂ ਸਾਰੀਆਂ ਸਿਹਤ ਸੰਭਾਲ ਸਹੂਲਤਾਂ ਮੁਹੱਈਆ ਕਰਨ ਵੱਲ ਅਹਿਮ ਕਦਮ ਹੈ।

ਇੱਥੇ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਸ਼ੁਰੂਆਤ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਕੰਮ ਜੋ ਅੱਜ ਕੀਤਾ ਜਾ ਰਿਹਾ ਹੈ, ਉਹ 50 ਸਾਲ ਪਹਿਲਾਂ ਹੋ ਜਾਣਾ ਚਾਹੀਦਾ ਸੀ ਪਰ ਬਦਕਿਸਮਤੀ ਨਾਲ ਇਹ ਦੇਸ਼ 'ਤੇ ਰਾਜ ਕਰਨ ਵਾਲਿਆਂ ਦੇ ਏਜੰਡੇ 'ਤੇ ਕਦੇ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਇਸ ਕਾਰਨ ਹੀ 'ਆਪ' ਨੇ ਹਮੇਸ਼ਾ ਲੋਕਾਂ ਨੂੰ ਮਿਆਰੀ ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ ਤਾਂ ਜੋ ਉਹ ਜੀਵਨ ਵਿੱਚ ਸਫ਼ਲਤਾ ਹਾਸਲ ਕਰ ਸਕਣ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਦਾ ਦਾਅਵਾ ਕਰਨ ਵਾਲਿਆਂ ਨੇ ਹੁਣ ਤੱਕ ਦੇਸ਼ ਨੂੰ ਇਨ੍ਹਾਂ ਸਹੂਲਤਾਂ ਤੋਂ ਵਾਂਝਾ ਰੱਖਿਆ ਹੈ, ਜਿਸ ਕਾਰਨ ਦੇਸ਼ ਪਿੱਛੇ ਰਹਿ ਗਿਆ ਹੈ। ਸਿੰਗਾਪੁਰ, ਜਾਪਾਨ, ਜਰਮਨੀ ਅਤੇ ਹੋਰ ਦੇਸ਼ਾਂ ਦੀ ਮਿਸਾਲ ਦਿੰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਇਸ ਲਈ ਸਫ਼ਲਤਾ ਹਾਸਲ ਕੀਤੀ ਕਿਉਂਕਿ ਇਨ੍ਹਾਂ ਦੇਸ਼ਾਂ ਨੇ ਸਿੱਖਿਆ ਤੇ ਸਿਹਤ ਉੱਤੇ ਧਿਆਨ ਕੇਂਦਰਿਤ ਕੀਤਾ ਸੀ। (ਬਾਕੀ ਸਫ਼ਾ 2 'ਤੇ)

## ਬੀ.ਬੀ.ਐਮ.ਬੀ. ਮਾਮਲੇ 'ਚ ਮਾਣਹਾਨੀ ਪਟੀਸ਼ਨ 'ਤੇ ਸੁਣਵਾਈ ਮੁਲਤਵੀ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 8 ਜੁਲਾਈ :ਮੰਗਲਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਬੀ.ਬੀ.ਐਮ.ਬੀ. ਡੈਮ ਨਾਲ ਸਬੰਧਤ ਇੱਕ ਮਾਣਹਾਨੀ ਪਟੀਸ਼ਨ ਦੀ ਸੁਣਵਾਈ ਹੋਈ। ਇਹ ਪਟੀਸ਼ਨ ਪੰਜਾਬ ਸਰਕਾਰ ਦੇ ਅਧਿਕਾਰੀਆਂ ਵਿਰੁੱਧ 6 ਮਈ, 2025 ਦੇ ਅਦਾਲਤ ਦੇ ਹੁਕਮਾਂ ਦੀ ਜਾਣਬੁੱਝ ਕੇ ਉਲੰਘਣਾ ਕਰਨ ਅਤੇ ਲਾਗੂ ਕਰਨ ਵਿੱਚ ਰੁਕਾਵਟ ਪਾਉਣ ਲਈ ਦਾਇਰ ਕੀਤੀ ਗਈ ਹੈ। ਪਟੀਸ਼ਨ ਵਿੱਚ ਕੇਂਦਰੀ ਬਲਾਂ ਦੀ ਤਾਇਨਾਤੀ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਲਈ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸ ਪਟੀਸ਼ਨ ਦੀ ਸੁਣਵਾਈ ਚੀਫ਼ ਜਸਟਿਸ ਅਤੇ ਜਸਟਿਸ ਸੁਮਿਤ ਗੋਇਲ ਦੀ ਡਿਵੀਜ਼ਨ ਬੈਂਚ ਸਾਹਮਣੇ ਹੋਈ। ਇਸ ਦੌਰਾਨ ਪੰਜਾਬ ਸਰਕਾਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਰਾਜ ਸਰਕਾਰ ਨੇ ਇਸ ਅਦਾਲਤ ਦੇ ਸਾਰੇ ਹੁਕਮਾਂ ਵਿਰੁੱਧ ਸੁਪਰੀਮ ਕੋਰਟ ਵਿੱਚ ਇੱਕ ਵਿਸ਼ੇਸ਼ ਛੁੱਟੀ ਪਟੀਸ਼ਨ (ਐਸ.ਐਲ.ਪੀ.) ਦਾਇਰ ਕੀਤੀ ਹੈ। ਇਸ ਜਾਣਕਾਰੀ ਤੋਂ ਬਾਅਦ, ਹਾਈ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਫਿਲਹਾਲ ਲਈ ਮੁਲਤਵੀ ਕਰ ਦਿੱਤੀ ਹੈ। ਹੁਣ ਇਹ ਪਟੀਸ਼ਨ ਜੁਲਾਈ ਦੇ ਆਖਰੀ ਹਫ਼ਤੇ ਸੂਚੀਬੱਧ ਕੀਤੀ ਜਾਵੇਗੀ। ਅਗਲੀ ਸੁਣਵਾਈ ਦੀ ਤਰੀਕ ਅਜੇ ਤੈਅ ਨਹੀਂ ਹੋਈ ਹੈ। ਇਹ ਜਾਣਿਆ ਜਾਂਦਾ ਹੈ ਕਿ ਬੀ.ਬੀ.ਐਮ.ਬੀ. ਡੈਮ ਸਬੰਧੀ (ਬਾਕੀ ਸਫ਼ਾ 2 'ਤੇ)

**ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਐਸ.ਐਲ.ਪੀ. ਦਾਇਰ ਕੀਤੀ**

# ਦੇਸ਼ ਦੇ ਕਈ ਸੂਬਿਆਂ 'ਚ ਮੀਂਹ ਨੇ ਮਚਾਈ ਤਬਾਹੀ

### ਮੱਧ ਪ੍ਰਦੇਸ਼ 'ਚ ਪੁਲ ਡਿੱਗਣ ਕਾਰਨ ਕਾਰ ਰੁੜ੍ਹੀ, 4 ਦੀ ਮੌਤ; ਜ਼ਮੀਨ ਖਿਸਕਣ ਕਾਰਨ ਬਦਰੀਨਾਥ ਸੜਕ ਬੰਦ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 8 ਜੁਲਾਈ: ਦੱਖਣ-ਪੱਛਮੀ ਮਾਨਸੂਨ ਕਾਰਨ ਦੇਸ਼ ਭਰ ਵਿੱਚ ਭਾਰੀ ਮੀਂਹ ਪੈ ਰਿਹਾ ਹੈ। ਹੁਣ ਤੱਕ ਮਾਨਸੂਨ ਸੀਜ਼ਨ ਵਿੱਚ ਆਮ ਨਾਲੋਂ 15% ਵੱਧ ਮੀਂਹ ਪੈ ਚੁੱਕਾ ਹੈ। ਇਸ ਸਮੇਂ ਤੱਕ 221.6ਐਮ.ਐਮ. ਬਾਰਿਸ਼ ਹੋਣੀ ਸੀ, ਪਰ 254ਐਮ.ਐਮ. ਹੋ ਚੁੱਕੀ ਹੈ।

ਮੱਧ ਪ੍ਰਦੇਸ਼ ਵਿੱਚ ਲਗਾਤਾਰ ਮੀਂਹ ਕਾਰਨ ਬਾਲਾਘਾਟ, ਮੰਡਲਾ, ਸਿਓਨੀ, ਇਟਾਰਸੀ ਅਤੇ ਕਟਨੀ ਸਮੇਤ ਕਈ ਜ਼ਿਲ੍ਹਿਆਂ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਅਨੂਪਪੁਰ ਵਿੱਚ ਪੁਲ ਡਿੱਗਣ ਕਾਰਨ ਇੱਕ ਕਾਰ ਵਹਿ ਗਈ। ਇਸ ਵਿੱਚ ਇੱਕ ਪਤੀ-ਪਤਨੀ ਅਤੇ 2 ਬੱਚਿਆਂ ਦੀ ਮੌਤ ਹੋ ਗਈ।

ਪਿਛਲੇ 6 ਦਿਨਾਂ ਵਿੱਚ, ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਕਾਰਨ 14 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ 28 ਲਾਪਤਾ ਹਨ। ਹਾਲਾਂਕਿ,



ਹੁਣ ਮੌਸਮ ਆਮ ਹੋ ਗਿਆ ਹੈ। ਇਸ ਦੇ ਨਾਲ ਹੀ, ਉਤਰਾਖੰਡ ਦੇ ਪਿੱਪਲਕੋਟੀ ਵਿੱਚ ਬਦਰੀਨਾਥ ਹਾਈਵੇਅ 'ਤੇ ਜ਼ਮੀਨ ਖਿਸਕਣ ਕਾਰਨ ਸੜਕ ਬੰਦ ਹੋ ਗਈ ਹੈ। ਦੇਹਰਾਦੂਨ ਵਿੱਚ ਪਾਣੀ ਘਰਾਂ ਵਿੱਚ ਵੜ ਗਿਆ ਹੈ।

ਛੱਤੀਸਗੜ੍ਹ ਵਿੱਚ ਪਿਛਲੇ 3 ਦਿਨਾਂ ਤੋਂ ਭਾਰੀ ਮੀਂਹ ਪੈ ਰਿਹਾ ਹੈ। ਬਿਲਾਸਪੁਰ ਦੇ ਕਈ ਇਲਾਕੇ ਡੁੱਬੇ ਹੋਏ ਹਨ। ਇਸ ਦੌਰਾਨ, ਰਾਜਸਥਾਨ ਦੇ 20 ਤੋਂ ਵੱਧ ਜ਼ਿਲ੍ਹਿਆਂ ਵਿੱਚ ਮੀਂਹ ਜਾਰੀ ਹੈ। ਦੌਸਾ ਵਿੱਚ ਕੰਧ ਡਿੱਗਣ ਕਾਰਨ ਇੱਕ ਔਰਤ ਦੀ ਮੌਤ ਹੋ ਗਈ। ਝੁਨਝੁਨੂ ਵਿੱਚ ਬਾਘੋਲੀ ਨਦੀ ਦੇ ਤੇਜ਼ ਵਹਾਅ ਕਾਰਨ ਐਨ.ਐਚ.-52 ਨੂੰ ਜੋੜਨ ਵਾਲੀ ਸੜਕ ਢਹਿ ਗਈ।

ਸਥਾਨਕ ਮੌਸਮ ਵਿਭਾਗ ਨੇ ਮੰਗਲਵਾਰ ਨੂੰ ਅਗਲੇ 24 ਘੰਟਿਆਂ ਵਿੱਚ ਸੱਤ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਵਿੱਚ ਘੱਟ ਤੋਂ ਦਰਮਿਆਨੇ ਅਚਾਨਕ ਹੜ੍ਹਾਂ ਦੇ ਖ਼ਤਰੇ ਦੀ ਚੇਤਾਵਨੀ ਦਿੱਤੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਚੰਬਾ, ਕਾਂਗੜਾ, ਮੰਡੀ, ਕੁੱਲੂ, ਸ਼ਿਮਲਾ, ਸੋਲਨ ਅਤੇ ਸਿਰਮੌਰ ਸ਼ਾਮਲ ਹਨ।

ਮੌਸਮ ਵਿਭਾਗ ਨੇ ਅਗਲੇ ਸੋਮਵਾਰ ਤੱਕ ਸੂਬੇ ਵਿੱਚ ਵੱਖ-ਵੱਖ ਥਾਵਾਂ 'ਤੇ ਭਾਰੀ ਮੀਂਹ ਦੀ ਚੇਤਾਵਨੀ ਦਿੰਦੇ ਹੋਏ 'ਯੈਲੋ' ਅਲਰਟ ਵੀ ਜਾਰੀ ਕੀਤਾ ਹੈ। ਰਾਜ ਐਮਰਜੈਂਸੀ ਅਪਰੇਸ਼ਨ ਸੈਂਟਰ (ਐਸ.ਈ.ਓ.ਸੀ.) ਅਨੁਸਾਰ ਕੁੱਲ 225 ਸੜਕਾਂ, ਜਿਨ੍ਹਾਂ ਵਿੱਚੋਂ 153 ਸਭ ਤੋਂ ਵੱਧ ਪ੍ਰਭਾਵਿਤ (ਬਾਕੀ ਸਫ਼ਾ 2 'ਤੇ)

## ਸੰਜੇ ਵਰਮਾ ਕਤਲ ਮਾਮਲੇ 'ਚ ਅਬੋਹਰ ਨੇੜੇ ਐਨਕਾਊਂਟਰ 'ਚ 2 ਮੁਲਜ਼ਮਾਂ ਦੀ ਮੌਤ

ਚੜ੍ਹਦੀਕਲਾ ਬਿਊਰੋ

================

ਅਬੋਹਰ , 8 ਜੁਲਾਈ : ਅਬੋਹਰ ਨੇੜੇ ਵੱਡਾ ਐਨਕਾਊਂਟਰ ਹੋਇਆ ਹੈ। ਕੱਪੜਾ ਕਾਰੋਬਾਰੀ ਦੇ ਕਤਲ ਤੋਂ ਬਾਅਦ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਹੈ। ਮੁਕਾਬਲੇ ਵਿਚ ਦੋ ਮੁਲਜ਼ਮ ਢੇਰ ਹੋਣ ਦੀ ਖ਼ਬਰ ਹੈ। ਅਬੋਹਰ ਵਿੱਚ ਸੰਜੇ ਵਰਮਾ ਹੱਤਿਆਕਾਂਡ ਮਾਮਲੇ ਵਿੱਚ ਪੁਲਿਸ ਨੇ ਵੱਡਾ ਐਕਸ਼ਨ ਲਿਆ ਹੈ। ਪੁਲਿਸ ਨੇ ਦੋ ਮੁਲਜ਼ਮਾਂ ਨੂੰ ਮੁਕਾਬਲੇ ਵਿਚ ਮਾਰ-ਮੁਕਾਇਆ ਹੈ। ਪੁਲਿਸ ਮੁਤਾਬਕ 30 ਬੋਰ ਦਾ ਪਿਸਟਲ ਰਿਕਵਰ ਹੋਇਆ ਹੋਇਆ ਹੈ। ਮਾਰੇ ਗਏ ਮੁਲਜ਼ਮ ਕਤਲ ਕੇਸ 'ਚ ਸ਼ਾਮਲ ਸਨ। ਦੱਸਿਆ ਜਾ ਰਿਹਾ ਕਿ ਅਬੋਹਰ ਦੇ ਪੰਜਪੀਰ ਇਲਾਕੇ ਦੇ ਨੇੜੇ ਦੋ ਮੁਲਜ਼ਮਾਂ ਦਾ ਐਨਕਾਊਂਟਰ ਕਰ ਦਿੱਤਾ ਗਿਆ ਹੈ। ਜਿਨ੍ਹਾਂ ਦੀਆਂ ਲਾਸ਼ਾਂ ਮੌਕੇ ਉਤੇ ਪਈਆਂ ਹਨ। ਹਾਲਾਂਕਿ ਇਸ ਕਾਰਵਾਈ ਦੌਰਾਨ ਇੱਕ ਪੁਲਿਸ ਕਰਮਚਾਰੀ ਦੇ ਵੀ ਗੋਲੀ ਲੱਗੀ ਹੈ। ਜਿਸ ਨੂੰ ਇਲਾਜ ਦੇ ਲਈ ਅਬੋਹਰ ਦੇ ਸਰਕਾਰੀ ਹਸਪਤਾਲ ਦੇ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਕਤਲ ਦੀ ਯੋਜਨਾ ਲਾਰੈਂਸ ਬਿਸ਼ਨੋਈ ਗੈਂਗ ਨੇ ਬਣਾਈ ਸੀ, ਜੋ ਇਸ ਸਮੇਂ ਗੁਜਰਾਤ ਦੀ ਜੇਲ੍ਹ ਵਿੱਚ ਬੰਦ ਹੈ। ਹਮਲੇ ਦਾ ਮਾਸਟਰਮਾਈਂਡ ਆਰਜ਼ੂ ਬਿਸ਼ਨੋਈ ਦੱਸਿਆ ਜਾ (ਬਾਕੀ ਸਫ਼ਾ 2 'ਤੇ)



### ਐਨ.ਸੀ.ਆਰ.ਬੀ. ਦੀ ਰਿਪੋਰਟ 'ਚ ਖ਼ੁਲਾਸਾ

## ਪਿਛਲੇ 5 ਸਾਲਾਂ 'ਚ ਪਤਨੀਆਂ ਵੱਲੋਂ 785 ਪਤੀਆਂ ਦਾ ਕੀਤਾ ਗਿਆ ਕਤਲ !

ਨਵੀਂ ਦਿੱਲੀ, 8 ਜੁਲਾਈ (ਚੜ੍ਹਦੀਕਲਾ ਬਿਊਰੋ) : ਇਸ ਹਫ਼ਤੇ ਜਾਰੀ ਕੀਤੇ ਗਏ ਐਨ.ਸੀ.ਆਰ.ਬੀ. ਦੇ ਅੰਕੜਿਆਂ ਅਨੁਸਾਰ, ਪਿਛਲੇ ਪੰਜ ਸਾਲਾਂ ਵਿੱਚ, ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿੱਚ 785 ਪਤੀਆਂ ਨੂੰ ਉਨ੍ਹਾਂ ਦੀਆਂ ਪਤਨੀਆਂ ਨੇ ਕਤਲ ਕਰ ਦਿੱਤਾ। ਇਹ ਮਾਮਲੇ ਘਰੇਲੂ ਝਗੜਿਆਂ ਦੇ ਘੇਰੇ ਵਿੱਚ ਆਉਂਦੇ ਹਨ, ਜੋ ਦਰਸਾਉਂਦੇ ਹਨ ਕਿ ਮਰਦਾਂ ਨੂੰ ਵੀ ਵਿਆਹਾਂ ਦੇ ਅੰਦਰ ਗੰਭੀਰ ਜੋਖ਼ਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਕਤਲ ਅਕਸਰ ਲੰਬੇ ਸਮੇਂ ਦੇ ਅਸ਼ਲੀਲਤਾ, ਦਾਜ ਦੇ ਸ਼ੋਸ਼ਣ ਜਾਂ ਵਿਆਹ ਤੋਂ ਬਾਹਰਲੇ ਟਕਰਾਵਾਂ ਨਾਲ ਜੁੜੇ ਹੁੰਦੇ ਹਨ। ਔਰਤਾਂ ਵਿਰੁੱਧ ਅਪਰਾਧਾਂ ਦੇ ਮੁਕਾਬਲੇ ਇਹ ਬਹੁਤ ਘੱਟ ਹੁੰਦੇ (ਬਾਕੀ ਸਫ਼ਾ 2 'ਤੇ)

# ਕਰਮਚਾਰੀ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਅੱਜ ਭਾਰਤ ਬੰਦ ਦਾ ਐਲਾਨ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 8 ਜੁਲਾਈ : ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ ਦੇਸ਼ ਭਰ ਦੇ 25 ਕਰੋੜ ਤੋਂ ਵੱਧ ਕਰਮਚਾਰੀ ਤੇ ਮਜ਼ਦੂਰ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਕਰਨਗੇ। ਦੂਜੇ ਪਾਸੇ ਵਿਰੋਧੀ ਮਹਾਂਗਠਜੋੜ ਨੇ ਬਿਹਾਰ ਵਿੱਚ ਚੱਕਾ ਜਾਮ ਦਾ ਸੱਦਾ ਦਿੱਤਾ ਹੈ। 25 ਕਰੋੜ ਤੋਂ ਵੱਧ ਕਰਮਚਾਰੀ ਅਤੇ ਪੇਂਡੂ ਮਜ਼ਦੂਰ ਸੜਕਾਂ 'ਤੇ ਉਤਰਨ ਦੀ ਉਮੀਦ ਹੈ। ਹੜਤਾਲ ਅਤੇ ਵਿਰੋਧ ਪ੍ਰਦਰਸ਼ਨ ਬੈਂਕਿੰਗ, ਬੀਮਾ, ਡਾਕ ਸੇਵਾਵਾਂ, ਕੋਲਾ ਖਣਨ, ਆਵਾਜਾਈ, ਨਿਰਮਾਣ ਅਤੇ ਫੈਕਟਰੀ ਸੈਕਟਰਾਂ ਨੂੰ ਪ੍ਰਭਾਵਿਤ ਕਰੇਗਾ, ਜਿਸ ਕਾਰਨ ਕਰੋੜਾਂ ਰੁਪਏ ਦੇ ਆਰਥਿਕ ਨੁਕਸਾਨ ਦਾ ਖਦਸ਼ਾ ਹੈ।

**ਹੜਤਾਲ ਕੌਣ ਕਰ ਰਿਹਾ ਹੈ ਅਤੇ ਕਿਉਂ ?**



ਇਹ ਦੇਸ਼ ਵਿਆਪੀ ਹੜਤਾਲ 10 ਪ੍ਰਮੁੱਖ ਟਰੇਡ ਯੂਨੀਅਨਾਂ ਅਤੇ ਉਨ੍ਹਾਂ ਦੇ ਸਹਿਯੋਗੀ ਸੰਗਠਨਾਂ ਦੁਆਰਾ ਕੀਤੀ ਗਈ ਹੈ।

**ਇਨ੍ਹਾਂ ਯੂਨੀਅਨਾਂ ਵਿੱਚ ਸ਼ਾਮਲ ਹਨ:** ਕਰਮਚਾਰੀਆਂ ਦੇ ਭਾਰਤ ਬੰਦ ਵਿੱਚ ਹਿੱਸਾ ਲੈਣ ਵਾਲੀਆਂ ਯੂਨੀਅਨਾਂ ਵਿੱਚ ਏ.ਆਈ.ਟੀ.ਯੂ.ਸੀ., ਐਚ.ਐਮ.ਐਸ., ਸੀ.ਆਈ.ਟੀ.ਯੂ., ਆਈ. ਐਨ. ਟੀ.ਯੂ.ਸੀ., ਟੀ.ਯੂ.ਸੀ. ਸੀ., ਐਸ.ਈ. ਡਬਲਯੂ.ਏ., ਏ.ਆਈ.ਸੀ.ਸੀ.ਟੀ.ਯੂ., ਐਲ.ਪੀ. ਐਫ. ਅਤੇ ਯੂ.ਟੀ.ਯੂ. ਸੀ. ਸ਼ਾਮਲ ਹਨ। ਹਾਲਾਂਕਿ ਆਰ.ਐਸ.ਐਸ. ਸਮਰਥਿਤ ਭਾਰਤੀ ਮਜ਼ਦੂਰ ਸੰਘ ਇਸ ਅੰਦੋਲਨ ਤੋਂ ਦੂਰ ਹੈ। ਸੰਯੁਕਤ ਕਿਸਾਨ ਮੋਰਚਾ ਅਤੇ ਖੇਤੀਬਾੜੀ ਮਜ਼ਦੂਰ ਸੰਗਠਨਾਂ ਦੇ ਸਾਂਝੇ ਪਲੇਟਫਾਰਮ ਨੇ ਵੀ ਇਸ ਹੜਤਾਲ ਦਾ ਸਮਰਥਨ ਕੀਤਾ ਹੈ, ਜਿਸ ਕਾਰਨ ਇਸਦਾ ਪ੍ਰਭਾਵ ਨਾ ਸਿਰਫ਼ ਸ਼ਹਿਰੀ ਸਗੋਂ ਪੇਂਡੂ ਭਾਰਤ ਵਿੱਚ ਵੀ ਵਿਆਪਕ ਹੋ ਸਕਦਾ ਹੈ।

ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ ਸਕੂਲ, ਕਾਲਜ, ਸਰਕਾਰੀ ਦਫ਼ਤਰ ਸਾਰੇ ਆਮ ਦਿਨਾਂ ਵਾਂਗ ਖੁੱਲ੍ਹੇ ਰਹਿਣਗੇ। ਇਸ ਦੇ ਨਾਲ ਹੀ ਬੱਸਾਂ, ਰੇਲਵੇ, ਹਵਾਈ ਅੱਡੇ, ਬਾਜ਼ਾਰ, ਹਸਪਤਾਲ ਵਰਗੀਆਂ ਜ਼ਰੂਰੀ ਸੇਵਾਵਾਂ ਜਾਰੀ ਰਹਿਣਗੀਆਂ। ਨਿੱਜੀ ਦਫ਼ਤਰ, ਮਾਲ, ਬਾਜ਼ਾਰ ਵੀ ਆਦਿ ਸਭ ਖੁੱਲ੍ਹੇ ਰਹਿਣਗੇ। ਸ਼ੇਅਰ ਬਾਜ਼ਾਰ ਖੁੱਲ੍ਹਾ ਰਹੇਗਾ, ਇਸ ਦੇ ਨਾਲ ਹੀ ਸਰਾਫਾ ਬਾਜ਼ਾਰ ਵੀ ਖੁੱਲ੍ਹਾ ਰਹੇਗਾ।

### ਕੰਪਨੀ ਨੇ ਸਰਕਾਰ ਨੂੰ 52 ਰੁ. ਦੀਆਂ ਮੱਛਰਦਾਨੀਆਂ 237 ਰੁ. 'ਚ ਵੇਚੀਆਂ: ਸੀ.ਬੀ.ਆਈ.

ਨਵੀਂ ਦਿੱਲੀ , 8 ਜੁਲਾਈ (ਚੜ੍ਹਦੀਕਲਾ ਬਿਊਰੋ) : ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਹਿੰਦੁਸਤਾਨ ਇਨਸੈਕਟੀਸਾਈਡਜ਼ ਲਿਮਟਿਡ (ਐਚ.ਆਈ.ਐਲ.) ਨਾਲ ਜੁੜੇ 6.63 ਕਰੋੜ ਰੁਪਏ ਦੇ ਘਪਲੇ ਵਿਚ ਐਫ.ਆਈ.ਆਰ. ਦਰਜ ਕੀਤੀ ਹੈ। ਐਚ.ਆਈ.ਐਲ. 'ਤੇ ਦੋਸ਼ ਹੈ ਕਿ ਉਸ ਨੇ ਕੇਂਦਰੀ ਮੈਡੀਕਲ ਸੇਵਾਵਾਂ ਸੁਸਾਇਟੀ (ਸੀ.ਐਮ.ਐਸ.ਐਸ.) ਨੂੰ ਕੀਟਨਾਸ਼ਕ ਵਾਲੀਆਂ ਮੱਛਰਦਾਨੀਆਂ ਦੀ ਸਪਲਾਈ ਕਰਦੇ ਸਮੇਂ ਕੀਮਤਾਂ ਵਿਚ ਕਥਿਤ ਤੌਰ ਉਤੇ ਕਈ ਗੁਣਾ ਵਾਧਾ ਕਰ ਦਿਤਾ। ਨਿਰਮਾਣ ਸਮਰੱਥਾ ਨਾ ਹੋਣ ਦੇ ਬਾਵਜੂਦ,ਐਚ.ਆਈ.ਐਲ. ਨੂੰ 2021-22 ਵਿਚ ਸਰਕਾਰੀ ਈ-ਮਾਰਕੀਟਪਲੇਸ (ਜੀ.ਈ.ਐਮ.) ਰਾਹੀਂ 29 ਕਰੋੜ ਰੁਪਏ ਦਾ ਠੇਕਾ ਦਿਤਾ ਗਿਆ ਸੀ ਜਿਸ ਨੇ ਪ੍ਰਤੀ ਮੱਛਰਦਾਨੀ ਦੀ ਕੀਮਤ 228-237 ਰੁਪਏ ਦਿਤੀ ਸੀ। (ਬਾਕੀ ਸਫ਼ਾ 2 'ਤੇ)

### ਏਅਰ ਇੰਡੀਆ ਜਹਾਜ਼ ਹਾਦਸਾ

## ਏ.ਏ.ਆਈ.ਬੀ. ਨੇ ਹਵਾਬਾਜ਼ੀ ਮੰਤਰਾਲੇ ਨੂੰ ਸੌਂਪੀ ਹਾਦਸੇ ਦੀ ਪਹਿਲੀ ਰਿਪੋਰਟ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 8 ਜੁਲਾਈ :12 ਜੂਨ, 2025 ਨੂੰ ਅਹਿਮਦਾਬਾਦ ਵਿੱਚ ਹੋਏ ਭਿਆਨਕ ਏਅਰ ਇੰਡੀਆ ਜਹਾਜ਼ ਹਾਦਸੇ ਦੀ ਜਾਂਚ ਹੁਣ ਹੋਰ ਵੀ ਤੇਜ਼ ਹੋ ਗਈ ਹੈ। ਹਾਦਸੇ ਦੀ ਜਾਂਚ ਕਰ ਰਹੀ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਦੀ ਟੀਮ ਨੇ ਆਪਣੀ ਮੁੱਢਲੀ ਰਿਪੋਰਟ ਸਿਵਲ ਏਵੀਏਸ਼ਨ ਮੰਤਰਾਲੇ ਅਤੇ ਸਬੰਧਤ ਅਧਿਕਾਰੀਆਂ ਨੂੰ ਸੌਂਪ ਦਿੱਤੀ ਹੈ। ਇਸ ਮਾਮਲੇ ਦੇ ਸਬੰਧ ਵਿਚ ਜਾਣਕਾਰ ਸੂਤਰਾਂ ਨੇ ਦੱਸਿਆ ਕਿ ਏ.ਆਈ.171 ਜਹਾਜ਼ ਹਾਦਸੇ 'ਤੇ ਤਿਆਰ ਕੀਤੀ ਗਈ ਰਿਪੋਰਟ ਜਾਂਚ ਦੇ ਸ਼ੁਰੂਆਤੀ ਨਤੀਜਿਆਂ 'ਤੇ ਅਧਾਰਤ ਹੈ ਅਤੇ ਇਸਨੂੰ ਮੰਤਰਾਲੇ ਦੇ ਨਾਲ-ਨਾਲ ਹੋਰ ਹਿੱਸੇਦਾਰਾਂ ਨਾਲ ਸਾਂਝਾ ਕੀਤਾ ਗਿਆ ਹੈ। ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਏਅਰ ਇੰਡੀਆ ਦਾ ਇਕ ਜਹਾਜ਼ 12 ਜੂਨ ਨੂੰ ਉਡਾਣ ਭਰਦੇ ਸਾਰ ਹੀ ਹਾਦਸਾਗ੍ਰਸਤ ਹੋ ਗਿਆ ਸੀ। ਇਸ ਹਾਦਸੇ ਨਾਲ ਪੂਰਾ ਦੇਸ਼ ਕੰਬ ਗਿਆ। ਇਸ ਹਾਦਸੇ ਦੌਰਾਨ 250 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਹਾਦਸੇ ਦਾ ਸ਼ਿਕਾਰ ਹੋਏ ਏਅਰ ਇੰਡੀਆ ਦੇ ਜਹਾਜ਼ ਵਿਚ (ਬਾਕੀ ਸਫ਼ਾ 2 'ਤੇ)



### ਸਕੂਲ ਵੈਨ ਤੇ ਰੇਲਗੱਡੀ ਦੀ ਟੱਕਰ 'ਚ ਦੋ ਵਿਦਿਆਰਥੀਆਂ ਦੀ ਮੌਤ

ਕੁੱਡਾਲੋਰ (ਤਾਮਿਲਨਾਡੂ), 8 ਜੁਲਾਈ (ਚੜ੍ਹਦੀਕਲਾ ਬਿਊਰੋ) : ਇਥੇ ਸੇਮਾਨਗੁਪਮ ਵਿਚ ਰੇਲਵੇ ਕਰਾਸਿੰਗ 'ਤੇ ਅੱਜ ਸਵੇਰੇ ਯਾਤਰੀ ਰੇਲਗੱਡੀ ਦੇ ਸਕੂਲ ਵੈਨ ਨਾਲ ਟਕਰਾਉਣ ਕਰਕੇ ਦੋ ਵਿਦਿਆਰਥੀਆਂ (12 ਸਾਲਾ ਲੜਕੇ ਤੇ 16 ਸਾਲਾ ਲੜਕੀ) ਦੀ ਮੌਤ ਹੋ ਗਈ। ਰੇਲਗੱਡੀ ਦੀ ਟੱਕਰ ਇੰਨੀ ਜ਼ਬਰਦਸਤ ਸੀ ਕਿ ਸਕੂਲ ਵੈਨ ਦੂਰ ਜਾ ਕੇ ਡਿੱਗੀ। ਲੋਕੋ ਪਾਇਲਟ ਰੇਲਗੱਡੀ ਨੂੰ ਕਿਸੇ ਤਰ੍ਹਾਂ ਰੋਕਣ ਵਿਚ ਕਾਮਯਾਬ ਰਿਹਾ। ਰੇਲਵੇ ਨੇ ਸੁਰੱਖਿਆ ਨੇਮਾਂ ਦੀ ਉਲੰਘਣਾ ਬਦਲੇ ਰੇਲਵੇ ਕਰਾਸਿੰਗ 'ਤੇ ਤਾਇਨਾਤ ਗੇਟਕੀਪਰ ਨੂੰ ਮੁਅੱਤਲ ਕਰ ਦਿੱਤਾ ਹੈ।

ਰੇਲਵੇ ਨੇ ਪੀੜਤਾਂ ਦੇ ਵਾਰਸਾਂ ਲਈ 5-5 ਲੱਖ ਰਪਏ, ਗੰਭੀਰ ਜ਼ਖ਼ਮੀਆਂ ਲਈ ਢਾਈ-ਢਾਈ ਲੱਖ ਜਦੋਂਕਿ ਮਾਮੂਲੀ ਜ਼ਖ਼ਮੀਆਂ ਲਈ 50-50 ਹਜ਼ਾਰ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਹੈ। (ਬਾਕੀ ਸਫ਼ਾ 2 'ਤੇ)

### ਤਹੱਵੁਰ ਰਾਣਾ ਨੇ ਖੋਲ੍ਹੇ ਰਾਜ਼

## 'ਮੈਂ ਪਾਕਿਸਤਾਨੀ ਫ਼ੌਜ ਦਾ ਏਜੰਟ ਸੀ ਅਤੇ 26/11 ਦੇ ਹਮਲਿਆਂ ਸਮੇਂ ਮੁੰਬਈ 'ਚ ਸੀ'

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 8 ਜੁਲਾਈ : 26/11 ਮੁੰਬਈ ਹਮਲਿਆਂ ਦੇ ਮੁੱਖ ਸਾਜਿਸ਼ਕਰਤਾ ਤਹੱਵੁਰ ਹੁਸੈਨ ਰਾਣਾ ਨੇ 2008 ਵਿੱਚ ਹੋਏ ਅਤਿਵਾਦੀ ਹਮਲੇ ਬਾਰੇ ਕਈ ਵੱਡੇ ਰਾਜ਼ ਖੋਲ੍ਹੇ ਹਨ। ਰਾਣਾ ਇਸ ਸਮੇਂ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਦੀ ਹਿਰਾਸਤ ਵਿੱਚ ਹੈ ਅਤੇ ਮੁੰਬਈ ਪੁਲਿਸ ਦੀ ਅਪਰਾਧ ਸ਼ਾਖਾ ਨੇ ਉਸ ਤੋਂ ਪੁੱਛਗਿੱਛ ਕੀਤੀ ਹੈ। ਇਸ ਪੁੱਛ-ਗਿੱਛ ਵਿੱਚ ਉਸ ਨੇ ਕਈ ਖੁਲਾਸੇ ਕੀਤੇ ਹਨ। ਰਾਣਾ ਨੇ ਦੱਸਿਆ ਕਿ ਉਸ ਨੇ ਹਮਲਿਆਂ ਦੇ ਮਾਸਟਰਮਾਈਂਡ ਡੇਵਿਡ ਕੋਲਮੈਨ ਹੈਡਲੀ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ ਵਰਗੇ ਮੁੱਖ ਨਿਸ਼ਾਨੇ ਦੀ ਪਛਾਣ ਕਰਨ ਵਿੱਚ ਮਦਦ ਕੀਤੀ ਸੀ। ਰਾਣਾ ਨੇ ਦੱਸਿਆ ਕਿ ਉਸ ਨੇ 1986 ਵਿੱਚ ਪਾਕਿਸਤਾਨ ਦੇ ਰਾਵਲਪਿੰਡੀ ਵਿੱਚ ਆਰਮੀ ਮੈਡੀਕਲ ਕਾਲਜ ਤੋਂ ਐਮ.ਬੀ.ਬੀ.ਐਸ. ਕੋਰਸ ਪੂਰਾ ਕੀਤਾ ਸੀ ਅਤੇ ਕਵੇਟਾ ਵਿੱਚ ਪਾਕਿਸਤਾਨੀ (ਬਾਕੀ ਸਫ਼ਾ 2 'ਤੇ)



# ਬ੍ਰਾਸੀਲੀਆ ਪੁੱਜੇ ਪ੍ਰਧਾਨ ਮੰਤਰੀ ਦਾ ਹੋਇਆ ਸ਼ਾਨਦਾਰ ਸਵਾਗਤ

ਚੜ੍ਹਦੀਕਲਾ ਬਿਊਰੋ

================

ਬ੍ਰਾਸੀਲੀਆ,8 ਜੁਲਾਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬ੍ਰਾਜ਼ੀਲ ਦੀ ਆਪਣੀ ਸਰਕਾਰੀ ਯਾਤਰਾ ਲਈ ਬ੍ਰਾਸੀਲੀਆ ਪਹੁੰਚ ਗਏ ਹਨ। ਇੱਥੇ ਬ੍ਰਾਜ਼ੀਲ ਦੇ ਰੱਖਿਆ ਮੰਤਰੀ ਜੋਸ ਮੁਸੀਓ ਮੋਂਟੇਰੀਓ ਫਿਲਹੋ ਨੇ ਹਵਾਈ ਅੱਡੇ 'ਤੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਦੇ ਸਵਾਗਤ ਲਈ ਰਵਾਇਤੀ ਬ੍ਰਾਜ਼ੀਲੀਆਈ ਸਾਂਬਾ ਰੇਗੇ ਅਤੇ ਸ਼ਿਵ ਤਾਂਡਵ ਪੇਸ਼ ਕੀਤਾ ਗਿਆ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ 6-7 ਜੁਲਾਈ ਨੂੰ ਰੀਓ ਡੀ ਜਨੇਰੀਓ ਵਿੱਚ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਬ੍ਰਾਸੀਲੀਆ ਪਹੁੰਚੇ ਸਨ।ਪ੍ਰਧਾਨ ਮੰਤਰੀ ਮੋਦੀ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ. ਸਿਲਵਾ ਦੇ ਸੱਦੇ 'ਤੇ ਬ੍ਰਾਜ਼ੀਲ ਦੇ ਦੌਰੇ 'ਤੇ ਪਹੁੰਚੇ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ



ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਭਾਰਤ-ਬ੍ਰਾਜ਼ੀਲ ਦੀ ਮਜ਼ਬੂਤ ਸਾਂਝੇਦਾਰੀ ਵਿੱਚ ਨਵੇਂ ਕਦਮ ਚੁੱਕੇ ਜਾ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬ੍ਰਾਜ਼ੀਲ ਦੇ ਸਰਕਾਰੀ ਦੌਰੇ 'ਤੇ ਰਾਜਧਾਨੀ ਬ੍ਰਾਸੀਲੀਆ ਪਹੁੰਚੇ ਹਨ। ਬ੍ਰਾਜ਼ੀਲ ਦੇ ਰੱਖਿਆ ਮੰਤਰੀ ਜੋਸ ਮੁਸੀਓ ਮੋਂਟੇਰੀਓ ਫਿਲਹੋ ਨੇ ਹਵਾਈ ਅੱਡੇ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ।

**ਸ਼ਿਵ ਤਾਂਡਵ ਨਾਲ ਹੋਇਆ ਪੀਐਮ ਮੋਦੀ ਦਾ ਸਵਾਗਤ**

ਰਣਧੀਰ ਜਾਇਸਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਰਵਾਇਤੀ ਬ੍ਰਾਜ਼ੀਲੀਆਈ ਸਾਂਬਾ ਰੇਗੇ ਪ੍ਰਦਰਸ਼ਨ ਅਤੇ ਸ਼ਿਵ ਤਾਂਡਵ ਨਾਲ ਵਿਸ਼ੇਸ਼ ਬਣਾਇਆ ਗਿਆ। ਵਿਦੇਸ਼ ਮੰਤਰਾਲੇ (ਐਮ ਈ ਏ) ਦੇ ਇੱਕ ਬਿਆਨ ਅਨੁਸਾਰ ਆਪਣੀ ਫੇਰੀ ਦੌਰਾਨ ਪ੍ਰਧਾਨ ਮੰਤਰੀ ਮੋਦੀ ਵਪਾਰ, ਰੱਖਿਆ, ਊਰਜਾ, ਪੁਲਾੜ, ਤਕਨਾਲੋਜੀ, ਖੇਤੀਬਾੜੀ, ਸਿਹਤ ਅਤੇ ਲੋਕਾਂ ਤੋਂ ਲੋਕਾਂ ਦੇ ਸੰਪਰਕ ਸਮੇਤ ਆਪਸੀ ਹਿੱਤਾਂ ਦੇ ਖੇਤਰਾਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਵਧਾਉਣ 'ਤੇ ਲੁਈਸ ਇਨਾਸੀਓ ਲੂਲਾ ਡਾ. ਸਿਲਵਾ ਨਾਲ ਦੁਵੱਲੀ ਗੱਲਬਾਤ ਕਰਨਗੇ।

**ਬ੍ਰਾਜ਼ੀਲ ਦੌਰੇ 'ਤੇ ਕੀ ਬੋਲੇ ਪੀਐਮ ਮੋਦੀ ?**

ਪ੍ਰਧਾਨ ਮੰਤਰੀ ਮੋਦੀ ਨੇ ਬ੍ਰਾਜ਼ੀਲ ਦੀ ਆਪਣੀ ਫੇਰੀ ਦੇ ਰੀਓ ਡੀ ਜਨੇਰੀਓ ਪੜਾਅ ਨੂੰ ਲਾਭਕਾਰੀ ਦੱਸਿਆ। ਪ੍ਰਧਾਨ ਮੰਤਰੀ (ਬਾਕੀ ਸਫ਼ਾ 2 'ਤੇ)

### ਐਫ.ਏ.ਟੀ.ਐਫ. ਰਿਪੋਰਟ 'ਚ ਵੱਡਾ ਖ਼ੁਲਾਸਾ

## 'ਪੁਲਵਾਮਾ ਹਮਲੇ ਲਈ ਵਿਸਫ਼ੋਟਕ ਐਮਾਜ਼ੋਨ ਤੋਂ ਖ਼ਰੀਦੇ ਗਏ ਸਨ'

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 8 ਜੁਲਾਈ : 2019 ਦੇ ਪੁਲਵਾਮਾ ਅੱਤਵਾਦੀ ਹਮਲੇ ਵਿੱਚ ਵਰਤਿਆ ਗਿਆ ਵਿਸਫੋਟਕ ਈ-ਕਾਮਰਸ ਵੈੱਬਸਾਈਟ ਐਮਾਜ਼ਾਨ ਤੋਂ ਖਰੀਦਿਆ ਗਿਆ ਸੀ। ਦੁਨੀਆਂ ਭਰ ਵਿੱਚ ਅੱਤਵਾਦੀ ਫੰਡਿੰਗ ਦੀ ਨਿਗਰਾਨੀ ਕਰਨ ਵਾਲੀ ਸੰਸਥਾ, ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ.ਏ.ਟੀ.ਐਫ.) ਨੇ ਆਪਣੀ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਹੈ।

ਐਫ.ਏ.ਟੀ.ਐਫ. ਨੇ ਇਸ ਰਿਪੋਰਟ ਵਿੱਚ 2022 ਵਿੱਚ ਯੂਪੀ ਦੇ ਗੋਰਖਪੁਰ ਵਿੱਚ ਗੋਰਖਨਾਥ ਮੰਦਰ 'ਤੇ ਹੋਏ ਹਮਲੇ ਦਾ ਵੀ ਜ਼ਿਕਰ ਕੀਤਾ ਹੈ। ਇੱਥੇ ਹਮਲਾ ਕਰਨ ਵਾਲੇ ਅੱਤਵਾਦੀ ਨੂੰ ਔਨਲਾਈਨ ਮਨੀ ਟ੍ਰਾਂਸਫਰ ਪਲੇਟਫਾਰਮ ਪੇ ਪਾਲ ਰਾਹੀਂ ਭੁਗਤਾਨ ਕੀਤਾ ਗਿਆ ਸੀ। ਇਨ੍ਹਾਂ ਦੋ ਮਾਮਲਿਆਂ ਨੂੰ ਉਦਾਹਰਣ ਵਜੋਂ ਦਿੰਦੇ ਹੋਏ, ਸੰਗਠਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਈ-ਕਾਮਰਸ ਅਤੇ ਡਿਜੀਟਲ ਭੁਗਤਾਨ ਸੇਵਾਵਾਂ ਗਲਤ ਹੱਥਾਂ ਵਿੱਚ ਜਾਂਦੀਆਂ ਹਨ, ਤਾਂ ਉਹ ਅੱਤਵਾਦ ਨੂੰ ਉਤਸ਼ਾਹਿਤ ਕਰਨ ਦਾ ਇੱਕ ਮਾਧਿਅਮ ਬਣ ਸਕਦੇ ਹਨ। ਇਸ ਐਫ.ਏ.ਟੀ.ਐਫ. (ਬਾਕੀ ਸਫ਼ਾ 2 'ਤੇ)



*ਨਿਤੀਸ਼ ਸਰਕਾਰ ਤੇ ਕਾਂਗਰਸ ਪ੍ਰਧਾਨ ਨੇ ਸਾਧਿਆ ਨਿਸ਼ਾਨਾ*

# ਬਿਹਾਰ 'ਚ ਖ਼ਤਮ ਹੋਈ ਕਾਨੂੰਨ ਵਿਵਸਥਾ: ਖੜਗੇ

ਨਵੀਂ ਦਿੱਲੀ, 8 ਜੁਲਾਈ (ਚ.ਨ.ਸ.):ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬਿਹਾਰ ਦੀ ਨਿਤੀਸ਼ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ ਸੂਬੇ ਵਿੱਚ ਸ਼ਾਸਨ ਨਾਮ ਦੀ ਕੋਈ ਚੀਜ਼ ਨਹੀਂ ਬਚੀ ਹੈ ਅਤੇ ਅਪਰਾਧੀ ਇੰਨੇ ਹੌਸਲੇਮੰਦ ਹਨ, ਕਿ ਖੁੱਲ੍ਹੇਆਮ ਕਤਲ ਕੀਤੇ ਜਾ ਰਹੇ ਹਨ ਅਤੇ ਪੁਲਿਸ ਵਾਲਿਆਂ 'ਤੇ ਹਮਲੇ ਕੀਤੇ ਜਾ ਰਹੇ ਹਨ।



ਸ੍ਰੀ ਖੜਗੇ ਨੇ ਅੱਜ ਕਿਹਾ ਕਿ ਜਨਤਾ ਦਲ ਯੂ ਅਤੇ ਭਾਜਪਾ ਸਰਕਾਰ ਦੇ ਅਧੀਨ ਬਿਹਾਰ ਅਪਰਾਧ ਦੀ ਰਾਜਧਾਨੀ ਬਣ ਗਿਆ ਹੈ ਅਤੇ ਅਪਰਾਧੀਆਂ ਦੇ ਹੌਸਲੇ ਵਧੇ ਹਨ। ਉਹਨਾਂ ਕਿਹਾ ਕਿ ਬਿਹਾਰ ਵਿੱਚ ਅਪਰਾਧਾਂ ਦੇ ਹੜ੍ਹ ਕਾਰਨ ਉੱਥੇ ਨਿਵੇਸ਼ ਨਹੀਂ ਹੋ ਰਿਹਾ ਹੈ ਅਤੇ ਬਿਹਾਰ ਵਿਗੜ ਰਿਹਾ ਹੈ, ਇਸ ਲਈ ਇਸ ਵਾਰ ਇੱਕ ਵੱਡੀ ਤਬਦੀਲੀ ਯਕੀਨੀ ਹੈ। ਉਨ੍ਹਾਂ ਕਿਹਾ, 'ਬਿਹਾਰ ਵਿੱਚ ਮੌਕਾਪ੍ਰਸਤ ਡਬਲ ਇੰਜਣ ਸਰਕਾਰ ਨੇ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਤਬਾਹ ਕਰ ਦਿੱਤਾ ਹੈ। ਪਿਛਲੇ ਛੇ ਮਹੀਨਿਆਂ ਵਿੱਚ ਅੱਠ ਕਾਰੋਬਾਰੀਆਂ ਦਾ ਕਤਲ ਅਤੇ ਪੰਜ ਵਾਰ ਪੁਲਿਸ ਕਰਮਚਾਰੀਆਂ ਦੀਆਂ ਕੁੱਟਮਾਰ ਦੀਆਂ ਘਟਨਾਵਾਂ ਵਾਪਰੀਆਂ ਹਨ। ਕੱਲ੍ਹ ਹੀ, ਅੰਧਵਿਸ਼ਵਾਸ ਕਾਰਨ ਇੱਕੋ ਪਰਿਵਾਰ ਦੇ ਪੰਜ ਲੋਕਾਂ ਨੂੰ ਮਾਰ ਦਿੱਤਾ ਗਿਆ। ਮਾਸੂਮ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਜੇਡੀਯੂ ਅਤੇ ਭਾਜਪਾ ਗਠਜੋੜ ਨੇ ਬਿਹਾਰ ਨੂੰ ਦੇਸ਼ ਦੀ 'ਅਪਰਾਧ ਰਾਜਧਾਨੀ' ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ।'

### ਬਿਹਾਰ 'ਚ 24 ਘੰਟਿਆਂ ਦੌਰਾਨ ਸੱਤ ਕਤਲ

ਪੂਰਨੀਆ/ਨਾਲੰਦਾ (ਬਿਹਾਰ), 8 ਜੁਲਾਈ (ਚ.ਨ.ਸ.) : ਬਿਹਾਰ ਵਿੱਚ ਪਿਛਲੇ 24 ਘੰਟਿਆਂ ਦੌਰਾਨ ਦੋ ਵੱਖ-ਵੱਖ ਘਟਨਾਵਾਂ ਵਿੱਚ ਘੱਟੋ-ਘੱਟ ਸੱਤ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ। ਪੂਰਨੀਆ ਜ਼ਿਲ੍ਹੇ ਵਿੱਚ, ਇੱਕ ਪਰਿਵਾਰ ਦੇ ਪੰਜ ਮੈਂਬਰਾਂ ਨੂੰ ਜਾਦੂ-ਟੂਣਾ ਕਰਨ ਦੇ ਸ਼ੱਕ ਵਿੱਚ ਪਿੰਡ ਵਾਸੀਆਂ ਨੇ ਜਾਨੋਂ ਮਾਰ ਦਿੱਤਾ ਅਤੇ ਉਨ੍ਹਾਂ ਦੀਆਂ ਲਾਸ਼ਾਂ ਸਾੜ ਦਿੱਤੀਆਂ। ਪੁਲਿਸ ਨੇ ਦੱਸਿਆ ਕਿ ਤਕਰੀਬਨ 250 ਵਿਅਕਤੀਆਂ ਨੇ ਪਰਿਵਾਰ 'ਤੇ ਹਮਲਾ ਕੀਤਾ ਸੀ। ਇਸੇ ਤਰ੍ਹਾਂ, ਨਾਲੰਦਾ ਜ਼ਿਲ੍ਹੇ ਵਿੱਚ ਇੱਕ ਵੱਖਰੀ ਘਟਨਾ 'ਚ ਦੋ ਗੁਆਂਢੀ ਪਰਿਵਾਰਾਂ ਦੇ ਬੱਚਿਆਂ ਵਿਚਾਲੇ ਹੋਇਆ ਝਗੜਾ ਹਿੰਸਕ ਰੂਪ ਧਾਰ ਗਿਆ, ਜਿਸ ਤੋਂ ਬਾਅਦ ਇੱਕ 22 ਸਾਲਾ ਔਰਤ ਅਤੇ ਇੱਕ ਹੋਰ ਵਿਅਕਤੀ ਨੂੰ ਗੋਲੀ ਮਾਰ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ।

*ਦਿੱਲੀ ਹਵਾਈ ਅੱਡੇ ਦੇ ਨਾਂਅ ਨਵਾਂ ਰਿਕਾਰਡ*

# 2024 'ਚ ਦੁਨੀਆਂ ਦਾ 9ਵਾਂ ਸਭ ਤੋਂ ਵਿਅਸਤ ਹਵਾਈ ਅੱਡਾ ਰਿਹਾ: ਰਿਪੋਰਟ

ਨਵੀਂ ਦਿੱਲੀ , 8 ਜੁਲਾਈ (ਚ.ਨ.ਸ.): ਮੰਗਲਵਾਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਹਵਾਈ ਅੱਡੇ ਨੂੰ ਦੁਨੀਆ ਦਾ 9ਵਾਂ ਸਭ ਤੋਂ ਵਿਅਸਤ ਹਵਾਈ ਅੱਡਾ ਦਰਜਾ ਦਿੱਤਾ ਗਿਆ ਹੈ, ਜਿਸਨੇ 2024 ਵਿੱਚ 7.7 ਕਰੋੜ ਤੋਂ ਵੱਧ ਯਾਤਰੀਆਂ ਨੂੰ ਸੰਭਾਲਿਆ।



ਏਅਰਪੋਰਟ ਕੌਂਸਲ ਇੰਟਰਨੈਸ਼ਨਲ ਦੀ ਦੁਨੀਆ ਦੇ 20 ਵਿਅਸਤ ਹਵਾਈ ਅੱਡਿਆਂ ਦੀ ਸੂਚੀ ਵਿੱਚ ਅਮਰੀਕਾ ਦਾ ਅਟਲਾਂਟਾ ਹਵਾਈ ਅੱਡਾ ਸਿਖਰ 'ਤੇ ਹੈ, ਜਿਸਨੇ 10,80,67,766 ਯਾਤਰੀਆਂ ਨੂੰ ਸੰਭਾਲਿਆ, ਉਸ ਤੋਂ ਬਾਅਦ ਦੁਬਈ ਹਵਾਈ ਅੱਡਾ (9,23,31,506 ਯਾਤਰੀ) ਅਤੇ ਅਮਰੀਕਾ ਦਾ ਡੱਲਾਸ/ਫੋਰਟ ਵਰਥ ਹਵਾਈ ਅੱਡਾ (8,78,17,864 ਯਾਤਰੀ) ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਹਨ। ÷ਵਿਸ਼ਵਵਿਆਪੀ ਯਾਤਰੀ ਆਵਾਜਾਈ 2024 ਵਿੱਚ ਇੱਕ ਨਵੇਂ ਉੱਚ ਪੱਧਰ 'ਤੇ ਪਹੁੰਚ ਗਈ, 9.4 ਬਿਲੀਅਨ ਯਾਤਰੀਆਂ ਨੂੰ ਪਾਰ ਕਰ ਗਈ - 2023 ਤੋਂ 8.4 ਪ੍ਰਤੀਸ਼ਤ ਅਤੇ ਮਹਾਂਮਾਰੀ ਤੋਂ ਪਹਿਲਾਂ ਦੇ ਪੱਧਰ (2019) ਤੋਂ 2.7 ਪ੍ਰਤੀਸ਼ਤ ਵੱਧ... ਚੋਟੀ ਦੇ 20 ਹਵਾਈ ਅੱਡਿਆਂ ਨੇ ਇਕੱਲੇ 1.54 ਬਿਲੀਅਨ ਯਾਤਰੀਆਂ ਨੂੰ ਸੰਭਾਲਿਆ, ਜਿਸਨੇ ਵਿਸ਼ਵਵਿਆਪੀ ਆਵਾਜਾਈ ਦਾ 16 ਪ੍ਰਤੀਸ਼ਤ ਹਾਸਲ ਕੀਤਾ,ਰਿਲੀਜ਼ ਵਿੱਚ ਕਿਹਾ ਗਿਆ ਹੈ। 2024 ਵਿੱਚ, ਰਾਸ਼ਟਰੀ ਰਾਜਧਾਨੀ ਵਿੱਚ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡਾ (ਆਈ.ਜੀ.ਆਈ.ਏ) ਨੇ 7,78,20,834 ਯਾਤਰੀਆਂ ਨੂੰ ਸੰਭਾਲਿਆ, ਜਿਸ ਨਾਲ ਇਸਦੀ ਰੈਂਕਿੰਗ 2023 ਵਿੱਚ 10ਵੇਂ ਸਥਾਨ ਤੋਂ 9ਵੇਂ ਸਥਾਨ 'ਤੇ ਪਹੁੰਚ ਗਈ। ਇਹ ਅੰਕੜਾ ਜਹਾਜ਼ਾਂ ਵਿੱਚ ਸਵਾਰ ਅਤੇ ਜਹਾਜ਼ਾਂ ਤੋਂ ਉਤਾਰੇ ਗਏ ਯਾਤਰੀਆਂ ਦੀ ਕੁੱਲ ਗਿਣਤੀ 'ਤੇ ਅਧਾਰਤ ਹੈ, ਜਦੋਂ ਕਿ ਆਵਾਜਾਈ ਵਿੱਚ ਸਵਾਰ ਯਾਤਰੀਆਂ ਦੀ ਗਿਣਤੀ ਇੱਕ ਵਾਰ ਕੀਤੀ ਗਈ ਹੈ।

ਏਅਰਪੋਰਟ ਕੌਂਸਲ ਇੰਟਰਨੈਸ਼ਨਲ (ਏ.ਸੀ.ਆਈ.) ਦੇ ਅਨੁਸਾਰ, ਅਮਰੀਕਾ ਨੇ ਚੋਟੀ ਦੇ 20 ਵਿੱਚ ਛੇ ਹਵਾਈ ਅੱਡਿਆਂ ਦਾ ਯੋਗਦਾਨ ਪਾਇਆ, ਜਿਨ੍ਹਾਂ ਵਿੱਚ ਜ਼ਿਆਦਾਤਰ ਘਰੇਲੂ ਆਵਾਜਾਈ ਦਾ ਦਬਦਬਾ ਸੀ, ਜੇ.ਐਫ.ਕੇ ਨੂੰ ਛੱਡ ਕੇ, ਜਿੱਥੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ 56 ਪ੍ਰਤੀਸ਼ਤ ਸੀ।

ਜਹਾਜ਼ਾਂ ਦੀ ਆਵਾਜਾਈ ਦੇ ਮਾਮਲੇ ਵਿੱਚ, ਦਿੱਲੀ ਹਵਾਈ ਅੱਡਾ 2023 ਦੇ ਮੁਕਾਬਲੇ 2024 ਵਿੱਚ 15ਵੇਂ ਸਥਾਨ 'ਤੇ ਦੋ ਦਰਜੇ ਉੱਚਾ ਦਰਜਾ ਪ੍ਰਾਪਤ ਕੀਤਾ ਗਿਆ ਸੀ। ਪਿਛਲੇ ਸਾਲ ਹਵਾਈ ਅੱਡੇ 'ਤੇ ਜਹਾਜ਼ਾਂ ਦੀ ਆਵਾਜਾਈ ਦੀ ਗਿਣਤੀ 4,77,509 ਨੂੰ ਛੂਹ ਗਈ ਸੀ। ਇਸ ਸੂਚੀ ਵਿੱਚ ਅਟਲਾਂਟਾ ਹਵਾਈ ਅੱਡਾ 7,96,224 ਜਹਾਜ਼ਾਂ ਦੀ ਆਵਾਜਾਈ ਦੇ ਨਾਲ ਸਿਖਰ 'ਤੇ ਹੈ।2024 ਵਿੱਚ, ਹਵਾਈ ਜਹਾਜ਼ਾਂ ਦੀ ਆਵਾਜਾਈ ਵਿਸ਼ਵ ਪੱਧਰ 'ਤੇ 100.6 ਮਿਲੀਅਨ ਤੋਂ ਵੱਧ ਹੋ ਗਈ, ਜੋ ਕਿ ਸਾਲ-ਦਰ-ਸਾਲ 3.9 ਪ੍ਰਤੀਸ਼ਤ ਦਾ ਵਾਧਾ ਹੈ, ਅਤੇ 2019 ਦੇ ਪੱਧਰ ਦੇ 96.8 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ, ਏ.ਸੀ.ਆਈ. ਨੇ ਕਿਹਾ। 2024 ਵਿੱਚ ਚੋਟੀ ਦੇ 20 ਹਵਾਈ ਅੱਡਿਆਂ ਵਿੱਚ 11.08 ਮਿਲੀਅਨ ਆਵਾਜਾਈ ਦੇਖੀ ਗਈ, ਜੋ ਕਿ ਸਾਲ-ਦਰ-ਸਾਲ 5.4 ਪ੍ਰਤੀਸ਼ਤ ਵੱਧ ਹੈ। ਏ.ਸੀ.ਆਈ. 170 ਦੇਸ਼ਾਂ ਵਿੱਚ 2,181 ਹਵਾਈ ਅੱਡਿਆਂ ਦਾ ਸੰਚਾਲਨ ਕਰਨ ਵਾਲੇ 830 ਮੈਂਬਰਾਂ ਦੀ ਨੁਮਾਇੰਦਗੀ ਕਰਦਾ ਹੈ।

## ਪਹਿਲੇ ਸਫ਼ੇ ਦੀ ਬਾਕੀ

### ਇੰਡੀਗੋ ਜ਼ਹਾਜ 'ਤੇ ਮੱਧੂ ਮੱਖੀਆਂ

ਸੂਰਤ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਜੈਪੁਰ ਲਈ ਰਵਾਨਾ ਹੋਣੀ ਸੀ। ਜਦੋਂ ਇਹ ਘਟਨਾਕ੍ਰਮ ਵਾਪਰਿਆ ਸ਼ੁਰੂਆਤ ਵਿੱਚ ਹਵਾਈ ਅੱਡੇ ਦੇ ਸਟਾਫ਼ ਨੂੰ ਲੱਗਿਆ ਕਿ ਮੱਧੂ-ਮੱਖੀਆਂ ਖੁਦ ਹੀ ਹੱਟ ਜਾਣਗੀਆਂ। ਪਰ ਜਦੋਂ ਅਜਿਹਾ ਨਹੀਂ ਹੋਇਆ। ਇਸ ਤੋਂ ਬਾਅਦ, ਉਨ੍ਹਾਂ ਨੇ ਰਵਾਇਤੀ ਤਰੀਕੇ ਨਾਲ ਧੂੰਆਂ ਛੱਡ ਕੇ ਮਧੂ-ਮੱਖੀਆਂ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ। ਇਹ ਤਰੀਕਾ ਵੀ ਅਸਫਲ ਰਿਹਾ ਕਿਉਂਕਿ ਮਧੂ-ਮੱਖੀਆਂ ਦੀ ਗਿਣਤੀ ਵੱਧ ਰਹੀ ਸੀ। ਸਥਿਤੀ ਦੀ ਗੰਭੀਰਤਾ ਨੂੰ ਵੇਖਦੇ ਹੋਏ, ਹਵਾਈ ਅੱਡਾ ਪ੍ਰਸ਼ਾਸਨ ਨੇ ਤੁਰੰਤ ਫਾਇਰ ਬ੍ਰਿਗੇਡ ਨੂੰ ਬੁਲਾਇਆ। ਫਾਇਰ ਬ੍ਰਿਗੇਡ ਨੇ ਹਾਈ-ਪ੍ਰੈਸ਼ਰ ਵਾਟਰ ਜੈੱਟ ਦੀ ਵਰਤੋਂ ਕਰਕੇ ਮਧੂ-ਮੱਖੀਆਂ ਨੂੰ ਜਹਾਜ਼ ਤੋਂ ਹਟਾਇਆ। ਇਸ ਸਾਰੀ ਪ੍ਰਕਿਰਿਆ ਵਿੱਚ ਲੱਗਭੱਗ ਇੱਕ ਘੰਟਾ ਲੱਗਿਆ ਅਤੇ ਫਲਾਈਟ ਨੇ ਅੰਤ ਵਿੱਚ ਸ਼ਾਮ 5:26 ਵਜੇ ਉਡਾਣ ਭਰੀ।

### ਹਰੇਕ ਪਰਿਵਾਰ ਨੂੰ ਮਿਲੇਗਾ 10 ਲੱਖ ਰੁ.

ਪਾਣੀ ਅਤੇ ਬੁਨਿਆਦੀ ਢਾਂਚੇ ਵਰਗੇ ਖੇਤਰਾਂ ਨੂੰ ਕੇਂਦਰ ਬਿੰਦੂ ਵਿੱਚ ਲਿਆਉਣ ਦਾ ਸਿਹਰਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਖੇਤਰ ਉਨ੍ਹਾਂ ਦੀ ਸਰਕਾਰ ਦੀਆਂ ਪੰਜ ਪ੍ਰਮੁੱਖ ਤਰਜ਼ੀਹਾਂ ਹਨ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਸ ਵੇਲੇ ਦੂਜੀਆਂ ਸਿਆਸੀ ਪਾਰਟੀਆਂ ਵੱਲੋਂ ਸਿਰਫ ਨਫਰਤ ਅਤੇ ਫੁੱਟ ਪਾਉ ਏਜੰਡੇ ਨੂੰ ਤੂਲ ਦਿੱਤੀ ਗਈ ਸੀ, ਉਸ ਵੇਲੇ ਕੇਜਰੀਵਾਲ ਦੀ ਅਗਵਾਈ ਵਿੱਚ 'ਆਪ' ਨੇ ਇਨ੍ਹਾਂ ਪੰਜ ਖੇਤਰਾਂ ਨੂੰ ਤਰਜ਼ੀਹ ਦੇ ਕੇ ਸਿਆਸਤ ਨੂੰ ਨਵੀਂ ਦਿਸ਼ਾ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਨਵਾਂ ਸਿਹਤ ਕਾਰਡ ਲੋਕਾਂ ਨੂੰ ਬਿਨਾਂ ਕਿਸੇ ਰਸਮੀ ਕਾਰਵਾਈ ਦੇ ਮੁਫ਼ਤ ਜਾਰੀ ਕੀਤਾ ਜਾਵੇਗਾ ਅਤੇ ਇਸ ਨਾਲ ਉਨ੍ਹਾਂ ਨੂੰ ਮਿਆਰੀ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਇਕ ਪਾਸੇ ਪ੍ਰਧਾਨ ਮੰਤਰੀ ਲੋਕਾਂ ਤੋਂ ਜਨਮ ਦਾ ਸਬੂਤ ਮੰਗ ਰਹੇ ਹਨ, ਜਦਕਿ ਲੋਕ ਦਹਾਕਿਆਂ ਤੋਂ ਵੋਟ ਪਾਉਂਦੇ ਆ ਰਹੇ ਹਨ ਅਤੇ ਦੂਜੇ ਪਾਸੇ ਸਾਡੀ ਸਰਕਾਰ ਵੱਲੋਂ ਬਿਨਾਂ ਕੋਈ ਸ਼ਰਤ ਲਾਏ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ। ਜਨਮ ਦੇ ਸਬੂਤ ਮੰਗਣ ਦੀ ਆਲੋਚਨਾ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਦੇਸ਼ ਦੀ ਵੰਡ ਦਾ ਸੰਤਾਪ ਝੱਲਿਆ ਜਦੋਂ ਲੱਖਾਂ ਲੋਕ ਮਾਰੇ ਗਏ ਸਨ ਅਤੇ ਵੱਡੀ ਗਿਣਤੀ ਵਿੱਚ ਬੇਘਰ ਹੋ ਗਏ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਆਪ ਨੂੰ ਵੱਡੇ ਰਾਸ਼ਟਰਵਾਦੀ ਕਹਾਉਂਦੇ ਲੋਕਾਂ ਵੱਲੋਂ ਪੰਜਾਬੀਆਂ ਨੂੰ ਬਿਨਾਂ ਵਜ੍ਹਾ ਨਿਸ਼ਾਨਾ ਬਣਾਇਆ ਗਿਆ, ਜੋ ਪੰਜਾਬ ਅਤੇ ਪੰਜਾਬੀਆਂ ਨਾਲ ਸਾੜਾ ਕਰਦੇ ਹਨ। ਅਦਾਕਾਰ ਦਿਲਜੀਤ ਦੋਸਾਂਝ ਦੀ ਫਿਲਮ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਸ ਅਦਾਕਾਰ ਦੀ ਪਹਿਲਗਾਮ ਹਮਲੇ ਤੋਂ ਬਹੁਤ ਪਹਿਲਾਂ ਬਣੀ ਫਿਲਮ 'ਤੇ ਦੇਸ ਵਿੱਚ ਬੇਲੋੜੀ ਪਾਬੰਦੀ ਲਾਈ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਦੇਸ ਨੂੰ ਅਨਾਜ ਉਤਪਾਦਨ ਵਿੱਚ ਆਤਮਨਿਰਭਰ ਬਣਾਉਣ ਅਤੇ ਦੇਸ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਾਲ ਹੀ ਵਿੱਚ ਪਾਕਿਸਤਾਨ ਨਾਲ ਪੈਦਾ ਹੋਈ ਜੰਗ ਵਰਗੀ ਸਥਿਤੀ ਵਿੱਚ ਪੰਜਾਬ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਪਰ ਦੇਸ ਨੇ 'ਆਪ੍ਰੇਸ਼ਨ ਸਿੰਦੂਰ' ਦੇ ਨਾਮ 'ਤੇ ਸਿਆਸੀ ਡਰਾਮਾ ਦੇਖਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਭਾਜਪਾ ਅਤੇ ਕੇਂਦਰ ਸਰਕਾਰ ਨੇ ਬਿਨਾਂ ਕਿਸੇ ਤਰਕ ਦੇ ਹਰ ਘਰ ਵਿੱਚ ਸਿੰਦੂਰ ਭੇਜ ਦਿੱਤਾ ਅਤੇ ਲੋਕਾਂ ਦੀਆਂ ਭਾਵਨਾਵਾਂ ਦਾ ਮਜ਼ਾਕ ਉਡਾਇਆ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਸੱਤਾਧਾਰੀ ਲੋਕਾਂ ਦੀਆਂ ਇਨ੍ਹਾਂ ਨੌਟੰਕੀਆਂ ਦਾ ਸੂਬੇ ਅਤੇ ਦੇਸ ਦੇ ਸਿਆਣੇ ਲੋਕ ਕਦੇ ਵੀ ਇਸ ਦਾ ਸ਼ਿਕਾਰ ਨਹੀਂ ਹੋਏ।

ਮੁੱਖ ਮੰਤਰੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਵਰਗੀ ਸੂਝਵਾਨ ਸ਼ਖਸੀਅਤ ਹੀ ਦੇਸ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਨ ਦੇ ਯੋਗ ਹੈ। ਉਨ੍ਹਾਂ ਕਿਹਾ ਕਿ ਜਦੋਂ ਕੇਜਰੀਵਾਲ ਵਰਗਾ ਵਿਅਕਤੀ ਦੇਸ਼ ਦੀ ਅਗਵਾਈ ਕਰੇਗਾ ਤਾਂ ਹੀ ਇਹ ਮੁਲਕ ਦੁਨੀਆਂ ਦੀ ਅਗਵਾਈ ਕਰੇਗਾ ਅਤੇ ਸਾਰੀਆਂ ਸਮਾਜਿਕ ਅਲਾਮਤਾਂ ਖਤਮ ਹੋ ਜਾਣਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਇਹ ਦਿਨ ਦੂਰ ਨਹੀਂ ਹੈ ਕਿਉਂਕਿ ਲੋਕ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠੇ ਵਿਅਕਤੀ ਨੂੰ ਬਾਹਰ ਦਾ ਰਸਤਾ ਦਿਖਾਉਣ ਦੀ ਉਡੀਕ ਬੇਸਬਰੀ ਨਾਲ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਪਵਿੱਤਰ ਧਰਤੀ ਨੇ ਸੰਤ-ਮਹਾਂਪੁਰਸ਼, ਸਹੀਦ, ਮਹਾਨ ਖਿਡਾਰੀ ਅਤੇ ਜਰਨੈਲ ਪੈਦਾ ਕੀਤੇ ਹਨ। ਉਨ੍ਹਾਂ ਕਿਹਾ ਕਿ ਬਦਕਿਸਮਤੀ ਨਾਲ ਪਿਛਲੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਤਸਕਰਾਂ, ਗੈਂਗਸਟਰਾਂ ਅਤੇ ਹੋਰ ਅਪਰਾਧੀਆਂ ਨੇ ਇਸ ਸੂਬੇ ਨੂੰ ਆਪਣਾ ਟਿਕਾਣਾ ਬਣਾ ਲਿਆ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਇਨ੍ਹਾਂ ਦੇਸ ਵਿਰੋਧੀ ਅਨਸਰਾਂ ਨੂੰ ਖਤਮ ਕਰਨ ਲਈ ਜ਼ੋਰਦਾਰ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੱਥੇ 'ਤੇ ਲੱਗਾ ਇਹ ਕਲੰਕ ਛੇਤੀ ਹੀ ਮਿਟ ਜਾਵੇਗਾ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਦੇ ਗੱਭਰੂਆਂ ਦੇ ਘਰਾਂ ਵਿੱਚ ਸੱਥਰ ਵਿਛਾਉਣ ਲਈ ਜ਼ਿੰਮੇਵਾਰ 'ਜਰਨੈਲਾਂ' ਨੂੰ ਹਰ ਹਾਲ ਜਵਾਬਦੇਹ ਠਹਿਰਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਆਪਣੇ ਪਾਪਾਂ ਦੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਕਿਹਾ, "ਇਹ ਹੰਕਾਰੀ ਸਿਆਸਤਦਾਨ ਜੋ ਆਪਣੀਆਂ ਮੁੱਛਾਂ ਚੜ੍ਹਾ ਕੇ ਤਸਵੀਰਾਂ ਖਿਚਵਾਉਣ ਦੇ ਸ਼ੌਕੀਨ ਸਨ, ਹੁਣ ਸਲਾਖਾਂ ਪਿੱਛੇ ਹਨ।" ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਸੂਬੇ ਦੀਆਂ ਪੀੜ੍ਹੀਆਂ ਨੂੰ ਬਰਬਾਦ ਕੀਤਾ ਹੈ ਅਤੇ ਇਨ੍ਹਾਂ ਨੂੰ ਆਪਣੇ ਗੁਨਾਹਾਂ ਦੀ ਸਜ਼ਾ ਭੁਗਤਣੀ ਪਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਏਗੀ ਕਿ ਅਜਿਹੇ ਲੋਕਾਂ ਨੂੰ ਮਾੜੇ ਕੰਮਾਂ ਲਈ ਮਿਸਾਲੀ ਸਜਾ ਮਿਲੇ।

ਇਸ ਤੋਂ ਪਹਿਲਾਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਾਰੇ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਸਿਹਤ ਖੇਤਰ ਵਿੱਚ ਸੂਬਾ ਸਰਕਾਰ ਵੱਲੋਂ ਕੀਤੀਆਂ ਗਈਆਂ ਲੀਹੋਂ ਹਟਵੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ।

### 'ਮੁੱਖ ਮੰਤਰੀ ਸਿਹਤ ਯੋਜਨਾ' ਸਿਹਤ ਸੰਭਾਲ ਮੁਹੱਈਆ

ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਅੱਜ-ਕੱਲ੍ਹ ਜੋ ਕੰਮ ਕੀਤਾ ਜਾ ਰਿਹਾ ਹੈ, ਉਹ ਹੀ ਰਾਸ਼ਟਰ ਨਿਰਮਾਣ ਦਾ ਅਸਲ ਕੰਮ ਹੈ। ਇਕ ਮਿਸਾਲ ਦਿੰਦੇ ਹੋਏ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਭਾਰਤ ਸਰਕਾਰ ਦੇ ਸਿੱਖਿਆ ਬਾਰੇ ਨੈਸ਼ਨਲ ਅਚੀਵਮੈਂਟ ਸਰਵੇਖਣ ਵਿੱਚ ਪੰਜਾਬ ਪਹਿਲੇ ਸਥਾਨ ਉੱਤੇ ਰਿਹਾ ਹੈ, ਜਦੋਂ ਕਿ 2017 ਵਿੱਚ ਇਹ 17ਵੇਂ ਸਥਾਨ 'ਤੇ ਸੀ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਅੱਜ ਹਰ ਖੇਤਰ, ਭਾਵੇਂ ਉਹ ਸਿੱਖਿਆ ਹੋਵੇ, ਸਿਹਤ ਹੋਵੇ ਜਾਂ ਵਿਕਾਸ, ਵਿੱਚ ਸਫ਼ਲਤਾ ਦੀ ਨਵੀਂ ਇਬਾਰਤ ਲਿਖ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿੱਚ 881 ਆਮ ਆਦਮੀ ਕਲੀਨਿਕ ਖੋਲ੍ਹੇ ਹਨ, ਜੋ ਸਾਰਿਆਂ ਨੂੰ ਮੁਫ਼ਤ ਇਲਾਜ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ 200 ਹੋਰ ਕਲੀਨਿਕ ਜਲਦੀ ਸਮਰਪਿਤ ਕੀਤੇ ਜਾਣਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਹੁਣ ਸੂਬੇ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ, ਜੋ 2 ਅਕਤੂਬਰ ਤੋਂ ਕਾਰਜਸ਼ੀਲ ਹੋਵੇਗੀ, ਜਿਸ ਤੋਂ ਬਾਅਦ ਇਸ ਯੋਜਨਾ ਲਈ ਲੋਕਾਂ ਦੇ ਨਾਮ ਦਰਜ ਕਰਨ ਲਈ ਕੈਂਪ ਲਗਾਏ ਜਾਣਗੇ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਯੋਜਨਾ ਸਾਰਿਆਂ ਨੂੰ ਸਿਹਤ ਸੰਭਾਲ ਪ੍ਰਦਾਨ ਕਰਨ ਅਤੇ ਲੋਕਾਂ ਨੂੰ 10 ਲੱਖ ਰੁਪਏ ਦਾ ਨਗਦੀ ਰਹਿਤ ਇਲਾਜ ਯਕੀਨੀ ਬਣਾਉਣ ਵੱਲ ਇਕ ਕਦਮ ਹੈ। ਉਨ੍ਹਾਂ ਨੇ ਇਸ ਇਤਿਹਾਸਕ ਦਿਨ ਦੀ ਲੋਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਿਰਫ਼ ਇਕ ਇਮਾਨਦਾਰ ਸਰਕਾਰ ਹੀ ਆਮ ਆਦਮੀ ਦੀ ਭਲਾਈ ਲਈ ਚਿੰਤਤ ਹੁੰਦੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ 'ਤੇ ਕੋਈ ਨਵਾਂ ਟੈਕਸ ਨਹੀਂ ਲਗਾਇਆ ਹੈ ਪਰ ਜਨਤਾ ਦੇ ਪੈਸੇ ਦੀ ਚੋਰੀ ਨੂੰ ਰੋਕਿਆ ਹੈ, ਜੋ ਵਿਕਾਸ ਅਤੇ ਲੋਕਾਂ ਦੀ ਭਲਾਈ 'ਤੇ ਖ਼ਰਚ ਕੀਤਾ ਜਾ ਰਿਹਾ ਹੈ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਸਿਹਤ ਸੰਭਾਲ ਖੇਤਰ ਲਈ ਇਕ ਇਤਿਹਾਸਕ ਦਿਨ ਹੈ ਕਿਉਂਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਪੰਜਾਬ ਦੇ ਹਰ ਪਰਿਵਾਰ ਨੂੰ ਹੁਣ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿੱਥੇ ਹਰ ਪਰਿਵਾਰ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਇਲਾਜ ਕਰਵਾਉਣ ਦਾ ਹੱਕਦਾਰ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਤੋਂ ਸੂਬੇ ਦੀ ਪੂਰੀ ਤਿੰਨ ਕਰੋੜ ਆਬਾਦੀ ਇਸ ਯੋਜਨਾ ਤਹਿਤ ਮੁਫ਼ਤ ਇਲਾਜ ਲਈ ਯੋਗ ਹੋਵੇਗੀ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਇਕ ਪਰਿਵਾਰ ਸਿਰਫ਼ ਪੰਜ ਲੱਖ ਰੁਪਏ ਤੱਕ ਦਾ ਇਲਾਜ ਕਰਵਾ ਸਕਦਾ ਸੀ। ਪਰ ਹੁਣ ਇਹ ਸੀਮਾ ਵਧਾ ਕੇ 10 ਲੱਖ ਰੁਪਏ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦੀ ਸ਼ੁਰੂਆਤ ਨਾਲ ਪੰਜਾਬ ਨੇ ਦੇਸ਼ ਦੇ ਬਾਕੀ ਸੂਬਿਆਂ ਲਈ ਮਿਸਾਲ ਕਾਇਮ ਕੀਤੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਹੁਣ ਭਾਰਤ ਦਾ ਪਹਿਲਾ ਸੂਬਾ ਹੈ, ਜੋ ਆਪਣੇ ਨਾਗਰਿਕਾਂ ਨੂੰ ਮੁਫ਼ਤ ਸਿਹਤ ਸੰਭਾਲ, ਸਿੱਖਿਆ, ਬਿਜਲੀ ਅਤੇ ਬੱਸ ਯਾਤਰਾ ਮੁਹੱਈਆ ਕਰਦਾ ਹੈ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਹਾਨ ਗੁਰੂਆਂ ਵੱਲੋਂ ਦਿੱਤੇ ਗਏ ਸਰਬੱਤ ਦੇ ਭਲੇ ਦੇ ਸੰਦੇਸ਼ 'ਤੇ ਅਮਲ ਕਰਦੇ ਹੋਏ ਪੰਜਾਬ ਸਰਕਾਰ ਨੇ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਲਈ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਨਾਗਰਿਕ ਮੁਫ਼ਤ ਸਿਹਤ ਸੰਭਾਲ ਦਾ ਹੱਕਦਾਰ ਹੋਵੇਗਾ, ਭਾਵੇਂ ਉਹ ਸਰਕਾਰੀ ਕਰਮਚਾਰੀ ਹੋਵੇ ਜਾਂ ਪੈਨਸ਼ਨਰ। ਇਸ ਯੋਜਨਾ ਤਹਿਤ ਕੋਈ ਆਮਦਨ ਹੱਦ ਨਹੀਂ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਸਿਰਫ਼ ਯੋਗ ਪਰਿਵਾਰ ਹੀ ਪੰਜ ਲੱਖ ਰੁਪਏ ਤੱਕ ਦੇ ਇਲਾਜ ਦਾ ਲਾਭ ਲੈ ਸਕਦੇ ਸਨ ਪਰ ਹੁਣ ਸਾਰੇ ਨਾਗਰਿਕ ਇਸ ਯੋਜਨਾ ਦੇ ਘੇਰੇ ਵਿੱਚ ਹਨ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਸਕੀਮ ਅਧੀਨ ਸਿਹਤ ਕਾਰਡ ਸੇਵਾ ਕੇਂਦਰਾਂ ਵਿੱਚ ਵੀ ਬਣਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਆਪਣੇ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਵਰਤੋਂ ਰਾਹੀਂ ਆਨਲਾਈਨ ਰਜਿਸਟਰੇਸ਼ਨ ਜ਼ਰੀਏ ਵੀ ਸਿਹਤ ਕਾਰਡ ਹਾਸਲ ਕੀਤੇ ਜਾ ਸਕਦੇ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਸਕੀਮ ਅਧੀਨ ਕੋਈ ਵੀ ਨਾਗਰਿਕ ਕਿਸੇ ਵੀ ਸਰਕਾਰੀ ਹਸਪਤਾਲ ਜਾਂ ਸੂਚੀਬੱਧ ਪ੍ਰਾਈਵੇਟ ਹਸਪਤਾਲ ਵਿੱਚ ਮੁਫ਼ਤ ਇਲਾਜ ਹਾਸਲ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦਾ ਕੋਈ ਵੀ ਨਾਗਰਿਕ ਵਿੱਤੀ ਤੰਗੀ ਕਾਰਨ ਇਲਾਜ ਹੋਣੋਂ ਨਹੀਂ ਰਹੇਗਾ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਆਉਣ ਵਾਲੇ ਦਿਨਾਂ ਵਿੱਚ ਵੀ ਅਜਿਹੀਆਂ ਹੋਰ ਲੋਕ-ਪੱਖੀ ਅਤੇ ਵਿਕਾਸ ਮੁਖੀ ਪਹਿਲਕਦਮੀਆਂ ਜਾਰੀ ਰੱਖੇਗੀ।

### ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫ਼ਤਾਰੀ

ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਸੀ। ਇਸ ਤੋਂ ਬਾਅਦ ਸੂਬੇ ਵਿੱਚ 26 ਥਾਵਾਂ 'ਤੇ ਮਜੀਠੀਆ ਨਾਲ ਸਬੰਧਤ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਫਿਰ ਸਵੇਰੇ 11:30 ਵਜੇ ਤੋਂ ਬਾਅਦ, ਮਜੀਠੀਆ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਸ ਦੌਰਾਨ 29 ਮੋਬਾਈਲ ਫੋਨ, 5 ਲੈਪਟਾਪ, 3 ਆਈਪੈਡ, 2 ਡੈਸਕਟਾਪ, 8 ਡਾਇਰੀਆਂ ਅਤੇ ਹੋਰ ਦਸਤਾਵੇਜ਼ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਸੀ। ਦਾਅਵਾ ਕੀਤਾ ਗਿਆ ਸੀ ਕਿ ਇਹ ਮਜੀਠੀਆ ਤੋਂ ਬਰਾਮਦ ਕੀਤੇ ਗਏ ਹਨ ਹਾਲਾਂਕਿ, ਮਜੀਠੀਆ ਦੇ ਵਕੀਲਾਂ ਦਾ ਦਾਅਵਾ ਹੈ ਕਿ ਜਾਂਚ ਵਿੱਚ ਕੋਈ ਫੋਨ ਨਹੀਂ ਮਿਲਿਆ ਹੈ। ਮੀਡੀਆ ਵਿੱਚ ਸਾਰੀ ਗਲਤ ਜਾਣਕਾਰੀ ਦਿੱਤੀ ਗਈ ਹੈ।

### ਵਿਜੀਲੈਂਸ ਨੇ ਗੋਰਖਪੁਰ ਦੀ ਸਰਈਆ ਡਿਸਟਲਰੀ 'ਚ

ਦਸਤਾਵੇਜ਼ ਮਿਲੇ ਹਨ, ਜਿਹੜੇ ਮਜੀਠੀਆ ਦੀ ਐਲਾਨੀ ਆਮਦਨ ਤੇ ਅਸਲੀ ਜਾਇਦਾਦ 'ਚ ਫਰਕ ਨੂੰ ਉਜਾਗਰ ਕਰ ਸਕਦੇ ਹਨ। ਡਿਸਟਲਰੀ ਤੇ ਸ਼ੂਗਰ ਮਿੱਲ 'ਚ ਬਿਕਰਮ ਸਿੰਘ ਮਜੀਠੀਆ ਦੀ 11 ਫ਼ੀਸਦੀ ਹਿੱਸੇਦਾਰੀ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਸੀ, ਜਿਸ ਦੀ ਪੁਸ਼ਟੀ ਲਈ ਵਿਜੀਲੈਂਸ ਟੀਮ ਉਤਪਾਦਨ ਤੇ ਵਿਕਰੀ ਨਾਲ ਜੁੜੇ ਪੁਰਾਣੇ ਰਿਕਾਰਡਾਂ ਨੂੰ ਖੰਘਾਲ ਰਹੀ ਹੈ। ਸਥਾਨਕ ਪ੍ਰਸ਼ਾਸਨ ਤੇ ਆਬਕਾਰੀ ਵਿਭਾਗ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ। ਹਾਲਾਂਕਿ ਹੁਣ ਤੱਕ ਵਿਜੀਲੈਂਸ ਟੀਮ ਨੇ ਉਨ੍ਹਾਂ ਨਾਲ ਸਿੱਧੇ ਸੰਪਰਕ ਨਹੀਂ ਕੀਤਾ। ਡਿਸਟਲਰੀ 'ਚ ਇਸ ਤਰ੍ਹਾਂ ਦੀ ਜਾਂਚ ਨੇ ਸਰਈਆ ਤੇ ਆਸਪਾਸ ਦੇ ਇਲਾਕਿਆਂ 'ਚ ਮਾਹੌਲ ਗਰਮਾ ਦਿੱਤਾ ਹੈ। ਵਿਜੀਲੈਂਸ ਟੀਮ ਵੀਰਵਾਰ ਨੂੰ ਚੰਡੀਗੜ੍ਹ ਤੋਂ ਚੱਲ ਕੇ ਸ਼ਨਿਚਰਵਾਰ ਨੂੰ ਗੋਰਖਪੁਰ ਪਹੁੰਚੀ ਸੀ। ਸ਼ਨਿਚਰਵਾਰ ਨੂੰ ਪੰਜ ਘੰਟਿਆਂ ਦੀ ਜਾਂਚ 'ਚ ਲੱਗਭੱਗ ਤਿੰਨ ਹਜ਼ਾਰ ਸਫਿਆਂ ਦੀ ਫੋਟੋ ਕਾਪੀ ਕਰਾਈ ਗਈ। ਉੱਥੇ ਐਤਵਾਰ ਨੂੰ ਨੌਂ ਘੰਟਿਆਂ ਤੱਕ ਦੀ ਜਾਂਚ 'ਚ ਦਸਤਾਵੇਜ਼ ਇਕੱਠੇ ਕੀਤੇ ਗਏ। ਵਿਜੀਲੈਂਸ ਟੀਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁਝ ਰਿਕਾਰਡ ਮਿਲੇ ਹਨ। ਜਾਂਚ ਹਾਲੇ ਜਾਰੀ ਰਹੇਗੀ।

### ਬੀ.ਬੀ.ਐਮ.ਬੀ. ਮਾਮਲੇ 'ਚ ਮਾਣਹਾਨੀ

ਪਹਿਲਾਂ ਹੀ ਕਈ ਹੁਕਮ ਪਾਸ ਕੀਤੇ ਜਾ ਚੁੱਕੇ ਹਨ। ਪਰ ਪਟੀਸ਼ਨਕਰਤਾ ਨੇ ਦੋਸ਼ ਲਗਾਇਆ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕਰ ਰਹੀ ਹੈ, ਜੋ ਕਿ ਅਦਾਲਤ ਦੀ ਬੇਅਦਬੀ ਹੈ।

### ਦੇਸ਼ ਦੇ ਕਈ ਸੂਬਿਆਂ 'ਚ

ਮੰਡੀ ਜ਼ਿਲ੍ਹੇ ਵਿੱਚ ਹਨ, ਬੰਦ ਹਨ। ਇਸ ਤੋਂ ਇਲਾਵਾ ਰਾਜ ਵਿੱਚ 163 ਟਰਾਂਸਫਾਰਮਰ ਅਤੇ 174 ਜਲ ਸਪਲਾਈ ਯੋਜਨਾਵਾਂ ਪ੍ਰਭਾਵਿਤ ਹੋਈਆਂ ਹਨ। ਹਿਮਾਚਲ ਪ੍ਰਦੇਸ਼ ਵਿੱਚ 1 ਜੂਨ ਤੋਂ 8 ਜੁਲਾਈ ਤੱਕ ਆਮ 152.6 ਮਿਲੀਮੀਟਰ ਦੇ ਮੁਕਾਬਲੇ 203.2 ਮਿਲੀਮੀਟਰ ਮੀਂਹ ਪਿਆ ਹੈ।ਅਧਿਕਾਰਤ ਅੰਕੜਿਆਂ ਅਨੁਸਾਰ ਹਿਮਾਚਲ ਪ੍ਰਦੇਸ਼ ਵਿੱਚ 20 ਜੂਨ ਤੋਂ ਬਾਅਦ 80 ਮੌਤਾਂ ਦਰਜ ਕੀਤੀਆਂ ਗਈਆਂ ਹਨ। 80 ਵਿੱਚੋਂ, 52 ਮੌਤਾਂ ਮੀਂਹ ਨਾਲ ਸਬੰਧਤ ਘਟਨਾਵਾਂ ਜਿਵੇਂ ਕਿ ਬੱਦਲ ਫਟਣ, ਅਚਾਨਕ ਹੜ੍ਹ ਅਤੇ ਢਿੱਗਾਂ ਡਿੱਗਣ ਨਾਲ ਜੁੜੀਆਂ ਸਨ। ਅਧਿਕਾਰੀਆਂ ਨੇ ਦੱਸਿਆ ਕਿ ਬਾਕੀ 28 ਮੌਤਾਂ ਸੜਕ ਹਾਦਸਿਆਂ ਨਾਲ ਸਬੰਧਤ ਸਨ।

### ਸੰਜੇ ਵਰਮਾ ਕਤਲ ਮਾਮਲੇ 'ਚ

ਰਿਹਾ ਹੈ। ਮੁਕਾਬਲੇ ਵਿੱਚ ਗੈਂਗਸਟਰ ਰਾਮ ਰਤਨ ਅਤੇ ਜਸਪ੍ਰੀਤ ਸਿੰਘ ਮਾਰੇ ਗਏ। ਪੰਜਾਬ ਪੁਲਿਸ ਦੀ ਟੀਮ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰਾਂ ਰਾਮ ਰਤਨ ਅਤੇ ਜਸਪ੍ਰੀਤ ਸਿੰਘ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲੈ ਜਾ ਰਹੀ ਸੀ। ਇਸ ਦੌਰਾਨ, ਤਿੰਨ ਅਣਪਛਾਤੇ ਹਮਲਾਵਰਾਂ ਨੇ ਪੁਲਿਸ ਟੀਮ 'ਤੇ ਗੋਲੀਬਾਰੀ ਕਰਕੇ ਗੈਂਗਸਟਰ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ। ਮਾਰੇ ਗਏ ਗੈਂਗਸਟਰ ਨੇ ਗੋਲੀਬਾਰੀ ਕਰਨ ਵਾਲਿਆਂ ਨੂੰ ਹਥਿਆਰ ਅਤੇ ਹੋਰ ਮੱਦਦ ਮੁਹੱਈਆ ਕਰਵਾਈ ਸੀ। ਮੁਕਾਬਲੇ ਵਿੱਚ ਸੀਨੀਅਰ ਕਾਂਸਟੇਬਲ ਮਨਿੰਦਰ ਸਿੰਘ ਜ਼ਖਮੀ ਹੋ ਗਿਆ। ਪੁਲਿਸ ਨੂੰ ਮੌਕੇ ਤੋਂ ਕਈ ਮਹੱਤਵਪੂਰਨ ਸੁਰਾਗ ਮਿਲੇ ਹਨ, ਜਾਂਚ ਜਾਰੀ ਹੈ ਅਤੇ ਜਲਦੀ ਹੀ ਕਈ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ।

### ਸਕੂਲ ਵੈਨ ਤੇ ਰੇਲਗੱਡੀ ਦੀ ਟੱਕਰ

ਤਾਮਿਲ ਨਾਡੂ ਦੇ ਮੁੱਖ ਮੰਤਰੀ ਐਮ.ਕੇ.ਸਟਾਲਿਨ ਨੇ ਹਾਦਸੇ ਵਿਚ ਵਿਦਿਆਰਥੀਆਂ ਦੀ ਮੌਤ 'ਤੇ ਦੁੱਖ ਜਤਾਉਂਦਿਆਂ ਪੀੜਤਾਂ ਦੇ ਵਾਰਸਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਮੌਕੇ 'ਤੇ ਪੁੱਜੇ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਜ਼ਖ਼ਮੀਆਂ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ। ਹਾਦਸੇ ਮਗਰੋਂ ਭੜਕੇ ਲੋਕ ਗੇਟਕੀਪਰ ਦੇ ਦੁਆਲੇ ਹੋ ਗਏ, ਪਰ ਮੌਕੇ 'ਤੇ ਪੁੱਜੇ ਐੱਸਪੀ ਜੈ.ਕੁਮਾਰ ਨੇ ਵਿਚ ਪੈ ਕੇ ਉਸ ਦਾ ਬਚਾਅ ਕੀਤਾ। ਹਾਦਸੇ ਵਿਚ ਸਕੂਲ ਵੈਨ ਬੁਰੀ ਤਰ੍ਹਾਂ ਨੁਕਸਾਨੀ ਗਈ।

### ਏ.ਏ.ਆਈ.ਬੀ. ਨੇ ਹਵਾਬਾਜ਼ੀ ਮੰਤਰਾਲੇ

ਚਾਲਕ ਦਲ ਦੇ ਮੈਂਬਰਾਂ ਸਣੇ 242 ਲੋਕ ਸਵਾਰ ਸਨ, ਜਿਹਨਾਂ ਵਿਚੋਂ 241 ਦੀ ਮੌਤ ਹੋ ਗਈ ਅਤੇ ਸਿਰਫ਼ ਇਕ ਵਿਅਕਤੀ ਖ਼ੁਸ਼ਕਿਸਮਤੀ ਨਾਲ ਬੱਚ ਗਿਆ। ਦੱਸ ਦੇਈਏ ਕਿ ਇਹ ਜਹਾਜ਼ ਹਵਾਈ ਅੱਡੇ ਦੇ ਨੇੜੇ ਇਕ ਮੈਡੀਕਲ ਕਾਲਜ ਦੇ ਹੋਸਟਲ ਦੇ ਉੱਪਰ ਤੋਂ ਲੰਘਣ ਦੀ ਥਾਂ ਉਸ ਦੀ ਇਮਾਰਤ ਨਾਲ ਟਕਰਾਅ ਗਿਆ,ਜਿਸ ਕਾਰਨ ਕਈ ਮੈਡੀਕਲ ਵਿਦਿਆਰਥੀ ਅਤੇ ਹੋਰ ਲੋਕ ਮਾਰੇ ਗਏ। ਜਾਂਚ ਪ੍ਰੋਟੋਕਾਲ ਦੇ ਅਨੁਸਾਰ ਜਾਂਚ ਏਜੰਸੀ ਨੂੰ ਇਕ ਮਹੀਨੇ ਦੇ ਅੰਦਰ ਮੁੱਢਲੀ ਰਿਪੋਰਟ ਸੌਂਪਣੀ ਪੈਂਦੀ ਹੈ। ਇਸ ਰਿਪੋਰਟ ਨੂੰ ਤਿਆਰ ਕਰਨ ਵਿਚ ਸਾਰੇ ਅੰਤਰਰਾਸ਼ਟਰੀ ਮਾਪਦੰਡਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਹਾਦਸਾਗ੍ਰਸਤ ਜਹਾਜ਼ ਦੇ ਦੋਵੇਂ ਬਲੈਕ ਬਾਕਸ ਮਿਲ ਗਏ ਹਨ।

### ਕੰਪਨੀ ਨੇ ਸਰਕਾਰ ਨੂੰ 52 ਰੁ. ਦੀਆਂ ਮੱਛਰਦਾਨੀਆਂ 237 ਰੁ.

ਐਫ.ਆਈ.ਆਰ.ਅਨੁਸਾਰ ਸੱਭ ਤੋਂ ਘੱਟ ਬੋਲੀ ਲਗਾਉਣ ਵਾਲੀ ਕੰਪਨੀ ਸ਼ੋਬੀਕਾ ਇੰਪੈਕਸ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਐਫ.ਆਈ.ਆਰ. ਵਿਚ ਦੋਸ਼ ਲਾਇਆ ਗਿਆ ਹੈ ਕਿ ਐਚ.ਆਈ.ਐਲ. ਨੇ ਮੱਛਰਦਾਨੀਆਂ ਬਣਾਉਣ ਦਾ ਕੰਮ ਵਿਚੋਲਿਆਂ ਦੀ ਲੜੀ- ਮਹਿੰਦਰ ਕੌਰ ਨਿਟਿੰਗ ਲਿਮ. (ਬਿਨਾਂ ਨਿਰਮਾਣ ਸਮਰੱਥਾ ਦੇ), ਵੀ.ਕੇ.ਏ. ਪੌਲੀਮਰਜ਼ ਅਤੇ ਜੇ.ਪੀ. ਪੌਲੀਮਰਜ਼ ਨੂੰ ਦੇ ਦਿਤਾ, ਜਿੱਥੇ ਮੱਛਰਦਾਨੀ ਦੀ ਸ਼ੁਰੂਆਤੀ ਕੀਮਤ 49-52 ਰੁਪਏ ਸੀ। ਜਦੋਂ ਤਕ ਉਹ ਐਚ.ਆਈ.ਐਲ. ਪਹੁੰਚੀ, ਲਾਗਤ ਵਧ ਕੇ 87-90 ਰੁਪਏ ਹੋ ਗਈ। ਇਸ ਮਗਰੋਂ ਐਚ.ਆਈ.ਐਲ. ਨੇ ਵਧੀਆਂ ਦਰਾਂ 'ਤੇ ਮੱਛਰਦਾਨੀਆਂ ਸਪਲਾਈ ਕੀਤੀਆਂ। ਸੀ.ਬੀ.ਆਈ. ਨੇ ਬਲਵਿੰਦਰ ਸਿੰਘ ਟੰਡਨ, ਆਨੰਦ ਸਮੀਅੱਪਨ ਅਤੇ ਐਮ. ਸ਼ਕਤੀਵੇਲ ਸਮੇਤ ਪ੍ਰਮੁੱਖ ਵਿਅਕਤੀਆਂ ਦੇ ਨਾਲ-ਨਾਲ ਐਚ.ਆਈ.ਐਲ. ਅਤੇ ਸੀ.ਐਮ.ਐਸ.ਐਸ. ਦੇ ਅਣਪਛਾਤੇ ਅਧਿਕਾਰੀਆਂ ਨੂੰ ਨਾਮਜ਼ਦ ਕੀਤਾ ਹੈ।

### ਪਿਛਲੇ 5 ਸਾਲਾਂ 'ਚ ਪਤਨੀਆਂ ਵੱਲੋਂ 785

ਹਨ। ਪਰ ਇਹ ਲਿੰਗ-ਨਿਰਪੱਖ ਸਹਾਇਤਾ ਪ੍ਰਣਾਲੀਆਂ ਦੀ ਜ਼ਰੂਰਤ ਨੂੰ ਉਜਾਗਰ ਕਰਦੇ ਹਨ। ਘਰੇਲੂ ਸੈਟਿੰਗਾਂ ਵਿੱਚ ਬਰਾਬਰ ਕਾਨੂੰਨੀ ਸੁਰੱਖਿਆ ਦੇ ਆਲੇ-ਦੁਆਲੇ ਜਨਤਕ ਬਹਿਸ ਵੱਧ ਰਹੀ ਹੈ। ਕਾਰਕੁੰਨ ਹੁਣ ਸੰਤੁਲਿਤ ਸੁਧਾਰਾਂ ਅਤੇ ਮੁਸੀਬਤ ਵਿੱਚ ਫਸੇ ਮਰਦਾਂ ਲਈ ਸੁਰੱਖਿਅਤ ਰਿਪੋਰਟਿੰਗ ਵਿਕਲਪਾਂ ਦੀ ਮੰਗ ਕਰ ਰਹੇ ਹਨ।

### 'ਮੈਂ ਪਾਕਿਸਤਾਨੀ ਫ਼ੌਜ ਦਾ ਏਜੰਟ ਸੀ

ਫ਼ੌਜ ਵਿੱਚ ਕੈਪਟਨ ਡਾਕਟਰ ਵਜੋਂ ਨਿਯੁਕਤ ਕੀਤਾ ਗਿਆ ਸੀ। ਉਹ ਸਿੰਧ, ਬਲੋਚਿਸਤਾਨ, ਬਹਾਵਲਪੁਰ ਅਤੇ ਸਿਆਚਿਨ-ਬਲੋਤਰਾ ਵਰਗੇ ਸੰਵੇਦਨਸ਼ੀਲ ਖੇਤਰਾਂ ਵਿੱਚ ਤਾਇਨਾਤ ਸੀ। ਸਿਆਚਿਨ ਵਿੱਚ ਰਹਿੰਦੇ ਹੋਏ, ਰਾਣਾ ਨੂੰ ਪਲਮਨਰੀ ਐਡੀਮਾ ਨਾਮਕ ਬਿਮਾਰੀ ਹੋ ਗਈ, ਜਿਸ ਕਾਰਨ ਉਹ ਕੰਮ 'ਤੇ ਨਹੀਂ ਪਹੁੰਚ ਸਕਿਆ ਅਤੇ ਬਾਅਦ ਵਿੱਚ ਉਸਨੂੰ ਭਗੌੜਾ ਐਲਾਨ ਦਿੱਤਾ ਗਿਆ। ਰਾਣਾ ਨੇ ਪਹਿਲਾਂ ਕਿਹਾ ਸੀ ਕਿ ਉਹ ਅਤਿਵਾਦੀ ਸਾਜ਼ਿਸ਼ ਦਾ ਹਿੱਸਾ ਬਣਨ ਲਈ ਸਹਿਮਤ ਹੋ ਗਿਆ ਸੀ। ਕਿਉਂਕਿ ਹੈਡਲੀ ਨੇ ਉਸਨੂੰ ਭਰੋਸਾ ਦਿੱਤਾ ਸੀ, ਕਿ ਉਹ ਰਾਣਾ ਦਾ ਰਿਕਾਰਡ ਸਾਫ਼ ਕਰਨ ਵਿੱਚ ਮੱਦਦ ਕਰੇਗਾ। ਤਹੱਵੁਰ ਹੁਸੈਨ ਨੇ ਕਿਹਾ ਕਿ ਪਾਕਿਸਤਾਨੀ ਫ਼ੌਜ, ਜੋ ਅੱਤਵਾਦੀਆਂ ਦਾ ਸਮਰਥਨ ਕਰਦੀ ਹੈ, ਨੇ ਉਸ 'ਤੇ ਭਰੋਸਾ ਕੀਤਾ ਅਤੇ ਖਾੜੀ ਯੁੱਧ ਦੌਰਾਨ ਉਸਨੂੰ ਇੱਕ ਗੁਪਤ ਮਿਸ਼ਨ 'ਤੇ ਸਾਊਦੀ ਅਰਬ ਵੀ ਭੇਜਿਆ। ਕੈਨੇਡਾ ਵਿੱਚ ਰਹਿਣ ਤੋਂ ਪਹਿਲਾਂ, ਉਹ ਜਰਮਨੀ, ਬ੍ਰਿਟੇਨ ਅਤੇ ਅਮਰੀਕਾ ਵਿੱਚ ਵੀ ਰਿਹਾ ਸੀ ਅਤੇ ਮੀਟ ਪ੍ਰੋਸੈਸਿੰਗ, ਰੀਅਲ ਅਸਟੇਟ ਅਤੇ ਕਰਿਆਨੇ ਦਾ ਕਾਰੋਬਾਰ ਚਲਾਉਂਦਾ ਸੀ। ਰਾਣਾ ਅਤੇ ਹੈਡਲੀ ਨੇ 1974 ਅਤੇ 1979 ਦੇ ਵਿਚਕਾਰ ਹਸਨ ਅਬਦਾਲ ਕੈਡੇਟ ਕਾਲਜ ਵਿੱਚ ਪੜ੍ਹਾਈ ਕੀਤੀ। ਹੈਡਲੀ ਦੀ ਮਾਂ ਇੱਕ ਅਮਰੀਕੀ ਸੀ ਅਤੇ ਉਸ ਦਾ ਪਿਤਾ ਇੱਕ ਪਾਕਿਸਤਾਨੀ ਨਾਗਰਿਕ ਸੀ। ਰਾਣਾ ਨੇ ਕਿਹਾ ਕਿ ਹੈਡਲੀ ਆਪਣੀ ਮਤਰੇਈ ਮਾਂ ਨਾਲ ਮਤਭੇਦ ਤੋਂ ਬਾਅਦ ਅਮਰੀਕਾ ਭੱਜ ਗਿਆ ਅਤੇ ਆਪਣੀ ਜੈਵਿਕ ਮਾਂ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਰਾਣਾ ਨੇ ਕਿਹਾ ਹੈ ਕਿ ਹੈਡਲੀ ਨੇ 2003 ਅਤੇ 2004 ਦੇ ਵਿਚਕਾਰ ਤਿੰਨ ਲਸ਼ਕਰ-ਏ-ਤੋਇਬਾ ਸਿਖਲਾਈ ਕੈਂਪਾਂ ਵਿੱਚ ਹਿੱਸਾ ਲਿਆ। ਰਾਣਾ ਨੇ ਕਿਹਾ ਹੈ ਕਿ ਹੈਡਲੀ ਨੇ ਉਸ ਨੂੰ ਦੱਸਿਆ ਸੀ ਕਿ ਲਸ਼ਕਰ ਇੱਕ ਵਿਚਾਰਧਾਰਕ ਸੰਗਠਨ ਨਾਲੋਂ ਇੱਕ ਜਾਸੂਸੀ ਨੈੱਟਵਰਕ ਸੀ। ਮੁੰਬਈ ਹਮਲੇ ਦੇ ਮਾਮਲੇ ਵਿੱਚ ਐਨ.ਆਈ.ਏ. ਚਾਰਜਸ਼ੀਟ ਵਿੱਚ ਕਿਹਾ ਗਿਆ ਹੈ ਕਿ ਹੈਡਲੀ ਨੇ ਇਮੀਗ੍ਰੇਂਟ ਲਾਅ ਸੈਂਟਰ ਨਾਮਕ ਕੰਪਨੀ ਦੇ ਪ੍ਰਤੀਨਿਧੀ ਵਜੋਂ ਦਿੱਲੀ, ਮੁੰਬਈ, ਜੈਪੁਰ, ਪੁਸ਼ਕਰ, ਪੁਣੇ ਅਤੇ ਗੋਆ ਸਮੇਤ ਕਈ ਸ਼ਹਿਰਾਂ ਦਾ ਦੌਰਾ ਕੀਤਾ। ਰਾਣਾ ਨੇ ਕ੍ਰਾਈਮ ਬ੍ਰਾਂਚ ਨੂੰ ਦੱਸਿਆ ਹੈ ਕਿ ਇਹ ਕੰਪਨੀ ਸਥਾਪਤ ਕਰਨ ਦਾ ਵਿਚਾਰ ਉਸ ਦਾ ਸੀ, ਜਿਸ ਨੂੰ ਇੱਕ ਔਰਤ ਚਲਾਉਂਦੀ ਸੀ। ਇਸਦਾ ਦਫ਼ਤਰ ਹਮਲਿਆਂ ਤੋਂ ਪਹਿਲਾਂ ਅੱਤਵਾਦੀਆਂ ਦੀ ਨਿਗਰਾਨੀ ਨੂੰ ਸਮਰੱਥ ਬਣਾਉਣ ਲਈ ਇੱਕ ਫਰੰਟ ਵਜੋਂ ਕੰਮ ਕਰਦਾ ਸੀ। ਰਾਣਾ ਨੇ ਖੁਲਾਸਾ ਕੀਤਾ ਹੈ ਕਿ ਉਹ ਨਵੰਬਰ, 2008 ਵਿੱਚ ਭਾਰਤ ਆਇਆ ਸੀ ਅਤੇ ਅੱਤਵਾਦੀ ਹਮਲਿਆਂ ਤੋਂ ਠੀਕ ਪਹਿਲਾਂ 20 ਅਤੇ 21 ਤਰੀਕ ਨੂੰ ਮੁੰਬਈ ਦੇ ਪੋਵਈ ਦੇ ਇੱਕ ਹੋਟਲ ਵਿੱਚ ਠਹਿਰਿਆ ਸੀ। ਉਹ ਹਮਲੇ ਤੋਂ ਪਹਿਲਾਂ ਦੁਬਈ ਰਾਹੀਂ ਬੀਜਿੰਗ ਲਈ ਰਵਾਨਾ ਹੋ ਗਿਆ ਸੀ। 2023 ਵਿੱਚ ਅਪਰਾਧ ਸ਼ਾਖਾ ਵੱਲੋਂ ਦਾਇਰ 405 ਪੰਨਿਆਂ ਦੀ ਪੂਰਕ ਚਾਰਜਸ਼ੀਟ ਵਿੱਚ ਕਿਹਾ ਗਿਆ ਹੈ, ਕਿ ਰਾਣਾ ਨੇ ਹੈਡਲੀ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ ਵਰਗੇ ਭੀੜ-ਭੜੱਕੇ ਵਾਲੇ ਸਥਾਨਾਂ ਬਾਰੇ ਜਾਣਕਾਰੀ ਇਕੱਠੀ ਕਰਨ ਵਿੱਚ ਮੱਦਦ ਕੀਤੀ ਸੀ। 14 ਗਵਾਹਾਂ ਨੇ ਉਸਦੀ ਭੂਮਿਕਾ ਦੀ ਪੁਸ਼ਟੀ ਕੀਤੀ ਹੈ। ਅੱਤਵਾਦੀਆਂ ਦੀ ਮੱਦਦ ਕਰਨ ਵਾਲੇ ਜਾਅਲੀ ਦਸਤਾਵੇਜ਼ਾਂ ਬਾਰੇ ਪੁੱਛੇ ਜਾਣ 'ਤੇ, ਰਾਣਾ ਨੇ ਇਸ ਲਈ ਭਾਰਤੀ ਦੂਤਾਵਾਸ ਨੂੰ ਜ਼ਿੰਮੇਵਾਰ ਠਹਿਰਾਇਆ। ਹਾਲਾਂਕਿ, ਜਾਂਚ ਵਿੱਚ ਖੁਲਾਸਾ ਹੋਇਆ ਕਿ ਰਾਣਾ ਨੇ ਜਾਅਲੀ ਦਸਤਾਵੇਜ਼ਾਂ ਰਾਹੀਂ ਹੈਡਲੀ ਨੂੰ ਭਾਰਤ ਵਿੱਚ ਦਾਖਲ ਹੋਣ ਵਿੱਚ ਮੱਦਦ ਕੀਤੀ ਸੀ। ਰਾਣਾ ਨੇ ਪਾਕਿਸਤਾਨੀ ਅਧਿਕਾਰੀਆਂ ਸਾਜਿਦ ਮੀਰ, ਅਬਦੁਲ ਰਹਿਮਾਨ ਪਾਸ਼ਾ ਅਤੇ ਮੇਜਰ ਇਕਬਾਲ ਨੂੰ ਜਾਣਨ ਦੀ ਗੱਲ ਕਬੂਲ ਕੀਤੀ ਹੈ। ਇਨ੍ਹਾਂ ਅਧਿਕਾਰੀਆਂ 'ਤੇ ਹਮਲਿਆਂ ਦੀ ਯੋਜਨਾ ਬਣਾਉਣ ਦਾ ਦੋਸ਼ ਹੈ।

### ਬ੍ਰਾਸੀਲੀਆ ਪੁੱਜੇ ਪ੍ਰਧਾਨ ਮੰਤਰੀ

ਨੇ ਕਿਹਾ ਕਿ ਉਨ੍ਹਾਂ ਅਤੇ ਹੋਰ ਨੇਤਾਵਾਂ ਨੇ ਬ੍ਰਿਕਸ ਸੰਮੇਲਨ ਵਿੱਚ ਵਿਆਪਕ ਚਰਚਾ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਵਿਸ਼ਵ ਨੇਤਾਵਾਂ ਨਾਲ ਉਨ੍ਹਾਂ ਦੀਆਂ ਦੁਵੱਲੀਆਂ ਮੀਟਿੰਗਾਂ ਵੱਖ-ਵੱਖ ਦੇਸ਼ਾਂ ਨਾਲ ਭਾਰਤ ਦੀ ਦੋਸਤੀ ਨੂੰ ਉਤਸ਼ਾਹਿਤ ਕਰਨਗੀਆਂ। ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਵੀਡੀਓ ਸਾਂਝਾ ਕੀਤਾ, ਜਿਸ ਵਿੱਚ ਉਹ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੁੰਦੇ ਅਤੇ ਵਿਸ਼ਵ ਨੇਤਾਵਾਂ ਨਾਲ ਦੁਵੱਲੀਆਂ ਮੀਟਿੰਗਾਂ ਕਰਦੇ ਦਿਖਾਈ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਬ੍ਰਿਕਸ ਸੰਮੇਲਨ ਵਿੱਚ ਵਿਆਪਕ ਚਰਚਾ ਕੀਤੀ। ਮੈਂ ਰਾਸ਼ਟਰਪਤੀ ਲੂਲਾ ਅਤੇ ਬ੍ਰਾਜ਼ੀਲ ਸਰਕਾਰ ਨੂੰ ਉਨ੍ਹਾਂ ਦੀ ਬ੍ਰਿਕਸ ਪ੍ਰਧਾਨਗੀ ਦੌਰਾਨ ਇਸ ਪਲੇਟਫਾਰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਕੀਤੇ ਗਏ ਕੰਮ ਲਈ ਵਧਾਈ ਦਿੰਦਾ ਹਾਂ। ਵਿਸ਼ਵ ਨੇਤਾਵਾਂ ਨਾਲ ਮੇਰੀਆਂ ਦੁਵੱਲੀਆਂ ਮੀਟਿੰਗਾਂ ਵੱਖ-ਵੱਖ ਦੇਸ਼ਾਂ ਨਾਲ ਭਾਰਤ ਦੀ ਦੋਸਤੀ ਨੂੰ ਵੀ ਉਤਸ਼ਾਹਿਤ ਕਰਨਗੀਆਂ।

ਭਾਰਤ ਕਰੇਗਾ ਬ੍ਰਿਕਸ ਦੀ ਪ੍ਰਧਾਨਗੀ

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਹੋਰ ਬ੍ਰਿਕਸ ਨੇਤਾਵਾਂ, ਭਾਈਵਾਲਾਂ ਅਤੇ ਆਊਟਰੀਚ ਸੱਦੇਦਾਰਾਂ ਦੇ ਨਾਲ ਰੀਓ ਡੀ ਜਨੇਰੀਓ ਵਿੱਚ 17ਵੇਂ ਬ੍ਰਿਕਸ ਸੰਮੇਲਨ ਵਿੱਚ ਰਵਾਇਤੀ ਫੋਟੋ ਲਈ ਇਕੱਠੇ ਹੋਏ ਸਨ। ਸੋਮਵਾਰ ਨੂੰ ਬ੍ਰਾਜ਼ੀਲ ਵਿੱਚ ਬ੍ਰਿਕਸ ਸੰਮੇਲਨ ਵਿੱਚ 'ਵਾਤਾਵਰਣ, ਸੀਓਪੀ-30 ਅਤੇ ਗਲੋਬਲ ਸਿਹਤ' ਵਿਸ਼ੇ 'ਤੇ ਇੱਕ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਦੀ ਬ੍ਰਿਕਸ ਪ੍ਰਧਾਨਗੀ ਹੇਠ ਅਸੀਂ ਬ੍ਰਿਕਸ ਨੂੰ ਮੁੜ ਪਰਿਭਾਸ਼ਿਤ ਕਰਾਂਗੇ।

### 'ਪੁਲਵਾਮਾ ਹਮਲੇ ਲਈ ਵਿਸਫੋਟਕ

ਰਿਪੋਰਟ ਦਾ ਨਾਮ 'ਟੈਰਰਿਸਟ ਫਾਈਨੈਂਸਿੰਗ ਰਿਸਕ 'ਤੇ ਵਿਆਪਕ ਅੱਪਡੇਟ' ਹੈ। ਇਹ 131 ਪੰਨਿਆਂ ਦੀ ਰਿਪੋਰਟ ਦੱਸਦੀ ਹੈ ਕਿ ਅੱਤਵਾਦ ਨੂੰ ਫੰਡ ਦੇਣ ਦੇ ਤਰੀਕੇ ਕਿਵੇਂ ਬਦਲ ਰਹੇ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੱਤਵਾਦੀ ਸੰਗਠਨ ਹੁਣ ਰਵਾਇਤੀ ਫੰਡਿੰਗ ਤਰੀਕਿਆਂ ਦੇ ਨਾਲ-ਨਾਲ ਔਨਲਾਈਨ ਭੁਗਤਾਨ, ਗੇਮਿੰਗ ਪਲੇਟਫਾਰਮ, ਸੋਸ਼ਲ ਮੀਡੀਆ ਅਤੇ ਈ-ਕਾਮਰਸ ਸਾਈਟਾਂ ਵਰਗੇ ਡਿਜੀਟਲ ਸਾਧਨਾਂ ਦੀ ਵਰਤੋਂ ਕਰ ਰਹੇ ਹਨ।ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅੱਤਵਾਦ ਫੰਡਿੰਗ ( ਟੀ.ਐਫ.) ਦੀਆਂ ਰਣਨੀਤੀਆਂ ਇੱਕੋ ਜਿਹੀਆਂ ਨਹੀਂ ਹਨ, ਪਰ ਵੱਖ-ਵੱਖ ਸਥਿਤੀਆਂ ਦੇ ਅਨੁਸਾਰ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਤਰੀਕੇ ਅਪਣਾਏ ਜਾਂਦੇ ਹਨ।


**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972



**ਯੂਕੋ ਬੈਂਕ** ਭਾਰਤ ਸਰਕਾਰ ਦਾ ਅਦਾਰਾ — UCO BANK (A Govt. of India Undertaking)

ਸ਼ਾਖਾ ਦਫ਼ਤਰ : ਜੀਟੀ ਰੋਡ, ਮਿਲਰਗੰਜ, ਲੁਧਿਆਣਾ

ਈ-ਨਿਲਾਮੀ ਵਿਕਰੀ ਸੂਚਨਾ

**ਈ-ਨਿਲਾਮੀ ਵਿਕਰੀ ਦੀ ਵਿਕਰੀ ਸੂਚਨਾ (ਅਚੱਲ ਸੰਪੱਤੀ/ਆਂ ਦੇ ਲਈ)**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਸ ਦਾ ਸੰਕੇਤਕ/ਭੌਤਿਕ ਕਬਜ਼ਾ ਯੂਕੋ ਬੈਂਕ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਵੱਲੋਂ ਲਿਆ ਗਿਆ ਹੈ, ਦੀ ਵਿਕਰੀ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ ਅਧਾਰ" 'ਤੇ 30.07.2025 ਨੂੰ ਕੀਤੀ ਜਾਵੇਗੀ ਅਤੇ ਅਚੱਲ ਸੰਪੱਤੀਆਂ ਦੀ ਖਰੀਦ ਲਈ ਇੱਛੁਕ ਖਰੀਦਦਾਰਾਂ ਤੋਂ ਬੋਲੀਆਂ ਨਿਮਨ ਦਰਸਾਏ ਅਨੁਸਾਰ ਮੰਗੀਆਂ ਜਾਂਦੀਆਂ ਹਨ :-

| ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਕਬਜ਼ੇ ਦੀ ਮਿਤੀ ਕਬਜ਼ੇ ਦੀ ਸਥਿਤੀ (ਭੌਤਿਕ ਜਾਂ ਸੰਕੇਤਕ) | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸੰਬਧਤ ਅਧਿਕਾਰੀ ਦੇ ਵੇਰਵੇ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ |
|---|---|---|---|---|---|---|
| ਕਰਜ਼ਦਾਰ : ਮੈਸ. ਰੂਬੀ ਸਾਈਕਲਜ਼ ਬੀ-13-745/1-ਏ, ਨਿਰੰਕਾਰੀ ਸਟ੍ਰੀਟ ਨੰ. 4, ਮਿਲਰਗੰਜ, ਜੀ.ਟੀ.ਰੋਡ, ਲੁਧਿਆਣਾ, ਪੰਜਾਬ-141003 ਵਿਖੇ ਸਥਿਤ | ਸ੍ਰੀਮਤੀ ਭੁਪਿੰਦਰ ਕੌਰ ਦੇ ਨਾਮ 'ਤੇ ਵਸੀਕਾ/ਤਬਾਦਲਾ ਡੀਡ ਨੰ 18439 ਮਿਤੀ 27.12.2017 ਦੇ ਅਧੀਨ ਪੰਜੀਕ੍ਰਿਤ ਵਾਕਿਆ ਪਿੰਡ ਢੋਲੇਵਾਲ ਹੱਦਬਸਤ ਨੰ. 174, ਐਮ ਸੀ. ਨੰ. ਬੀ-13-745/1-ਏ, ਗਲੀ ਨੰ. 4, ਨਿਰੰਕਾਰੀ ਮੁਹੱਲਾ, ਮਿਲਰਗੰਜ,ਜੀਟੀ ਰੋਡ, ਲੁਧਿਆਣਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਸਾਲ 2009-10 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 1411/495, ਖਾਤਾ ਨੰਬਰ 636/918 ਵਿਚ ਸ਼ਾਮਲ 250 ਵਰਗ ਗਜ਼ ਮਾਪ ਵਾਲੀ ਸੰਪੱਤੀ/ਮਕਾਨ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ ਨਿਮਨ ਅਨੁਸਾਰ : ਪੂਰਬ : ਤਾਰਾ ਸਿੰਘ 75', ਉਤਰ : ਹਰਪਾਲ ਸਿੰਘ 30', ਪੱਛਮ : ਗਲੀ 10' 75', ਦੱਖਣ : ਰਾਜੀਵ ਇੰਡਸਟ੍ਰੀਜ਼ 30' | 01.02.2024/ ਭੌਤਿਕ | 22.05.2023 Rs. 59,95,372.02 | Rs. 51,37,000/- / Rs. 5,13,700/- / Rs. 20,000/- | (M) 9934923199 E-mail miller@ucobank.co.in | 30.07.2025 11:00 AM to 05.00 PM |

**ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ**

**ਨਿਯਮ ਅਤੇ ਸ਼ਰਤਾਂ** : 1. ਵਿਕਰੀ ਸੁਰੱਖਿਆ ਵਿਆਜ (ਲਾਗੂਕਰਨ) 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਨਾਲ ਸਬੰਧਤ ਹੋਵੇਗੀ। 2. ਸੰਪੱਤੀਆਂ **"ਜਿਵੇਂ ਹੈ, ਜਿਥੇ ਹੈ ਆਧਾਰ"** ਅਤੇ **"ਜਿਵੇਂ ਹੈ ਜੋ ਹੈ ਆਧਾਰ"** ਅਤੇ **"ਜੋ ਵੀ ਉਥੇ ਹੈ ਆਧਾਰ"** 'ਤੇ ਵੇਚੀਆਂ ਜਾ ਰਹੀਆਂ ਹਨ। 3. ਉਕਤ ਸੂਚੀ ਵਿਚ ਦਰਸਾਏ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਵਿਚ ਸਹੀ ਦੱਸੇ ਗਏ ਹਨ ਪਰ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 4. ਨਿਲਾਮੀ ਵਿਕਰੀ ਪੋਰਟਲ **https://baanknet.com** 'ਤੇ **"ਈ-ਨਿਲਾਮੀ ਰਾਹੀਂ ਆਨਲਾਈਨ"** ਕੀਤੀ ਜਾਵੇਗੀ। 5. ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣਾ ਮੋਬਾਇਲ ਨੰਬਰ ਅਤੇ ਈਮੇਲ ਆਈ. ਡੀ. ਦੀ ਵਰਤੋਂ ਕਰਦੇ ਹੋਏ ਪੋਰਟਲ (**https://baanknet.com**) 'ਤੇ ਪੰਜੀਕਰਨ ਕਰਵਾ ਲੈਣ। ਅੱਗੇ, ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰ ਦੇਣ। ਇੱਕ ਵਾਰ ਕੇਵਾਈਸੀ ਦਸਤਾਵੇਜ਼ਾਂ ਦੀ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਵੱਲੋਂ ਪੜਤਾਲ ਹੋਣ 'ਤੇ (ਇਸ ਵਿਚ 2 ਕੰਮ ਵਾਲੇ ਦਿਨ ਲਗ ਸਕਦੇ ਹਨ), ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਪੋਰਟਲ ਵਿਚ ਈ-ਨਿਲਾਮੀ ਮਿਤੀ ਅਤੇ ਸਮੇਂ ਤੋਂ ਪਹਿਲਾਂ ਆਪਣੇ ਗਲੋਬਲ ਈਐਮਡੀ ਵੈਲੇਟ ਵਿਚ ਆਨਲਾਈਨ ਵਿਧੀ ਦੀ ਵਰਤੋਂ ਕਰਦੇ ਹੋਏ ਬਿਆਨਾ ਰਕਮ ਰਾਸ਼ੀ ਦਾ ਤਬਾਦਲਾ ਕਰਨਾ ਹੋਵੇਗਾ। ਪੰਜੀਕਰਨ, ਕੇਵਾਈਸੀ ਦਸਤਾਵੇਜ਼ਾਂ ਦੀ ਪੜਤਾਲ ਅਤੇ ਵੈਲੇਟ ਵਿਚ ਬਿਆਨਾ ਰਕਮ ਦੇ ਤਬਾਦਲੇ ਦਾ ਕੰਮ ਨਿਲਾਮੀ ਤੋਂ ਪਹਿਲਾਂ ਅਗਾਊਂ ਤੌਰ 'ਤੇ ਮੁਕੰਮਲ ਕਰਨਾ ਜ਼ਰੂਰੀ ਹੈ। 6. ਈ-ਨਿਲਾਮੀ ਦੇ ਲਈ ਪਲੇਟਫਾਰਮ (**https://baanknet.com**) ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਹੈਲਪਡੈਸਕ ਨੰਬਰ +91 82912 20220, ਹੈਲਪਡੈਸਕ ਈ-ਮੇਲ ਆਈਡੀ : **support.baanknet@psballiance.com** ਵੱਲੋਂ ਮੁਹੱਈਆ ਕੀਤਾ ਜਾਵੇਗਾ। ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਦੇ ਵੈਬਸਾਈਟ**https://baanknet.com** 'ਤੇ ਈ-ਨਿਲਾਮੀ ਪ੍ਰਕਿਰਿਆ ਵਿਚ ਭਾਗ ਲੈਣਾ ਹੋਵੇਗਾ। ਸਰਵਿਸ ਪ੍ਰੋਵਾਈਡਰ ਪੋਰਟਲ 'ਤੇ ਈ-ਨਿਲਾਮੀ 'ਤੇ ਆਨਲਾਈਨ ਪ੍ਰਦਰਸ਼ਨ/ਸਿਖਲਾਈ ਵੀ ਮੁਹੱਈਆ ਕਰੇਗਾ। 7. ਸੰਪੱਤੀ ਸਬੰਧੀ ਕਿਸੇ ਵੀ ਪੁਛਗਿਛ ਲਈ **ਅਧਿਕਾਰਤ ਅਧਿਕਾਰੀ ਸ੍ਰੀ ਰਵੀ ਪ੍ਰਕਾਸ਼ ਗੁਪਤਾ** ਨੂੰ (ਮੋ.) **9934923199** 'ਤੇ ਸੰਪਰਕ ਕੀਤਾ ਜਾ ਸਕਦਾ ਹੈ। 8 ਵਿਕਰੀ ਦੇ ਸਧਾਰਨ ਨਿਯਮ ਅਤੇ ਸ਼ਰਤਾਂ ਵਾਲੀ ਵਿਕਰੀ ਸੂਚਨਾ ਨਿਮਨਲਿਖਤ **ਵੈਬਸਾਈਟਾਂ/ਵੈਬ ਪੇਜ ਪੋਰਟਲ : https://baanknet.com** 'ਤੇ ਵਿਚ ਉਪਲਬਧ/ਪ੍ਰਕਾਸ਼ਿਤ ਹਨ। 9. ਈ-ਨਿਲਾਮੀ ਦੇ ਇੱਛੁਕ ਪ੍ਰਤੀਯੋਗੀ ਪੋਰਟਲ **https://baanknet.com** ਤੋਂ ਇਸ ਈ-ਨਿਲਾਮੀ ਨਾਲ ਸਬੰਧਤ ਈ-ਨਿਲਾਮੀ ਦੇ ਸੰਚਾਲਨਾਤਮਕ ਭਾਗ 'ਤੇ ਸਹਾਇਤਾ ਮੈਨੂਅਲ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਵਿਕਰੀ ਸੂਚਨਾ ਦੇ ਉਤਾਰੇ ਮੁਫ਼ਤ ਵਿਚ ਡਾਊਨਲੋਡ ਕਰ ਸਕਦੇ ਹਨ। 10. ਬੋਲੀਕਾਰ ਦੇ ਗਲੋਬਲ ਵੈਲੇਟ ਵਿਚ ਬੋਲੀ ਦੇਣ ਦੇ ਸਮੇਂ ਲੋੜੀਂਦਾ ਬਕਾਇਆ (>=ਬਿਆਨਾ ਰਕਮ ਰਾਸ਼ੀ) ਹੋਣਾ ਚਾਹੀਦਾ ਹੈ। 11. ਈ-ਨਿਲਾਮੀ ਦੇ ਦੌਰਾਨ ਬੋਲੀਕਾਰਾਂ ਨੂੰ ਆਖ਼ਰੀ ਕੋਟ ਕੀਤੀ ਬੋਲੀ ਨਾਲੋਂ ਵੱਧ ਅਤੇ ਉਪਰ ਪਰਸਪਰ ਬੋਲੀ ਵਿਚ ਉਚੇਰੀ ਬੋਲੀ ਪੇਸ਼ ਕਰਨ ਦੀ ਆਗਿਆ ਹੋਵੇਗੀ ਅਤੇ ਬੋਲੀ ਰਕਮ ਵਿਚ ਘੱਟੋ ਘੱਟ ਵਾਧਾ ਬੋਲੀਕਾਰਾਂ ਦੀ ਆਖ਼ਰੀ ਉਚੇਰੀ ਬੋਲੀ ਤੋਂ ਉਕਤ ਦਰਸਾਏ ਅਨੁਸਾਰ ਹੋਣਾ ਚਾਹੀਦਾ ਹੈ। ਨਿਰੰਤਰ ਉਚੇਰੀ ਬੋਲੀ ਕੋਟ ਕਰਨ ਲਈ ਬੋਲੀਕਾਰਾਂ ਨੂੰ ਵੀਹ (20) ਮਿੰਟਾਂ ਦਾ ਸਮਾਂ ਦਿੱਤਾ ਜਾਵੇਗਾ ਅਤੇ ਜੇਕਰ ਆਖ਼ਰੀ ਸਭ ਤੋਂ ਉਚੀ ਬੋਲੀ ਤੋਂ ਦਸ ਮਿੰਟ ਲੰਘਣ ਉਪਰੰਤ ਕਿਸੇ ਵੀ ਬੋਲੀਕਾਰ ਵੱਲੋਂ ਕੋਈ ਉਚੇਰੀ ਬੋਲੀ ਪੇਸ਼ ਨਹੀਂ ਕੀਤੀ ਜਾਂਦੀ ਤਾਂ ਈ-ਨਿਲਾਮੀ ਨੂੰ ਬੰਦ ਕਰ ਦਿੱਤਾ ਜਾਵੇਗਾ। 12. ਇਹ ਇੱਛੁਕ ਬੋਲੀਕਾਰ (ਾਂ) ਦੀ ਜ਼ਿੰਮੇਵਾਰੀ ਹੋਵੇਗੀ ਕਿ ਵਿਕਰੀ ਸੂਚਨਾ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਾਨਾਤਮਕ ਹਿੱਸੇ ਬਾਰੇ ਸਹਾਇਤਾ ਮੈਨੂਅਲ ਨੂੰ ਪੜ੍ਹ ਲੈਣ ਅਤੇ ਇਨ੍ਹਾਂ ਦਾ ਸਖ਼ਤੀ ਨਾਲ ਪਾਲਣ ਕਰਨ। ਈ-ਨਿਲਾਮੀ ਪ੍ਰਕਿਰਿਆ ਤੋਂ ਪਹਿਲਾਂ ਜਾਂ ਇਸਦੇ ਦੌਰਾਨ ਕਿਸੇ ਵੀ ਮੁਸ਼ਕਿਲ ਜਾਂ ਸਹਾਇਤਾ ਦੀ ਲੋੜ ਪੈਣ ਦੀ ਸੂਰਤ ਵਿਚ ਸਾਡੇ ਈ-ਨਿਲਾਮੀ ਸਰਵਿਸ ਪ੍ਰੋਵਾਈਡਰ **https://baanknet.com**ਦੇ ਅਧਿਕਾਰਤ ਪ੍ਰਤੀਨਿਧੀ ਨੂੰ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੇ ਵੇਰਵੇ ਈ-ਨਿਲਾਮੀ ਪੋਰਟਲ 'ਤੇ ਉਪਲਬਧ ਹਨ। 13. ਅਧਿਕਾਰਤ ਅਧਿਕਾਰੀ ਵੱਲੋਂ ਈ-ਨਿਲਾਮੀ ਨੂੰ ਮੁਕੰਮਲ ਕਰਨ ਤੋਂ ਬਾਅਦ, ਸਿਰਫ਼ ਸਫਲ ਬੋਲੀਕਾਰ ਨੂੰ ਐਸਐਮਐਸ/ਈ-ਮੇਲ (ਸਰਵਿਸ ਪ੍ਰੋਵਾਈਡਰ ਨੂੰ ਉਨ੍ਹਾਂ ਵੱਲੋਂ ਦਿੱਤੇ ਗਏ/ਪੰਜੀਕ੍ਰਿਤ ਮੋਬਾਇਲ ਨੰਬਰ/ਈਮੇਲ ਪਤੇ 'ਤੇ) ਰਾਹੀਂ ਉਕਤ ਦਰਸਾਏ ਸਾਡੇ ਸਰਵਿਸ ਪ੍ਰੋਵਾਈਡਰ ਦੁਆਰਾ ਸੂਚਿਤ ਕੀਤਾ ਜਾਵੇਗਾ। 14. ਸੁਰੱਖਿਅਤ ਸੰਪੱਤੀ ਰਾਖਵੀਂ ਕੀਮਤ ਤੋਂ ਘੱਟ ਨਹੀਂ ਵੇਚੀ ਜਾਵੇਗੀ। ਅਧਿਕਾਰਤ ਅਧਿਕਾਰੀ ਕੋਲ ਪ੍ਰਵਾਨਯੋਗ ਨਾ ਪਾਏ ਜਾਣ 'ਤੇ ਕਿਸੇ ਵੀ ਬੋਲੀ ਨੂੰ ਪ੍ਰਵਾਨ ਕਰਨ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਜਾਂ ਬਿਨਾਂ ਕੋਈ ਵੀ ਕਾਰਨ ਦੱਸੇ, ਜੋ ਵੀ ਹੋਵੇ, ਕਿਸੇ ਵੀ ਸਮੇਂ ਨਿਲਾਮੀ ਨੂੰ ਮੁਲਤਵੀ/ਰੱਦ/ਬਰਖਾਸਤ/ਰੋਕਣ ਦਾ ਜਾਂ ਇਸ ਦੇ ਨਿਯਮਾਂ ਵਿਚ ਤਬਦੀਲੀ ਕਰਨ ਦਾ ਹੱਕ ਰਾਖਵਾਂ ਹੈ ਅਤੇ ਇਸ ਸਬੰਧ ਵਿਚ ਉਨ੍ਹਾਂ ਦਾ ਫੈਸਲਾ ਅੰਤਿਮ ਹੋਵੇਗਾ। 15. ਵਿਕਰੀ ਪ੍ਰਮਾਣ ਪੱਤਰ ਕਾਨੂੰਨ ਦੀਆਂ ਵਿਵਸਥਾਵਾਂ ਦੇ ਅਨੁਸਾਰ ਪੂਰਨ ਬੋਲੀ ਰਕਮ ਦੇ ਜਮ੍ਹਾਂ ਹੋਣ 'ਤੇ ਸਫਲ ਬੋਲੀਕਾਰ ਦੇ ਪੱਖ ਵਿਚ ਜਾਰੀ ਕੀਤਾ ਜਾਵੇਗਾ। 16. ਇਹ ਬੋਲੀਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਸੰਪੱਤੀ ਅਤੇ ਇਸ ਦੀ ਮਿਣਤੀ ਬਾਰੇ ਜਾਂਚ ਅਤੇ ਖੁਦ ਦੀ ਤਸੱਲੀ ਕਰ ਲੈਣ। ਬੋਲੀਕਾਰ ਮੁਹੱਈਆ ਕੀਤੇ ਵੇਰਵਿਆਂ ਅਨੁਸਾਰ ਸੰਬੰਧਿਤ ਅਧਿਕਾਰੀ ਨਾਲ ਮਸ਼ਵਰਾ ਕਰਕੇ ਸੰਪੱਤੀ ਦੀ ਜਾਂਚ ਕਰ ਸਕਦੇ ਹਨ। 18. ਬੈਂਕ ਦੇ ਅਧਿਕਾਰਤ ਅਧਿਕਾਰੀ ਸੰਪੱਤੀਆਂ (ਈ-ਨਿਲਾਮੀ ਵਾਲੀਆਂ) ਦੇ ਸਬੰਧ ਵਿਚ ਸਰਕਾਰ ਜਾਂ ਕਿਸੇ ਵੀ ਵਿਅਕਤੀ ਵੱਲ ਕਿਸੇ ਵੀ ਫੀਸ, ਭਾਰ, ਦੇਣਦਾਰੀ ਜਾਂ ਕਿਸੇ ਵੀ ਹੋਰ ਬਕਾਏ, ਭਾਵੇਂ ਬੈਂਕ ਨੂੰ ਜਾਣੂੰ ਹੋਣ ਜਾਂ ਨਾ ਦੇ ਲਈ ਜੁਆਬਦੇਹ ਨਹੀਂ ਹੋਣਗੇ। ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵਿਧਾਨਕ ਦੇਣਦਾਰੀਆਂ, ਸੰਪੱਤੀ ਕਰ ਦੇ ਬਕਾਏ, ਬਿਜਲੀ ਦੇ ਬਕਾਏ ਆਦਿ ਸਮੇਤ ਸੰਪੱਤੀ ਉਪਰ ਦੇਣਦਾਰੀਆਂ ਸਬੰਧੀ ਆਪਣੀ ਸੁਤੰਤਰ ਪੁਛਗਿਛ ਕਰ ਲੈਣ। 19. ਬੋਲੀਕਾਰ ਨੂੰ ਢੁੱਕਵੀਂ ਇੰਟਰਨੈਟ ਕੁਨੈਕਟੀਵਿਟੀ, ਪਾਵਰ ਬੈਕ-ਅਪ ਆਦਿ ਯਕੀਨੀ ਬਣਾ ਲੈਣੇ ਚਾਹੀਦੇ ਹਨ। ਬੈਂਕ ਇੰਟਰਨੈਟ ਅਸਫਲਤਾ, ਬਿਜਲੀ ਅਸਫਲਤਾ ਜਾਂ ਤਕਨੀਕੀ ਕਾਰਨਾਂ ਕਰਕੇ ਪਏ ਕਿਸੇ ਵੀ ਵਿਘਨ ਜਾਂ ਈ-ਨਿਲਾਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਅਚਨਚੇਤਾਵਾਂ ਦੇ ਲਈ ਜੁਆਬਦੇਹ ਨਹੀਂ ਹੋਵੇਗਾ। 20. ਸਫਲ ਬੋਲੀਕਾਰ ਨੂੰ 1% ਦਾ ਟੀਡੀਐਸ ਵੀ ਅਦਾ ਕਰਨਾ ਹੋਵੇਗਾ ਜੇਕਰ ਸੰਪੱਤੀ ਦੀ ਕੀਮਤ 50 ਲੱਖ ਤੋਂ ਵੱਧ ਹੋਵੇ। 21. ਇਸ ਸੂਚਨਾ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 9 (1) ਦੇ ਅਧੀਨ ਕਰਜ਼ਦਾਰ ਅਤੇ ਜ਼ਾਮਨ ਦੇ ਲਈ 30 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਵੀ ਸਮਝਿਆ ਜਾਵੇ। 22. ਇਕਲੇ ਬੋਲੀਕਾਰ ਹੋਣ ਦੀ ਸੂਰਤ ਵਿਚ ਉਸ ਦੇ ਬੋਲੀ ਫਾਰਮ ਵਿਚ ਕੋਟ ਕੀਤੀ ਬੋਲੀ ਰਕਮ ਵਿਚ ਘੱਟੋ ਘੱਟ ਇੱਕ ਬੋਲੀ ਵਾਧਾ ਲਾਗਤ ਤੱਕ ਸੁਧਾਰ ਹੋਣਾ ਲਾਜ਼ਮੀ ਹੈ, ਨਹੀਂ ਤਾਂ ਵਿਕਰੀ ਰੱਦ/ਬਰਖਾਸਤ ਕਰ ਦਿੱਤੀ ਜਾਵੇਗੀ। 23. ਵਿਕਰੀ ਦੀ ਪੁਸ਼ਟੀ ਨਹੀਂ ਕੀਤੀ ਜਾਵੇਗੀ, ਜੇਕਰ ਕਰਜ਼ਦਾਰ ਸਫਲ ਬੋਲੀਕਾਰ ਨੂੰ ਵਿਕਰੀ ਦੀ ਪੁਸ਼ਟੀ ਦਾ ਪੱਤਰ ਜਾਰੀ ਹੋਣ ਤੋਂ ਪਹਿਲਾਂ ਅਧਿਕਾਰਤ ਅਧਿਕਾਰੀ ਨੂੰ ਬੈਂਕ ਕਰਾਰ ਦੇ ਬਕਾਇਆਂ ਸਮੇਤ ਹੋਰ ਖਰਚਿਆਂ ਦਾ ਭੁਗਤਾਨ ਕਰ ਦਿੰਦਾ ਹੈ, ਅਜਿਹੇ ਮਾਮਲੇ ਵਿਚ ਬੈਂਕ ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਸਮੁੱਚੀ ਰਕਮ ਬਿਨਾਂ ਵਿਆਜ ਤੋਂ ਵਾਪਸ ਕਰ ਦੇਵੇਗਾ।

ਮਿਤੀ : 08.07.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, ਯੂਕੋ ਬੈਂਕ

# ਮਾਨ ਸਰਕਾਰ ਦੇ ਯਤਨਾਂ ਸਦਕਾ ਸੁਲਤਾਨਪੁਰ ਲੋਧੀ ਸ਼ਹਿਰ ਦੀ ਬਦਲੇਗੀ ਨੁਹਾਰ : ਡਾ. ਰਵਜੋਤ ਸਿੰਘ

ਚੰਡੀਗੜ੍ਹ, 8 ਜੁਲਾਈ, (ਚ.ਨ.ਸ.) : ਪੰਜਾਬ ਦੀ ਮਾਨ ਸਰਕਾਰ ਦੇ ਯਤਨਾਂ ਨਾਲ ਸੁਲਤਾਨਪੁਰ ਲੋਧੀ ਸ਼ਹਿਰ ਦੀ ਨੁਹਾਰ ਬਦਲ ਜਾਵੇਗੀ ਅਤੇ ਸ਼ਹਿਰ ਵਿਖੇ ਅਤੀ ਆਧੁਨਿਕ ਸਹੂਲਤਾਂ ਉਪਲੱਬਧ ਹੋਣਗੀਆਂ। ਇਹ ਐਲਾਨ ਕਰਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ 240 ਕਰੋੜ ਰੁਪਏ ਦੇ 23 ਪ੍ਰਾਜੈਕਟ ਸ਼ਹਿਰ ਦੇ ਜੀਵਨ ਪੱਧਰ ਨੂੰ ਮਹੱਤਵਪੂਰਨ ਢੰਗ ਨਾਲ ਵਧਾਉਣਗੇ, ਸ਼ਹਿਰੀ ਚੁਣੌਤੀਆਂ ਨੂੰ ਹੱਲ ਕਰਨਗੇ ਅਤੇ ਇੱਕ ਚੰਗੇਰੇ ਭਵਿੱਖ ਲਈ ਰਾਹ ਪੱਧਰਾ ਕਰਨਗੇ।

ਅੱਜ ਇੱਥੇ ਸਕੱਤਰੇਤ ਵਿਖੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਸਬੰਧਤ ਜ਼ਿਲ੍ਹਾ ਅਧਿਕਾਰੀਆਂ ਨਾਲ ਕੀਤੀ ਜਾਇਜ਼ਾ ਮੀਟਿੰਗ ਦੌਰਾਨ ਡਾ. ਰਵਜੋਤ ਸਿੰਘ ਨੇ ਸੁਲਤਾਨਪੁਰ ਲੋਧੀ ਸ਼ਹਿਰ ਨੂੰ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਇਸ ਪ੍ਰਾਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਨ ਦੇ ਆਦੇਸ਼ ਦਿੰਦਿਆਂ ਕਿਹਾ ਕਿ ਇਹ ਪ੍ਰਾਜੈਕਟ ਮੁਕੰਮਲ ਹੋ ਨਾਲ ਸੁਲਤਾਨਪੁਰ ਲੋਧੀ ਦੀ ਨੁਹਾਰ ਬਦਲ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਸੁਲਤਾਨਪੁਰ ਲੋਧੀ ਨੂੰ ਇੱਕ ਆਧੁਨਿਕ, ਕੁਸ਼ਲ ਅਤੇ ਰਹਿਣ ਯੋਗ ਸ਼ਹਿਰ ਵਿੱਚ ਬਦਲ ਦੇਵੇਗਾ, ਜਿਸ ਨਾਲ ਸਾਡੇ ਨਾਗਰਿਕਾਂ ਨੂੰ ਲਾਭ ਹੋਵੇਗਾ ਅਤੇ ਤਰੱਕੀ ਹੋਵੇਗੀ।

ਸੁਲਤਾਨਪੁਰ ਲੋਧੀ ਦੇ ਬੁਨਿਆਦੀ ਢਾਂਚੇ ਵਿੱਚ ਕ੍ਰਾਂਤੀ ਲਿਆਉਣ ਦਾ ਐਲਾਨ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ 29.57 ਕਰੋੜ ਰੁਪਏ ਦੇ 6 ਪ੍ਰਾਜੈਕਟ, ਜਿਨ੍ਹਾਂ ਵਿੱਚ ਪਾਣੀ ਦੀ ਸਪਲਾਈ ਅਤੇ ਸੀਵਰੇਜ, ਜੱਬੋਵਾਲ ਵਿਖੇ 4 ਐਮ.ਐਲ.ਡੀ.



ਸੀਵਰੇਜ ਟਰੀਟਮੈਂਟ ਪਲਾਂਟ (ਐਸ.ਟੀ.ਪੀ.), ਬਿਜਲੀ ਬਚਾਉਣ ਲਈ ਸਰਕਾਰੀ ਇਮਾਰਤ ਉੱਤੇ ਸੋਲਰ ਪਾਵਰ ਪਲਾਂਟ, ਸਿੱਖਿਆ ਪ੍ਰਣਾਲੀ ਨੂੰ ਵਧਾਉਣ ਲਈ ਸਮਾਰਟ ਪ੍ਰਾਇਮਰੀ ਸਕੂਲ ਪਹਿਲਾਂ ਹੀ ਪੂਰਾ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ, 106.71 ਕਰੋੜ ਰੁਪਏ ਦੇ 12 ਪ੍ਰਾਜੈਕਟ ਲਾਗੂ ਕੀਤੇ ਜਾ ਰਹੇ ਹਨ।

ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਪਾਣੀ ਦੀ ਸਪਲਾਈ ਅਤੇ ਸੀਵਰੇਜ ਨਾਲ 100 ਫੀਸਦੀ ਕਵਰੇਜ, ਅਰਬਨ ਅਸਟੇਟ ਵਿਖੇ 1 ਐਮ.ਐਲ.ਡੀ. ਐਸ.ਟੀ.ਪੀ., ਸਮਾਰਟ ਲੜਕੇ ਅਤੇ ਲੜਕੀਆਂ ਦਾ ਸਕੂਲ, ਕਿਲਾ ਸਰਾਏ ਦੀ ਸੰਭਾਲ, ਡਡਵਿੰਡੀ ਤੋਂ ਸੁਲਤਾਨਪੁਰ ਲੋਧੀ (6 ਕਿਲੋਮੀਟਰ) ਅਤੇ ਕਪੂਰਥਲਾ-ਸੁਲਤਾਨਪੁਰ ਲੋਧੀ ਤੋਂ ਫੱਤੂ ਢੀਂਗਾ ਸੜਕ (17.40 ਕਿਲੋਮੀਟਰ) ਤੱਕ ਸਮਾਰਟ ਸੜਕ ਨੂੰ ਚਾਰ ਮਾਰਗੀ ਕਰਨ ਦੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਸੁਚਾਰੂ ਸੰਪਰਕ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਆਵਾਜਾਈ ਪ੍ਰਣਾਲੀ ਵਿੱਚ ਸੁਧਾਰ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਅੱਗ ਬੁਝਾਊ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ, ਜੱਬੋਵਾਲ ਅਤੇ ਬੱਸ ਸਟੈਂਡ ਵਿਖੇ 4 ਐਮ.ਐਲ.ਡੀ. ਐਸ.ਟੀ.ਪੀ 'ਤੇ ਛੱਤ ਵਾਲੇ ਸੋਲਰ ਪਲਾਂਟ, 2 ਓ.ਐਚ.ਐਸ.ਆਰ, ਆਦਿ ਸਥਾਪਿਤ ਕੀਤੇ ਜਾ ਰਹੇ ਹਨ।

ਸਥਾਨਕ ਸਰਕਾਰਾਂ ਮੰਤਰੀ ਨੇ ਦੱਸਿਆ ਕਿ ਸੁਲਤਾਨਪੁਰ ਲੋਧੀ ਵਿਖੇ 78.43 ਕਰੋੜ ਰੁਪਏ ਦੇ 5 ਪ੍ਰਾਜੈਕਟ, ਜਿਨ੍ਹਾਂ ਵਿੱਚ ਕਾਲੀ ਵੇਈਂ ਦਾ ਚੈਨਲਾਈਜ਼ੇਸ਼ਨ ਅਤੇ ਜਨਤਕ ਥਾਵਾਂ ਬਣਾਉਣਾ, ਸੜਕਾਂ ਦੀ ਬਹਾਲੀ, ਮਲਟੀਪਰਪਜ਼ ਏਕੀਕ੍ਰਿਤ ਖੇਡ ਸਟੇਡੀਅਮ, ਵਧੀ ਹੋਈ ਨਿਗਰਾਨੀ ਅਤੇ ਸੁਰੱਖਿਆ ਲਈ ਏਕੀਕ੍ਰਿਤ ਕਮਾਂਡ ਅਤੇ ਕੰਟਰੋਲ ਸੈਂਟਰ, ਅਤੇ ਚਾਰ ਮਾਰਗੀ ਸਮਾਰਟ ਸੜਕਾਂ ਦੇ ਨਾਲ ਸਮਾਰਟ ਸਟਰੀਟ ਲਾਈਟਿੰਗ ਸ਼ਾਮਲ ਹਨ, ਜੋ ਸ਼ਹਿਰ ਦੀ ਸਥਿਰਤਾ ਵਿੱਚ ਬੇਮਿਸਾਲ ਯੋਗਦਾਨ ਪਾਉਣਗੀਆਂ।

ਇਸ ਮੌਕੇ ਵਧੀਕ ਮੁੱਖ ਸਕੱਤਰ ਤੇਜਵੀਰ ਸਿੰਘ, ਪੀ.ਐਮ.ਆਈ.ਡੀ.ਸੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਦੀਪਤੀ ਉਪਲ, ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਅਤੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਵਿੱਦਿਆਰਥੀਆਂ ਦੀਆਂ ਸਰਗਰਮੀਆਂ ਨੂੰ ਦਬਾਉਣ ਦੀ ਕੋਸ਼ਿਸ਼ ਨੇ ਹਲਫ਼ਨਾਮੇ ਦੀਆਂ ਸ਼ਰਤਾਂ : ਬੈਂਸ

ਚੰਡੀਗੜ੍ਹ, 8 ਜੁਲਾਈ, (ਚ.ਨ.ਸ.) : ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ 2025-26 ਸੈਸ਼ਨ ਵਿੱਚ ਨਵੇਂ ਦਾਖਲਿਆਂ ਲਈ ਲਾਜ਼ਮੀ ਤੌਰ 'ਤੇ ਹਲਫ਼ਨਾਮਾ/ ਅੰਡਰਟੇਕਿੰਗ ਲੈਣ ਦੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਫੈਸਲੇ ਨੂੰ "ਤਾਨਾਸ਼ਾਹੀ ਅਤੇ ਆਪਹੁਦਰਾ" ਕਰਾਰ ਦਿੱਤਾ ਹੈ। ਉਨ੍ਹਾਂ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਪੱਤਰ ਲਿਖ ਕੇ ਇਸ ਬਾਰੇ ਸਪੱਸ਼ਟੀਕਰਨ ਮੰਗਿਆ ਹੈ।

ਸ. ਹਰਜੋਤ ਸਿੰਘ ਬੈਂਸ, ਜੋ ਯੂਨੀਵਰਸਿਟੀ ਦੇ ਗ਼ੈਰ-ਸਰਕਾਰੀ ਸੈਨੇਟ ਮੈਂਬਰ ਵੀ ਹਨ, ਨੇ ਆਪਣੇ ਪੱਤਰ ਰਾਹੀਂ ਵਾਈਸ ਚਾਂਸਲਰ ਤੋਂ ਹਲਫ਼ਨਾਮੇ ਦੀਆਂ ਸ਼ਰਤਾਂ ਦਾ ਫੈਸਲਾ ਕਰਨ ਵਿੱਚ ਅਪਣਾਈ ਗਈ ਪ੍ਰਕਿਰਿਆ ਬਾਰੇ ਪੁੱਛਿਆ। ਉਨ੍ਹਾਂ ਸਵਾਲ ਕੀਤਾ ਕਿ ਕੀ ਇਸ ਫੈਸਲੇ ਨੂੰ ਸੈਨੇਟ ਜਾਂ ਸਿੰਡੀਕੇਟ ਵੱਲੋਂ ਮਨਜ਼ੂਰੀ ਦਿੱਤੀ ਗਈ ਸੀ?

ਉਚੇਰੀ ਸਿੱਖਿਆ ਮੰਤਰੀ ਨੇ ਕਿਹਾ ਕਿ ਇਸ ਮਸਲੇ ਨੇ ਅਕਾਦਮਿਕ ਭਾਈਚਾਰੇ ਵਿੱਚ ਵਿਆਪਕ ਅਸੰਤੁਸ਼ਟੀ ਅਤੇ ਨਿਰਾਸ਼ਾ ਪੈਦਾ ਕੀਤੀ ਹੈ। ਉਨ੍ਹਾਂ ਕਿਹਾ, "ਪੰਜਾਬ ਯੂਨੀਵਰਸਿਟੀ ਨੇ ਸਿਰਮੌਰ ਆਗੂ ਅਤੇ ਸਤਿਕਾਰਤ ਸ਼ਖਸੀਅਤਾਂ ਸਮਾਜ ਨੂੰ ਦਿੱਤੀਆਂ ਹਨ। ਮੈਨੂੰ ਡਰ ਹੈ ਕਿ ਇਹ ਹਲਫ਼ਨਾਮਾ



ਵਿਦਿਆਰਥੀਆਂ ਦੀ ਰਾਜਸੀ ਤੇ ਸਮਾਜਿਕ ਸਰਗਰਮੀ 'ਤੇ ਮਾੜਾ ਅਸਰ ਪਾਵੇਗਾ ਅਤੇ ਭਾਰਤੀ ਸੰਵਿਧਾਨ ਦੇ ਉਪਬੰਧ 19 ਤਹਿਤ ਬੋਲਣ ਦੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਨੂੰ ਸੀਮਤ ਕਰਕੇ ਯੂਨੀਵਰਸਿਟੀ ਦੇ ਲੋਕਤੰਤਰੀ ਢਾਂਚੇ ਨੂੰ ਕਮਜ਼ੋਰ ਕਰੇਗਾ। ਕੈਬਨਿਟ ਮੰਤਰੀ ਅਤੇ ਪੰਜਾਬ ਯੂਨੀਵਰਸਿਟੀ ਦੇ ਗ਼ੈਰ-ਸਰਕਾਰੀ ਸੈਨੇਟ ਮੈਂਬਰ ਹੋਣ ਦੇ ਨਾਤੇ, ਮੈਂ ਇਸ ਫੈਸਲੇ 'ਤੇ ਤੁਰੰਤ ਮੁੜ ਵਿਚਾਰ ਕਰਨ ਅਤੇ ਹਲਫ਼ਨਾਮੇ ਦੀਆਂ ਮੱਦਾਂ ਦੀ ਡੂੰਘੀ ਸਮੀਖਿਆ ਦੀ ਮੰਗ ਕਰਦਾ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਵਿਦਿਆਰਥੀਆਂ ਦੇ ਸੰਵਿਧਾਨਕ ਅਧਿਕਾਰਾਂ ਨਾਲ ਮੇਲ ਖਾਂਦੇ ਹੋਣ ਅਤੇ ਯੂਨੀਵਰਸਿਟੀ ਦੀ ਵਿਰਾਸਤ ਅਤੇ ਬੌਧਿਕ ਆਜ਼ਾਦੀ ਨੂੰ ਉਤਸ਼ਾਹਿਤ ਕਰਨ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਜਾ ਸਕੇ।

# ਭੁੱਲਰ ਨੇ 12 ਨਵ-ਨਿਯੁਕਤ ਜੇਲ੍ਹ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ

ਚੰਡੀਗੜ੍ਹ, 8 ਜੁਲਾਈ, (ਚ.ਨ.ਸ.) : ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਸਥਿਤ ਆਪਣੇ ਦਫ਼ਤਰ ਵਿਖੇ ਕਰਵਾਏ ਗਏ ਇੱਕ ਰਸਮੀ ਸਮਾਰੋਹ ਦੌਰਾਨ ਨਵੇਂ ਭਰਤੀ ਹੋਏ 12 ਜੇਲ੍ਹ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ। ਇਸ ਮੌਕੇ ਉਨ੍ਹਾਂ ਨਾਲ ਆਤਮ ਨਗਰ ਲੁਧਿਆਣਾ ਤੋਂ ਵਿਧਾਇਕ ਸ੍ਰੀ ਕੁਲਵੰਤ ਸਿੰਘ ਸਿੱਧੂ ਅਤੇ ਏਡੀਜੀਪੀ ਜੇਲ੍ਹਾਂ ਸ੍ਰੀ ਅਰੁਣ ਪਾਲ ਸਿੰਘ ਵੀ ਮੌਜੂਦ ਸਨ।

ਉਨ੍ਹਾਂ ਦੱਸਿਆ ਕਿ ਨਵ-ਨਿਯੁਕਤ ਮੁਲਾਜ਼ਮਾਂ ਵਿੱਚ 5 ਜੇ.ਬੀ.ਟੀ. ਅਧਿਆਪਕ ਵੀ ਸ਼ਾਮਲ ਹਨ, ਜੋ ਕੈਦੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਜੋੜਨ ਅਤੇ ਉਨ੍ਹਾਂ ਦੇ ਮੁੜ-ਵਸੇਬੇ ਦਾ ਰਾਹ ਸੁਖਾਲਾ ਹੋਵੇਗਾ। ਇਸ ਤੋਂ ਇਲਾਵਾ 3 ਕਲਰਕ, 1 ਵਾਰਡਰ ਅਤੇ 3 ਗਰੁੱਪ-ਡੀ ਅਧਿਕਾਰੀ ਵੀ ਨਿਯੁਕਤ ਕੀਤੇ ਗਏ।

ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਹ ਭਰਤੀਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਪਹਿਲਕਦਮੀ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਜੇਲ੍ਹ ਵਿਭਾਗ ਵਿੱਚ ਲਗਾਤਾਰ ਰੈਗੂਲਰ ਭਰਤੀਆਂ ਕਰ ਰਹੀ ਹੈ।



ਸ. ਭੁੱਲਰ ਨੇ ਦੱਸਿਆ ਕਿ ਇਹ ਅਧਿਆਪਕ ਕੈਦੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਅਤੇ ਕੈਦੀਆਂ ਨੂੰ ਸਮਾਜ ਦੀ ਮੁੱਖ ਧਾਰਾ ਮੁੜ ਸ਼ਾਮਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਜੇਲ੍ਹ ਦੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਦੇ ਨਾਲ-ਨਾਲ ਕੈਦੀਆਂ ਲਈ ਸੇਵਾਵਾਂ ਵਿੱਚ ਸੁਧਾਰ ਕਰ ਰਹੀ ਹੈ, ਜਿਸ ਵਿੱਚ ਵਿਦਿਅਕ, ਕਿੱਤਾਮੁਖੀ ਅਤੇ ਭਲਾਈ ਪ੍ਰੋਗਰਾਮ ਸ਼ਾਮਲ ਹਨ। ਨਵੇਂ ਭਰਤੀ ਕੀਤੇ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਜੇਲ੍ਹ ਮੰਤਰੀ ਨੇ ਉਨ੍ਹਾਂ ਨੂੰ ਪੂਰੇ ਜੋਸ਼, ਉਤਸ਼ਾਹ ਅਤੇ ਸਮਰਪਣ ਨਾਲ ਕੰਮ ਕਰਨ ਲਈ ਕਿਹਾ।

ਜ਼ਿਕਰਯੋਗ ਹੈ ਕਿ ਲਾਲਜੀਤ ਸਿੰਘ ਭੁੱਲਰ ਨੇ ਇਸ ਸਾਲ ਜਨਵਰੀ ਵਿੱਚ 15 ਜੇ.ਬੀ.ਟੀ. ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪੇ ਸਨ ਅਤੇ ਇਹ ਜੇਲ੍ਹ ਵਿਭਾਗ ਵਿੱਚ ਇਨ੍ਹਾਂ ਅਹੁਦਿਆਂ ਲਈ ਪਹਿਲੀ ਵਾਰ ਕੀਤੀ ਗਈ ਰੈਗੂਲਰ ਭਰਤੀ ਸੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਹਿਲਾਂ ਇਹ ਅਧਿਆਪਨ ਵਾਲੀਆਂ ਅਸਾਮੀਆਂ ਆਰਜ਼ੀ ਤੌਰ 'ਤੇ ਭਰੀਆਂ ਜਾਂਦੀਆਂ ਸਨ।

# ਵਿੱਤ ਮੰਤਰੀ ਅਤੇ ਸਥਾਨਕ ਸਰਕਾਰਾਂ ਮੰਤਰੀ ਵੱਲੋਂ ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗਾਂ

ਚੰਡੀਗੜ੍ਹ, 8 ਜੁਲਾਈ, (ਚ.ਨ.ਸ.) : ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਜੋ ਮੁਲਾਜ਼ਮਾਂ ਦੇ ਮੁੱਦਿਆਂ ਦੇ ਹੱਲ ਲਈ ਬਣਾਈ ਗਈ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਹਨ, ਨੇ ਅੱਜ ਸਥਾਨਕ ਸਰਕਾਰਾਂ ਵਿਭਾਗ ਦੀਆਂ ਵੱਖ-ਵੱਖ ਯੂਨੀਅਨਾਂ ਨਾਲ ਕਈ ਮੀਟਿੰਗਾਂ ਕੀਤੀਆਂ। ਤਿੰਨ ਘੰਟਿਆਂ ਤੋਂ ਵੱਧ ਸਮੇਂ ਤੱਕ ਚੱਲੇ ਵਿਚਾਰ-ਵਟਾਂਦਰੇ ਦੌਰਾਨ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਵਿੱਚ ਉਨ੍ਹਾਂ ਨਾਲ ਮੌਜੂਦ ਸਨ।

ਇਨ੍ਹਾਂ ਮੀਟਿੰਗਾਂ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਫਾਈ ਮਜ਼ਦੂਰ ਫੈਡਰੇਸ਼ਨ ਸੀਵਰਮੈਨ ਯੂਨੀਅਨ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸਡ ਵਰਕਰ ਯੂਨੀਅਨ, ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਕਰਮਚਾਰੀ ਕੰਟਰੈਕਟਰ ਵਰਕਰਜ਼ ਯੂਨੀਅਨ, ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ, ਪੰਜਾਬ ਫਾਇਰ ਸੀਵਰਮੈਨ ਕੱਚੇ ਮੁਲਾਜ਼ਮ ਯੂਨੀਅਨ (ਕੰਟਰੈਕਟ), ਅਤੇ ਫਾਇਰ ਸੀਵਰਮੈਨ ਕੱਚੇ ਮੁਲਾਜ਼ਮ ਯੂਨੀਅਨ (ਆਊਟਸੋਰਸ) ਦੇ ਨੁਮਾਇੰਦਿਆਂ ਵੱਲੋਂ ਸਾਂਝੇ ਕੀਤੇ ਗਏ ਮੁੱਦਿਆਂ ਨੂੰ ਗੰਭੀਰਤਾ ਨਾਲ ਸੁਣਿਆ। ਇਸ ਗੱਲਬਾਤ ਦੌਰਾਨ ਵਧੀਕ ਮੁੱਖ ਸਕੱਤਰ ਵਿੱਤ ਆਲੋਕ ਸ਼ੇਖਰ, ਵਧੀਕ ਮੁੱਖ ਸਕੱਤਰ ਸਥਾਨਕ ਸਰਕਾਰ ਤੇਜਵੀਰ ਸਿੰਘ, ਮੁੱਖ ਕਾਰਜਕਾਰੀ ਅਧਿਕਾਰੀ ਪੀ.ਐਮ.ਆਈ.ਡੀ.ਸੀ ਦੀਪਤੀ ਉੱਪਲ ਅਤੇ ਵਧੀਕ ਸਕੱਤਰ ਪ੍ਰਸੋਨਲ ਨਵਜੋਤ ਕੌਰ ਸਮੇਤ ਸੀਨੀਅਰ ਅਧਿਕਾਰੀ ਮੌਜੂਦ ਸਨ।



ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਥਾਨਕ ਸਰਕਾਰ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਇਨ੍ਹਾਂ ਕਰਮਚਾਰੀ ਯੂਨੀਅਨਾਂ ਦੁਆਰਾ ਉਠਾਈਆਂ ਗਈਆਂ ਮੁੱਖ ਸਮੱਸਿਆਵਾਂ ਅਤੇ ਜਾਇਜ਼ ਮੰਗਾਂ ਨੂੰ ਜਲਦੀ ਹੱਲ ਕਰਨ ਲਈ ਇੱਕ ਵਿਆਪਕ ਪ੍ਰਸਤਾਵ ਤਿਆਰ ਕਰਨ। ਉਨ੍ਹਾਂ ਵਿਭਾਗ ਨੂੰ ਇਨ੍ਹਾਂ ਕਰਮਚਾਰੀਆਂ ਨੂੰ ਗਰੁੱਪ ਬੀਮਾ ਕਵਰੇਜ ਮੁਹੱਈਆ ਕਰਵਾਉਣ ਦੀਆਂ ਸੰਭਾਵਨਾਵਾਂ ਬਾਰੇ ਪੜਚੋਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਯੂਨੀਅਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਉਂਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁਲਾਜ਼ਮਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਲਈ ਢੁਕਵੇਂ ਹੱਲ ਲੱਭਣ ਦੀ ਅਟੱਲ ਵਚਨਬੱਧਤਾ ਨੂੰ ਦੁਹਰਾਇਆ।

ਇਸ ਚਰਚਾ ਦੌਰਾਨ ਸਫ਼ਾਈ ਮਜ਼ਦੂਰ ਫੈਡਰੇਸ਼ਨ ਸੀਵਰਮੈਨ ਯੂਨੀਅਨ ਤੋਂ ਰਾਜਾ ਹੰਸ, ਨਰੇਸ਼ ਕੁਮਾਰ ਅਤੇ ਜੁਗਿੰਦਰਪਾਲ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸਡ ਵਰਕਰ ਯੂਨੀਅਨ ਤੋਂ ਗੁਰਦੇਵ ਸਿੰਘ, ਬਲਦੇਵ ਸਿੰਘ ਅਤੇ ਅਮਿਤ ਕੁਮਾਰ, ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਤੋਂ ਗੋਪਾਲ ਥਾਪਰ ਅਤੇ ਕੁਲਵੰਤ ਸਿੰਘ ਸੈਣੀ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਕਰਮਚਾਰੀ ਠੇਕੇਦਾਰ ਵਰਕਰਜ਼ ਯੂਨੀਅਨ ਤੋਂ ਸ਼ੇਰ ਸਿੰਘ ਖੰਨਾ ਅਤੇ ਗਗਨਦੀਪ ਸਿੰਘ, ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਤੋਂ ਵਿਨੋਦ ਬਿੱਟਾ, ਸੁਰਿੰਦਰ ਟੋਨਾ ਅਤੇ ਪਵਨ ਗੋਦਿਆਲ; ਪੰਜਾਬ ਫਾਇਰ ਸੀਵਰਮੈਨ ਕੱਚੇ ਮੁਲਾਜ਼ਮ ਯੂਨੀਅਨ (ਕੰਟਰੈਕਟ) ਤੋਂ ਸੋਭਾ ਸਿੰਘ ਅਤੇ ਸਾਹਿਬ ਸਿੰਘ; ਅਤੇ ਫਾਇਰ ਸੀਵਰਮੈਨ ਕੱਚੇ ਮੁਲਾਜ਼ਮ ਯੂਨੀਅਨ (ਆਊਟਸੋਰਸ) ਤੋਂ ਅਮਨਜੋਤ ਸਿੰਘ ਨੇ ਕੈਬਨਿਟ-ਸਬ ਕਮੇਟੀ ਸਾਹਮਣੇ ਆਪਣੀਆਂ ਮੰਗਾਂ ਪੇਸ਼ ਕੀਤੀਆਂ।

# ਜਲੰਧਰ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਦਾ ਕਾਰਕੁੰਨ ਕਾਬੂ

## ਦੁਬਈ ਅਧਾਰਿਤ ਨਮਿਤ ਸ਼ਰਮਾ ਵੱਲੋਂ ਚਲਾਇਆ ਜਾ ਰਿਹਾ ਸੀ ਮਾਡਿਊਲ : ਡੀ.ਜੀ.ਪੀ.

ਚੰਡੀਗੜ੍ਹ/ਜਲੰਧਰ, 8 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚਲਾਈ ਜਾ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ (ਸੀਆਈ) ਜਲੰਧਰ ਦੀ ਟੀਮ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਮੁੱਖ ਆਪਰੇਟਿਵ ਨੂੰ ਦੋ ਪਿਸਤੌਲਾਂ ਸਮੇਤ ਗ੍ਰਿਫਤਾਰ ਕਰਕੇ ਗਿਰੋਹ ਵੱਲੋਂ ਪੰਜਾਬ ਅਤੇ ਮੱਧ ਪ੍ਰਦੇਸ਼ ਵਿੱਚ ਮਿੱਥ ਕੇ ਹੱਤਿਆ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਮੰਗਲਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਕਪੂਰਥਲਾ ਦੇ ਫਗਵਾੜਾ ਵਿੱਚ ਰਹਿਣ ਵਾਲੇ ਹਿਮਾਂਸ਼ੂ ਸੂਦ ਵਜੋਂ ਹੋਈ ਹੈ। ਪੰਜਾਬ ਪੁਲਿਸ ਨੇ ਮੁਲਜ਼ਮ ਦੇ ਕਬਜ਼ੇ ਚੋਂ ਇੱਕ .30 ਬੋਰ ਦਾ ਚੀਨੀ ਪੀਐਕਸ3 ਪਿਸਤੌਲ, ਇੱਕ .32 ਬੋਰ ਦਾ ਪਿਸਤੌਲ ਅਤੇ ਦੋ ਮੈਗਜ਼ੀਨਾਂ ਸਮੇਤ ਸੱਤ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਹਿਮਾਂਸ਼ੂ ਆਪਣੇ ਗੈਂਗ ਮੈਂਬਰਾਂ ਨਾਲ ਮਿਲ ਕੇ ਆਪਣੇ ਦੁਬਈ ਸਥਿਤ ਹੈਂਡਲਰ ਨਮਿਤ ਸ਼ਰਮਾ ਦੇ ਨਿਰਦੇਸ਼ਾਂ ਹੇਠ ਇੱਕ ਅੰਤਰ-ਰਾਜੀ ਗੈਂਗ ਚਲਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਨਮਿਤ ਸ਼ਰਮਾ




ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਸਾਥੀ ਹੈ।

ਉਨ੍ਹਾਂ ਅੱਗੇ ਕਿਹਾ, "ਜੂਨ 2025 ਵਿੱਚ, ਮੁਲਜ਼ਮ ਹਿਮਾਂਸ਼ੂ ਸੂਦ ਨੇ ਹੋਰ ਗੈਂਗ ਮੈਂਬਰਾਂ ਨਾਲ ਮਿਲ ਕੇ ਆਪਣੇ ਹੈਂਡਲਰ ਨਮਿਤ ਸ਼ਰਮਾ ਦੇ ਨਿਰਦੇਸ਼ਾਂ 'ਤੇ ਹਰਿਦੁਆਰ ਵਿੱਚ ਇੱਕ ਹੋਟਲ ਮਾਲਕ ਅਰੁਣ 'ਤੇ ਗੋਲੀਆਂ ਚਲਾਈਆਂ ਸਨ"।

ਡੀਜੀਪੀ ਨੇ ਅੱਗੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਹਿਮਾਂਸ਼ੂ ਨੂੰ ਉਸਦੇ ਹੈਂਡਲਰ ਨੇ ਕ੍ਰਮਵਾਰ ਮੱਧ ਪ੍ਰਦੇਸ਼, ਲੁਧਿਆਣਾ ਅਤੇ ਕਪੂਰਥਲਾ ਸਮੇਤ ਤਿੰਨ ਟਾਰਗੇਟਸ ਨੂੰ ਖਤਮ ਕਰਨ ਦਾ ਕੰਮ ਸੌਂਪਿਆ ਸੀ। ਸੀ.ਆਈ. ਜਲੰਧਰ ਦੀ ਟੀਮ ਨੇ ਜਨਤਕ ਸੁਰੱਖਿਆ ਲਈ ਇੱਕ ਵੱਡੇ ਖ਼ਤਰੇ ਨੂੰ ਟਾਲਦੇ ਹੋਏ ਇਸ ਟਾਰਗੇਟ ਕਿਲਿੰਗ ਮਾਡਿਊਲ ਨੂੰ ਸਫਲਤਾਪੂਰਵਕ ਖਤਮ ਕਰ ਦਿੱਤਾ।

ਸਹਾਇਕ ਇੰਸਪੈਕਟਰ ਜਨਰਲ (ਏਆਈਜੀ) ਸੀਆਈ ਜਲੰਧਰ ਨਵਜੋਤ ਸਿੰਘ ਮਾਹਲ ਨੇ ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ ਕਿਹਾ ਕਿ ਪੁਲਿਸ ਟੀਮਾਂ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਸ਼ੱਕੀ ਹਿਮਾਂਸ਼ੂ ਬਾਰੇ ਪੁਖ਼ਤਾ ਜਾਣਕਾਰੀ ਮਿਲੀ ਸੀ, ਕਿ ਉਹ ਸੂਬੇ ਵਿੱਚ ਅਪਰਾਧਿਕ ਗਤੀਵਿਧੀਆਂ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਿਹਾ ਹੈ।

ਏ.ਆਈ.ਜੀ. ਨੇ ਕਿਹਾ ਕਿ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ, ਇੱਕ ਖੁਫੀਆ ਕਾਰਵਾਈ ਕੀਤੀ ਗਈ, ਜਿਸਦੇ ਨਤੀਜੇ ਵਜੋਂ ਹਿਮਾਂਸ਼ੂ ਸੂਦ ਨੂੰ ਦਕੋਹਾ ਰੇਲਵੇ ਕਰਾਸਿੰਗ, ਜਲੰਧਰ ਦੇ ਨੇੜੇ ਹਥਿਆਰਾਂ ਸਮੇਤ ਉਦੋਂ ਗ੍ਰਿਫਤਾਰ ਕੀਤਾ, ਜਦੋਂ ਉਕਤ ਆਪਣੇ ਸਾਥੀ ਦੀ ਉਡੀਕ ਕਰ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਹੋਰ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧ ਵਿੱਚ ਬੀਐਨਐਸ ਦੀ ਧਾਰਾ 49, 55 ਅਤੇ 61(2), ਅਸਲਾ ਐਕਟ ਦੀ ਧਾਰਾ 25 ਅਤੇ 25 (1ਬੀ) (ਏ) ਦੇ ਤਹਿਤ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ), ਅੰਮ੍ਰਿਤਸਰ ਵਿਖੇ ਐਫਆਈਆਰ ਨੰਬਰ 37 ਮਿਤੀ 07.07.2025 ਨੂੰ ਕੇਸ ਦਰਜ ਕੀਤਾ ਗਿਆ ਹੈ।

# ਬੈਂਕਫਿੰਕੋ ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਨਵ ਨਿਯੁਕਤ 2 ਡਾਇਰੈਕਟਰਜ਼ ਨੇ ਅਹੁਦਾ ਸੰਭਾਲਿਆ



ਚੰਡੀਗੜ੍ਹ, 8 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਦੇ ਬੋਰਡ ਆਫ ਡਾਇਰੈਕਟਰਜ ਦੇ ਨਿਯੁਕਤ ਕੀਤੇ ਗਏ ਨਾਨ-ਆਫਿਸ਼ੀਅਲ ਡਾਇਰੈਕਟਰ ਸ਼੍ਰੀ ਦਿਨੇਸ਼ ਕੁਮਾਰ ਅਤੇ ਸ਼੍ਰੀ ਜਸਵੀਰ ਸਿੰਘ ਵੱਲੋਂ ਅੱਜ ਚੰਡੀਗੜ੍ਹ ਵਿਖੇ ਸਥਿਤ ਬੈਕਫਿੰਕੋ ਮੁੱਖ ਦਫਤਰ ਵਿਖੇ ਚੇਅਰਮੈਨ, ਬੈਕਫਿੰਕੋ ਸ਼੍ਰੀ ਸੰਦੀਪ ਸੈਣੀ ਦੀ ਹਾਜ਼ਰੀ ਵਿੱਚ ਅਹੁਦਾ ਸੰਭਾਲ ਲਿਆ।

ਇਸ ਮੌਕੇ ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ. ਨਕੋਦਰ, ਬੈਕਫਿੰਕੋ ਦੇ ਕਾਰਜਕਾਰੀ ਡਾਇਰੈਕਟਰ ਜੀ.ਐਸ.ਸਹੋਤਾ, ਆਈ.ਏ.ਐਸ., ਸ਼੍ਰੀ ਵਿਕਾਸ ਸੈਣੀ, ਚੇਅਰਮੈਨ, ਮਾਰਕਿਟ ਕਮੇਟੀ ਪਠਾਨਕੋਟ, ਸ਼੍ਰੀ ਅਨਿਲ ਮਹਾਜਨ, ਮੈਂਬਰ, ਪੰਜਾਬ ਵਪਾਰੀ ਮੰਡਲ ਕਮਿਸ਼ਨ ਅਤੇ ਹੋਰ ਪਤਵੰਤੇ ਮੌਜੂਦ ਸਨ।

# ਕਟਾਰੂਚੱਕ ਵੱਲੋਂ ਈ-ਕੇ.ਵਾਈ.ਸੀ. ਪ੍ਰਕਿਰਿਆ ਨੂੰ ਪੂਰਾ ਕਰਨ ਲਈ ਡੀ.ਐਫ.ਐਸ.ਸੀਜ਼. ਨੂੰ ਜੰਗੀ ਪੱਧਰ 'ਤੇ ਕੰਮ ਕਰਨ ਦੇ ਨਿਰਦੇਸ਼

ਚੰਡੀਗੜ੍ਹ, 8 ਜੁਲਾਈ, (ਚ.ਨ.ਸ.) : ਯੋਗ ਲਾਭਪਾਤਰੀਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਮੁਫਤ ਰਾਸ਼ਨ (ਕਣਕ) ਮਿਲਦੇ ਰਹਿਣ ਨੂੰ ਯਕੀਨੀ ਬਣਾਉਣ ਲਈ ਈ-ਕੇਵਾਈਸੀ ਪ੍ਰਕਿਰਿਆ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰਾਂ (ਡੀਐਫਐਸਸੀਜ਼) ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਇਸ ਪ੍ਰਕਿਰਿਆ ਨੂੰ ਜੰਗੀ ਪੱਧਰ 'ਤੇ ਪੂਰਾ ਕਰਨ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ।

ਡੀਐਫਐਸਸੀਜ਼ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਸਮੀਖਿਆ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੂੰ ਜਾਣੂੰ ਕਰਵਾਇਆ ਗਿਆ, ਕਿ ਰਾਜ ਦੇ ਕੁੱਲ 1.57 ਕਰੋੜ ਲਾਭਪਾਤਰੀਆਂ ਵਿੱਚੋਂ 1.25 ਕਰੋੜ ਲਾਭਪਾਤਰੀਆਂ (1,25,55,621) ਲਈ ਈ-ਕੇਵਾਈਸੀ ਪ੍ਰਕਿਰਿਆ ਪੂਰੀ ਕਰ ਲਈ ਗਈ ਹੈ। ਇਸ ਪ੍ਰਕਿਰਿਆ ਨੂੰ ਮੁਕੰਮਲ ਕਰਨ ਦੀ ਆਖਰੀ ਮਿਤੀ 30 ਜੂਨ,



2025 ਸੀ। ਪਰ ਟੀਚੇ ਵੱਲ ਤੇਜ਼ੀ ਨਾਲ ਅੱਗੇ ਵਧਣ ਦੇ ਬਾਵਜੂਦ ਅਜੇ ਵੀ ਕਈ ਲਾਭਪਾਤਰੀ ਦੀ ਈ-ਕੇਵਾਈਸੀ ਅਜੇ ਬਾਕੀ ਹੈ।

ਇਸ ਦਾ ਸਖ਼ਤ ਨੋਟਿਸ ਲੈਂਦੇ ਲੈਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਤੋਂ ਇਸ ਪ੍ਰਕਿਰਿਆ ਲਈ ਆਖਰੀ ਮਿਤੀ 31 ਅਗਸਤ, 2025 ਤੱਕ ਵਧਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਡੀਐਫਐਸਸੀ ਨੂੰ ਈ-ਕੇਵਾਈਸੀ ਵਿਧੀ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਨ, ਮਾੜੀ ਕਾਰਗੁਜ਼ਾਰੀ ਵਾਲੇ ਡਿਪੂ ਹੋਲਡਰਾਂ ਦੀ ਪਛਾਣ ਕਰਨ ਅਤੇ ਅਜਿਹੇ ਡਿਪੂ ਹੋਲਡਰਾਂ ਨੂੰ ਸਖ਼ਤ ਚੇਤਾਵਨੀ ਦੇਣ ਲਈ ਕਿਹਾ ਹੈ, ਕਿ ਜੇਕਰ ਇਸ ਸਬੰਧ ਵਿੱਚ ਕੋਈ ਵੀ ਲਾਪਰਵਾਹੀ ਪਾਈ ਜਾਂਦੀ ਹੈ ਤਾਂ ਉਨ੍ਹਾਂ ਦੇ ਡਿਪੂ ਰੱਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜੁਲਾਈ-ਅਗਸਤ-ਸਤੰਬਰ ਸਰਕਲ ਵਿੱਚ ਇਹ ਪ੍ਰਕਿਰਿਆ ਪੂਰੀ ਤਰ੍ਹਾਂ ਮੁਕੰਮਲ ਕੀਤੀ ਜਾਵੇ।

ਡੀਐਫਐਸਸੀ ਨੂੰ ਇਸ ਪਹਿਲਕਦਮੀ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਦਾ ਨਿਰਦੇਸ਼ ਦਿੰਦਿਆਂ ਕਟਾਰੂਚੱਕ ਨੇ ਕਿਹਾ ਕਿ ਇਸ ਦੌਰਾਨ ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਕੋਈ ਵੀ ਯੋਗ ਲਾਭਪਾਤਰੀ ਲਾਭ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਦੀ ਅਗਲੀ ਸਮੀਖਿਆ 1 ਹਫ਼ਤੇ ਬਾਅਦ ਕੀਤੀ ਜਾਵੇਗੀ ਅਤੇ ਮਾੜੀ-ਕਾਰਗੁਜ਼ਾਰੀ ਵਾਲੇ ਵਾਲਿਆਂ ਨਾਲ ਲਿਹਾਜ਼ ਨਹੀਂ ਰੱਖੀ ਜਾਵੇਗੀ।

ਜ਼ਿਕਰਯੋਗ ਹੈ ਕਿ ਈ-ਕੇਵਾਈਸੀ ਇੱਕ ਡਿਜੀਟਲ ਵਿਧੀ ਹੈ ਜੋ ਲਾਭਪਾਤਰੀ ਦੀ ਪਛਾਣ ਅਤੇ ਉਸਦੇ ਪਤੇ ਦੀ ਪੁਸ਼ਟੀ ਲਈ ਮੁੱਖ ਤੌਰ 'ਤੇ ਆਧਾਰ ਕਾਰਡ ਨੰਬਰ ਅਤੇ ਪ੍ਰਮਾਣਿਕਤਾ ਲਈ ਬਾਇਓਮੈਟ੍ਰਿਕਸ ਦੀ ਵਰਤੋਂ ਕਰਦੀ ਹੈ। ਉਨ੍ਹਾਂ ਦੱਸਿਆ ਕਿ ਯੋਗ ਲਾਭਪਾਤਰੀਆਂ ਨੂੰ ਕਣਕ ਦੀ ਵੰਡ ਜਨਤਕ ਵੰਡ ਪ੍ਰਣਾਲੀ (ਪੀਡੀਐਸ) ਅਧੀਨ 2 ਸ਼੍ਰੇਣੀਆਂ ਵਿੱਚ ਕੀਤੀ ਜਾਂਦੀ ਹੈ। ਅੰਤੋਦਿਯਾ ਅੰਨ ਯੋਜਨਾ (ਏਏਵਾਈ) ਅਧੀਨ ਪ੍ਰਤੀ ਪਰਿਵਾਰ ਅਤੇ ਹਰ ਮਹੀਨੇ 35 ਕਿਲੋ ਕਣਕ ਦਿੱਤੀ ਜਾਂਦੀ ਹੈ। ਜਦੋਂ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ), 2013 ਅਧੀਨ ਤਰਜੀਹੀ ਪਰਿਵਾਰ(ਪੀਪੀਐਚ) ਸ਼੍ਰੇਣੀ ਦੇ ਤਹਿਤ ਪ੍ਰਤੀ ਵਿਅਕਤੀ ਹਰ ਮਹੀਨੇ 5 ਕਿਲੋ ਕਣਕ ਮੁਫ਼ਤ ਦਿੱਤੀ ਜਾਂਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਦੇ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਸਕੱਤਰ ਪਨਗ੍ਰੇਨ ਕਮਲ ਕੁਮਾਰ ਗਰਗ ਅਤੇ ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਸ਼ਾਮਲ ਸਨ।

# ਪੁਲਿਸ ਵੱਲੋਂ ਸੂਬੇ ਭਰ ਵਿੱਚ 180 ਬੱਸ ਅੱਡਿਆਂ 'ਤੇ ਤਲਾਸ਼ੀ

## 'ਯੁੱਧ ਨਸ਼ਿਆਂ ਵਿਰੁੱਧ' ਦੇ 129ਵੇਂ ਦਿਨ 111 ਨਸ਼ਾ ਤਸਕਰ ਗ੍ਰਿਫਤਾਰ; 41.3 ਕਿਲੋਗ੍ਰਾਮ ਹੈਰੋਇਨ, 1.7 ਕਿਲੋਗ੍ਰਾਮ ਅਫ਼ੀਮ ਬਰਾਮਦ

ਚੰਡੀਗੜ੍ਹ, 8 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' 129ਵੇਂ ਦਿਨ ਵਿੱਚ ਦਾਖਲ ਹੋ ਗਈ, ਜਿਸ ਦੌਰਾਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਦੇ 180 ਬੱਸ ਅੱਡਿਆਂ 'ਤੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ।

ਇਹ ਮੁਹਿੰਮ ਡਾਇਰੈਕਟਰ ਜਨਰਲ ਆਫ਼ ਪੁਲਿਸ ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਚਲਾਈ ਗਈ।

ਇਸ ਰਾਜ ਪੱਧਰੀ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸਾਰੇ ਸੀਪੀ/ਐਸਐਸਪੀ ਨੂੰ ਇਸ ਕਾਰਵਾਈ ਨੂੰ ਸਫਲ ਬਣਾਉਣ ਲਈ ਸੁਪਰਡੈਂਟ ਆਫ਼ ਪੁਲਿਸ (ਐਸਪੀ) ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਭਾਰੀ ਪੁਲਿਸ ਫੋਰਸ ਤਾਇਨਾਤ ਕਰਨਾ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੇ ਸਾਰੇ ਬੱਸ ਅੱਡਿਆਂ 'ਤੇ ਚਲਾਈ ਗਈ ਮੁਹਿੰਮ ਦੌਰਾਨ ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਗਈ।

ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖਦਿਆਂ ਅੱਜ 458 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਤਹਿਤ ਸੂਬੇ ਭਰ ਵਿੱਚ 84 ਐਫਆਈਆਰਜ਼ ਦਰਜ ਕਰਨ ਤੋਂ ਬਾਅਦ 111 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਨਾਲ 129 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 21,026 ਹੋ ਗਈ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਛਾਪੇਮਾਰੀ ਉਪਰੰਤ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 41.3 ਕਿਲੋਗ੍ਰਾਮ ਹੈਰੋਇਨ, 1.7 ਕਿਲੋਗ੍ਰਾਮ ਅਫੀਮ ਅਤੇ 23,980 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ ਛਾਪੇਮਾਰੀ ਕੀਤੀ ਹੈ ਅਤੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 473 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਇੱਕ ਵਿਆਪਕ ਰਣਨੀਤੀ ਤਿਆਰ ਕੀਤੀ ਹੈ ਅਤੇ ਅਜਿਹੀ ਕਾਰਵਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਸੂਬੇ ਵਿੱਚੋਂ ਨਸ਼ਿਆਂ ਦਾ ਕੋਹੜ ਜੜ੍ਹੋਂ ਖ਼ਤਮ ਨਹੀਂ ਹੋ ਜਾਂਦਾ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਵੱਲੋਂ ਇਸ ਰਣਨੀਤੀ ਦੇ 'ਡੀ-ਅਡਿਕਸ਼ਨ' ਹਿੱਸੇ ਵਜੋਂ 83 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਪ੍ਰੇਰਿਆ ਗਿਆ ਹੈ।

ਦੱਸਣਯੋਗ ਹੈ ਕਿ ਪੰਜਾਬ ਪੁਲਿਸ ਵੱਲੋਂ ਜੇਲ੍ਹਾਂ ਵਿੱਚ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਣ ਲਈ ਛੇ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਬਰਨਾਲਾ, ਪਟਿਆਲਾ, ਸੰਗਰੂਰ ਅਤੇ ਐਸ.ਏ.ਐਸ.ਨਗਰ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਵੀ ਤਲਾਸ਼ੀ ਮੁਹਿੰਮ ਚਲਾਈ ਗਈ ਹੈ। ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਜੇਲ੍ਹ ਕੰਪਲੈਕਸ ਵਿੱਚ ਬੈਰਕਾਂ, ਰਸੋਈ ਘਰਾਂ ਅਤੇ ਪਖਾਨਿਆਂ ਸਮੇਤ ਹਰੇਕ ਕੋਨੇ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ ਹੈ।



## ਸੰਪਾਦਕੀ

# ਬ੍ਰਿਕਸ ਦੀ ਇੱਕਜੁਟਤਾ

ਬ੍ਰਾਜ਼ੀਲ ਵਿੱਚ ਹੋਏ ਬ੍ਰਿਕਸ ਸੰਮੇਲਨ ਵਿੱਚ ਇਸ ਸਮੂਹ ਦੀ ਮਹੱਤਤਾ ਸਮੇਤ ਕਈ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਕੀਤੀ ਗਈ, ਜਿਨ੍ਹਾਂ ਵਿੱਚੋਂ ਇੱਕ ਪ੍ਰਮੁੱਖ ਮੁੱਦਾ ਅੱਤਵਾਦ ਸੀ। ਇਸ ਮੌਕੇ 'ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਗੈਰ ਹਾਜ਼ਰ ਸਨ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀ ਵਰਚੁਅਲ ਤੌਰ 'ਤੇ ਕਾਨਫਰੰਸ ਵਿੱਚ ਸ਼ਿਰਕਤ ਕੀਤੀ। ਅਜਿਹੀ ਸਥਿਤੀ ਵਿੱਚ, ਕਾਨਫਰੰਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਨੂੰ ਇੱਕ ਮਹੱਤਵਪੂਰਨ ਵਿਕਾਸ ਵਜੋਂ ਦੇਖਿਆ ਜਾ ਰਿਹਾ ਹੈ। ਇਸ ਦੌਰਾਨ, ਪ੍ਰਧਾਨ ਮੰਤਰੀ ਨੇ ਅੱਤਵਾਦ ਵਿਰੁੱਧ ਇੱਕ ਸਖ਼ਤ ਸੰਦੇਸ਼ ਦਿੱਤਾ ਅਤੇ ਕਿਹਾ ਕਿ ਅੱਤਵਾਦ ਦੇ ਪੀੜਤਾਂ ਅਤੇ ਸਮਰਥਕਾਂ ਨੂੰ ਇੱਕੋ ਪੈਮਾਨੇ 'ਤੇ ਨਹੀਂ ਤੋਲਿਆ ਜਾ ਸਕਦਾ। ਕਿਸੇ ਵੀ ਦੇਸ਼ ਨੂੰ ਅੱਤਵਾਦੀਆਂ ਵਿਰੁੱਧ ਪਾਬੰਦੀਆਂ ਲਗਾਉਣ ਤੋਂ ਝਿਜਕਣਾ ਨਹੀਂ ਚਾਹੀਦਾ। ਬ੍ਰਿਕਸ ਵਰਗੇ ਅੰਤਰਰਾਸ਼ਟਰੀ ਪਲੇਟਫਾਰਮ 'ਤੇ ਪ੍ਰਧਾਨ ਮੰਤਰੀ ਦੀ ਇਸ ਟਿੱਪਣੀ ਨੂੰ ਨਾ ਸਿਰਫ ਪਾਕਿਸਤਾਨ ਲਈ ਸਗੋਂ ਚੀਨ ਲਈ ਵੀ ਇੱਕ ਸਲਾਹ ਵਜੋਂ ਦੇਖਿਆ ਜਾ ਰਿਹਾ ਹੈ। ਜਿੱਥੇ ਪਾਕਿਸਤਾਨ ਅੱਤਵਾਦ ਨੂੰ ਪਾਲਦਾ ਹੈ, ਉੱਥੇ ਹੀ ਚੀਨ ਨੇ ਹਾਲ ਹੀ ਦੇ ਸਾਲਾਂ ਵਿੱਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਬਹੁਤ ਸਾਰੇ ਪਾਕਿਸਤਾਨੀ ਅੱਤਵਾਦੀਆਂ ਨੂੰ ਸੂਚੀਬੱਧ ਕਰਨ ਦੀਆਂ ਕੋਸ਼ਿਸ਼ਾਂ ਨੂੰ ਰੋਕਿਆ ਹੈ। ਇਹ ਇਨ੍ਹਾਂ ਦੋਵਾਂ ਦੇਸ਼ਾਂ ਦੀ ਕਹਿਣੀ ਅਤੇ ਕਰਨੀ ਵਿੱਚ ਅੰਤਰ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ। ਪਾਕਿਸਤਾਨ ਦੁਨੀਆ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਖੁਦ ਅੱਤਵਾਦ ਦਾ ਪੀੜਤ ਹੈ, ਪਰ ਦੂਜੇ ਪਾਸੇ ਉਹ ਅੱਤਵਾਦੀਆਂ ਨੂੰ ਸਿਖਲਾਈ ਦਿੰਦਾ ਹੈ ਅਤੇ ਉਨ੍ਹਾਂ ਨੂੰ ਭਾਰਤ ਵਿਰੁੱਧ ਹਥਿਆਰ ਵਜੋਂ ਵਰਤਦਾ ਹੈ। ਬ੍ਰਿਕਸ ਹਾਲ ਹੀ ਦੇ ਸਾਲਾਂ ਵਿੱਚ ਇੱਕ ਪ੍ਰਭਾਵਸ਼ਾਲੀ ਸਮੂਹ ਵਜੋਂ ਉਭਰਿਆ ਹੈ। ਇਸ ਵਿੱਚ ਭਾਰਤ, ਚੀਨ ਅਤੇ ਰੂਸ ਸਮੇਤ ਦੁਨੀਆ ਦੀਆਂ ਗਿਆਰਾਂ ਵੱਡੀਆਂ ਉੱਭਰਦੀਆਂ ਅਰਥਵਿਵਸਥਾਵਾਂ ਵਾਲੇ ਦੇਸ਼ ਸ਼ਾਮਲ ਹਨ। ਬ੍ਰਿਕਸ ਦੇਸ਼ ਇੱਕ ਬਹੁਧਰੁਵੀ ਦੁਨੀਆ ਲਈ ਜ਼ੋਰ ਦੇ ਰਹੇ ਹਨ, ਜਿੱਥੇ ਸ਼ਕਤੀ ਵਧੇਰੇ ਵੰਡੀ ਹੋਈ ਹੈ। ਅਜਿਹੀ ਸਥਿਤੀ ਵਿੱਚ, ਬ੍ਰਿਕਸ ਸੰਮੇਲਨ ਤੋਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਗੈਰਹਾਜ਼ਰੀ ਹੈਰਾਨੀਜਨਕ ਹੈ। ਜਿਨਪਿੰਗ ਦੇ ਸੱਤਾ ਸੰਭਾਲਣ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਉਹ ਇਸ ਸੰਮੇਲਨ ਤੋਂ ਦੂਰ ਰਹੇ ਹਨ। ਉਹ ਵੀ, ਜਦੋਂ ਉਹ ਬ੍ਰਿਕਸ ਸਮੂਹ ਨੂੰ ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਬਲਾਕ ਦੇ ਵਿਰੁੱਧ ਇੱਕ ਆਰਥਿਕ ਵਿਕਲਪ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਭੂ-ਰਾਜਨੀਤਿਕ ਮਾਮਲਿਆਂ ਦੇ ਮਾਮਲੇ ਵਿੱਚ, ਇਹ ਇੱਕ ਸੰਕੇਤ ਹੋ ਸਕਦਾ ਹੈ ਕਿ ਬ੍ਰਿਕਸ ਦੇ ਹਾਲ ਹੀ ਵਿੱਚ ਵਿਸਥਾਰ ਨੇ ਚੀਨ ਲਈ ਇਸਦੇ ਵਿਚਾਰਧਾਰਕ ਮੁੱਲ ਨੂੰ ਘਟਾ ਦਿੱਤਾ ਹੈ। ਇਸਦਾ ਇੱਕ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਚੀਨ ਅਮਰੀਕਾ ਨਾਲ ਵਪਾਰਕ ਟਕਰਾਅ ਕਾਰਨ ਘਰੇਲੂ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਜਿਨਪਿੰਗ ਇਨ੍ਹੀਂ ਦਿਨੀਂ ਘਰੇਲੂ ਅਰਥਵਿਵਸਥਾ ਨੂੰ ਦਿਸ਼ਾ ਦੇਣ ਵਿੱਚ ਰੁੱਝੇ ਹੋਏ ਹਨ। ਹਾਲਾਂਕਿ, ਬ੍ਰਿਕਸ ਸੰਮੇਲਨ ਵਿੱਚ, ਅੱਤਵਾਦ ਤੋਂ ਇਲਾਵਾ, ਮਨੁੱਖੀ ਮੁੱਲਾਂ 'ਤੇ ਅਧਾਰਤ ਆਰਟੀਫੀਸ਼ੀਅਲ ਇੰਟੈਲੀਜੈਂਸ, ਅਮਰੀਕੀ ਟੈਰਿਫ, ਮਨੁੱਖੀ ਵਿਕਾਸ ਲਈ ਸ਼ਾਂਤੀਪੂਰਨ ਅਤੇ ਸੁਰੱਖਿਅਤ ਵਾਤਾਵਰਣ 'ਤੇ ਵੀ ਚਰਚਾ ਕੀਤੀ ਗਈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਬ੍ਰਿਕਸ ਦੇਸ਼ਾਂ ਨੂੰ ਇੱਕਜੁੱਟ ਹੋਣਾ ਪਵੇਗਾ ਅਤੇ ਆਪਣੀਆਂ ਸਾਂਝੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਮੂਹਿਕ ਯਤਨ ਕਰਨੇ ਪੈਣਗੇ। ਅਜਿਹੇ ਸਮੇਂ ਜਦੋਂ ਦੁਨੀਆ ਪੱਛਮੀ ਏਸ਼ੀਆ ਤੋਂ ਲੈ ਕੇ ਯੂਰਪ ਤੱਕ ਵਿਵਾਦਾਂ ਅਤੇ ਟਕਰਾਵਾਂ ਨਾਲ ਜੂਝ ਰਹੀ ਹੈ, ਬ੍ਰਿਕਸ ਵਰਗੇ ਸਮੂਹਾਂ ਦੀ ਸਾਰਥਕਤਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ। ਪਰ, ਗਲੋਬਲ ਪਲੇਟਫਾਰਮ 'ਤੇ ਗੰਭੀਰਤਾ ਨਾਲ ਲੈਣ ਲਈ, ਬ੍ਰਿਕਸ ਨੂੰ ਪਹਿਲਾਂ ਆਪਣੇ ਅੰਦਰੂਨੀ ਢਾਂਚੇ ਅਤੇ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਹੋਵੇਗਾ। ਸ਼ਬਦਾਂ ਅਤੇ ਕਾਰਵਾਈਆਂ ਵਿਚਕਾਰ ਪਾੜੇ ਨੂੰ ਖਤਮ ਕਰਨਾ ਹੋਵੇਗਾ। ਇਸ ਦੇ ਨਾਲ ਹੀ, ਬ੍ਰਿਕਸ ਦੇਸ਼ਾਂ ਨੂੰ ਇੱਕਜੁੱਟ ਹੋਣਾ ਪਵੇਗਾ ਅਤੇ ਉਨ੍ਹਾਂ ਯਤਨਾਂ ਦਾ ਜ਼ੋਰਦਾਰ ਸਮਰਥਨ ਕਰਨਾ ਪਵੇਗਾ ਜੋ ਦੁਨੀਆ ਨੂੰ ਅੱਤਵਾਦ, ਵੰਡ ਅਤੇ ਟਕਰਾਅ ਤੋਂ ਦੂਰ ਲੈ ਕੇ ਗੱਲਬਾਤ, ਸਹਿਯੋਗ ਅਤੇ ਤਾਲਮੇਲ ਵੱਲ ਲੈ ਜਾਂਦੇ ਹਨ। **-ਜਗਜੀਤ ਸਿੰਘ ਦਰਦੀ**

# ਅਦੁੱਤੀ ਕੁਰਬਾਨੀ ਦੇ ਮੁਜੱਸਮੇ ਭਾਈ ਮਨੀ ਸਿੰਘ ਜੀ ਸ਼ਹੀਦ



ਦਿਲਜੀਤ ਸਿੰਘ ਬੇਦੀ
ਮੋ: 76579-68579

ਸ਼ਹੀਦੀ ਦੇ ਇਤਿਹਾਸ ਵਿਚ ਸਿੱਖ ਕੌਮ ਦਾ ਸਥਾਨ ਬਹੁਤ ਉੱਚਾ ਤੇ ਮਹਾਨ ਹੈ। ਪੰਜਵੇਂ, ਨੌਵੇਂ ਤੇ ਦਸਵੇਂ ਜਾਮੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਅਨੇਕ ਅਨਿੰਨ ਸਿੱਖਾਂ ਨੇ ਸ਼ਹੀਦੀਆਂ ਦੇ ਕੇ ਸ਼ਹੀਦੀ ਪਰੰਪਰਾ ਨੂੰ ਅਮੀਰ ਕਰ ਦਿੱਤਾ। 30 ਮਈ 1606 ਨੂੰ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸ਼ਹੀਦ ਹੋਏ। ਸ੍ਰੀ ਹਰਿਗੋਬਿੰਦ ਸਾਹਿਬ ਦੀ ਅਗਵਾਈ ਵਿੱਚ ਸਿੱਖਾਂ ਨੇ ਪਿਪਲੀ ਸਾਹਿਬ ਅੰਮ੍ਰਿਤਸਰ ਸਥਾਨ 'ਤੇ ਪਹਿਲੀ ਜੰਗ ਲੜੀ। ਉਸ ਸਮੇਂ ਤੋਂ ਹੁਣ ਤੀਕ ਲੱਖਾਂ ਹੀ ਸਿੱਖ ਤਲੀ 'ਤੇ ਸੀਸ ਰੱਖ ਕੌਮੀ ਅਣਖ ਤੇ ਅਜ਼ਾਦੀ, ਇਨਸਾਫ, ਹੱਕ, ਸੱਚ ਦੇ ਧਰਮ ਲਈ ਜੂਝ ਤੇ ਸ਼ਹੀਦ ਹੋਏ ਹਨ। ਸ਼ਹਾਦਤ ਦਾ ਸਿਧਾਂਤ ਤੇ ਪਰੰਪਰਾ ਸਿੱਖ ਇਤਿਹਾਸ ਤੇ ਸਭਿਆਚਾਰ ਦੀ ਇਕ ਨਿਵੇਕਲੀ ਪਹਿਚਾਣ ਹੈ। ਸ਼ਹੀਦੀ ਅਕਾਲ ਪੁਰਖ ਦੇ ਨੇੜੇ ਹੋਣ ਦਾ ਮੁਕਾਮ ਹੈ। ਸ਼ਹੀਦ ਨੂੰ ਅਰਬੀ ਵਿਚ 'ਅਸ ਸ਼ਹੀਦ-ਉਲ-ਕਾਮਿਲ' ਕਿਹਾ ਜਾਂਦਾ ਹੈ। ਪਰ ਇਤਿਹਾਸ ਗਵਾਹੀ ਭਰਦਾ ਹੈ ਕਿ ਸਿੱਖ ਧਰਮ ਵਿੱਚ ਹੋਈਆਂ ਸ਼ਹੀਦੀਆਂ ਨੇ ਗੁਰੂ ਕੇ ਸਿੱਖਾਂ ਨੂੰ ਆਪਣੇ ਅਕੀਦੇ, ਵਿਸ਼ਵਾਸ, ਧਰਮ ਵਾਸਤੇ ਜ਼ੁਲਮ, ਜਬਰ ਦੀਆਂ ਧਾੜਾਂ ਦੇ ਵਿਰੁੱਧ ਮੈਦਾਨੇ-ਜੰਗ ਵਿਚ ਲੜਨ ਅਤੇ ਹੱਕ-ਸੱਚ ਦੀ ਪੁਨਰ ਸਥਾਪਤੀ ਵਾਸਤੇ ਕ੍ਰਿਆਸ਼ੀਲ ਕੀਤਾ।

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥**

ਜੰਗਾਂ, ਯੁੱਧਾਂ ਦਾ ਤਾਂ ਇਤਿਹਾਸ ਹੀ ਅਦੁੱਤੀ ਤੇ ਵੱਖਰਾ ਹੈ। ਇਸ ਜਜ਼ਬੇ ਭਰਪੂਰ ਕੌਮ ਨੇ ਕਦੇ ਹਾਰ ਨਹੀਂ ਮੰਨੀ। ਪਰਿਵਾਰਾਂ ਦੇ ਪਰਿਵਾਰ ਸ਼ਹੀਦ ਹੋਏ, ਫਿਰ ਅਗਲੇ ਦਿਨ ਜੰਗ-ਏ-ਮੈਦਾਨ ਵਿਚ ਡਟੇ। ਭਾਈ ਮਨੀ ਸਿੰਘ ਜੀ ਦੇ ਪੰਜ ਪੁੱਤਰ ਤੇ ਦੋ ਭਰਾ, ਭਾਈ ਅਮਲ ਸਿੰਘ ਨੌਵਾਂ ਪਰਿਵਾਰ ਦੇ ਮੈਂਬਰ, ਘੋੜਿਆਂ ਦੀ ਸੇਵਾ ਕਰਨ ਵਾਲੇ ਦੋ ਸਿੱਖ, ਦਿੱਲੀ ਦੇ ਦੋ ਸਿੱਖ ਅਤੇ 15 ਹੋਰ ਸਿਰੜੀ ਸਿਦਕੀ ਸਿੱਖ ਸਨ।

ਭਾਈ ਮਨੀ ਸਿੰਘ ਜੀ ਦਾ ਸਮੁੱਚਾ ਜੀਵਨ ਸਮੇਤ ਪਰਿਵਾਰ ਕੌਮ ਨੂੰ ਸਮਰਪਿਤ ਬਲਿਦਾਨ ਵਾਲਾ ਹੈ। ਭਾਈ ਮਨੀ ਸਿੰਘ ਸਿੱਖ ਧਰਮ ਤੇ ਇਤਿਹਾਸ ਦੇ ਖੇਤਰ ਵਿਚ ਵਲੱਖਣ ਮਰਜੀਵੜਿਆਂ ਦੀ ਸਤਿਕਾਰਤ ਸ਼ਖ਼ਸੀਅਤ ਹਨ। ਉਨ੍ਹਾਂ ਦਾ ਜੀਵਨ ਚਰਿੱਤਰ ਮਨੁੱਖੀ ਸਮਾਜ ਦੇ ਇਕ ਵਿਸ਼ੇਸ਼ ਆਦਰਸ਼ ਨੂੰ ਉਜਾਗਰ ਕਰਨ ਦੀ ਚੇਸ਼ਟਾ ਪੈਦਾ ਕਰਨ ਤੇ ਜ਼ਬਰ-ਜ਼ੁਲਮ ਨਾਲ ਟਕਰਾਉਣ, ਅਨੈਤਿਕਤਾ ਵਾਲੀਆਂ ਹਕੂਮਤਾਂ ਵਿਰੁੱਧ ਜ਼ੋਰਦਾਰ ਤਰੀਕੇ ਨਾਲ ਆਵਾਜ਼ ਉਠਾਉਣ ਤੇ ਟਕਰਾਉਣ ਵਾਲਾ ਹੈ। ਕਿਸੇ ਵਿਦਵਾਨ ਦਾ ਕਥਨ ਹੈ ਕਿ ਕਾਇਰ ਆਦਮੀ ਰੋਜ਼ ਕਈ ਵਾਰ ਮਰਦਾ ਹੈ ਤੇ ਸੂਰਬੀਰ ਇਕੋ ਵਾਰ ਮਰਦੇ ਹਨ। ਭਾਈ ਮਨੀ ਸਿੰਘ ਜੀ ਨੇ ਫੌਜਾਂ ਨਾਲ ਘਮਸਾਨ ਦਾ ਯੁੱਧ ਕਰਕੇ ਨਾ ਤਾਂ ਕੋਈ ਇਲਾਕਿਆਂ 'ਤੇ ਕਬਜ਼ਾ ਕੀਤਾ ਤੇ ਨਾ ਹੀ ਸਿਕੰਦਰ, ਅਸ਼ੋਕ, ਬਾਬਰ, ਹਿਟਲਰ ਤੇ ਅੰਗਰੇਜ਼ਾਂ ਵਾਂਗ ਨਿਰਦੋਸ਼ ਲੋਕਾਂ ਦਾ ਖੂਨੀ ਦਰਿਆ ਵਹਾ ਕੇ ਰਾਜ ਸ਼ਕਤੀ ਪ੍ਰਾਪਤ ਕੀਤਾ। ਸ਼ਹੀਦੀ ਮੰਨੀ ਹੀ ਉਹ ਜਾਂਦੀ ਹੈ ਜਿਸ ਦਾ ਕਾਰਨ ਸੱਚ ਦੀ ਸਥਾਪਨਾ ਅਤੇ ਜਨ-ਕਲਿਆਣ ਲਈ ਹੋਵੇ। ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਛੋਟੇ ਸਾਹਿਬਜ਼ਾਦੇ, ਬਾਬਾ ਬੰਦਾ ਸਿੰਘ ਜੀ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਜੀ ਦੀਆਂ ਸ਼ਹਾਦਤਾਂ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ। ਇਨ੍ਹਾਂ ਸ਼ਹਾਦਤਾਂ ਦੇ ਫਲਸਰੂਪ ਹੀ ਨਿਰਾਰਥਕ, ਡਰਪੋਕ ਤੇ ਨਿਰਬਲ ਜ਼ਿੰਦਗੀ ਬਸਰ ਕਰਨ ਵਾਲੇ ਭਾਰਤੀ ਸਮਾਜ ਵਿੱਚ ਜ਼ਿੰਦਾਦਿਲੀ ਤੇ ਜੁਅਰਤ ਵਰਗੀ ਸ਼ਕਤੀ ਨੇ ਜਨਮ ਲਿਆ। ਭਾਈ ਮਨੀ ਸਿੰਘ ਜੀ ਦਾ ਜਨਮ 1701 ਬਿਕਰਮੀ ਦਿਨ ਐਤਵਾਰ, 13 ਚੇਤਰ 12 ਸੁਦੀ 10 ਮਾਰਚ 1644 ਈ. ਨੂੰ ਹੋਇਆ। ਸ਼ਹੀਦ ਬਿਲਾਸ ਵਿਚ ਅੰਕਿਤ ਕੁੱਲ ਪਰੰਪਰਾ ਅਨੁਸਾਰ ਆਪ ਜੀ



ਦੇ ਵੱਡੇ-ਵਡੇਰਿਆਂ ਦਾ ਸੰਬੰਧ ਉਦੈ ਦੀਪ ਚੰਦ ਦੇ ਪੰਵਾਰ ਰਾਜਪੂਤ ਘਰਾਣੇ ਨਾਲ ਸੀ ਜੋ ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਸਨ। ਇਸ ਬੰਸ ਦਾ ਗੁਰੂ-ਘਰ ਨਾਲ ਸਬੰਧ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੀ ਜੁੜ ਜਾਂਦਾ ਹੈ ਕਿਉਂਕਿ ਇਨ੍ਹਾਂ ਦੇ ਦਾਦਾ ਭਾਈ ਬਾਲੂ ਰਾਉ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ ਦੇ ਪ੍ਰਸਿੱਧ ਜਰਨੈਲ ਸੀ। ਇਹ ਖਾਨਦਾਨ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ।

ਭਾਈ ਮਨੀ ਸਿੰਘ ਜੀ ਨੂੰ ਗੁਰੂ ਹਰਿਰਾਇ ਸਾਹਿਬ ਜੀ, ਗੁਰੂ ਹਰਿਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ। ਦਸਮ ਪਿਤਾ ਦੇ ਵਿਸ਼ਵਾਸਪਾਤਰ ਭਾਈ ਮਨੀ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ, ਕਥਾ ਵਾਚਕ, ਗਿਆਨ ਰਤਨਾਵਲੀ ਤੇ ਸਿੱਖਾਂ ਦੀ ਭਗਤ ਮਾਲਾ, ਜਿਹੀਆਂ ਵੱਡ-ਅਕਾਰੀ ਰਚਨਾਵਾਂ ਦੇ ਕਰਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਤੀਜੇ ਮੁੱਖ ਗ੍ਰੰਥੀ ਵਜੋਂ ਗੁਰੂ-ਘਰ ਨਾਲ ਸਬੰਧਤ ਰਹੇ।

ਡਾ. ਜਸਬੀਰ ਸਿੰਘ ਸਾਬਰ ਅਨੁਸਾਰ ਭਾਈ ਮਨੀ ਸਿੰਘ ਜੀ ਦੇ ਪਿਤਾ ਮਾਈ ਦਾਸ ਨੇ ਦੋ ਸ਼ਾਦੀਆਂ ਕੀਤੀਆਂ ਸਨ ਜਿਸ ਦੀ ਪਹਿਲੀ ਪਤਨੀ ਦੀ ਕੁੱਖੋਂ ਭਾਈ ਮਨੀ ਸਿੰਘ ਸਮੇਤ 7 ਪੁੱਤਰ ਅਤੇ ਦੂਜੀ ਪਤਨੀ ਦੇ ਕੁੱਖੋਂ 5 ਪੁੱਤਰ ਪੈਦਾ ਹੋਏ। ਭਾਈ ਮਾਈ ਦਾਸ ਨੇ 13 ਸਾਲ ਦੀ ਉਮਰ ਦੇ ਭਾਈ ਮਨੀ ਸਿੰਘ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਦਰਬਾਰ ਭੇਟ ਕਰ ਦਿੱਤਾ ਸੀ। ਜਿਥੇ ਇਹ ਮੁਖ ਤੌਰ 'ਤੇ ਗੁਰੂ-ਘਰ ਦੇ ਦਰਬਾਰ ਅਤੇ ਲੰਗਰ ਵਿਚ ਸੰਗਤਾਂ ਦੇ ਜੂਠੇ ਬਰਤਨ ਸਾਫ ਕਰਦਿਆਂ ਮਨ ਦੀ ਮੈਲ ਧੋਂਦੇ ਰਹੇ। 15 ਸਾਲ ਦੀ ਉਮਰ ਵਿਚ ਆਪ ਜੀ ਦੀ ਸ਼ਾਦੀ ਖੈਰਪੁਰ ਦੇ ਯਾਦਵ ਬੰਸੀ ਲੱਖੀ ਰਾਇ ਦੀ ਬੇਟੀ ਬੀਬੀ ਸੀਤੋ ਨਾਲ ਹੋ ਗਈ। ਬੀਬੀ ਸੀਤੋ ਦੇ ਕੁੱਖੋਂ ਆਪ ਦੇ ਘਰ 7 ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਮ ਚਿੱਤਰ ਸਿੰਘ, ਬਚਿੱਤਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਤੇ ਗੁਰਬਖ਼ਸ਼ ਸਿੰਘ ਸਨ। ਇਨ੍ਹਾਂ ਵਿੱਚੋਂ 5 ਮੈਦਾਨ-ਏ-ਜੰਗ ਵਿੱਚ 1705 ਈ. ਨੂੰ ਸ਼ਹੀਦ ਹੋ ਗਏ। ਬਾਕੀ ਦਾ ਪਰਿਵਾਰ ਵੀ ਸਮੇਂ-ਸਮੇਂ ਧਰਮ ਦੀ ਖ਼ਾਤਰ ਆਪਣਾ ਜੀਵਨ ਬਲੀਦਾਨ ਕਰਦਾ ਰਿਹਾ। ਭਾਈ ਸਾਹਿਬ ਗੁਰੂ ਹਰਿਰਾਇ ਸਾਹਿਬ ਜੀ ਦੇ ਅਕਾਲ ਚਲਾਣੇ ਉਪਰੰਤ ਗੁਰੂ ਹਰਿਕ੍ਰਿਸ਼ਨ ਜੀ ਦੇ ਸੰਗ ਦਿੱਲੀ ਰਹੇ ਅਤੇ ਉਥੋਂ ਹੀ ਮਾਤਾ ਸੁਲੱਖਣੀ ਜੀ ਦੇ ਨਾਲ ਬਾਬਾ ਬਕਾਲੇ ਗੁਰੂ ਤੇਗ ਬਹਾਦਰ ਜੀ ਪਾਸ ਪਹੁੰਚੇ। ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਜਦੋਂ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦਿੱਲੀ ਗਏ ਤਾਂ ਭਾਈ ਸਾਹਿਬ ਜੀ ਦਸਮੇਸ਼ ਗੁਰੂ ਜੀ ਪਾਸ ਸ੍ਰੀ ਅਨੰਦਪੁਰ ਸਾਹਿਬ ਹੀ ਰਹੇ। ਆਪ ਰੋਜ਼ ਗੁਰੂ-ਸ਼ਬਦ ਦੀ ਮਹਿਮਾ ਕਥਾ ਰਾਹੀਂ ਕਰਦੇ। ਗੁਰੂ ਗ੍ਰੰਥ ਸਾਹਿਬ ਦੀ ਕਥਾ ਆਪ ਜੀ ਦੀ ਜ਼ਿੰਦਗੀ ਦਾ ਜ਼ਰੂਰੀ ਅੰਗ ਸੀ। ਆਪ ਜੀ ਦੀ ਬੋਲੀ ਸਰਲਤਾ ਅਤੇ ਸ਼ੈਲੀ ਦੀ ਕੋਮਲਤਾ ਦੀ ਵਿਸ਼ੇਸ਼ਤਾ ਰਹੀ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਚ ਮਸਤ ਹਾਥੀ ਨਾਲ ਯੁੱਧ ਕਰਨ ਵਾਲਾ ਬਚਿੱਤਰ ਸਿੰਘ, ਭਾਈ ਮਨੀ ਸਿੰਘ ਜੀ ਦਾ ਹੀ ਸਪੁੱਤਰ ਸੀ। ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਣ ਵਾਲੇ ਸਿੰਘਾਂ ਵਿਚ ਭਾਈ ਸਾਹਿਬ ਦੇ ਪੰਜ ਪੁੱਤਰ ਵੀ ਸ਼ਾਮਲ ਸਨ। ਭਾਈ ਮਨੀ ਸਿੰਘ ਜੀ ਬੇਸ਼ੱਕ 90 ਸਾਲ ਦੀ ਆਯੂ ਨੂੰ ਪੁੱਜ ਚੁੱਕੇ ਸਨ ਪਰ ਫੇਰ ਵੀ ਸਮੁੱਚਾ ਖਾਲਸਾ ਪੰਥ ਅਤੇ ਜਨ-ਸਾਧਾਰਨ ਉਨ੍ਹਾਂ ਨੂੰ ਆਪਣਾ ਸਤਿਕਾਰਤ ਆਗੂ ਪ੍ਰਵਾਨ ਕਰਦਾ ਸੀ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਅਕਾਰ ਤੇ ਅਸਹਿ ਕਸ਼ਟ ਦਿੰਦਿਆਂ 1734 ਈ. ਨੂੰ ਲਾਹੌਰ ਦੇ ਨਿਖਾਸ ਚੌਂਕ ਵਿਚ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ਜਿਥੇ ਅੱਜਕਲ੍ਹ ਗੁਰਦੁਆਰਾ ਸ਼ਹੀਦ ਗੰਜ ਬਣਿਆ ਹੋਇਆ ਹੈ।

# ਭਾਜਪਾ ਨੇ ਪੰਜਾਬ 'ਚ ਆਪਣਾ ਚਿਹਰਾ ਬਦਲਿਆ



ਕਮਲਜੀਤ ਸਿੰਘ ਬਨਵੈਤ
98147 34035

ਪੰਜਾਬ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸੁਨੀਲ ਜਾਖੜ ਜਦੋਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਘਰ ਬੈਠ ਗਏ ਸਨ ਤਾਂ ਉਹਨਾਂ ਦਾ ਅਸਤੀਫ਼ਾ ਮਨਜ਼ੂਰ ਨਹੀਂ ਸੀ ਕੀਤਾ ਗਿਆ। ਹੁਣ ਜਦੋਂ ਉਹ ਮੁੜ ਸਰਗਰਮ ਹੋਏ ਹਨ, ਤਦ ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਵਰਕਿੰਗ ਪ੍ਰਧਾਨ ਲਗਾ ਦਿੱਤਾ ਗਿਆ ਹੈ। ਭਾਰਤੀ ਜਨਤਾ ਪਾਰਟੀ ਨੇ ਇੱਕ ਤੀਰ ਨਾਲ ਕਈ ਨਿਸ਼ਾਨੇ ਵਿੰਨੇ ਲੱਗਦੇ ਹਨ। ਆਰਐਸਐਸ ਦੀ ਪਿੱਠ ਭੂਮੀ ਵਾਲੇ ਨੇਤਾ ਨੂੰ ਮੁੜ ਤੋਂ ਪੰਜਾਬ ਭਾਜਪਾ ਦੀ ਕਮਾਨ ਸੰਭਾਲੀ ਗਈ ਹੈ, ਸ਼ਾਇਦ ਇਸ ਕਰਕੇ ਇਹ ਮੰਗਵੇਂ ਨੇਤਾ ਪਾਰਟੀ ਦੀ ਬੇੜੀ ਕਿਸੇ ਕੰਢੇ ਨਹੀਂ ਲਾ ਸਕੇ ਹਨ। ਭਾਜਪਾ ਦੇ ਇਸ ਫੈਸਲੇ ਦੀ ਚੀਰਫਾੜ ਕਰਨ ਤੋਂ ਪਹਿਲਾਂ ਸੁਨੀਲ ਜਾਖੜ ਦੇ ਨਵੇਂ ਵਰਕਿੰਗ ਪ੍ਰਧਾਨ ਨੂੰ ਭੇਜੇ ਵਧਾਈ ਸੁਨੇਹੇ ਦੀ ਗੱਲ ਕਰਨੀ ਜ਼ਰੂਰ ਬਣਦੀ ਹੈ। ਉਹ ਲਿਖਦੇ ਹਨ ਕਿ ਪੰਜਾਬ ਭਾਜਪਾ ਨੂੰ ਇੱਕ ਤਜ਼ਰਬੇਕਾਰ ਲੀਡਰ ਮਿਲਿਆ ਹੈ। ਇਸ ਨਾਲ ਪਾਰਟੀ ਇੱਕ ਨਵੀਂ ਊਰਜਾ ਦੇਖਣ ਨੂੰ ਮਿਲੇਗੀ। ਇਸ ਦਾ ਮਤਲਬ ਇਹ ਹੋਇਆ ਕਿ ਉਹ ਆਪ ਤਜ਼ਰਬੇਕਾਰ ਵੀ ਨਹੀਂ ਸਨ ਮੰਨਦੇ ਅਤੇ ਉਹਨਾਂ ਦੇ ਆਉਣ ਵੇਲੇ ਭਾਜਪਾ ਨੂੰ ਪੰਜਾਬ ਅੰਦਰ ਤਾਕਤ ਵੀ ਨਹੀਂ ਮਿਲੀ ਸੀ। ਇਹ ਸੁਨੇਹਾ ਉਹਨਾਂ ਦੰਦ ਕਥਾਵਾਂ ਦੀ ਪੁਸ਼ਟੀ ਵੀ ਕਰਦਾ ਹੈ ਕਿ ਸੁਨੀਲ ਜਾਖੜ ਕਾਂਗਰਸ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਵੀ ਭਾਜਪਾਈ ਨਹੀਂ ਬਣ ਸਕੇ ਸਨ। ਉਹਨਾਂ ਨੂੰ ਭਾਜਪਾ ਦਾ ਰੰਗ ਨਹੀਂ ਚੜ੍ਹ ਸਕਿਆ ਸੀ। ਕਈ ਹੋਰ ਕਾਂਗਰਸੀ ਜਿਹੜੇ ਆਪਣੀ ਪਾਰਟੀ ਛੱਡ ਕੇ ਭਾਜਪਾ ਦੇ ਬੇੜੇ ਵਿੱਚ ਸਵਾਰ ਹੋਏ ਸਨ, ਰੰਗ ਤਾਂ ਉਹਨਾਂ ਨੂੰ ਵੀ ਭਗਵਾਂ ਨਹੀਂ ਸੀ ਚੜ੍ਹ ਸਕਿਆ।

ਪਾਰਟੀ ਨੇ ਅਸ਼ਵਨੀ ਸ਼ਰਮਾ ਨੂੰ ਕਾਰਜਕਾਰੀ ਨਹੀਂ ਸਗੋਂ ਵਰਕਿੰਗ ਪ੍ਰਧਾਨ ਲਾਇਆ ਹੈ। ਜਿਸ ਦੇ ਅਰਥ ਵੱਡੇ ਲੈਣੇ ਬਣਦੇ ਹਨ। ਵਰਕਿੰਗ ਪ੍ਰਧਾਨ ਅਤੇ ਪ੍ਰਧਾਨ ਇੱਕੋ ਪੰਜਾਲੀ ਵਿੱਚ ਚਲਦੇ ਰਹੇ ਤਾਂ ਪੰਜਾਲੀ ਨੂੰ ਖਿੰਡਣ ਤੋਂ ਕਿਸੇ ਨੇ ਰੋਕ ਨਹੀਂ ਸਕਣਾ ਹੈ। ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਟਕਸਾਲੀ ਭਾਜਪਾਈ ਘਰਾਂ ਅੰਦਰ ਵੜ ਕੇ ਬੈਠ ਗਏ ਸਨ। ਸੁਨੀਲ ਜਾਖੜ ਸਮੇਤ ਦੂਜੀਆਂ ਪਾਰਟੀਆਂ ਵਿੱਚੋਂ ਭਾਜਪਾ ਵਿੱਚ ਸ਼ਾਮਿਲ ਹੋ ਕੇ ਲੀਡਰ 2022 ਅਤੇ 2024 ਦੀਆਂ ਚੋਣਾਂ ਵਿੱਚ ਟਿਕਟਾਂ ਨੂੰ ਵੀ ਹੱਥ ਮਾਰ ਗਏ। ਪਰ ਪਾਰਟੀ ਪੱਲੇ ਨਿਰਾਸ਼ਾ ਪਈ। ਪਿਛਲੇ ਸਾਲ ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਅੰਦਰ ਭਾਜਪਾ ਦਾ ਖਾਤਾ ਵੀ ਨਹੀਂ ਸੀ ਖੁੱਲਿਆ ਜਦ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਪਾਰਟੀ ਦੇ ਕੇਵਲ ਦੋ ਵਿਧਾਇਕ ਚੋਣ ਜਿੱਤ ਸਕੇ ਸਨ। ਅਕਾਲੀ ਭਾਜਪਾ ਗੱਠਜੋੜ ਦੀ ਹਾਲਤ 2017 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਇਸ ਤੋਂ ਵੱਖਰੀ ਨਹੀਂ ਸੀ। ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਕਿਸਾਨ ਅੰਦੋਲਨ ਦੌਰਾਨ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿੱਚ ਤੋੜ ਵਿਛੋੜਾ ਹੋ ਗਿਆ ਸੀ। ਅਕਾਲੀ ਦਲ ਦੀ ਇੱਕੋ ਇੱਕ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਝੰਡੀ ਵਾਲੀ ਕਾਰ ਛੱਡਣੀ ਪੈ ਗਈ ਸੀ। ਦੱਸਣਯੋਗ ਗੱਲ ਇਹ ਹੈ ਕਿ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਕਈ ਨੇਤਾ ਵਾਪਸ ਮੁੜ ਆਏ ਹਨ। ਜਿਹੜੇ ਕਾਂਗਰਸੀ ਭਾਜਪਾ ਵਿੱਚ ਹਾਲੇ ਕੋਈ ਉਮੀਦ ਲਾਈ ਬੈਠੇ ਹਨ ਉਹਨਾਂ ਦੀ ਆਸ ਵਿੱਚਦੀ ਦਾਲ ਨਹੀਂ ਗਲਦੀ ਹੈ।

ਦੂਜੇ ਬੰਨੇ ਸੁਨੀਲ ਜਾਖੜ ਭਾਜਪਾ ਵਿੱਚ ਰਹਿ ਕੇ ਖੁਸ਼ ਨਹੀਂ ਨਜ਼ਰ ਆ ਰਹੇ ਸਨ ਇਹੋ ਵਜ੍ਹਾ ਸੀ ਕਿ ਉਹਨਾਂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਹ ਪੰਜਾਬ ਮਸਲੇ ਨੂੰ ਲੈ ਕੇ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਵਾਰ-ਵਾਰ ਜਾਂਦੇ ਰਹੇ। ਉਹਨਾਂ ਨੇ ਪ੍ਰਧਾਨ ਮੰਤਰੀ ਨੂੰ ਪੰਜਾਬ ਅਤੇ ਸਿੱਖਾਂ ਪ੍ਰਤੀ ਆਪਣਾ ਨਜ਼ਰੀਆ ਬਦਲਣ ਦੀ ਸਲਾਹ ਵੀ ਦਿੱਤੀ। ਇਹ ਵੀ ਕਿਹਾ ਕਿ ਜਦੋਂ ਤੱਕ ਪੰਜਾਬ ਦਾ ਕਿਸਾਨ ਟੇਢਾ ਰਹੇਗਾ ਉਦੋਂ ਤੱਕ ਭਾਜਪਾ ਦੇ ਸੂਬੇ ਵਿੱਚ ਪੈਰ ਨਹੀਂ ਲੱਗਣ ਵਾਲੇ ਹਨ। ਉਸ ਤੋਂ ਬਾਅਦ ਉਹਨਾਂ ਦੇ ਪੋਤਰੇ ਦੇ ਵਿਆਹ ਵੇਲੇ ਜਦੋਂ ਪ੍ਰਧਾਨ ਮੰਤਰੀ ਰਿਸੈਪਸ਼ਨ ਸਮਾਗਮ ਵਿੱਚ ਸ਼ਾਮਿਲ ਹੋ ਗਏ ਤਦ ਇੰਝ ਲੱਗਣ ਲੱਗਾ ਕਿ ਦੋਹਾਂ ਧਿਰਾਂ ਵਿੱਚ ਦੂਰੀਆਂ ਸਿਰਫ਼ ਅਖ਼ਬਾਰਾਂ ਦੀਆਂ ਖ਼ਬਰਾਂ ਹੀ ਸਨ। ਪਿਛਲੇ ਸਮੇਂ ਤੋਂ ਸਿਆਸਤ ਵਿੱਚ ਮੁੜ ਸਰਗਰਮ ਨਜ਼ਰ ਆਉਣ ਲੱਗੇ ਸਨ। ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਉਹ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਡਟੇ ਰਹੇ। ਦੋ ਦਿਨ ਪਹਿਲਾਂ ਹੀ ਉਹ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਨੂੰ ਆਪਣੇ ਸਾਥੀਆਂ ਸਮੇਤ ਮੰਗ ਪੱਤਰ ਦੇ ਕੇ ਆਏ ਸਨ।

ਅਸ਼ਵਨੀ ਸ਼ਰਮਾ ਇਸ ਵੇਲੇ ਪੰਜਾਬ ਤੋਂ ਵਿਧਾਇਕ ਵੀ ਹਨ ਅਤੇ ਉਹ ਪੰਜਾਬ ਭਾਜਪਾ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਪਾਰਟੀ ਨੇ ਉਹਨਾਂ ਦੀ ਅਗਵਾਈ ਉੱਤੇ ਮੁੜ ਭਰੋਸਾ ਜਤਾਇਆ ਹੈ। ਭਾਜਪਾ ਦੇ ਨਵੇਂ ਫੈਸਲੇ ਨਾਲ ਪੰਜਾਬ ਭਾਜਪਾਈਆਂ ਦੇ ਚਿਹਰੇ ਉੱਤੇ ਨੂਰ ਆ ਗਿਆ ਹੈ। ਇਸ ਤੋਂ ਪਹਿਲਾਂ ਉਹਨਾਂ ਨੂੰ ਰੋਣ ਲਈ ਮੋਢਾ ਵੀ ਨਹੀਂ ਸੀ ਮਿਲ ਰਿਹਾ। ਭਾਜਪਾ ਨੇ ਆਪਣੇ ਨਵੇਂ ਨਿਯੁਕਤੀ ਦੇ ਪੱਤਰ ਵਿੱਚ ਪ੍ਰਧਾਨ ਅਤੇ ਵਰਕਿੰਗ ਪ੍ਰਧਾਨ ਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਦਾ ਜ਼ਿਕਰ ਨਹੀਂ ਕੀਤਾ ਹੈ। ਕੀ ਪ੍ਰਧਾਨ ਅਤੇ ਵਰਕਿੰਗ ਪ੍ਰਧਾਨ ਦੇ ਨਿੱਤ ਦੇ ਕੰਮ ਕਾਜ ਨੂੰ ਲੈ ਕੇ ਸਿੰਙ ਫਸਦੇ ਰਹਿਣਗੇ ਜਾਂ ਸੁਨੀਲ ਜਾਖੜ ਸਾਰੀ ਜ਼ਿੰਮੇਵਾਰੀ ਅਸ਼ਵਨੀ ਸ਼ਰਮਾ ਉਥੇ ਛੱਡ ਕੇ ਆਪ ਘਰੇ 'ਤੇ ਬੈਠਣਗੇ। ਮੰਨ ਲਈਏ ਦੋਨੋਂ ਨਾਲੋਂ ਨਾਲ ਚੱਲਦੇ ਹਨ। ਤਾਂ ਇਸ ਦਾ ਮਤਲਬ ਇਹ ਲਿਆ ਜਾਵੇਗਾ ਕਿ ਟਕਸਾਲੀ ਭਾਜਪਾਈ ਅਸ਼ਵਨੀ ਸ਼ਰਮਾ ਕੋਲ ਅਤੇ ਕਾਂਗਰਸ ਛੱਡ ਕੇ ਭਾਜਪਾ ਸ਼ਾਮਿਲ ਹੋਏ ਲੀਡਰ ਆਪਣਾ ਦੁਖੜਾ ਸੁਨੀਲ ਜਾਖੜ ਕੋਲ ਰੋਇਆ ਕਰਨਗੇ। ਚਰਚਾ ਤਾਂ ਇਹ ਵੀ ਸ਼ੁਰੂ ਹੋ ਗਈ ਹੈ ਕਿ ਸੁਨੀਲ ਜਾਖੜ ਪਾਰਟੀ ਛੱਡ ਸਕਦੇ ਹਨ ਜਾਂ ਸਿਆਸਤ ਤੋਂ ਕਿਨਾਰਾ ਕਰਕੇ ਘਰ ਬੈਠ ਸਕਦੇ ਹਨ। ਜ਼ਰੂਰੀ ਨਹੀਂ ਕਿ ਜਿਸ ਲੀਡਰ ਨੂੰ ਪੰਜਾਬ ਭਾਜਪਾ ਦੀ ਪ੍ਰਧਾਨਗੀ ਰਾਸ ਨਹੀਂ ਆਈ ਇਸ ਨੂੰ ਪਾਰਟੀ ਵਿੱਚ ਕੰਮ ਕਰਨ ਕਈ ਥਾਂ ਤੇ ਨਾ ਬਚੇ। ਸਿਆਸੀ ਪੰਡਿਤਾਂ ਦੀ ਨਜ਼ਰ ਵਿੱਚ ਭਾਜਪਾ ਦਾ ਇਹ ਫੈਸਲਾ ਕਈ ਪਾਸਿਆਂ ਨੂੰ ਇਸ਼ਾਰਾ ਕਰਦਾ ਹੈ। ਇੱਕ ਤਾਂ ਇਹ ਕੀ ਭਾਜਪਾ ਨੇ ਪੰਜਾਬ ਵਿੱਚ ਆਪਣੇ ਸ਼ਹਿਰੀ ਅਤੇ ਹਿੰਦੂ ਵੋਟ ਪੱਕੀ ਕਰਨ ਦੀ ਚਾਲ ਖੇਡੀ ਹੈ। ਸੁਨੀਲ ਜਾਖੜ ਚਾਹੇ ਦਿੱਖ ਤੋਂ ਕੁਝ ਵੀ ਲੱਗਦੇ ਹੋਣ ਪਰ ਉਹਨਾਂ ਦਾ ਸਬੰਧ ਜਾਟ ਭਾਈਚਾਰੇ ਨਾਲ ਸੀ। ਦੂਸਰਾ ਇਹ ਵੀ ਹੋ ਸਕਦਾ ਹੈ ਕਿ ਅਕਾਲੀ ਭਾਜਪਾ ਗੱਠਜੋੜ ਵੇਲੇ ਅਕਾਲੀ ਦਲ ਪੇਂਡੂ ਅਤੇ ਕਿਸਾਨੀ ਖੇਤਰ ਦੀ ਵੋਟ ਬਟੋਰਦਾ ਰਿਹਾ ਹੈ। ਹੋ ਸਕਦਾ ਇਸ ਵਾਰ ਵੀ ਭਾਰਤੀ ਜਨਤਾ ਪਾਰਟੀ ਨੇ ਸ਼ਹਿਰੀ ਵੋਟ ਆਪਣੇ ਕਬਜ਼ੇ ਹੇਠ ਅਤੇ ਪੇਂਡੂ ਤੇ ਕਿਸਾਨੀ ਵੋਟ ਸ਼੍ਰੋਮਣੀ ਅਕਾਲੀ ਦਲ ਦੇ ਸਹਾਰੇ ਛੱਡ ਦਿੱਤੀ ਹੋਵੇ। ਜ਼ਰੂਰੀ ਨਹੀਂ ਕਿ ਭਾਰਤੀ ਜਨਤਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਧੜੇ ਨਾਲ ਹੀ ਗਠਜੋੜ ਕਰਨ ਦੀ ਇੱਛਾ ਰੱਖਦੀ ਹੋਵੇ ਪਾਰਟੀ ਦੀ ਟੇਕ ਸੁਧਾਰ ਲਹਿਰ ਵੱਲ ਵੀ ਹੋ ਸਕਦੀ ਹੈ। ਸਿਆਸੀ ਪੰਡਤ ਇਹ ਵੀ ਮੰਨਦੇ ਹਨ ਵਿਧਾਨ ਸਭਾ ਦੀ ਆਗਿਆ ਚੋਣਾਂ ਵੇਲੇ ਅਕਾਲੀ ਭਾਜਪਾ ਦਾ ਚੋਣ ਸਮਝੌਤਾ ਹੋਣ ਨਾਲ ਪੰਜਾਬ ਵਿੱਚ ਮੁੜ ਤੋਂ ਨਵੀਂ ਸ਼ੁਰੂਆਤ ਹੋ ਸਕਦੀ ਹੈ। ਪਿਛਲੇ ਚੋਣ ਸਮਝੌਤੇ ਵੱਲੋਂ ਪੰਜਾਬ ਦੀਆਂ 117 ਸੀਟਾਂ ਵਿੱਚੋਂ ਭਾਜਪਾ ਨੂੰ ਕੇਵਲ 23 ਨਾਲ ਸਬਰ ਕਰਨਾ ਪੈਂਦਾ ਰਿਹਾ ਹੈ। ਇਸ ਵਾਰ ਚੋਣ ਗੱਠਜੋੜ ਹੁੰਦਾ ਹੈ ਤਾਂ ਤਸਵੀਰ ਵੱਖਰੀ ਤਰ੍ਹਾਂ ਦੀ ਹੋਵੇਗੀ।

ਸੁਨੀਲ ਜਾਖੜ ਭਾਜਪਾ ਦਾ ਪ੍ਰਧਾਨ ਹੁੰਦਿਆਂ ਮੁੜ ਤੋਂ ਗੱਠਜੋੜ 'ਤੇ ਹੱਕ ਵਿੱਚ ਭੁਗਤਦੇ ਰਹੇ ਹਨ। ਉਹਨਾਂ ਨੇ ਤਾਂ ਸੁਖਦੇਵ ਸਿੰਘ ਢੀਂਡਸਾ ਦੇ ਭੋਗ ਵੇਲੇ ਅਕਾਲੀਆਂ ਨੂੰ ਚੇਤਾਵਨੀ ਦੇ ਦਿੱਤੀ ਸੀ ਕਿ ਆਪਣੀ ਵਿਰਾਸਤ ਹਾਲੇ ਵੀ ਸੰਭਾਲ ਲਵੋ ਇੰਝ ਨਾ ਹੋਵੇ ਕਿ ਕੋਈ ਹੋਰ ਇੰਤਕਾਲ ਕਰਾ ਜਾਵੇ। ਕਾਂਗਰਸ ਵਿੱਚ ਵੀ ਹੁੰਦਿਆਂ ਸੁਨੀਲ ਜਾਖੜ ਦਾ ਬਾਦਲ ਪਰਿਵਾਰ ਨਾਲ ਰਿਸ਼ਤਾ ਸਨੇਹ ਭਰਿਆ ਰਿਹਾ ਹੈ।

ਉਹ ਇਹ ਵੀ ਸਕਦਾ ਹੈ ਕਿ ਸੁਨੀਲ ਜਾਖੜ ਤੇ ਅਸ਼ਵਨੀ ਸ਼ਰਮਾ ਦਾ ਜੋੜ ਇੱਕ ਉਦਾਹਰਨ ਬਣ ਜਾਵੇ, ਜਿਸ ਦਾ ਪੰਜਾਬ ਦੀ ਸਿਆਸਤ ਤੇ ਵੋਟਰਾਂ ਉੱਤੇ ਸਿੱਧਾ ਪ੍ਰਭਾਵ ਪੈ ਸਕਦਾ ਹੈ। ਉਹ ਇਹ ਵੀ ਹੋ ਸਕਦਾ ਕਿ ਭਾਜਪਾ ਦੇ ਨਵੇਂ ਕੌਮੀ ਪ੍ਰਧਾਨ ਬਣਨ ਤੋਂ ਬਾਅਦ ਸੁਨੀਲ ਜਾਖੜ ਤੋਂ ਮੁਕੰਮਲ ਜ਼ਿੰਮੇਵਾਰੀ ਵਾਪਸ ਲੈ ਲਈ ਜਾਵੇ।

ਸੁਨੀਲ ਜਾਖੜ ਨੇ ਕਾਂਗਰਸ ਨੂੰ ਉਸ ਵੇਲੇ ਅਲਵਿਦਾ ਕਹਿ ਦਿੱਤਾ ਸੀ ਜਦੋਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਂਭੇ ਕਰਨ ਤੋਂ ਬਾਅਦ ਵੋਟਾਂ ਦੇ ਹਿਸਾਬ ਨਾਲ ਨਵੇਂ ਮੁੱਖ ਮੰਤਰੀ ਦਾ ਗੁਨਾਹ ਉਸ ਉੱਤੇ ਪੈ ਰਿਹਾ ਸੀ। ਕਾਂਗਰਸ ਨੇ ਆਪਣਾ ਫੈਸਲਾ ਇਸ ਕਰਕੇ ਬਦਲ ਲਿਆ ਕਿਉਂਕਿ ਉਹ ਪੰਜਾਬ ਨੂੰ ਇੱਕ ਸਿੱਖ ਮੁੱਖ ਮੰਤਰੀ ਦੇਣਾ ਚਾਹੁੰਦੇ ਸਨ। ਨਵਜੋਤ ਸਿੰਘ ਸਿੱਧੂ ਅਤੇ ਸੁਖਜਿੰਦਰ ਸਿੰਘ ਰੰਧਾਵਾ ਤੋਂ ਹੁੰਦੀ ਹੋਈ ਚਰਨਜੀਤ ਸਿੰਘ ਚੰਨੀ 'ਤੇ ਆ ਕੇ ਮੁਖੀ ਸੀ। ਸੁਨੀਲ ਜਾਖੜ ਇੱਕ ਸੁਲਝੇ ਹੋਏ ਸਿਆਸਤਦਾਨ ਹਨ। ਉਹਨਾਂ ਦਾ ਆਸਾਨੀ ਨਾਲ ਕਾਫੀ ਨਿੱਘਾ ਰਿਸ਼ਤਾ ਹੈ। ਦੱਸਿਆ ਤੇ ਇਹ ਵੀ ਜਾਂਦਾ ਹੈ ਕਿ ਉਹ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਸੰਦ ਸਨ।

ਭਾਰਤੀ ਜਨਤਾ ਪਾਰਟੀ ਨੂੰ ਸੁਨੀਲ ਜਾਖੜ ਦੇ ਪ੍ਰਧਾਨ ਹੁੰਦਿਆਂ ਅਸ਼ਵਨੀ ਸ਼ਰਮਾ ਨੂੰ ਅਚਨਚੇਤ ਵਰਕਿੰਗ ਪ੍ਰਧਾਨ ਲਾਉਣ ਦਾ ਫੁਰਨਾ ਕਿਸ ਕਰਕੇ ਫੁਰਿਆ, ਇਸ ਦਾ ਅੰਦਰਲਾ ਸੱਚ ਹਾਲੇ ਬਾਹਰ ਆਉਣੋਂ ਰਹਿੰਦਾ ਹੈ। ਭਾਜਪਾ ਇੱਕ ਅਨੁਸ਼ਾਸਨ ਪਸੰਦ ਪਾਰਟੀ ਹੈ। ਇਸ ਵਿੱਚ ਬਗ਼ਾਵਤ ਨੂੰ ਕੋਈ ਥਾਂ ਨਹੀਂ ਹੈ। ਉਮੀਦ ਤਾਂ ਉਹ ਰੱਖਣੀ ਬਣਦੀ ਹੈ ਕਿ ਸੁਨੀਲ ਜਾਖੜ ਤੇ ਅਸ਼ਵਨੀ ਸ਼ਰਮਾ ਪੰਜਾਲੀ ਭੰਨਣਗੇ। ਸਿਆਸਤ ਤੇ ਸਮਾਂ ਕਿਸੇ ਨੂੰ ਬਖਸ਼ਦੇ ਨਹੀਂ। ਸਿਆਸਤਦਾਨ ਕਿਸੇ ਦੇ ਮਿੱਤ ਨਹੀਂ ਹੁੰਦੇ। ਇਸ ਕਰਕੇ ਸਾਰਾ ਕੁਝ ਸਮੇਂ 'ਤੇ ਛੱਡਣਾ ਬਣਦਾ ਹੈ। ਇੱਕ ਗੱਲ ਪੱਕੀ ਹੈ ਕਿ ਭਾਜਪਾ ਅਗਲੀਆਂ ਚੋਣਾਂ ਨੂੰ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣ ਦੀ ਸਿੱਕ ਆਪਣੇ ਦਿਲ ਵਿੱਚ ਪਲੋਸਦੀ ਆ ਰਹੀ ਹੈ। ਪੰਜਾਬੀ ਵੀ ਅਕਾਲੀਆਂ, ਕਾਂਗਰਸੀਆਂ ਅਤੇ ਆਪ ਨੂੰ ਦੇਖਣ ਤੋਂ ਬਾਅਦ ਭਾਜਪਾ ਵੱਲ ਵੱਡੀ ਆਸ ਲਾਈ ਬੈਠੇ ਹਨ। ਭਾਰਤੀ ਜਨਤਾ ਪਾਰਟੀ ਨੇ ਪੰਜਾਬ ਪੱਖੀ ਪਹੁੰਚ ਅਪਣਾ ਲਈ ਤਾਂ ਦੋਨਾਂ ਧਿਰਾਂ ਦੇ ਸੁਪਨਿਆਂ ਨੂੰ ਬੂਰ ਪੈ ਸਕਦਾ ਹੈ।

# ਗਨ ਗਲੋਰੀ ਤੇ ਲੱਚਰਤਾ ਦੇ ਦਿਖਾਵੇ ਦਾ ਨਵਾਂ ਸੱਭਿਆਚਾਰ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156

ਅੱਜ ਪੰਜਾਬ ਵਿਚ ਚਾਰ ਦਹਾਕਿਆਂ ਤੋਂ ਚੱਲ ਰਿਹਾ ਮਾਨਸਿਕ ਤੇ ਸਮਾਜਿਕ ਸੰਤਾਪ ਹੁਣ ਪੰਜਾਬ ਦੀ ਨਵੀਂ ਪਹਿਚਾਣ ਦਾ ਉਹ ਰੂਪ ਹੈ, ਜਿਸ 'ਤੇ ਕਦੇ ਵੀ ਪੰਜਾਬ ਨੂੰ ਮਾਣ ਨਹੀਂ ਹੋ ਸਕਦਾ।

ਅੱਜ ਗਨ ਗਲੋਰੀ ਤੇ ਲੱਚਰਤਾ ਦੇ ਰੁਝਾਨ ਨੇ ਗੈਂਗਸਟਰ ਨਸ਼ਿਆਂ ਅਤੇ ਫੋਕੀ ਟੌਰ ਦੇ ਪ੍ਰਗਟਾਵੇ ਨੇ ਪੰਜਾਬੀਆਂ ਦੇ ਸ਼ਾਨਾਮੱਤੇ ਤੇ ਮਾਣਮੱਤੇ ਵਿਹਾਰ ਅਤੇ ਸਭਿਆਚਾਰ ਨੂੰ ਜੋ ਢਾਅ ਲਾਈ ਹੈ, ਉਸ ਦੀ ਕੋਈ ਕੀਮਤ ਹੈ ਤਾਂ ਉਹ ਹੈ ਬਦਲਦਾ ਹੋਇਆ ਪੰਜਾਬ ਤੇ ਉਸਦੀ ਬਿਮਾਰ ਮਾਨਸਿਕਤਾ ਅਤੇ ਉਹ ਪ੍ਰਵਿਰਤੀ, ਜਿਸ ਵਿੱਚ ਉਸਦੀ ਵਿਲੱਖਣ ਸ਼ਖਸੀਅਤ ਕੱਢ ਕਾਠੀ ਅਤੇ ਉਸ ਦਾ ਕਿਰਦਾਰ ਖਤਮ ਹੁੰਦਾ ਦਿਖਾਈ ਦਿੰਦਾ ਹੈ। ਹੁਣ ਅੱਜ ਜੋ ਪੰਜਾਬ ਹੈ ਉਸ ਵਿੱਚ ਉਸਦੀ ਡੈਮੋਗ੍ਰਾਫਿਕ ਪਹਿਚਾਣ ਬਿਲਕੁਲ ਬਦਲ ਗਈ ਹੈ। ਪੰਜਾਬ ਦੀ ਜਵਾਨੀ ਦਾ ਜਿਸ ਤਰਾਂ ਪਲਾਇਨ ਤੇ ਨਸ਼ਿਆਂ ਨੇ ਪੰਜਾਬ ਦੀ ਰਾਜਸੀ ਤੇ ਸਮਾਜਿਕ ਅਸਥਿਰਤਾ ਨੇ ਜਿਸ ਪੰਜਾਬ ਦੀ ਤਸਵੀਰ ਨੂੰ ਪੇਸ਼ ਕੀਤਾ ਹੈ ਉਹ ਕਦੇ ਵੀ ਸਾਡਾ ਪੰਜਾਬ ਨਹੀਂ ਸੀ। ਅਜੇ ਵੀ ਜਾਗਣ ਦਾ ਵੇਲਾ ਹੈ। ਅਜੇ ਵੀ ਪੰਜਾਬ ਦੀ ਧਰਤੀ 'ਤੇ ਪੰਜਾਬ ਦਾ ਜਾਗਰੂਕ ਸੱਭਿਆਚਾਰਕ ਕਦਰਾਂ ਕੀਮਤਾਂ ਤੇ ਸ਼ਾਨਾਮੱਤਾ ਇਤਿਹਾਸ ਇਸ ਵਰਤਮਾਨ ਨੂੰ ਠੀਕ ਕਰ ਸਕਦਾ ਹੈ। ਇਸ ਬਾਰੇ ਪੜਚੋਲ ਕਰਦੇ ਹੋਏ ਅਸੀਂ ਦੇਖ ਸਕਦੇ ਹਾਂ ਕਿ ਆਉਣ ਵਾਲੇ ਦਿਨਾਂ ਦਾ ਪੰਜਾਬ ਤੇ ਭਵਿੱਖ ਵਿੱਚ ਪੰਜਾਬ ਦੀ ਤਸਵੀਰ ਕਿਹੋ ਜਿਹੀ ਹੋਵੇਗੀ। ਇਤਿਹਾਸ ਗਵਾਹ ਹੈ ਕਿ ਪੰਜਾਬ, ਪੰਜ ਦਰਿਆਵਾਂ ਦੀ ਧਰਤੀ, ਆਪਣੀ ਜੀਵੰਤ ਸਭਿਆਚਾਰਕ ਵਿਰਾਸਤ, ਖੁੱਲ੍ਹਦਿਲੀ ਅਤੇ ਪੰਜਾਬੀਅਤ ਦੀ ਪਹਿਚਾਣ ਲਈ ਜਾਣਿਆ ਜਾਂਦਾ ਹੈ ਪਰ ਪਿਛਲੇ ਕੁਝ ਦਹਾਕਿਆਂ ਵਿੱਚ, ਪੰਜਾਬ ਦਾ ਸਮਾਜਿਕ ਅਤੇ ਸਿਆਸੀ ਮਾਹੌਲ ਤੇਜ਼ੀ ਨਾਲ ਬਦਲ ਰਿਹਾ ਹੈ। ਗਨ ਗਲੋਰੀ ਅਤੇ ਫੋਕੀ ਟੌਰ ਦਾ ਵੱਧਦਾ ਪ੍ਰਭਾਵ, ਨਸ਼ਿਆਂ ਦੀ ਸਮੱਸਿਆ, ਰਾਜਨੀਤਿਕ ਅਸਥਿਰਤਾ ਅਤੇ ਬਦਲਦੇ ਸਮਾਜਿਕ ਰਹਿਣ-ਸਹਿਣ ਨੇ ਪੰਜਾਬੀਅਤ ਦੀ ਪਰਿਭਾਸ਼ਾ ਨੂੰ ਨਵੇਂ ਸਿਰੇ ਤੋਂ ਪੜਤਾਲਣ ਦੀ ਲੋੜ ਪੈਦਾ ਕਰ ਦਿੱਤੀ ਹੈ। ਇਨ੍ਹਾਂ ਮੁੱਦਿਆਂ ਦੀ ਡੂੰਘਾਈ ਨਾਲ ਜਾਂਚ ਕਰਦਿਆਂ ਅਸੀਂ ਭਵਿੱਖ ਅਤੇ ਪੰਜਾਬ ਦੇ ਸੰਭਾਵੀ ਰੂਪ ਦੀ ਚਰਚਾ ਵਿੱਚ ਗਨ ਗਲੋਰੀ ਅਤੇ ਫੋਕੀ ਟੌਰ ਦਾ ਸਭਿਆਚਾਰ ਤੇ ਪੱਛਮੀ ਸੱਭਿਆਚਾਰ ਦਾ ਪ੍ਰਗਟਾਵਾ ਵੇਖ ਸਕਦੇ ਹਾਂ। ਪੰਜਾਬ ਦੀ ਸਭਿਆਚਾਰਕ ਪਹਿਚਾਣ ਨੂੰ ਗੀਤ-ਸੰਗੀਤ, ਬੋਲੀਆਂ ਅਤੇ ਭੰਗੜੇ ਵਰਗੇ ਜੀਵੰਤ ਪ੍ਰਗਟਾਵਿਆਂ ਨੇ ਹਮੇਸ਼ਾ ਮਜ਼ਬੂਤ ਕੀਤਾ ਹੈ ਪਰ, ਪਿਛਲੇ ਦੋ ਦਹਾਕਿਆਂ ਵਿੱਚ, ਪੰਜਾਬੀ ਸੰਗੀਤ ਅਤੇ ਸਮਾਜ ਵਿੱਚ ਗਨ ਗਲੋਰੀ (ਹਥਿਆਰਾਂ ਦੀ ਸ਼ਾਨ) ਅਤੇ ਫੋਕੀ ਟੌਰ (ਬਿਨ੍ਹਾਂ ਮਕਸਦ ਦੀ ਭਟਕਣ) ਦਾ ਇੱਕ ਨਵਾਂ ਰੁਝਾਨ ਵਧਿਆ ਹੈ। ਸਾਡੇ ਬਹੁਤ ਸਾਰੇ ਪੰਜਾਬੀ ਗੀਤ ਹੁਣ ਹਥਿਆਰਾਂ, ਗੈਂਗਸਟਰਵਾਦ ਅਤੇ ਜਾਤੀਵਾਦੀ ਫਖਰ ਨੂੰ ਮਹਿਮਾਮੰਡਨ ਕਰਦੇ ਨਜ਼ਰ ਆਉਂਦੇ ਹਨ। ਇਹ ਸਭਿਆਚਾਰ, ਜੋ ਮੁੱਖ ਤੌਰ 'ਤੇ ਨੌਜਵਾਨ ਪੀੜ੍ਹੀ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਮਾਜ ਵਿੱਚ ਹਿੰਸਕ ਵਿਵਹਾਰ ਅਤੇ ਗੈਂਗ ਕਲਚਰ ਨੂੰ ਹੀ ਵਧਾਉਣ ਲਈ ਜ਼ਿੰਮੇਵਾਰ ਰਿਹਾ ਹੈ।ਇਸ ਦਾ ਅਸਰ ਕਾਨੂੰਨ ਅਤੇ ਵਿਵਸਥਾ (ਲਾਅ ਐਂਡ ਆਰਡਰ) ਦੀ ਸਥਿਤੀ 'ਤੇ ਵੀ ਪੈ ਰਿਹਾ ਹੈ। ਪੰਜਾਬ ਵਿੱਚ ਹਥਿਆਰਬੰਦ ਗਰੋਹਾਂ ਦੀ ਵਧਦੀ ਗਿਣਤੀ, ਗੈਂਗਵਾਰ ਅਤੇ ਨਸ਼ਿਆਂ ਦੀ ਤਸਕਰੀ ਨੇ ਪੁਲਿਸ ਅਤੇ ਪ੍ਰਸ਼ਾਸਨ ਲਈ ਗੰਭੀਰ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਨਸ਼ਿਆਂ ਦੀ ਸਮੱਸਿਆ, ਜੋ ਇੱਕ ਅੰਦਾਜ਼ੇ ਮੁਤਾਬਕ ਪੰਜਾਬ ਦੇ 66 ਲੱਖ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕਰ ਰਹੀ ਹੈ, ਇਸ ਸੱਭਿਆਚਾਰ ਨੂੰ ਹੋਰ ਜਟਿਲ ਬਣਾਉਂਦੀ ਹੈ।

ਸਾਡੇ ਪਿੰਡਾਂ ਦੇ ਨੌਜਵਾਨ, ਜੋ ਪੰਜਾਬ ਦਾ ਭਵਿੱਖ ਹਨ, ਨਸ਼ਿਆਂ, ਹਥਿਆਰਾਂ ਅਤੇ ਗੈਂਗਸਟਰਵਾਦ ਦੀ ਚਪੇਟ ਵਿੱਚ ਆ ਰਹੇ ਹਨ, ਜਿਸ ਨਾਲ ਸਮਾਜ ਦੀ ਸਥਿਰਤਾ 'ਤੇ ਸਵਾਲ ਉੱਠ ਰਹੇ ਹਨ। ਅੱਜ ਬਦਲਦੇ ਪੰਜਾਬ ਦੀ ਪਹਿਚਾਣ ਹੈ, ਗਨ ਗਲੋਰੀ, ਫੋਕੀ ਟੌਰ ਅਤੇ ਭਵਿੱਖ ਦੇ ਸਵਾਲਾਂ ਤੋਂ ਪਲਾਯਨ ਹੈ। ਇੱਕ ਸਮਾਂ ਸੀ ਜਦ ਪੰਜਾਬ ਦੀ ਪਹਿਚਾਣ ਸਾਂਝ, ਸਦਭਾਵਨਾ, ਖੇਤੀਬਾੜੀ ਤੇ ਪੰਜਾਬੀ ਸੱਭਿਆਚਾਰ ਦੇ ਨਾਲ਼ ਹੁੰਦੀ ਸੀ। ਪਰ ਆਖਰੀ ਦਹਾਕੇ ਵਿਚ ਜਿਹੜੀ ਤਰ੍ਹਾਂ ਗਨ ਗਲੋਰੀ (ਹਥਿਆਰਾਂ ਦੀ ਪ੍ਰਦਰਸ਼ਨਕਾਰੀ) ਤੇ ਫੋਕੀ ਟੌਰ (ਸੋਸ਼ਲ ਮੀਡੀਆ ਤੇ ਦੁਨੀਆ ਦੇ ਅਖਾੜੇ ਲਈ ਰਚੇ ਆਭਾਸੀ ਜੀਵਨ) ਦਾ ਰੁਝਾਨ ਵਧਿਆ ਹੈ, ਉਸ ਨੇ ਪੰਜਾਬ ਦੀ ਰਵਾਇਤੀ ਪੰਜਾਬੀਅਤ ਨੂੰ ਨਵੀਆਂ ਚੁਣੌਤੀਆਂ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ।

ਹੁਣ ਗਨ ਗਲੋਰੀ ਅਰਥਾਤ ਹਥਿਆਰ ਤੇ ਅਪਰਾਧਕ ਸ਼ੋਭਾ ਸਟੇਟਸ ਸਿੰਬਲ ਬਣ ਗਿਆ ਹੈ। ਅੱਜਕੱਲ੍ਹ ਨੌਜਵਾਨ ਹੱਥਾਂ ਵਿਚ ਹਥਿਆਰ ਫੜ ਕੇ ਵੀਡੀਓ ਬਣਾਉਂਦੇ ਹਨ, ਗੀਤਾਂ ਵਿਚ ਗੋਲੀਆਂ, ਜੇਲ੍ਹਾਂ ਅਤੇ ਗੈਂਗਸਟਰ ਰੂਪੀਆਂ ਦੀ ਗੱਲ ਕੀਤੀ ਜਾਂਦੀ ਹੈ। ਇੰਸਟਾਗ੍ਰਾਮ 'ਤੇ ਰੀਲਾਂ 'ਚ ਧਾਕੜ ਬਣਨ ਦੀ ਦੌੜ ਨੇ ਹਿੰਸਾ ਨੂੰ ਰੋਮਾਂਚਕ ਰੂਪ ਦਿੱਤਾ ਹੈ। ਹੁਣ ਇਹ ਸਿਰਫ਼ ਇਕ ਸੋਸ਼ਲ ਰੁਝਾਨ ਨਹੀਂ, ਬਲਕਿ ਇਸ ਨਾਲ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਵੀ ਖ਼ਰਾਬ ਕਰ ਰਿਹਾ ਹੈ। ਅੱਜ ਇਹ ਸਭ ਲੋਕ ਰਾਜਨੀਤੀ ਤੇ ਫ਼ਿਲਮ ਇੰਡਸਟਰੀ ਨਾਲ ਜੁੜ ਰਹੇ ਹਨ। ਪੰਜਾਬ ਦਾ ਲੱਚਰਤਾ ਨਾਲ ਭਰਿਆ ਇਹ ਢਾਂਚਾ ਇਸਦੀ ਇੱਕ ਵੱਡੀ ਮਿਸਾਲ ਹੋਰ ਹੈ ਜਿੱਥੇ ਇਹ ਪ੍ਰਦਰਸ਼ਨ ਸਟੇਜਾਂ 'ਤੇ ਕੀਤਾ ਜਾਣਾ ਇਕ ਫੈਸ਼ਨ ਵਜੋਂ ਹੋ ਗਿਆ ਹੈ ਤੇ ਹੁਣ ਵਿਦਿਆਰਥੀ ਹਿੰਸਾ ਦੀ ਵਡਿਆਈ ਕਰ ਰਹੇ ਹਨ। ਇਸ ਤਰ੍ਹਾਂ ਪ੍ਰਸ਼ਾਸਨ ਦੀ ਚੁਣੌਤੀ ਵਧੀ ਹੈ ਤੇ ਸਾਮਾਜਿਕ ਡਰ ਬਣਿਆ ਹੋਇਆ ਹੈ। ਅੱਜ ਪੰਜਾਬ ਵਿਚ ਫੋਕੀ ਟੌਰ ਤੇ ਆਭਾਸੀ ਜੀਵਨ ਦੇ ਸੋਸ਼ਲ ਮੀਡੀਆ ਦੇ ਰੁਝਾਨ ਨੇ ਜਿੱਥੇ ਜਾਣਕਾਰੀ ਦਾ ਰਸਤਾ ਖੋਲ੍ਹਿਆ, ਓਥੇ ਹੀ ਲੋਕੀ ਆਪਣੀ ਅਸਲ ਹਸਤੀ ਨੂੰ ਛੱਡ ਕੇ ਨਕਲੀ ਲਾਈਫਸਟਾਈਲ ਦੇ ਪਿੱਛੇ ਲੱਗ ਗਏ ਹਨ। ਵਿਦੇਸ਼ੀ ਟੂਰਾਂ ਦੀ ਦਿਖਾਵਟੀ ਭੁੱਖ, ਬ੍ਰਾਂਡਡ ਪੁਸ਼ਾਕਾਂ ਅਤੇ ਲੱਗਜ਼ਰੀ ਗੱਡੀਆਂ ਦੀ ਨਕਲ ਨੇ ਨੌਜਵਾਨ ਪੀੜ੍ਹੀ ਨੂੰ ਕਰਜ਼ਿਆਂ, ਨਸ਼ਿਆਂ ਤੇ ਅਪਰਾਧ ਵੱਲ ਧੱਕ ਦਿੱਤਾ ਹੈ।ਹੁਣ ਪੰਜਾਬੀਅਤ ਦੀ ਪਹਿਚਾਣ ਖ਼ਤਰੇ ਵਿਚ ਪੈ ਗਈ ਹੈ। ਜਿਥੇ ਪੁਰਾਣਾ ਪੰਜਾਬ ਗੁਰੂਆਂ, ਵਿਰਾਸਤੀ ਮਹਿਲਾਂ ਤੇ ਸਾਂਝੀ ਸੱਭਿਆਚਾਰ ਦੀ ਪਹਿਚਾਣ ਸੀ, ਅੱਜ ਕੱਲ੍ਹ ਇਹ ਪਹਿਚਾਣ ਪੂਰੀ ਤਰ੍ਹਾਂ ਗੁੰਮ ਹੋ ਰਹੀ ਹੈ ਤੇ ਹੁਣ ਲੋਕ-ਗੀਤਾਂ ਦੀ ਥਾਂ ਗੈਂਗਸਟਰ ਰੈਪ ਨੇ ਲੈ ਲਈ।

ਸਾਡੇ ਗੁਰੂ ਸਾਹਿਬਾਂ ਦੇ ਉਪਦੇਸ਼ਾਂ ਦੀ ਥਾਂ ਸ਼ੋਰ- ਸ਼ਰਾਬੇ ਨੇ ਅੱਜ ਸਭ ਬਦਲ ਦਿੱਤਾ ਹੈ। ਹੁਣ ਸਿਆਸਤ ਵੀ ਇਨ੍ਹਾਂ ਰੁਝਾਨਾਂ ਨੂੰ ਵੋਟ ਬੈਂਕ ਵਜੋਂ ਵੇਖ ਰਹੀ ਹੈ, ਨਾ ਕਿ ਰੋਕ ਵਜੋਂ। ਲਾਅ ਐਂਡ ਆਰਡਰ ਸਖ਼ਤੀ ਨੇ ਕਈ ਠੋਸ ਕਾਰਵਾਈਆਂ ਕੀਤੀਆਂ ਹਨ (ਗੈਂਗਸਟਰਾਂ ਦੇ ਐਨਕਾਊਂਟਰ, ਹਥਿਆਰਾਂ ਦੀ ਰਿਕਵਰੀ, ਡਰੱਗ ਮਾਫੀਆ ਉੱਤੇ ਕਾਰਵਾਈ)। ਪਰ ਜਦ ਤੱਕ ਨੌਜਵਾਨਾਂ ਦੀ ਸੋਚ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ, ਲਾਅ ਐਂਡ ਆਰਡਰ ਸਿਰਫ਼ ਉਪਚਾਰਕ ਹਥਕੰਡਾ ਹੀ ਰਹੇਗਾ।

ਹੁਣ ਭਵਿੱਖ ਦਾ ਪੰਜਾਬ ਵਿੱਚ ਇਕ ਸੰਘਰਸ਼ ਦਾ ਰਸਤਾ ਹੈ ਜੇ ਅੱਜ ਸਿੱਖਿਆ ਪ੍ਰਣਾਲੀ, ਸੱਭਿਆਚਾਰਕ ਆਧਾਰ, ਨੈਤਿਕ ਮੂਲ ਤੇ ਆਧੁਨਿਕ ਟੈਕਨੋਲੋਜੀ ਵਿਚ ਸਥਿਰਤਾ ਲਿਆਈ ਜਾਵੇ, ਤਾਂ ਪੰਜਾਬ ਅਜੇ ਵੀ ਨੌਜਵਾਨਾਂ ਲਈ ਰੋਜ਼ਗਾਰ ਵਾਲਾ ਹੋ ਸਕਦਾ ਹੈ। ਇਥੇ ਸਰਕਾਰ ਦੇ ਯਤਨ ਹੋਰ ਅਸਰਦਾਇਕ ਹੋ ਸਕਦੇ ਹਨ। ਉਹ ਸਾਂਝ ਤੇ ਭਾਈਚਾਰੇ ਨੂੰ ਵਧਾਵੇ ਤੇ ਰਾਜਨੀਤਿਕ ਚੋਣਾਂ ਵਿਚ ਨਵੀ ਪੀੜ੍ਹੀ ਦੀ ਭਾਗੀਦਾਰੀ ਕਰੇ, ਤਾਂ ਕਿ ਉਹ ਆਵਾਜ਼ ਉਠਾਉਣ ਵਾਲੇ ਨਾ ਕਿ ਰੀਲਾਂ ਬਣਾਉਣ ਵਾਲੇ ਬਣ ਸਕਣ।

ਹੁਣ ਪੰਜਾਬ ਦੇ ਭਵਿੱਖ ਦੀ ਲਕੀਰ ਅਜੇ ਵੀ ਸਾਫ਼ ਨਹੀਂ। ਗਨ ਗਲੋਰੀ ਅਤੇ ਫੋਕੀ ਟੌਰ ਸਿਰਫ਼ ਦਿਖਾਵਾ ਹਨ, ਪਰ ਇਹ ਦਿਖਾਵਾ ਕਾਫ਼ੀ ਮਹਿੰਗਾ ਸਾਬਤ ਹੋ ਸਕਦਾ ਹੈ ਜੇਕਰ ਸਮਾਜ ਤੇ ਸਰਕਾਰ ਨੇ ਚੁਸਤ ਕਾਰਵਾਈ ਨਾ ਕੀਤੀ। ਪੰਜਾਬੀਅਤ ਦੀ ਪਛਾਣ ਦੀ ਰੱਖਿਆ ਤੇ ਨੌਜਵਾਨਾਂ ਦੀ ਸੋਚ ਨੂੰ ਨਵੀਂ ਦਿਸ਼ਾ ਦੇਣ ਨਾਲ ਹੀ ਪੰਜਾਬ ਸਿਰਫ ਇੱਕ ਸੂਬਾ ਨਹੀਂ, ਇੱਕ ਰੂਹਾਨੀ ਤੇ ਸਾਂਝੀ ਸੋਚ ਦਾ ਨਕਸ਼ਾ ਬਣ ਸਕਦਾ ਹੈ ਪਰ ਬਦਲਦਾ ਸਮਾਜਿਕ ਰਹਿਣ-ਸਹਿਣ ਅਤੇ ਪੰਜਾਬੀਅਤ ਦੀ ਪਹਿਚਾਣ ਦਾ ਮਸਲਾ ਹੁਣ ਪੰਜਾਬੀਅਤ, ਜੋ ਪੰਜਾਬੀ ਭਾਸ਼ਾ, ਸਭਿਆਚਾਰ, ਰਹਿਣ-ਸਹਿਣ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਹੈ, ਆਧੁਨਿਕਤਾ ਅਤੇ ਵਿਸ਼ਵੀਕਰਨ ਦੇ ਦਬਾਅ ਹੇਠ ਬਦਲ ਰਹੀ ਹੈ। ਇਕ ਸਰਵੇਖਣ ਅਨੁਸਾਰ, ਪੰਜਾਬੀਅਤ ਨੂੰ ਅਕਸਰ ਪੰਜਾਬ ਦੀ ਧਰਤੀ ਪ੍ਰਤੀ ਮੋਹ, ਸਮੂਹਿਕ ਸੰਵੇਦਨਸ਼ੀਲਤਾ ਅਤੇ ਰਵਾਇਤੀ ਜੀਵਨਸ਼ੈਲੀ ਨਾਲ ਜੋੜਿਆ ਜਾਂਦਾ ਹੈ ਪਰ, ਅੱਜ ਦੇ ਪੰਜਾਬ ਵਿੱਚ, ਸ਼ਹਿਰੀਕਰਨ, ਪੱਛਮੀ ਸਭਿਆਚਾਰ ਦਾ ਪ੍ਰਭਾਵ ਅਤੇ ਤਕਨੀਕੀ ਤਰੱਕੀ ਨੇ ਰਵਾਇਤੀ ਪੰਜਾਬੀਅਤ ਨੂੰ ਚੁਣੌਤੀ ਦਿੱਤੀ ਹੈ।ਅੱਜ ਪਿੰਡਾਂ ਵਿੱਚ, ਜਿੱਥੇ ਪੰਜਾਬੀਅਤ ਦੀ ਜੜ੍ਹਾਂ ਸਭ ਤੋਂ ਡੂੰਘੀਆਂ ਸਨ, ਛੱਪੜ, ਪੰਛੀ ਅਤੇ ਰਵਾਇਤੀ ਖੇਤੀਬਾੜੀ ਹੌਲੀ-ਹੌਲੀ ਅਲੋਪ ਹੋ ਰਹੇ ਹਨ। ਪੰਜਾਬ ਵਿੱਚ ਚਿੜੀਆਂ ਅਤੇ ਹੋਰ ਪੰਛੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਕਮੀ ਆਈ ਹੈ, ਜੋ ਵਾਤਾਵਰਨਕ ਅਸੰਤੁਲਨ ਅਤੇ ਰਵਾਇਤੀ ਜੀਵਨਸ਼ੈਲੀ ਦੇ ਖਾਤਮੇ ਦਾ ਸੰਕੇਤ ਹੈ। ਸ਼ਹਿਰੀ ਖੇਤਰਾਂ ਵਿੱਚ, ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਅੰਗਰੇਜ਼ੀ ਅਤੇ ਹਿੰਦੀ ਦੇ ਵਧਦੇ ਪ੍ਰਭਾਵ ਨੇ ਪਛਾੜ ਦਿੱਤਾ ਹੈ। ਨੌਜਵਾਨ ਪੀੜ੍ਹੀ, ਜੋ ਸੋਸ਼ਲ ਮੀਡੀਆ ਅਤੇ ਪੱਛਮੀ ਜੀਵਨਸ਼ੈਲੀ ਦੀ ਚਮਕ-ਦਮਕ ਵਿੱਚ ਰੁੱਝੀ ਹੈ, ਪੰਜਾਬੀਅਤ ਨੂੰ ਪੇਂਡੂਪਣ ਨਾਲ ਜੋੜ ਕੇ ਦੇਖਣ ਲੱਗੀ ਹੈ। ਹੁਣ ਇਸ ਦੇ ਨਾਲ ਹੀ, ਸਮਾਜ ਵਿੱਚ ਸ਼ਰਾਬ ਅਤੇ ਨਸ਼ਿਆਂ ਦੀ ਵਧਦੀ ਖਪਤ ਨੇ ਪੰਜਾਬੀਅਤ ਦੇ ਸਮਾਜਿਕ ਮੁੱਲਾਂ, ਜਿਵੇਂ ਸਾਂਝੀਵਾਲਤਾ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਕਮਜ਼ੋਰ ਕੀਤਾ ਹੈ। ਅਨੁਸਾਰ, ਪੰਜਾਬ ਵਿੱਚ ਸ਼ਰਾਬ ਦੀ ਖਪਤ ਸਮਾਜਿਕ ਰੁਤਬੇ ਦੀ ਨਿਸ਼ਾਨੀ ਬਣ ਗਈ ਹੈ, ਜੋ ਨੌਜਵਾਨਾਂ 'ਤੇ ਨਕਾਰਾਤਮਕ ਪ੍ਰਭਾਵ ਪਾ ਰਹੀ ਹੈ। ਇਹ ਸਾਰੇ ਕਾਰਕ ਪੰਜਾਬੀਅਤ ਦੀ ਰਵਾਇਤੀ ਪਹਿਚਾਣ ਨੂੰ ਬਦਲ ਰਹੇ ਹਨ ਅਤੇ ਇਸ ਦੇ ਭਵਿੱਖ ਨੂੰ ਅਨਿਸ਼ਚਿਤ ਬਣਾ ਰਹੇ ਹਨ। ਅੱਜ ਪੰਜਾਬ ਦੀ ਰਾਜਨੀਤਿਕ ਅਤੇ ਸਮਾਜਿਕ ਅਸਥਿਰਤਾ ਦਾ ਪੰਜਾਬ ਦੀ ਰਾਜਨੀਤੀ ਵਿੱਚ ਵੀ ਅਸਥਿਰਤਾ ਦਾ ਦੌਰ ਚੱਲ ਰਿਹਾ ਹੈ। ਪੰਜਾਬ ਵਿੱਚ 1950 ਤੋਂ ਹੁਣ ਤੱਕ ਅੱਠ ਵਾਰ ਰਾਸ਼ਟਰਪਤੀ ਸ਼ਾਸਨ ਲੱਗ ਚੁੱਕਾ ਹੈ, ਜਿਸ ਦਾ ਵੱਡਾ ਹਿੱਸਾ 1980 ਦੇ ਦਹਾਕੇ ਦੇ ਖਾੜਕੂਵਾਦ ਦੇ ਸਮੇਂ ਦੌਰਾਨ ਸੀ। ਅੱਜ, ਆਮ ਆਦਮੀ ਪਾਰਟੀ (ਆਪ), ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਵਿਚਕਾਰ ਸਿਆਸੀ ਖਿੱਚਤਾਣ ਨੇ ਰਾਜਨੀਤਿਕ ਸਥਿਰਤਾ ਨੂੰ ਪ੍ਰਭਾਵਿਤ ਕੀਤਾ ਹੈ। ਆਪ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ 92 ਸੀਟਾਂ ਜਿੱਤ ਕੇ ਸਰਕਾਰ ਬਣਾਈ, ਪਰ ਨਸ਼ਿਆਂ, ਬੇਰੁਜ਼ਗਾਰੀ ਅਤੇ ਖੇਤੀਬਾੜੀ ਸੰਕਟ ਵਰਗੇ ਮੁੱਦਿਆਂ 'ਤੇ ਉਸ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠ ਰਹੇ ਹਨ।

ਸਮਾਜਿਕ ਅਸਥਿਰਤਾ ਦਾ ਇੱਕ ਵੱਡਾ ਕਾਰਨ ਨਸ਼ਿਆਂ ਦੀ ਮਹਾਮਾਰੀ ਹੈ, ਜਿਸ ਨੇ ਪੰਜਾਬ ਦੇ ਨੌਜਵਾਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਸਰਵੇਖਣਾਂ ਅਨੁਸਾਰ 10 ਤੋਂ 17 ਸਾਲ ਦੀ ਉਮਰ ਦੇ 6.97 ਲੱਖ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। ਸਿਆਸੀ ਪਾਰਟੀਆਂ ਦੇ ਇਸ ਮੁੱਦੇ 'ਤੇ ਇਕਜੁਟਤਾ ਦੀ ਘਾਟ ਅਤੇ ਸਰਕਾਰਾਂ ਦੀ ਅਸਫਲਤਾ ਨੇ ਆਮ ਆਦਮੀ ਦਾ ਵਿਸ਼ਵਾਸ ਘੱਟ ਕੀਤਾ ਹੈ। ਇਸ ਦੇ ਨਾਲ ਹੀ, ਧਰਤੀ ਹੇਠਲੇ ਪਾਣੀ ਦੀ ਕਮੀ ਅਤੇ ਵਾਤਾਵਰਨਕ ਸੰਕਟ ਨੇ ਖੇਤੀਬਾੜੀ ਨੂੰ ਪ੍ਰਭਾਵਿਤ ਕੀਤਾ ਹੈ, ਜੋ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਹੈ। ਜੇਕਰ ਪਾਣੀ ਦਾ ਪੱਧਰ ਇਸੇ ਤਰ੍ਹਾਂ ਡਿੱਗਦਾ ਰਿਹਾ, ਤਾਂ 2039 ਤੱਕ ਪੰਜਾਬ ਦੀ ਧਰਤੀ ਬੰਜਰ ਹੋ ਸਕਦੀ ਹੈ।ਅੱਜ ਆਮ ਆਦਮੀ ਦਾ ਭਵਿੱਖ ਅਤੇ ਪੰਜਾਬ ਦੀ ਸੰਭਾਵੀ ਦਿਸ਼ਾ ਅਤੇ ਨੌਜਵਾਨ ਆਦਮੀ, ਜੋ ਪੰਜਾਬ ਦੀ ਜਨਸੰਖਿਆ ਦਾ ਮੁੱਖ ਹਿੱਸਾ ਹੈ, ਅੱਜ ਬੇਰੁਜ਼ਗਾਰੀ, ਨਸ਼ਿਆਂ, ਅਤੇ ਸਮਾਜਿਕ-ਰਾਜਨੀਤਿਕ ਅਸਥਿਰਤਾ ਦੇ ਦਬਾਅ ਹੇਠ ਜੀ ਰਿਹਾ ਹੈ। ਪੰਜਾਬ ਦੇ ਭਵਿੱਖ ਦੀ ਦਿਸ਼ਾ ਕਈ ਕਾਰਕਾਂ 'ਤੇ ਨਿਰਭਰ ਕਰਦੀ ਹੈ ਇਸ ਲਈ ਸਮਾਜਿਕ ਸੁਧਾਰ ਅਤੇ ਸਿੱਖਿਆ ਬੇਹੱਦ ਜ਼ਰੂਰੀ ਹੈ। ਹੁਣ ਪੰਜਾਬੀਅਤ ਨੂੰ ਜੀਵੰਤ ਰੱਖਣ ਲਈ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਸਕੂਲੀ ਸਿੱਖਿਆ ਦਾ ਹਿੱਸਾ ਬਣਾਉਣਾ ਜ਼ਰੂਰੀ ਹੈ। ਨੌਜਵਾਨਾਂ ਨੂੰ ਸਕਾਰਾਤਮਕ ਸੋਚ ਅਤੇ ਸਮਾਜਿਕ ਜ਼ਿੰਮੇਵਾਰੀ ਵੱਲ ਪ੍ਰੇਰਿਤ ਕਰਨ ਲਈ ਸੰਗੀਤ ਅਤੇ ਮੀਡੀਆ ਨੂੰ ਜ਼ਿੰਮੇਵਾਰੀ ਨਾਲ ਵਰਤਣ ਦੀ ਲੋੜ ਹੈ। ਨਸ਼ਿਆਂ 'ਤੇ ਨਿਯੰਤਰਣ ਲਈ ਸਰਕਾਰ ਤੇ ਸਮਾਜ ਨੂੰ ਮਿਲ ਕੇ ਨਸ਼ਿਆਂ ਦੀ ਸਪਲਾਈ ਰੋਕਣ ਅਤੇ ਨਸ਼ਾ ਛੁਡਾਊ ਕੇਂਦਰਾਂ ਦੀ ਸਮਰੱਥਾ ਵਧਾਉਣ 'ਤੇ ਜ਼ੋਰ ਦੇਣਾ ਹੋਵੇਗਾ। ਅੱਜ ਸਰਕਾਰੀ ਅਤੇ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲੱਖਾਂ ਲੋਕਾਂ ਦਾ ਇਲਾਜ ਚੱਲ ਰਿਹਾ ਹੈ, ਪਰ ਇਸ ਨੂੰ ਹੋਰ ਪ੍ਰਭਾਵਸ਼ਾਲੀ ਕਰਨ ਦੀ ਲੋੜ ਹੈ।

ਸਾਡੀ ਮਾਨਸਿਕਤਾ ਵਿੱਚ ਪੰਜਾਬ ਅੱਜ ਇੱਕ ਦੁਵਿਧਾ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਗਨ ਗਲੋਰੀ ਅਤੇ ਫੋਕੀ ਟੌਰ ਦਾ ਸੱਭਿਆਚਾਰ, ਨਸ਼ਿਆਂ ਦੀ ਮਹਾਮਾਰੀ ਅਤੇ ਰਾਜਨੀਤਿਕ ਅਸਥਿਰਤਾ ਨੇ ਰਵਾਇਤੀ ਪੰਜਾਬੀਅਤ ਨੂੰ ਚੁਣੌਤੀ ਦਿੱਤੀ ਹੈ ਪਰ, ਪੰਜਾਬ ਦੀ ਧਰਤੀ ਅਤੇ ਇੱਥੋਂ ਦੇ ਲੋਕਾਂ ਦੀ ਜੀਵਟਤਾ ਨੇ ਹਮੇਸ਼ਾ ਮੁਸ਼ਕਲ ਹਾਲਾਤਾਂ ਵਿੱਚ ਵੀ ਨਵੇਂ ਰਾਹ ਖੋਜੇ ਹਨ। ਜੇਕਰ ਸਰਕਾਰ, ਸਮਾਜ ਅਤੇ ਨੌਜਵਾਨ ਮਿਲ ਕੇ ਸਕਾਰਾਤਮਕ ਸੁਧਾਰਾਂ ਵੱਲ ਕਦਮ ਵਧਾਉਣ, ਤਾਂ ਪੰਜਾਬ ਦਾ ਭਵਿੱਖ ਜੀਵੰਤ, ਸਮਰਪਿਤ ਅਤੇ ਪੰਜਾਬੀਅਤ ਨਾਲ ਭਰਪੂਰ ਹੋ ਸਕਦਾ ਹੈ। ਪੰਜਾਬੀਆਂ ਦੀ ਤਾਕਤ ਅਤੇ ਸਾਂਝੀਵਾਲਤਾ ਦੀ ਭਾਵਨਾ ਹੀ ਹੁਣ ਪੰਜਾਬ ਨੂੰ ਇਸ ਸੰਕਟਮਈ ਦੌਰ ਵਿੱਚੋਂ ਬਾਹਰ ਕੱਢ ਸਕਦੀ ਹੈ।

ਅਜੇ ਵੀ ਜਾਗਣ ਦਾ ਵੇਲਾ ਹੈ ਜੇ ਪੰਜਾਬੀ ਜਾਗ ਪੈਣ ਤਾਂ ਇਕ ਨਵਾਂ ਪੰਜਾਬ ਸਰਕਾਰੀ ਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਸਿਰਜਿਆ ਜਾ ਸਕਦਾ ਹੈ।




# ਸਾਰੇ ਅਧਿਕਾਰੀ ਨਿੱਜੀ ਤੌਰ 'ਤੇ ਅਲਾਟ ਹੋਈਆਂ ਸੜਕਾਂ ਦੇ ਕੰਮ ਵੇਖਣਾ ਯਕੀਨੀ ਬਣਾਉਣ : ਡੀ.ਸੀ.

ਅੰਮ੍ਰਿਤਸਰ, 8 ਜੁਲਾਈ, (ਗੁਰਦਿਆਲ ਸਿੰਘ) : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸ਼ਹਿਰਾਂ ਅਤੇ ਕਸਬਿਆਂ ਦੀਆਂ ਸੜਕਾਂ ਦੀ ਨੁਹਾਰ ਬਦਲਣ ਲਈ ਕੀਤੀ ਗਈ ਪਹਿਲ ਕਦਮੀ ਦੇ ਚੱਲਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਪਹਿਲੇ ਪੜਾਅ ਵਿੱਚ ਜਿਲ੍ਹੇ ਦੀਆਂ 41 ਸੜਕਾਂ ਵੱਖ-ਵੱਖ ਅਧਿਕਾਰੀਆਂ ਨੂੰ ਨਜ਼ਰਸਾਨੀ ਲਈ ਅਲਾਟ ਕਰ ਦਿੱਤੀਆਂ ਹਨ। ਅੱਜ ਇਸ ਸੜਕ ਸੁੰਦਰੀਕਰਨ ਮੁਹਿੰਮ ਤਹਿਤ ਪਲੇਠੀ ਮੀਟਿੰਗ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਸਾਰੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ, ਕਿ ਉਹ ਹਰੇਕ ਅਲਾਟ ਕੀਤੀ ਗਈ ਸੜਕ ਉੱਤੇ ਰੋਜ਼ਾਨਾ ਖ਼ੁਦ ਜਾਣ, ਨਾ ਕਿ ਆਪਣੇ ਕਿਸੇ ਹੋਰ ਜੂਨੀਅਰ ਅਧਿਕਾਰੀ ਨੂੰ ਭੇਜਣ। ਉਹਨਾਂ ਕਿਹਾ ਕਿ ਸੜਕਾਂ ਉੱਤੇ ਖੱਡੇ, ਸੀਵਰੇਜ ਦੇ ਢੱਕਣ, ਪਲਾਂਟੇਸ਼ਨ ਦਾ ਕੰਮ, ਸਟਰੀਟ ਲਾਈਟਾਂ, ਰੋਡ ਮਾਰਕਿੰਗ ਜਾਂ ਉੱਥੇ ਕਿਸੇ ਵੀ ਤਰ੍ਹਾਂ ਦਾ ਕੋਈ ਨਜਾਇਜ਼ ਕਬਜ਼ਾ, ਸੜਕ ਉੱਤੇ ਖਿਲਰਿਆ ਇਮਾਰਤ ਉਸਾਰੀ ਦਾ ਸਮਾਨ ਜਿਵੇਂ ਕਿ ਰੇਤਾ, ਬਜਰੀ ਆਦਿ ਦੇ ਕੰਮ ਨੋਟ ਕਰਕੇ ਰੋਜ਼ਾਨਾ ਗੂਗਲ ਸ਼ੀਟ ਉੱਤੇ ਭਰਨ। ਉਹਨਾਂ ਕਿਹਾ ਕਿ ਕਿਸੇ ਵੀ ਅਧਿਕਾਰੀ ਨੇ ਆਪਣੇ ਕੋਲੋਂ ਜਾਂ ਆਪਣੇ ਵਿਭਾਗ ਵਿੱਚੋਂ ਕੋਈ ਪੈਸਾ ਨਹੀਂ ਲਗਾਉਣਾ ਸਿਰਫ ਨਜ਼ਰਸਾਨੀ ਕਰਨੀ ਹੈ, ਤਾਂ ਜੋ ਉਸ ਸੜਕ ਨਾਲ ਸਬੰਧਤ ਜ਼ਿੰਮੇਵਾਰ ਵਿਭਾਗ ਜਿਵੇਂ ਕਿ ਲੋਕ ਨਿਰਮਾਣ ਵਿਭਾਗ, ਮੰਡੀ ਬੋਰਡ, ਕਾਰਪੋਰੇਸ਼ਨ, ਅੰਮ੍ਰਿਤਸਰ ਵਿਕਾਸ ਅਥੋਰਟੀ ਜਾਂ ਜਿਸ ਵੀ ਵਿਭਾਗ ਦੀ ਉਹ ਸੜਕ ਹੈ, ਉਹ ਉਸ ਸੜਕ ਦਾ ਕੰਮ ਪੂਰਾ ਕਰ ਸਕੇ।

ਉਹਨਾਂ ਸਬੰਧਿਤ ਵਿਭਾਗ ਜਿਨ੍ਹਾਂ ਦੀਆਂ ਸੜਕਾਂ ਹਨ, ਨੂੰ ਵੀ ਹਿਦਾਇਤ ਕੀਤੀ ਕਿ ਉਹ ਉਕਤ 41 ਸੜਕਾਂ ਦੇ ਨੋਡਲ ਅਧਿਕਾਰੀ ਨਿਯੁਕਤ ਕਰਨ ਤਾਂ ਜੋ ਸਬੰਧਤ ਅਧਿਕਾਰੀ ਕਿਸੇ ਵੀ ਲੋੜ ਜਾਂ ਸਹਾਇਤਾ ਲਈ ਉਸ ਨੋਡਲ ਅਧਿਕਾਰੀ ਨਾਲ ਸੰਪਰਕ ਕਰ ਸਕੇ। ਉਹਨਾਂ ਕਿਹਾ ਕਿ ਅਸੀਂ ਪਹਿਲੇ ਪੜਾਅ ਵਿੱਚ ਸ਼ਹਿਰਾਂ ਤੇ ਕਸਬਿਆਂ ਦੀਆਂ ਮੁੱਖ ਸੜਕਾਂ ਹੀ ਸੁੰਦਰੀਕਰਨ ਲਈ ਲਈਆਂ ਹਨ। ਇਸ ਤੋਂ ਅੱਗੇ ਦੂਸਰੇ ਪੜਾਅ ਵਿੱਚ ਹੋਰ ਸੜਕਾਂ ਸ਼ਾਮਿਲ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਰਸਾਤ ਦਾ ਸੀਜਨ ਚੱਲ ਰਿਹਾ ਹੈ, ਸੋ ਪਹਿਲ ਦੇ ਅਧਾਰ ਉੱਤੇ ਸੜਕਾਂ ਵਿੱਚ ਪਏ ਟੋਏ ਅਤੇ ਸੜਕਾਂ ਦੇ ਕਿਨਾਰੇ ਪਲਾਂਟੇਸ਼ਨ ਕਰਵਾਉਣ ਦਾ ਕੰਮ ਵੇਖਣ, ਜਿੱਥੇ ਵੀ ਲੋੜ ਹੈ ਇਸ ਕੰਮ ਨੂੰ ਪੂਰਾ ਕੀਤਾ ਜਾਵੇ।

ਅੱਜ ਦੀ ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਸਹਾਇਕ ਕਮਿਸ਼ਨਰ ਮੈਡਮ ਪਿਯੂਸਾ, ਵਧੀਕ ਕਮਿਸ਼ਨਰ ਕਾਰਪੋਰੇਸ਼ਨ ਸੁਰਿੰਦਰ ਸਿੰਘ, ਜੁਆਇੰਟ ਕਮਿਸ਼ਨਰ ਕਾਰਪੋਰੇਸ਼ਨ ਜੈਵੀਰ ਸਿੰਘ, ਐਸਡੀਐਮ ਮਨਕੰਵਲ ਸਿੰਘ ਚਾਹਲ, ਐਸਡੀਐਮ ਰਵਿੰਦਰ ਸਿੰਘ ਅੰਮ੍ਰਿਤਸਰ ਵਿਕਾਸ ਅਥਾਰਟੀ ਦੇ ਅਧਿਕਾਰੀ ਅਨਾਇਤ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਸਾਬਕਾ ਸਰਪੰਚ ਦਾ ਗੁਆਂਢੀ ਵੱਲੋਂ ਗੋਲ਼ੀਆਂ ਮਾਰ ਕੇ ਕਤਲ

ਅੰਮ੍ਰਿਤਸਰ, 8 ਜੁਲਾਈ, (ਗੁਰਦਿਆਲ ਸਿੰਘ) : ਅੰਮ੍ਰਿਤਸਰ ਦੇ ਕਸਬਾ ਰਾਜਾਸਾਂਸੀ ਦੇ ਪਿੰਡ ਸੈਦੂਪੁਰ ਦੇ ਸਾਬਕਾ ਸਰਪੰਚ ਦਾ ਗੁਆਂਢੀ ਨੇ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਸਰਪੰਚ ਦੀ ਪਛਾਣ ਪਰਵਿੰਦਰ ਸਿੰਘ ਵਜੋਂ ਹੋਈ ਹੈ।



ਜਾਣਕਾਰੀ ਅਨੁਸਾਰ, ਪਰਵਿੰਦਰ ਸਿੰਘ ਦਾ ਆਪਣੇ ਗੁਆਂਢੀ ਦੇ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਚੱਲਦਾ ਆ ਰਿਹਾ ਸੀ। ਇਸੇ ਰੰਜਿਸ਼ ਦੇ ਤਹਿਤ ਪਰਵਿੰਦਰ ਸਿੰਘ ਦੇ ਗੁਆਂਢੀ ਵੱਲੋਂ ਉਸ 'ਤੇ (ਪਰਵਿੰਦਰ) ਗੋਲੀਆਂ ਚਲਾ ਦਿੱਤੀਆਂ ਗਈਆਂ।

ਗੋਲੀਆਂ ਲੱਗਣ ਕਾਰਨ ਪਰਵਿੰਦਰ ਸਿੰਘ ਗੰਭੀਰ ਹਾਲਤ ਵਿੱਚ ਜ਼ਖਮੀ ਹੋ ਗਿਆ ਅਤੇ ਤੁਰੰਤ ਪਰਵਿੰਦਰ ਸਿੰਘ ਹਸਪਤਾਲ ਲਿਜਾਇਆ ਗਿਆ, ਪਰ ਉੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

# ਹਰ ਪਰਿਵਾਰ ਨੂੰ 10 ਲੱਖ ਦਾ ਸਲਾਨਾ ਮੁਫ਼ਤ ਇਲਾਜ ਦੇਣਾ ਆਮ ਆਦਮੀ ਸਰਕਾਰ ਦੀ ਵੱਡੀ ਪ੍ਰਾਪਤੀ : ਧਾਲੀਵਾਲ

## ਰਮਦਾਸ ਵਿਖੇ ਜਨਤਾ ਦਰਬਾਰ 'ਚ ਸੁਣੀਆਂ ਲੋਕਾਂ ਦੀਆਂ ਸ਼ਿਕਾਇਤਾਂ



ਅਜਨਾਲਾ, 8 ਜੁਲਾਈ, (ਸੁਖਦੇਵ ਸਿੰਘ ਖਾਲਸਾ/ਬਬਲੂ ਮਹਾਜਨ) : ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਰਮਦਾਸ ਵਿਖੇ ਜਨਤਾ ਦਰਬਾਰ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ ਅਤੇ ਉਹਨਾਂ ਦੇ ਮਸਲੇ ਹੱਲ ਕਰਦੇ ਹੋਏ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ 'ਚ ਹਰ ਪਰਿਵਾਰ ਨੂੰ 10 ਲੱਖ ਤੱਕ ਦਾ ਸਲਾਨਾ ਮੁਫ਼ਤ ਇਲਾਜ਼ ਜੋ ਸਹੂਲਤ ਦਿੱਤੀ ਹੈ। ਪੰਜਾਬ ਦਾ ਹਰ ਇੱਕ ਵਾਸੀ ਇਸ ਸਕੀਮ ਅਧੀਨ ਇਲਾਜ਼ ਦੀ ਸਹੂਲਤ ਦਾ ਹੱਕਦਾਰ ਹੋਵੇਗਾ, ਬੱਚਾ ਹੋਵੇ ਜਾਂ ਬਜ਼ੁਰਗ ਜਾਂ ਕੋਈ ਬੇਸਹਾਰਾ।

ਉਹਨਾਂ ਕਿਹਾ ਕਿ ਇਸ ਸਕੀਮ ਤਹਿਤ ਇਲਾਜ਼ ਲੈਣ ਲਈ ਕੋਈ ਕਾਗਜ਼ੀ ਕਾਰਵਾਈ 'ਚ ਉਲਝਣਾ ਨਹੀਂ ਪਏਗਾ, ਅਗਰ ਤੁਹਾਡੇ ਕੋਲ ਕਾਰਡ ਬਣਿਆ ਨਹੀਂ ਹੋਵੇਗਾ ਤਾਂ ਮੌਕੇ 'ਤੇ ਅਧਾਰ ਕਾਰਡ ਜਾਂ ਵੋਟਰ ਕਾਰਡ ਦਿਖਾ ਕੇ ਰਜਿਸਟਰ ਕਰਵਾਉਣ ਉਪਰੰਤ ਇਲਾਜ਼ ਕਰਵਾਇਆ ਜਾ ਸਕੇਗਾ।

ਧਾਲੀਵਾਲ ਨੇ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਸਮੇਤ ਕਰੀਬ 1500 ਨਿੱਜੀ ਹਸਪਤਾਲ ਇਸ ਤਹਿਤ ਪੰਜਾਬੀਆਂ ਦਾ ਮੁਫ਼ਤ ਇਲਾਜ਼ ਕਰਨਗੇ। ਉਹਨਾਂ ਕਿਹਾ ਕਿ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਕੈਸ਼ਲੈੱਸ ਬੀਮੇ ਦੀ ਸਹੂਲਤ ਦਿੱਤੀ ਗਈ ਹੈ ਜਿਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਹਰ ਬਿਮਾਰੀ ਦਾ ਇਲਾਜ ਮੁਫ਼ਤ ਵਿੱਚ ਕੀਤਾ ਜਾਵੇਗਾ।

ਉਹਨਾਂ ਦੱਸਿਆ ਕਿ ਇਸ ਸਕੀਮ ਵਿਚ ਸਰਕਾਰੀ ਕਰਮਚਾਰੀ, ਆਂਗਣਵਾੜੀ, ਆਸ਼ਾ ਵਰਕਰ ਵੀ 100% ਕਵਰ ਹੋਣਗੇ। ਉਨ੍ਹਾਂ ਕਿਹਾ ਕਿ ਇਹ ਯੋਜਨਾ ਤਿੰਨ ਮਹੀਨੇ ਵਿੱਚ ਲਾਗੂ ਕੀਤੀ ਜਾਵੇਗੀ।

ਧਾਲੀਵਾਲ ਨੇ ਦੱਸਿਆ ਕਿ ਉਹ ਲੋਕਾਂ ਦੇ ਕੰਮ ਕਰਨ ਲਈ ਹਫਤੇ ਵਿੱਚ ਦੋ ਵਾਰ ਅਜਨਾਲਾ ਅਤੇ ਰਮਦਾਸ ਵਿਖੇ ਜਨਤਾ ਦਰਬਾਰ ਲਗਾਉਂਦੇ ਹਨ ਅਤੇ ਅੱਜ ਵੀ ਇਸੇ ਯੋਜਨਾ ਤਹਿਤ ਰਮਦਾਸ ਵਿਖੇ ਜਨਤਾ ਦਰਬਾਰ ਲਗਾਇਆ ਗਿਆ ਸੀ, ਜਿੱਥੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਲੋਕਾਂ ਦੇ ਮਸਲੇ ਮੌਕੇ ਉੱਤੇ ਹੱਲ ਕੀਤੇ ਗਏ ਹਨ।

# ਪੁਲਿਸ ਪੈਨਸ਼ਨਰਜ਼ ਵੈਲ.ਫੇਅਰ ਐਸੋਸੀਏਸ਼ਨ ਨੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ



ਅੰਮ੍ਰਿਤਸਰ, 8 ਜੁਲਾਈ, (ਬਬਲੂ ਮਹਾਜਨ) : ਪੁਲਿਸ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ, ਅੰਮ੍ਰਿਤਸਰ ਵੱਲੋਂ ਬੀਤੇ ਦਿਨੀਂ ਪੁਲਿਸ ਐਲਡਰਜ ਹੋਮ ਵਿਖੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਦੌਰਾਨ ਸਵੇਰ ਤੋਂ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਤੋਂ ਬਾਅਦ ਰਾਗੀ ਜਥਾ ਭਾਈ ਦਵਿੰਦਰ ਸਿੰਘ ਨਿਰਮਾਣ ਰਾਗੀ ਸਿੰਘਾਂ ਵੱਲੋਂ ਕੀਰਤਨ ਅਤੇ ਕਥਾ ਵਾਚਕ ਭਾਈ ਵਿਸ਼ਾਲ ਸਿੰਘ ਵੱਲੋਂ ਕਥਾ ਕਰਕੇ ਕੇ ਸੰਗਤਾਂ ਨੂੰ ਨਿਹਾਲ ਕੀਤਾ। ਲਖਬੀਰ ਸਿੰਘ ਗਿੱਲ ਅਤੇ ਸੁਖਦੇਵ ਸਿੰਘ ਨੇ ਮੁੱਖ ਸੇਵਾਦਾਰ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾਈਆ !

ਪੁਲਿਸ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਪੈਟਰਨ ਸ਼ਲੇਂਦਰ ਸਿੰਘ ਸ਼ੈਲੀ, ਪ੍ਰਧਾਨ ਸ਼ਮਸ਼ੇਰ ਸਿੰਘ ਢਿੱਲੋਂ, ਸੀਨੀਅਰ ਵਾਈਸ ਪ੍ਰਧਾਨ ਗੁਰਨਾਮ ਸਿੰਘ, ਜਨਰਲ ਸੈਕਟਰੀ ਅਮਰੀਕ ਸਿੰਘ, ਮੀਤ ਪ੍ਰਧਾਨ ਬਾਬਾ ਸੁਰਜੀਤ ਸਿੰਘ ਸੇਖੋਂ, ਕਸ਼ਮੀਰ ਸਿੰਘ, ਹਰਜੀਤ ਸਿੰਘ, ਅਸ਼ਵਨੀ ਕੁਮਾਰ, ਅਮਰੀਕ ਸਿੰਘ, ਲਖਬੀਰ ਸਿੰਘ, ਸੈਕਟਰੀ ਸੰਜੀਵ ਕੁਮਾਰ, ਕਾਰਜਕਾਰੀ ਮੈਂਬਰ ਕੁਲਦੀਪ ਸਿੰਘ, ਸਵਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਮਿੰਦਰ ਸਿੰਘ, ਸੁਖਬੀਰ ਸਿੰਘ, ਪਰਮਿੰਦਰ ਸਿੰਘ, ਰਾਜਿੰਦਰ ਸਿੰਘ, ਗੁਰਿੰਦਰ ਪਾਲ ਸਿੰਘ ਕੈਸ਼ੀਅਰ ਸਵਿੰਦਰ ਸਿੰਘ ਹੋਰਾ ਵੱਲੋਂ ਆਈ ਹੋਈ ਸੰਗਤ ਦਾ ਸਵਾਗਤ ਕੀਤਾ !

ਪ੍ਰੋਗਰਾਮ ਦੇ ਵਿੱਚ ਲਖਬੀਰ ਸਿੰਘ ਐਸ.ਐਸ.ਪੀ. ਵਿਜੀਲੈਂਸ, ਮਨਜਿੰਦਰ ਸਿੰਘ ਐਸ.ਐਸ.ਪੀ ਦਿਹਾਤੀ, ਸ਼ਿਵਦਰਸ਼ਨ ਏਸੀਪੀ ਅੰਮ੍ਰਿਤਸਰ ਅਤੇ ਹਰਵਿੰਦਰ ਸਿੰਘ ਸੰਧੂ ਰਿਟਾ.ਐਸ.ਪੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ 'ਤੇ ਐਸੋਸੀਏਸ਼ਨ ਵੱਲੋਂ ਆਏ ਹੋਏ ਮਹਿਮਾਨਾਂ ਅਹੁਦੇਦਾਰਾਂ ਤੇ ਮੈਂਬਰ ਸਹਿਬਾਨਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੇ ਵਿੱਚ ਚੰਡੀਗੜ੍ਹ ਇਕਾਈ ਤੋਂ ਗੋਕਲ ਰਾਮ, ਤਰਨ ਤਾਰਨ ਇਕਾਈ ਤੋਂ ਪ੍ਰਧਾਨ ਗੁਰਨਾਮ ਸਿੰਘ ਪੰਗੋਟਾ, ਫਰੀਦਕੋਟ ਇਕਾਈ ਤੋਂ ਇਕਬਾਲ ਸਿੰਘ ਵਾਈਸ ਪ੍ਰਧਾਨ, ਬਟਾਲਾ ਇਕਾਈ ਤੋਂ ਪ੍ਰਧਾਨ ਜਗੀਰ ਸਿੰਘ ਨੇ ਆਪਣੀਆਂ ਹਾਜਰੀਆਂ ਭਰੀਆਂ।

ਇਸ ਮੌਕੇ 'ਤੇ ਐਸੋਸੀਏਸ਼ਨ ਦੇ ਮੈਂਬਰ ਗੁਰਦੇਵ ਸਿੰਘ, ਸੁਖਦੇਵ ਸਿੰਘ, ਓਂਕਾਰ ਸਿੰਘ, ਕੁਲਦੀਪ ਸਿੰਘ, ਹਰਜਿੰਦਰ ਸਿੰਘ, ਅਮਰੀਕ ਸਿੰਘ, ਪ੍ਰਤਾਪ ਸਿੰਘ, ਗੁਰਿੰਦਰ ਸਿੰਘ, ਰਜਿੰਦਰ ਸਿੰਘ, ਲਾਭ ਸਿੰਘ, ਸੁਖਦੀਪ ਸਿੰਘ, ਮਹਿੰਦਰ ਸਿੰਘ, ਇੰਦਰਜੀਤ ਸਿੰਘ, ਤਰਲੋਕ ਸਿੰਘ, ਗੁਰਦਿਆਲ ਸਿੰਘ, ਜੋਗਿੰਦਰ ਸਿੰਘ, ਮੁਕੇਸ਼ ਕੁਮਾਰ, ਵਿਜੈ ਕੁਮਾਰ, ਗੁਰਪਾਲ ਸਿੰਘ, ਪ੍ਰਿਤਪਾਲ ਸਿੰਘ, ਅਵਤਾਰ ਸਿੰਘ, ਸੋਮਰਾਜ, ਮੁੱਖਵਿੰਦਰ ਸਿੰਘ, ਪ੍ਰਿਤਪਾਲ ਸਿੰਘ ਹੋਰਾਂ ਨੇ ਅਖੰਡ ਪਾਠ ਸਾਹਿਬ ਦੇ ਭੋਗ ਤੇ ਵੱਖ ਵੱਖ ਸੇਵਾਵਾਂ ਨਿਭਾ ਕੇ ਆਪਣੀ ਸੇਵਾ ਨਿਭਾਈ। ਇਸ ਮੌਕੇ 'ਤੇ ਸਾਬਕਾ ਮਹਿਲਾ ਅਫਸਰਾਂ ਵਿੱਚ ਰਾਜਵਿੰਦਰ ਕੌਰ, ਦਲਜੀਤ ਕੌਰ, ਅਮਰਜੀਤ ਕੌਰ ਜੋਹਲ, ਰਾਜ ਰਾਣੀ ਆਦਿ ਸ਼ਾਮਲ ਹੋਏ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਤੋਂ ਬਾਅਦ ਗੁਰੂ ਜੀ ਦਾ ਅਤੁੱਟ ਲੰਗਰ ਵੀ ਵਰਤਾਇਆ ਗਿਆ।

# ਪਿੰਡ ਭਿੰਡੀ ਔਲਖ ਕਲਾਂ ਵਿਖੇ ਸਰਪੰਚ ਦੀ ਅਗਵਾਈ ਹੇਠ ਮੀਟਿੰਗ



ਚੋਗਾਵਾਂ, 8 ਜੁਲਾਈ, (ਸੁਬੇਗ ਸਿੰਘ ਸੋਨਾ) : ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਭਿੰਡੀ ਔਲਖ ਕਲਾਂ ਵਿੱਖੇ ਸਰਪੰਚ ਨਵਤੇਜ ਸਿੰਘ ਦੀ ਅਗਵਾਈ ਹੇਠ ਇਕ ਵਿਸ਼ਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਆਮ ਆਦਮੀ ਪਾਰਟੀ ਦੀ ਹਲਕਾ ਇੰਚਾਰਜ ਮੈਡਮ ਸੋਨੀਆ ਮਾਨ ਜੀ ਨੇ ਖਾਸ ਤੌਰ 'ਤੇ ਸ਼ਿਰਕਤ ਕੀਤੀ, ਇਸ ਮੌਕੇ 'ਤੇ ਸਰਪੰਚ ਨਵਤੇਜ ਸਿੰਘ ਅਤੇ ਪਿੰਡ ਵਾਸੀਆਂ ਦੇ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਭਿੰਡੀ ਔਲਖ ਕਲਾਂ ਦੇ ਸਰਪੰਚ ਨਵਤੇਜ ਸਿੰਘ ਵੱਲੋਂ ਹਲਕਾ ਇੰਚਾਰਜ ਮੈਡਮ ਸੋਨੀਆ ਮਾਨ ਨੂੰ ਆਪਣੇ ਪਿੰਡ ਦੀਆਂ ਮੁਸ਼ਕਿਲਾਂ ਸਬੰਧੀ ਜਾਣੂੰ ਕਰਵਾਇਆ ਤੇ ਪਿੰਡ ਦੇ ਵਿਕਾਸ ਕਾਰਜਾਂ ਲਈ ਗਰਾਂਟ ਦੀ ਮੰਗ ਕੀਤੀ। ਇਸ ਮੌਕੇ 'ਤੇ ਹਲਕਾ ਇੰਚਾਰਜ ਮੈਡਮ ਸੋਨੀਆ ਮਾਨ ਵੱਲੋਂ ਸਰਪੰਚ ਨਵਤੇਜ ਸਿੰਘ ਤੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਵਾਇਆ ਕਿ ਉਹਨਾਂ ਦੇ ਪਿੰਡ ਦੇ ਜੋ ਵੀ ਵਿਕਾਸ ਕਾਰਜਾਂ ਦੇ ਕੰਮ ਰਹਿੰਦੇ ਹਨ। ਉਹਨਾਂ ਨੂੰ ਪਹਿਲ ਦੇ ਅਧਾਰ 'ਤੇ ਜਲਦ ਹੀ ਕਰਵਾਇਆ ਜਾਵੇਗਾ, ਤੇ ਪਿੰਡ ਵਿੱਚ ਗਰਾਂਟ ਦੀ ਕਿਸੇ ਵੀ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਜੋ ਪੰਜਾਬ ਨੂੰ ਸੁੱਖ ਸਹੂਲਤਾਂ ਦਿੱਤੀਆਂ ਹਨ, ਅੱਜ ਪੰਜਾਬ ਦੇ ਲੋਕ ਬਿਨਾਂ ਕਿਸੇ ਖੱਜਲ ਖਵਾਰੀ ਦੇ ਆਮ ਪਾਰਟੀ ਦੀ ਸਰਕਾਰ ਵੱਲੋਂ ਮਿਲੀਆਂ ਸਹੂਲਤਾਂ ਦਾ ਲਾਭ ਲੇ ਰਹੇ ਹਨ। ਇਸ ਮੌਕੇ 'ਤੇ ਹਲਕਾ ਇੰਚਾਰਜ ਸੋਨੀਆ ਮਾਨ ਨੂੰ ਪਿੰਡ ਭਿੰਡੀ ਔਲਖ ਕਲਾਂ ਦੇ ਸਰਪੰਚ ਨਵਤੇਜ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਹਾਜ਼ਰ ਮੈਂਬਰ ਅਮਰਬੀਰ ਸਿੰਘ, ਮੈਂਬਰ ਹਰਪਾਲ ਸਿੰਘ, ਮੈਂਬਰ ਰਤਨ ਸਿੰਘ, ਮੈਂਬਰ ਕਰਨੈਲ ਸਿੰਘ, ਸੁਰਜੀਤ ਸਿੰਘ, ਸੁਖਚੈਨ ਸਿੰਘ, ਬਲਦੇਵ ਸਿੰਘ, ਹਰਪਾਲ ਸਿੰਘ, ਮੇਜਰ ਸਿੰਘ, ਬੂਟਾ ਸਿੰਘ, ਲਖਵਿੰਦਰ ਸਿੰਘ, ਤਰਸੇਮ ਸਿੰਘ, ਬੱਬੀ ਸਿੰਘ, ਜਤਿੰਦਰ ਸਿੰਘ, ਭਗਵੰਤ ਸਿੰਘ, ਪਿੰਦਰ ਸਿੰਘ, ਸਰਪੰਚ ਹਰਪਾਲ ਸਿੰਘ ਭਿੰਡੀ ਔਲਖ, ਪ੍ਰਧਾਨ ਨਗਰ ਪੰਚਾਇਤ ਰਾਜਾਸਾਂਸੀ ਅਰਵਿੰਦਰ ਸਿੰਘ ਬੱਬੂ ਸ਼ਾਹ, ਸਰਪੰਚ ਅਵਤਾਰ ਸਿੰਘ ਲਾਲੀ ਸਾਰੰਗੜਾ, ਸੁਖਦੀਪ ਸਿੰਘ ਛੀਨਾ ਉੱਚਾ ਕਿਲਾ, ਪੀਏ ਲਵਦੀਪ ਸਿੰਘ, ਆਦਿ ਵੱਡੀ ਗਿਣਤੀ ਵਿੱਚ ਸਮੂਹ ਪਿੰਡ ਵਾਸੀ ਹਾਜ਼ਰ ਸਨ।

# ਜੀ.ਐਨ.ਡੀ.ਯੂ. ਵਿੱਚ ਵਿਦਿਆਰਥੀਆਂ ਦੀਆਂ ਸਮਰੱਥਾ ਸੀਟਾਂ 20% ਵਧਾਉਣ ਦਾ ਪ੍ਰਸਤਾਵ

## ਐਮ.ਪੀ. ਔਜਲਾ ਵੱਲੋਂ ਵਾਈਸ ਚਾਂਸਲਰ ਨਾਲ ਮੁਲਾਕਾਤ

ਅੰਮ੍ਰਿਤਸਰ, 8 ਜੁਲਾਈ, (ਗੁਰਦਿਆਲ ਸਿੰਘ) : ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਵਿਦਿਆਰਥੀਆਂ ਦੀ ਵੱਧਦੀ ਮੰਗ ਨੂੰ ਦੇਖਦੇ ਹੋਏ, ਐਮਪੀ ਗੁਰਜੀਤ ਔਜਲਾ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. (ਡਾ.) ਕਰਮਜੀਤ ਸਿੰਘ ਨਾਲ ਮੁਲਾਕਾਤ ਕੀਤੀ। ਮੀਟਿੰਗ ਵਿੱਚ ਅਕਾਦਮਿਕ ਸਮਰੱਥਾ ਵਧਾਉਣ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ, ਉਨ੍ਹਾਂ ਦੀ ਮੰਗ 'ਤੇ ਪਹਿਲਾਂ ਹੀ ਵਧਾਈਆਂ ਗਈਆਂ ਸੀਟਾਂ ਲਈ ਵੀ ਧੰਨਵਾਦ ਕੀਤਾ ਗਿਆ।

ਵਾਈਸ ਚਾਂਸਲਰ ਨਾਲ ਗੱਲਬਾਤ ਵਿੱਚ, ਸਾਰੇ ਕੋਰਸਾਂ ਵਿੱਚ ਘੱਟੋ-ਘੱਟ 20 ਪ੍ਰਤੀਸ਼ਤ ਹੋਰ ਸੀਟਾਂ ਵਧਾਉਣ ਦਾ ਪ੍ਰਸਤਾਵ ਰੱਖਿਆ ਗਿਆ। ਇਸ ਦੇ ਨਾਲ ਹੀ, ਯੋਗ ਪ੍ਰੋਫੈਸਰਾਂ ਅਤੇ ਅਧਿਆਪਨ ਸਟਾਫ ਦੀ ਭਰਤੀ, ਕੈਂਪਸ ਬੁਨਿਆਦੀ ਢਾਂਚੇ ਅਤੇ ਕਲਾਸਰੂਮਾਂ ਨੂੰ ਅਪਗ੍ਰੇਡ ਕਰਨ 'ਤੇ ਵੀ ਸਹਿਮਤੀ ਬਣੀ। ਯੂਨੀਵਰਸਿਟੀ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬਰਾਬਰ ਵਿਕਸਤ ਕਰਨ ਦੀ ਯੋਜਨਾ 'ਤੇ ਵੀ ਵਿਚਾਰ ਕੀਤਾ ਗਿਆ।

ਐਮਪੀ ਔਜਲਾ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਐਮਪੀ ਫੰਡ ਤੋਂ ਵੀ ਸਹਾਇਤਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਨੇ ਸਰਹੱਦੀ ਅਤੇ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਲਈ ਹਾਲ ਹੀ ਵਿੱਚ 5-5 ਪ੍ਰਤੀਸ਼ਤ ਸੀਟਾਂ ਦੇ ਵਾਧੇ ਦਾ ਸਵਾਗਤ ਕੀਤਾ। ਉਹਨਾਂ ਨੇ ਅੰਮ੍ਰਿਤਸਰ ਅਤੇ ਜੀਐਨਡੀਯੂ ਦੇ ਵਿਕਾਸ ਵਿੱਚ ਪੰਜਾਬ ਸਰਕਾਰ ਤੋਂ ਪੂਰਾ ਸਹਿਯੋਗ ਮੰਗਿਆ।

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਵੀ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸੀਟਾਂ ਵਧਾਉਣ ਦੀ ਮੰਗ ਕੀਤੀ ਸੀ, ਜਿਸ ਤਹਿਤ ਕੁਝ ਸੀਟਾਂ ਵਧਾਈਆਂ ਗਈਆਂ ਹਨ। ਪਰ ਹੁਣ ਰੁਝਾਨ ਨੂੰ ਵੇਖਦਿਆਂ ਉਹ ਹਰ ਕੋਰਸ ਵਿੱਚ 20 ਪ੍ਰਤੀਸ਼ਤ ਹੋਰ ਸੀਟਾਂ ਵਧਾਉਣ ਦੀ ਮੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਸਮੇਂ ਜ਼ਿਆਦਾ ਤੋਂ ਜ਼ਿਆਦਾ ਵਿਦਿਆਰਥੀ ਭਾਰਤ ਵਿੱਚ ਹੀ ਉੱਚ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹਨ। ਵਿਦੇਸ਼ ਜਾਣ ਦਾ ਰੁਝਾਨ ਘਟ ਰਿਹਾ ਹੈ, ਅਜਿਹੀ ਸਥਿਤੀ ਵਿੱਚ ਯੂਨੀਵਰਸਿਟੀ ਵਿੱਚ ਵਿਸ਼ਵ ਪੱਧਰੀ ਸਹੂਲਤਾਂ ਅਤੇ ਮਿਆਰੀ ਸਿੱਖਿਆ ਯਕੀਨੀ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਵਿਦਿਆਰਥੀ ਵੱਧਦੇ ਹਨ ਤਾਂ ਇਸ ਲਈ ਸਭ ਤੋਂ ਵਧੀਆ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ ਉਨ੍ਹਾਂ ਦਾ ਫਰਜ਼ ਹੈ। ਜਿਸ ਲਈ ਵੀਸੀ ਨੂੰ ਮਿਲਿਆ ਗਿਆ। ਉਨ੍ਹਾਂ ਕਿਹਾ ਕਿ ਇਸ ਸਮੇਂ ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰੁਝਾਨ ਵਧ ਰਿਹਾ ਹੈ, ਉਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਇਮਾਰਤਾਂ, ਹੋਸਟਲਾਂ ਆਦਿ ਦੀ ਜ਼ਰੂਰਤ ਹੋਵੇਗੀ। ਇਸ ਲਈ ਕੇਂਦਰ ਵੱਲੋਂ ਕੀ ਮੱਦਦ ਦਿੱਤੀ ਜਾ ਸਕਦੀ ਹੈ, ਇਸ ਬਾਰੇ ਚਰਚਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇੱਥੇ ਹਾਕੀ ਟਰੈਕ ਐਸਟ੍ਰੋਟਰਫਡ ਅਤੇ, ਇੱਕ ਮਲਟੀ-ਕੰਪਲੈਕਸ ਦੀ ਲੋੜ ਹੈ ਅਤੇ ਹੋਰ ਵੀ ਬਹੁਤ ਸਾਰੇ ਮੁੱਦੇ ਹਨ। ਜਿਨ੍ਹਾਂ ਲਈ ਸੰਸਦ ਵਿੱਚ ਇਸ ਮਾਮਲੇ 'ਤੇ ਚਰਚਾ ਕੀਤੀ ਜਾਵੇਗੀ ਅਤੇ ਸੂਬਾ ਸਰਕਾਰ ਨਾਲ ਵੀ ਗੱਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਇਲਾਕਾ ਸਰਹੱਦ 'ਤੇ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਇੱਕ ਵੱਡਾ ਨਾਮ ਹੈ ਅਤੇ ਇਹ ਮਾਣ ਵਾਲੀ ਗੱਲ ਹੈ, ਇਸੇ ਲਈ ਉਹ ਚਾਹੁੰਦੇ ਹਨ ਕਿ ਯੂਨੀਵਰਸਿਟੀ ਦੀਆਂ ਸੇਵਾਵਾਂ ਭਵਿੱਖ ਵਿੱਚ ਵੀ ਸ਼ਾਨਦਾਰ ਰਹਿਣ ਜਿਵੇਂ ਕਿ ਇਹ ਪਹਿਲਾਂ ਹੁੰਦੀਆਂ ਰਹੀਆਂ ਹਨ ਅਤੇ ਹਰ ਘਰ ਅਤੇ ਪੜ੍ਹਾਈ ਕਰਨ ਵਾਲੇ ਲੋਕਾਂ ਲਈ ਉਪਲੱਬਧ ਹੋਣ। ਉਨ੍ਹਾਂ ਨੇ ਹਮੇਸ਼ਾ ਇਸ ਲਈ ਕੋਸ਼ਿਸ਼ ਕੀਤੀ ਹੈ ਅਤੇ ਭਵਿੱਖ ਵਿੱਚ ਵੀ ਜਾਰੀ ਰੱਖਣਗੇ। ਸਮੇਂ-ਸਮੇਂ 'ਤੇ ਉਹ ਯੂਨੀਵਰਸਿਟੀ ਨਾਲ ਸਬੰਧਤ ਹੋਰ ਮੁੱਦਿਆਂ ਬਾਰੇ ਗੱਲ ਕਰਦੇ ਰਹਿਣਗੇ।

# ਬੀ.ਆਈ.ਐਸ., ਜੇ.ਕੇ.ਬੀ.ਓ. ਵੱਲੋਂ ਪੀ.ਡਬਲਿਊ.ਐਸ.ਐਸ.ਬੀ. ਅੰਮ੍ਰਿਤਸਰ ਦੇ ਅਧਿਕਾਰੀਆਂ ਲਈ ਸਮਰਥਨ ਵਿਕਾਸ ਪ੍ਰੋਗਰਾਮ



ਅੰਮ੍ਰਿਤਸਰ, 8 ਜੁਲਾਈ, (ਬਬਲੂ ਮਹਾਜਨ) : ਭਾਰਤੀ ਮਾਨਕ ਬਿਊਰੋ (BIS), ਜੰਮੂ ਅਤੇ ਕਸ਼ਮੀਰ ਸ਼ਾਖਾ ਦਫ਼ਤਰ (JKBO) ਵੱਲੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ (PWSSB), ਅੰਮ੍ਰਿਤਸਰ ਦੇ ਅਧਿਕਾਰੀਆਂ ਲਈ ਸਮਰਥਨ ਵਿਕਾਸ (Capacity Building) ਪ੍ਰੋਗਰਾਮ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ PWSSB ਦੇ ਕਾਨਫਰੈਂਸ ਹਾਲ ਵਿਖੇ ਕਰਵਾਇਆ ਗਿਆ।

ਇਸ ਪ੍ਰੋਗਰਾਮ ਦੀ ਅਗਵਾਈ ਅਤੇ ਸਮੱਰਥਨ ਜਿਤਿਨ ਵਾਸੁਦੇਵਾ, ਅਧੀਸ਼ਠਤਾ ਇੰਜੀਨੀਅਰ, PWSSB ਅੰਮ੍ਰਿਤਸਰ ਵੱਲੋਂ ਕੀਤੀ ਗਈ। ਇਸ ਦੌਰਾਨ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਤੋਂ ਕਰੀਬ 30 ਅਧਿਕਾਰੀ ਜਿਵੇਂ ਕਿ ਐਗਜ਼ਿਕਿਊਟਿਵ ਇੰਜੀਨੀਅਰ, ਸਬ-ਡਿਵੀਜ਼ਨਲ ਇੰਜੀਨੀਅਰ, ਜੂਨੀਅਰ ਇੰਜੀਨੀਅਰ ਅਤੇ ਤਕਨੀਕੀ ਸਟਾਫ ਨੇ ਸਰਗਰਮੀ ਨਾਲ ਭਾਗ ਲਿਆ।

ਸ੍ਰੀ ਆਸ਼ੀਸ਼ ਕੁਮਾਰ ਦੁਵੇਦੀ, ਮਾਨਕ ਪ੍ਰਚਾਰ ਅਧਿਕਾਰੀ, BIS JKBO ਨੇ ਭਾਗੀਦਾਰਾਂ ਨੂੰ BIS ਦੀ ਭੂਮਿਕਾ ਅਤੇ ਸਮਰਥਨ ਵਿਕਾਸ ਦੀ ਪਹਿਲ ਕਦੇ ਉਦੇਸ਼ਾਂ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਨੇ ਜਨਤਕ ਯੂਟਿਲਿਟੀ ਸੇਵਾਵਾਂ ਵਿੱਚ ਮਾਨਕੀਕਰਨ ਅਤੇ ਗੁਣਵੱਤਾ ਭਰੋਸੇ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ।

ਰਿਸੋਰਸ ਪੈਰਸਨ ਸ੍ਰੀ ਕਮਲਜੀਤ ਘਈ ਨੇ BIS ਦੀ ਮਾਨਕੀਕਰਨ, ਸੰਗਤਤਾ ਮੁਲਾਂਕਣ ਅਤੇ ISI-ਚਿੰਨ੍ਹਿਤ ਉਤਪਾਦਾਂ ਦੀ ਪ੍ਰਮਾਣਿਕਤਾ ਦੀ ਜਾਂਚ ਲਈ BIS ਕੇਅਰ ਐਪ ਦੀ ਵਰਤੋਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪਾਣੀ ਸਪਲਾਈ ਅਤੇ ਸੀਵਰੇਜ ਪ੍ਰਣਾਲੀਆਂ, ਸੈਪਟਿਕ ਟੈਂਕਾਂ ਅਤੇ ਪੀਣ ਵਾਲੇ ਪਾਣੀ ਲਈ ਵਰਤੇ ਜਾਂਦੇ ਪਲਾਸਟਿਕ ਪਾਈਪਾਂ ਦੀ ਜਾਂਚ ਅਤੇ ਗੁਣਵੱਤਾ ਨਿਯੰਤਰਣ ਉੱਤੇ ਤਕਨੀਕੀ ਸੈਸ਼ਨ ਵੀ ਲਿਆ, ਜੋ ਭਾਰਤੀ ਮਾਨਕ (IS) ਅਨੁਸਾਰ ਸੀ।

ਇਸ ਪ੍ਰੋਗਰਾਮ ਦਾ ਉਦੇਸ਼ ਅਧਿਕਾਰੀਆਂ ਨੂੰ BIS-ਪ੍ਰਮਾਣਤ ਉਤਪਾਦਾਂ ਦੇ ਅਪਣਾਉਣ ਅਤੇ ਮਾਨਕਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਜਾਗਰੂਕ ਕਰਨਾ ਸੀ, ਤਾਂ ਜੋ ਲੋਕ ਸੇਵਾਵਾਂ ਦੀ ਗੁਣਵੱਤਾ ਵਿਚ ਸੁਧਾਰ ਆ ਸਕੇ ਅਤੇ ਉਪਭੋਗਤਾਵਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

# ਇੰਡੀਅਨ ਏਅਰ ਫ਼ੋਰਸ 'ਚ ਬਤੌਰ ਅਗਨੀਵੀਰ ਵਾਯੂ ਦੀ ਭਰਤੀ ਲਈ ਆਨਲਾਈਨ ਰਜਿਸਟ੍ਰੇਸ਼ਨ 31 ਜੁਲਾਈ ਤੱਕ

ਜਲੰਧਰ, 8 ਜੁਲਾਈ, (ਸੰਦੀਪ ਕੌਲ) : ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖ਼ਲਾਈ ਬਿਊਰੋ ਦੇ ਡਿਪਟੀ ਡਾਇਰੈਕਟਰ ਨੀਲਮ ਮਹੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੰਡੀਅਨ ਏਅਰ ਫੋਰਸ, ਅੰਬਾਲਾ ਯੂਨਿਟ ਵੱਲੋਂ ਪੰਜਾਬ ਵਿੱਚ ਅਗਨੀਵੀਰ ਵਾਯੂ-02/2026 (ਇਨਟੇਕ) ਲਈ ਭਰਤੀ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਸ ਭਰਤੀ ਲਈ ਆਨਲਾਈਨ ਰਜਿਸਟ੍ਰੇਸ਼ਨ 11 ਜੁਲਾਈ ਤੋਂ 31 ਜੁਲਾਈ 2025 ਤੱਕ ਵੈਬ ਪੋਰਟਲ https://agnipathvayu.cdac.in 'ਤੇ ਕੀਤੀ ਜਾ ਸਕਦੀ ਹੈ। ਆਨਲਾਈਨ ਪ੍ਰੀਖਿਆ 25 ਸਤੰਬਰ 2025 ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਉਕਤ ਭਰਤੀ ਲਈ ਉਮੀਦਵਾਰ ਲੜਕੇ ਅਤੇ ਲੜਕੀ ਦਾ ਜਨਮ 2 ਜੁਲਾਈ 2005 ਅਤੇ 2 ਜਨਵਰੀ 2009 ਦਰਮਿਆਨ ਹੋਣਾ ਚਾਹੀਦਾ ਹੈ।

ਵਿੱਦਿਅਕ ਯੋਗਤਾ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਉਮੀਦਵਾਰ ਨੇ ਕੇਂਦਰ/ਰਾਜ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਿੱਖਿਆ ਬੋਰਡਾਂ ਤੋਂ ਗਣਿਤ, ਭੌਤਿਕੀ ਅਤੇ ਅੰਗਰੇਜ਼ੀ ਸਹਿਤ ਇੰਟਰਮੀਡੀਏਟ/ਬਾਰ੍ਹਵੀਂ/ ਬਰਾਬਰ ਦੀ ਪ੍ਰੀਖਿਆ ਘੱਟੋ-ਘੱਟ 50 ਪ੍ਰਤੀਸ਼ਤ ਅੰਕਾਂ ਨਾਲ ਅਤੇ ਅੰਗਰੇਜ਼ੀ ਵਿਸ਼ੇ ਵਿੱਚ ਘੱਟੋ-ਘੱਟ 50 ਫੀਸਦੀ ਅੰਕਾਂ ਨਾਲ ਪਾਸ ਕੀਤੀ ਹੋਵੇ ਜਾਂ ਕੇਂਦਰ/ ਰਾਜ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਪੋਲੀਟੈਕਨਿਕ ਸੰਸਥਾਵਾਂ ਤੋਂ ਇੰਜੀਨਿਅਰਿੰਗ ਦਾ ਤਿੰਨ ਸਾਲਾ ਡਿਪਲੋਮਾ ਕੋਰਸ (ਮਕੈਨਿਕਲ/ ਇਲੈਕਟ੍ਰੀਕਲ/ ਇਲੈਕਟ੍ਰਾਨਿਕਸ, ਆਟੋਮੋਬਾਇਲ/ ਕੰਪਿਊਟਰ ਸਾਇੰਸ/ ਇੰਸਟ੍ਰੂਮੈਨਟੇਸ਼ਨ ਟੈਕਨਾਲੋਜੀ/ ਇਨਫੋਰਮੇਸ਼ਨ ਟੈਕਨਾਲੋਜੀ) ਘੱਟੋ-ਘੱਟ 50 ਪ੍ਰਤੀਸ਼ਤ ਅੰਕਾ ਅਤੇ ਡਿਪਲੋਮਾ ਕੋਰਸ (ਜਾਂ ਇੰਟਰਮੀਡੀਏਟ/ ਮੈਟ੍ਰਿਕੁਲੇਸ਼ਨ) ਅੰਗਰੇਜ਼ੀ ਵਿਸ਼ੇ ਵਿਚ ਘੱਟੋ-ਘੱਟ 50 ਪ੍ਰਤੀਸ਼ਤ ਅੰਕਾਂ ਨਾਲ ਪਾਸ ਕੀਤਾ ਹੋਵੇ (ਜੇਕਰ ਅੰਗਰੇਜ਼ੀ ਡਿਪਲੋਮਾ ਕੋਰਸ ਵਿੱਚ ਵਿਸ਼ਾ ਨਹੀਂ ਹੈ) ਜਾਂ ਗੈਰ ਵਿਵਸਾਇਕ ਵਿਸ਼ੇ ਦੇ ਨਾਲ ਦੋ ਸਾਲਾ ਵਿਵਸਾਇਕ ਕੋਰਸ ਪਾਸ ਕੀਤਾ ਹੋਵੇ। ਕੇਂਦਰ/ ਰਾਜ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਿੱਖਿਆ ਬੋਰਡਾਂ ਤੋਂ ਭੌਤਿਕ ਵਿਗਿਆਨ ਅਤੇ ਅੰਗਰੇਜ਼ੀ ਕੁੱਲ ਮਿਲਾ ਕੇ ਘੱਟੋ-ਘੱਟ 50 ਫੀਸਦੀ ਅੰਕਾਂ ਨਾਲ ਅਤੇ ਵੋਕੇਸ਼ਨਲ ਕੋਰਸ ਵਿੱਚ ਅੰਗਰੇਜ਼ੀ ਵਿਸ਼ੇ ਵਿੱਚ ਘੱਟੋ-ਘੱਟ 50 ਪ੍ਰਤੀਸ਼ਤ ਅੰਕ (ਜਾਂ ਇੰਟਰਮੀਡੀਏਟ/ ਮੈਟ੍ਰਿਕੁਲੇਸ਼ਨ ਵਿੱਚ, ਜੇਕਰ ਅੰਗਰੇਜ਼ੀ ਵੋਕੇਸ਼ਨਲ ਕੋਰਸ ਵਿੱਚ ਇਕ ਵਿਸ਼ਾ ਨਹੀਂ ਹੈ) ਪ੍ਰਾਪਤ ਕੀਤੇ ਹੋਣ।

ਉਨ੍ਹਾਂ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਵਿਗਿਆਨ ਵਿਸ਼ਿਆਂ ਤੋਂ ਇਲਾਵਾ ਉਮੀਦਵਾਰ ਨੇ ਕੇਂਦਰ/ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸਿੱਖਿਆ ਬੋਰਡਾਂ ਤੋਂ ਕਿਸੇ ਵੀ ਸਟ੍ਰੀਮ/ ਵਿਸ਼ੇ ਵਿੱਚ ਇੰਟਰਮੀਡੀਏਟ/ ਬਾਰ੍ਹਵੀਂ/ ਬਰਾਬਰ ਦੀ ਪ੍ਰੀਖਿਆ ਘੱਟੋ-ਘੱਟ 50 ਪ੍ਰਤੀਸ਼ਤ ਅੰਕਾਂ ਨਾਲ ਅਤੇ ਵਿਵਸਾਇਕ ਵਿਸ਼ੇ ਵਿੱਚ ਅੰਗਰੇਜ਼ੀ ਵਿਸ਼ੇ ਵਿੱਚ ਘੱਟੋ-ਘੱਟ 50 ਪ੍ਰਤੀਸ਼ਤ ਅੰਕ (ਜਾਂ ਇੰਟਰਮੀਡੀਏ/ ਮੈਟ੍ਰਿਕੁਲੇਸ਼ਨ ਵਿੱਚ, ਜੇਕਰ ਅੰਗਰੇਜ਼ੀ ਵੋਕੇਸ਼ਨਲ ਕੋਰਸ ਵਿੱਚ ਇਕ ਵਿਸ਼ਾ ਨਹੀਂ ਹੈ।) ਪ੍ਰਾਪਤ ਕੀਤੇ ਹੋਣ ਜਾਂ ਗੈਰ ਵਿਵਸਾਇਕ ਵਿਸ਼ੇ ਦੇ ਨਾਲ ਦੋ ਸਾਲਾ ਵਿਵਸਾਇਕ ਕੋਰਸ ਪਾਸ ਕੀਤਾ ਹੋਵੇ। ਕੇਂਦਰ/ਰਾਜ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਿੱਖਿਆ ਬੋਰਡਾਂ ਤੋਂ ਕੁੱਲ ਮਿਲਾ ਕੇ ਘੱਟੋ-ਘੱਟ 50 ਫੀਸਦੀ ਅੰਕਾਂ (ਇੰਟਰਮੀਡੀਏਟ/ਮੈਟ੍ਰਿਕੁਲੇਸ਼ਨ ਵਿੱਚ, ਜੇਕਰ ਅੰਗਰੇਜ਼ੀ ਵੋਕੇਸ਼ਨਲ ਕੋਰਸ ਵਿੱਚ ਇਕ ਵਿਸ਼ਾ ਨਹੀਂ ਹੈ) ਨਾਲ ਪਾਸ ਕੀਤਾ ਹੋਵੇ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ https://agnipathvayu.cdac.in 'ਤੇ ਲਾਗ ਇਨ ਕੀਤਾ ਜਾ ਸਕਦਾ ਹੈ।

# ਵਿਧਾਨ ਸਭਾ ਚੋਣ ਹਲਕਾ 15-ਅੰਮ੍ਰਿਤਸਰ ਉੱਤਰੀ ਵਿਖੇ ਬੂਥ ਲੈਵਲ ਅ.ਫਸਰਾਂ ਨੂੰ ਕਰਵਾਈ ਸਿਖਲਾਈ




ਅੰਮ੍ਰਿਤਸਰ, 8 ਜੁਲਾਈ, (ਬਬਲੂ ਮਹਾਜਨ) : ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਸਮੂਹ ਬੂਥ ਲੈਵਲ ਅਫ਼ਸਰਾਂ ਦੀ ਟਰੇਨਿੰਗ 50-50 ਕਰਮਚਾਰੀਆਂ ਦੇ ਬੈਚ ਵਿੱਚ 17.07.2025 ਤੱਕ ਕਰਵਾਈ ਜਾਣੀ ਹੈ, ਜਿਸ ਦੇ ਤਹਿਤ 15-ਅੰਮ੍ਰਿਤਸਰ ਉੱਤਰੀ ਵਿਧਾਨ ਸਭਾ ਚੋਣ ਹਲਕੇ ਦੇ ਬੈਚ-2 ਵਿੱਚ ਸ਼ਾਮਲ ਬੂਥ ਲੈਵਲ ਅਫ਼ਸਰਾਂ, ਸੈਕਟਰ ਅਫ਼ਸਰਾਂ ਅਤੇ ਚੋਣ ਹਲਕਾ ਲੈਵਲ ਮਾਸਟਰ ਟਰੇਨਰਾਂ ਦੀ ਟਰੇਨਿੰਗ ਸੈਮੀਨਾਰ ਹਾਲ, ਬੀ.ਬੀ.ਕੇ. ਡੀ. ਏ.ਵੀ ਕਾਲਜ, ਅੰਮ੍ਰਿਤਸਰ ਵਿੱਖੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਇੰਨਾਯਤ ਪੀ.ਸੀ.ਐਸ. ਚੋਣਕਾਰ ਰਜਿਸਟਰੇਸ਼ਨ 015 ਅੰਮ੍ਰਿਤਸਰ ਉੱਤਰੀ ਵਿਧਾਨ ਸਭਾ ਚੋਣ ਹਲਕਾ ਕਮ ਵਧੀਕ ਮੁੱਖ ਪ੍ਰਸ਼ਾਸਕ ਅੰਮ੍ਰਿਤਸਰ ਵਿਕਾਸ ਅਥਾਰਟੀ ਅੰਮ੍ਰਿਤਸਰ ਜੀ ਦੀ ਅਗਵਾਈ ਹੇਠ ਕਰਵਾਈ ਇਸ ਟਰੇਨਿੰਗ ਵਿੱਚ ਬੂਥ ਲੈਵਲ ਅਫ਼ਸਰ ਅਤੇ ਸੈਕਟਰ ਅਫ਼ਸਰ ਸ਼ਾਮਲ ਹੋਏ। ਅੱਜ ਦੇ ਬੈਚ ਵਿੱਚ ਸ਼ਾਮਲ ਬੀ.ਐਲ.ਓ. ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਨਵੇਂ ਪਲਾਸਟਿਕ ਸ਼ਨਾਖਤੀ ਕਾਰਡ ਅਤੇ ਟਰੇਨਿੰਗ ਦਾ ਸਰਟੀਫਿਕੇਟ ਵੀ ਜਾਰੀ ਕੀਤਾ। ਟਰੇਨਿੰਗ ਮੁਕੰਮਲ ਕਰਾਉਣ ਉਪਰੰਤ ਸਮੂਹ ਟਰੇਨੀਜ਼ ਦੀ ਬਹੁ-ਚੋਣ ਪ੍ਰਸ਼ਨ-ਪੱਤਰ ਦੇ ਆਧਾਰ ਅਸੈਸਮੈਂਟ ਪ੍ਰੀਖਿਆ ਵੀ ਕਰਵਾਈ ਗਈ, ਜਿਸ ਦਾ ਰਿਜਲਟ 100% ਰਿਹਾ ਹੈ। ਸ਼੍ਰੀਮਤੀ ਇੰਨਾਯਤ ਪੀ.ਸੀ.ਐਸ. ਨੇ ਟਰੇਨੀਜ਼ ਨਾਲ ਗੱਲ-ਬਾਤ ਕਰਦੇ ਹੋਏ ਉਨ੍ਹਾਂ ਦੇ ਸ਼ੰਕਿਆਂ ਦਾ ਨਿਵਾਰਣ ਕੀਤਾ ਅਤੇ ਫੀਲਡ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਸੁਣਦੇ ਹੋਏ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।

# ਨਿਗਮ ਸ.ਫਾਈ ਸੇਵਕ ਯੂਨੀਅਨਾਂ ਵੱਲੋਂ ਮੁਲਾਜ਼ਮਾਂ ਦਾ ਸਰਵਿਸ ਰਿਕਾਰਡ ਪੋਰਟਲ 'ਤੇ ਅਪਲੋਡ ਕਰਨ ਲਈ ਵਧੀਕ ਕਮਿਸ਼ਨਰ ਦਾ ਧੰਨਵਾਦ



ਅੰਮ੍ਰਿਤਸਰ, 8 ਜੁਲਾਈ, (ਗੁਰਦਿਆਲ ਸਿੰਘ/ਬਬਲੂ ਮਹਾਜਨ) : ਅੱਜ ਨਿਗਮ ਸਫਾਈ ਯੂਨੀਅਨਾਂ ਵੱਲੋਂ ਸਫਾਈ ਸੇਵਕ ਕਰਮਚਾਰੀਆਂ ਦਾ ਸਰਵਿਸ ਰਿਕਾਰਡ ਆਈ.ਐਚ.ਆਰ.ਐਮ.ਐਸ ਪੋਰਟਲ ਤੇ ਅਪਲੋਡ ਕਰਨ ਲਈ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਦਾ ਧੰਨਵਾਦ ਕੀਤਾ ਗਿਆ। ਨਗਰ ਨਿਗਮ ਵੱਲੋਂ ਮੁਲਾਜ਼ਮਾਂ ਦੇ ਰਿਕਾਰਡ ਨੂੰ ਆਨਲਾਈਨ ਕਰਨ ਦਾ ਕੰਮ ਕਮਿਸ਼ਨਰ ਨਗਰ ਨਿਗਮ ਗੁਲਪ੍ਰੀਤ ਸਿੰਘ ਔਲਖ ਦੇ ਹੁਕਮਾਂ ਅਨੁਸਾਰ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ, ਡਾਂ.ਰਮਾਂ, ਅਤੇ ਸੁਪਰਡੰਟ ਨੀਰਜ ਭੰਡਾਰੀ ਦੀ ਅਗੁਵਾਈ ਵਿੱਚ ਕੀਤਾ ਗਿਆ ਹੈ। ਇਸ ਨਾਲ ਸਰਕਾਰੀ ਕਰਮਚਾਰੀਆਂ ਨੂੰ ਆਪਣੀ ਸੈਲਰੀ ਸਲਿਪ ਲੈਣ ਲਈ ਆਪਣੇ ਰਜਿਸਟਰਡ ਮੁਬਾਇਲ ਨੰਬਰ 'ਤੇ ਆਈ.ਐਚ.ਆਰ. ਐਮ.ਐਸ ਐਪ ਡਾਊਨਲਾਊਡ ਕਰਕੇ ਇਕ ਹੀ ਕਲਿਕ ਨਾਲ ਉਪਲੱਬਧ ਹੋ ਜਾਵੇਗੀ ਅਤੇ ਇਸ ਦੇ ਨਾਲ ਹੀ ਕਰਮਚਾਰੀ ਆਪਣੀ ਸਾਲਾਨਾ ਤਰਕੀ, ਏ.ਸੀ.ਪੀ, ਨੋਮੀਨੇਸ਼ਨ ਆਦਿ ਦੀ ਜਾਣਕਾਰੀ ਲੈ ਸਕਣਗੇ।

ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦਸਿਆ ਕਿ ਨਿਗਮ ਕਰਮਚਾਰੀਆਂ ਦੀ ਪਿਛਲੇ ਕਾਫੀ ਸਮੇਂ ਤੋਂ ਸਰਵਿਸ ਰਿਕਾਰਡ ਆਈ.ਐਚ.ਆਰ.ਐਮ.ਐਸ ਪੋਰਟਲ 'ਤੇ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਜਿਸ ਲਈ ਅਧਿਕਾਰੀਆਂ ਦੀ ਇਕ ਵਿਸ਼ੇਸ਼ ਟੀਮ ਲਗਾਈ ਗਈ ਸੀ। ਉਹਨਾਂ ਕਿਹਾ ਕਿ ਹੁਣ ਕਿਸੇ ਵੀ ਮੁਲਾਜ਼ਮ ਦਾ ਸਰਵਿਸ ਰਿਕਾਰਡ ਜਾ ਸੇਵਾ ਪੱਤਰੀ /ਫਾਈਲ ਗੁਮ ਨਹੀ ਹੋਵੇਗੀ ਅਤੇ ਨਾ ਹੀ ਮੁਲਾਜ਼ਮ ਨੂੰ ਆਪਣੀ ਸੈਲਰੀ ਸਲਿਪ ਲੈਣ ਲਈ ਅਮਲਾ ਕਲਰਕ ਕੋਲ ਜਾਣਾ ਪਵੇਗਾ। ਮੁਲਾਜ਼ਮਾਂ ਦਾ ਸਰਵਿਸ ਰਿਕਾਰਡ ਆਨ-ਲਾਈਨ ਹੋਣ ਨਾਲ ਸਾਰੇ ਕਰਮਚਾਰੀ ਆਪਣੇ ਮੁਬਾਇਲ ਨੰਬਰ ਨੂੰ ਇਸ ਐਪ ਨਾਲ ਜੋੜ ਕੇ ਆਪਣੀ ਲੋਗ ਇਨ ਆਈ.ਡੀ ਰਾਹੀਂ ਆਪਣਾ ਸਰਵਿਸ ਰਿਕਾਰਡ ਆਪ ਦੇਖ ਸਕਦਾ ਹੈ। ਅਤੇ ਹੁਣ ਤਨਖਾਹਾਂ ਵੀ ਆਈ.ਐਚ.ਆਰ.ਐਮ.ਐਸ ਪੋਰਟਲ ਰਾਹੀਂ ਤਿਆਰ ਕੀਤੀ ਤਨਖਾਹ ਪਰਚੀਆਂ ਅਨੁਸਾਰ ਹੀ ਮਿਲੇਗੀ।

# ਪਾਣੀ ਅਤੇ ਸੀਵਰੇਜ ਦੀ ਰਿਕਵਰੀ ਦੇ ਟੀਚੇ ਹਾਸਲ ਕਰਨ ਦੀ ਸਬੰਧਤ ਜ਼ੋਨ ਦੇ ਕਾਰਜਕਾਰੀ ਇੰਜੀਨੀਅਰ ਦੀ ਹੋਵੇਗੀ ਜ਼ਿੰਮੇਵਾਰੀ




ਅੰਮ੍ਰਿਤਸਰ, 8 ਜੁਲਾਈ, (ਗੁਰਦਿਆਲ ਸਿੰਘ) : ਅੱਜ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾ ਦੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵੱਲੋਂ ਪਾਣੀ ਅਤੇ ਸੀਵਰੇਜ ਵਿਭਾਗ ਦੇ ਬਕਾਇਆ ਜਾਤ ਅਤੇ ਲੋਕਾਂ ਵੱਲੋਂ ਨਜਾਇਜ਼ ਕੁਨੈਕਸ਼ਨ ਰੈਗੂਲਰ ਨਾ ਕਰਵਾਉਣ ਸਬੰਧੀ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਧੀਕ ਕਮਿਸ਼ਨਰ ਵੱਲੋਂ ਵਿਭਾਗ ਦੇ ਬਕਾਇਆ ਜਾਤ ਨੂੰ ਰਿਕਵਰ ਕਰਨ ਅਤੇ ਕਨੈਕਸ਼ਨਾਂ ਨੂੰ ਰੈਗੂਲਰ ਕਰਨ ਲਈ ਅਧਿਕਾਰੀਆਂ ਪਾਸੋਂ ਕੀਤੀ ਗਈ ਕਾਰਵਾਈ ਦੀ ਰਿਪੋਰਟ ਮੰਗੀ ਗਈ। ਵਿਭਾਗ ਵੱਲੋਂ ਨਜਾਇਜ਼ ਕਨੈਕਸ਼ਨਾਂ ਦੀ ਘੱਟ ਗਿਣਤੀ ਅਤੇ ਕਮਜ਼ੋਰ ਰਿਕਵਰੀ ਦਾ ਵਧੀਕ ਕਮਿਸ਼ਨਰ ਵੱਲੋਂ ਸਖ਼ਤ ਨੋਟਿਸ ਲਿਆ ਗਿਆ ਅਤੇ ਸਾਫ ਸ਼ਬਦਾਂ ਵਿੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਰਿਕਵਰੀ ਦੇ ਮਾਮਲੇ ਵਿੱਚ ਕਿਸੇ ਤਰ੍ਹਾਂ ਦੀ ਕੋਈ ਸਿਫਾਰਿਸ਼ ਜਾ ਤਰਫਦਾਰੀ ਬਰਦਾਸ਼ਤ ਨਹੀ ਕੀਤੀ ਜਾਵੇਗੀ ਅਤੇ ਨਾ ਹੀ ਕੋਈ ਕਰਮਚਾਰੀ ਬਦਲੀ ਕਰਵਾਉਣ ਲਈ ਉਹਨਾਂ ਨੂੰ ਸ਼ਿਫਾਰਿਸ਼ ਕਰਵਾਏ ਵਧੀਕ ਕਮਿਸ਼ਨਰ ਵੱਲੋਂ ਹਦਾਇਤ ਕੀਤੀ ਗਈ, ਕਿ ਜਿਸ ਵੀ ਟੀਮ ਵੱਲੋਂ ਕੰਮ ਵਿੱਚ ਅਣਗਹਿਲੀ ਕੀਤੀ ਗਈ। ਉਹਨਾਂ ਵਿਰੁੱਧ ਬਣਦੀ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ। ਹਦਾਇਤ ਕੀਤੀ ਗਈ ਕਿ ਹਰ ਇਕ ਜੇ.ਈ ਆਪਣੇ -2 ਇਲਾਕੇ ਵਿੱਚ ਡਿਫਾਲਟਰਾਂ ਨੂੰ ਨੋਟਿਸ ਜਾਰੀ ਕਰੇਗਾ ਅਤੇ ਲੋਕਾਂ ਵੱਲੋਂ ਨਜਾਇਜ ਕਨੈਕਸ਼ਨਾ ਨੂੰ ਕਟਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਵੇਗੀ। ਅੱਜ ਦੀ ਇਸ ਮੀਟਿੰਗ ਵਿੱਚ ਸਹਾਇਕ ਕਮਿਸ਼ਨਰ ਇੰਚਾਰਜ ਵਾਟਰੇਟ ਦਲਜੀਤ ਸਿੰਘ ਕਾਰਜਕਾਰੀ ਇੰਜਿਨਿਅਰ ਭਲਿੰਦਰ ਸਿੰਘ, ਮਨਜੀਤ ਸਿੰਘ, ਗੁਰਜਿੰਦਰ ਸਿੰਘ, ਸਵਰਾਜਇੰਦਰ ਪਾਲ ਸਿੰਘ, ਸਾਰੇ ਐਸ.ਡੀਓਜ਼, ਜੇਈਜ਼ ਅਤੇ ਰਿਕਵਰੀ ਕਲਰਕ ਹਾਜ਼ਰ ਸਨ।

ਉਹਨਾਂ ਕਿਹਾ ਕਿ ਪਾਣੀ ਅਤੇ ਸੀਵਰੇਜ ਦੇ ਨਜਾਇਜ਼ ਕਨੈਕਸ਼ਨ ਦੀ ਪੜਤਾਲ ਅਤੇ ਪਿਛਲੇ ਬਕਾਇਆ ਜਾਤ ਦੀ ਰਿਕਵਰੀ ਲਈ ਅਡੀਸ਼ਨਲ ਸਟਾਫ ਦੇ ਆਰਡਰ ਵੀ ਕੀਤੇ ਗਏ ਸਨ ਅਤੇ ਕਾਰਜਕਾਰੀ ਇੰਜੀਨਿਅਰ ਬਤੌਰ ਨੋਡਲ ਅਫਸਰ ਇਨ੍ਹਾਂ ਟੀਮਾਂ ਵੱਲੋਂ ਕਾਰਵਾਈ ਦੀ ਨਿਗਰਾਨੀ ਕਰਨ ਲਈ ਕਿਹਾ ਗਿਆ ਸੀ। ਪਰ ਮੀਟਿੰਗ ਦੌਰਾਨ ਉਹਨਾਂ ਦੇ ਧਿਆਨ ਵਿੱਚ ਆਇਆ ਹੈ ਕਿ ਅਧਿਕਾਰੀਆਂ ਵੱਲੋਂ ਨਾਂ ਤੇ ਬਕਾਇਆ ਜਾਤ ਦੀਆਂ ਲਿਸਟਾਂ ਲਈਆਂ ਗਈਆਂ ਹਨ। ਨਾ ਹੀ ਇਲਾਕੇ ਵਿੱਚ ਨੋਟਿਸ ਜਾਰੀ ਕੀਤੇ ਗਏ ਹਨ। ਵਧੀਕ ਕਮਿਸ਼ਨਰ ਨੇ ਹਦਾਇਤ ਕੀਤੀ ਕੀ ਇਲਾਕੇ ਦੇ ਹਰ ਇਕ ਜੇਈ ਦੇ ਕੋਲ ਨੋਟਿਸ ਬੁਕ ਹੋਣੀ ਚਾਹੀਦੀ ਹੈ ਅਤੇ ਜਿੱਥੇ ਵੀ ਲੋਕਾਂ ਵੱਲੋਂ ਨਜਾਇਜ਼ ਕਨੈਕਸ਼ਨ ਲਏ ਗਏ ਹਨ। ਉਹਨਾਂ ਨੂੰ ਤੁਰੰਤ ਪ੍ਰਭਾਵ ਨਾਲ ਨੋਟਿਸ ਜਾਰੀ ਕੀਤੇ ਜਾਣ ਅਤੇ ਜਿਹੜੇ ਡਿਫਾਲਟਰਾਂ ਵੱਲੋਂ ਪੁਰਾਣੇ ਬਕਾਇਆ ਜਾਤ ਦੀ ਅਦਾਇਗੀ ਨਹੀ ਕੀਤੀ ਜਾਂਦੀ ਤਾਂ ਇਹਨਾਂ ਦੇ ਕਨੈਕਸ਼ਨ ਕੱਟ ਦਿੱਤੇ ਜਾਣ। ਉਹਨਾਂ ਸਾਰੇ ਮੌਜੂਦ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਵਿਭਾਗ ਦੀ ਰਿਕਵਰੀ ਨੂੰ ਖ਼ੁਦ ਵਾਚਣਗੇ ਅਤੇ ਰੋਜ਼ਾਨਾ ਇਸ ਸਬੰਧੀ ਹਲਕਾ ਵਾਇਜ਼ ਮੀਟਿੰਗ ਕੀਤੀ ਜਾਵੇਗੀ।

# ਭਾਜਪਾ ਲੀਡਰਸ਼ਿਪ ਦੇ ਸਹਿਯੋਗ ਨਾਲ ਸਿੱਖ ਕੌਮ ਅਤੇ ਪੰਜਾਬੀਆਂ ਦੇ ਮਸਲਿਆਂ ਲਈ ਹਮੇਸ਼ਾਂ ਪਹਿਰੇਦਾਰੀ ਕਰਾਂਗੇ : ਜਸਪ੍ਰੀਤ ਹੌਬੀ



ਲੁਧਿਆਣਾ, 8 ਜੁਲਾਈ (ਰਵਿੰਦਰ ਸਿੰਘ ਨਿੱਝਰ) : ਭਾਜਪਾ ਦੇ ਸੀਨੀਅਰ ਆਗੂ ਜੋ ਬੀਤੀ ਜ਼ਿਮਨੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੀਤ ਪ੍ਰਧਾਨ ਵਜੋਂ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ। ਜਸਪ੍ਰੀਤ ਸਿੰਘ ਹੌਬੀ ਨੇ ਇੱਕ ਮੀਟਿੰਗ ਦੌਰਾਨ ਸਿੱਖ ਕੌਮ ਅਤੇ ਪੰਜਾਬੀਆਂ ਦੇ ਵਿਸ਼ੇਸ਼ ਮੁੱਦਿਆਂ 'ਤੇ ਮਸਲਿਆਂ ਸਬੰਧੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਉਹਨਾਂ ਨੇ ਭਾਜਪਾ ਪਾਰਟੀ ਅਤੇ ਲੀਡਰਸ਼ਿਪ ਵਿੱਚ ਸਿੱਖ ਕੌਮ ਅਤੇ ਪੰਜਾਬੀਆਂ ਪ੍ਰਤੀ ਸਤਿਕਾਰ ਦੇਖਿਆ ਹੈ। ਜਿਸ ਕਰਕੇ ਉਹ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਹਨ ਅਤੇ ਭਾਜਪਾ ਇੱਕ ਉਹ ਪਾਰਟੀ ਹੈ ਜੋ ਪੰਜਾਬ ਪੰਜਾਬੀਅਤ ਅਤੇ ਸਿੱਖੀ ਸਿਧਾਂਤਾਂ ਦਾ ਸਤਿਕਾਰ ਕਰਦੀ ਹੈ ਅਤੇ ਹਮੇਸ਼ਾ ਸਿੱਖਾਂ ਅਤੇ ਪੰਜਾਬੀਆਂ ਦੇ ਵਿਸੇਸ ਮੁੱਦੇ ਅਤੇ ਮਸਲੇ ਹੱਲ ਕਰਨ ਲਈ ਯਤਨਸੀਲ ਹੈ। ਵਿਸੇਸ ਤੌਰ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵੀਰ ਬਾਲ ਦਿਵਸ ਵਰਗੇ ਛੋਟੇ ਸਾਹਿਬਜਾਦਿਆਂ ਦੇ ਦਿਹਾੜੇ ਨੂੰ ਮਾਨਤਾ ਦੇਣ ਤੋਂ ਲੈ ਕੇ ਸਿੱਖੀ ਦੇ ਇਤਿਹਾਸ ਪ੍ਰਤੀ ਜੋ ਆਪਣੇ ਵੱਲੋਂ ਸਿੱਖ ਕੌਮ ਨੂੰ ਸਤਿਕਾਰ ਦਿੱਤਾ ਗਿਆ ਹੈ ਉਹ ਸਿੱਖ ਕੌਮ ਲਈ ਸਿਰ 'ਤੇ ਇੱਕ ਬਹੁਤ ਵੱਡੇ ਤਾਜ ਵਾਂਗ ਜਾਪਦਾ ਹੈ ਅਤੇ ਅੱਜ ਤੱਕ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖੀ ਇਤਿਹਾਸ ਅਤੇ ਗੁਰੂ ਸਾਹਿਬਾਨਾਂ ਦੇ ਸਾਰੇ ਹੀ ਦਿਹਾੜਿਆਂ ਨੂੰ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ ਹੈ ਅਤੇ ਮਾਨਤਾ ਦਿੱਤੀ ਗਈ ਹੈ ਅਤੇ ਅੱਗੇ ਵੀ ਗੁਰੂ ਸਾਹਿਬਾਨਾਂ ਦੇ ਸਤਿਕਾਰ ਵਿੱਚ ਭਾਜਪਾ ਵੱਲੋਂ ਕਦੇ ਵੀ ਕੋਈ ਕਮੀ ਨਹੀਂ ਛੱਡੀ ਜਾਵੇਗੀ।

ਸ. ਹੌਬੀ ਨੇ ਕਿਹਾ ਕਿ ਸਾਡੀ ਸਮੁੱਚੀ ਟੀਮ ਵੱਲੋਂ ਭਾਜਪਾ ਲੀਡਰਸ਼ਿਪ ਦੇ ਸਹਿਯੋਗ ਨਾਲ ਸਿੱਖਾਂ ਅਤੇ ਪੰਜਾਬੀਆਂ ਦੇ ਮੁੱਦਿਆਂ ਅਤੇ ਮਸਲਿਆਂ ਸਬੰਧੀ ਪਾਰਟੀ ਅਤੇ ਪੰਜਾਬ ਦੀ ਸੰਗਤ ਦੇ ਵਿਚਾਲੇ ਇੱਕ ਚੰਗੇ ਪੁੱਲ ਬਣਨ ਦਾ ਕੰਮ ਕਰਦੇ ਹੋਏ ਇੱਕ ਚੰਗਾ ਪਹਿਰੇਦਾਰ ਬਣ ਕੇ ਪੰਜਾਬ ਸੂਬੇ ਅੰਦਰ ਹਰ ਵਰਗ ਦੀ ਸੇਵਾ ਬਾਖੂਬੀ ਕੀਤੀ ਜਾਵੇਗੀ। ਇਸ ਮੌਕੇ ਗੁਰਿੰਦਰ ਸਿੰਘ ਗੋਜੀ, ਗੁਰਪ੍ਰੀਤ ਸਿੰਘ ਸਰਨਾ, ਜਸਵਿੰਦਰ ਸਿੰਘ ਵਿੱਕੀ, ਜਗਪ੍ਰੀਤ ਸਿੰਘ, ਮਨਿੰਦਰ ਸਿੰਘ ਸੈਰੀ, ਜੋਬਨਜੋਤ ਸਿੰਘ ਖਹਿਰਾ, ਮਨਪ੍ਰੀਤ ਸਿੰਘ ਅਰੋੜਾ, ਮਨਪ੍ਰੀਤ ਸਿੰਘ ਰਿੰਪੀ, ਰਮਨਦੀਪ ਸਿੰਘ, ਵਰਿੰਦਰ ਸਿੰਘ ਆਦਿ ਹਾਜ਼ਰ ਸਨ।

# ਵਪਾਰੀਆਂ ਦੇ ਦਿਨ-ਦਿਹਾੜੇ ਹੋ ਰਹੇ ਕਤਲ ਸਰਕਾਰ ਦਾ ਲੱਕ ਤੋੜ ਦੇਣਗੇ : ਮਠਾੜੂ



ਲੁਧਿਆਣਾ, 8 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਵਾਰਡ ਨੰਬਰ 56 ਦੇ ਇੰਚਾਰਜ ਕੰਵਲਜੀਤ ਸਿੰਘ ਮਠਾੜੂ ਅਤੇ ਅਰਾਸ਼ੀ ਮਿਕਸ ਮਾਰਸ਼ਲ ਆਰਟ ਦੇ ਸੂਬਾ ਪ੍ਰਧਾਨ ਸਤਵਿੰਦਰ ਸਿੰਘ ਮਠਾੜੂ ਨੇ ਇੱਕ ਬਿਆਨ ਰਾਹੀ ਆਖਿਆ ਹੈ, ਕਿ ਪੰਜਾਬ ਵਿੱਚ ਜੋ ਦਿਨ ਦਿਹਾੜੇ ਵਪਾਰੀਆਂ ਦੇ ਕਤਲ ਹੋ ਰਹੇ ਹਨ, ਉਹ ਬਹੁਤ ਹੀ ਮਾੜੀਆਂ ਮੰਦਭਾਗੀਆਂ ਘਟਨਾਵਾਂ ਹਨ। ਉਹਨਾਂ ਕਿਹਾ ਕਿ ਇੱਕ ਵਪਾਰੀ ਹੀ ਹਨ ਜਿਹੜੇ ਕਿ ਸਰਕਾਰ ਨੂੰ ਮਣਾਂ ਮੂੰਹੀ ਟੈਕਸ ਦਿੰਦੇ ਹਨ, ਜਿਸ ਦੇ ਸਿਰ 'ਤੇ ਸਰਕਾਰ ਵਿਕਾਸ ਦੇ ਕੰਮ ਕਰਦੀ ਹੈ, ਮੁਲਾਜਮਾਂ ਨੂੰ ਤਨਖਾਹਾਂ ਦਿੰਦੀ ਹੈ ਅਤੇ ਸਰਕਾਰ ਦੇ ਵਿਧਾਇਕ, ਮੰਤਰੀ ਅਤੇ ਅਫਸਰ ਐਸ਼ ਦੀ ਜ਼ਿੰਦਗੀ ਜਿਉਂਦੇ ਹਨ। ਮਠਾੜੂ ਨੇ ਆਖਿਆ ਕਿ ਪਿਛਲੇ ਦਿਨਾਂ ਵਿੱਚ ਕਈ ਥਾਵਾਂ 'ਤੇ ਪੰਜਾਬ ਵਿੱਚ ਵਪਾਰੀਆਂ ਦੇ ਕਤਲ ਹੋਏ ਹਨ। ਹਾਲ ਹੀ ਵਿੱਚ ਅਬੋਹਰ ਦੇ ਇੱਕ ਦਰਜੀ ਦਾ ਕਤਲ ਹੋਇਆ ਹੈ, ਇਸ ਤੋਂ ਪਹਿਲਾਂ ਇੱਕ ਫਿਲਮੀ ਅਦਾਕਾਰਾ ਦੇ ਪਿਤਾ ਦਾ ਕਤਲ ਹੋਇਆ ਸੀ ਅਤੇ ਉਸ ਤੋਂ ਪਹਿਲਾਂ ਹੋਰ ਵੀ ਕਈ ਕਤਲ ਹੋ ਚੁੱਕੇ ਹਨ। ਮਠਾੜੂ ਨੇ ਆਖਿਆ ਕਿ ਇਨ੍ਹਾਂ ਕਤਲ ਦੀਆਂ ਵਾਰਦਾਤਾਂ ਨੂੰ ਰੋਕਣ ਵਿੱਚ ਸਰਕਾਰ ਅਸਮਰੱਥ ਹੈ। ਪ੍ਰੰਤੂ ਸਰਕਾਰ ਨੂੰ ਚਾਹੀਦਾ ਹੈ ਕਿ ਜੇਕਰ ਉਹ ਅਜਿਹੀਆਂ ਵਾਰਦਾਤਾਂ ਨੂੰ ਨਹੀਂ ਰੋਕ ਸਕਦੀ ਤਾਂ ਗੱਦੀ ਛੱਡ ਦੇਵੇ ਤਾਂ ਕਿ ਬਿਹਤਰ ਲੋਕ ਇਨ੍ਹਾਂ ਗੱਦੀਆਂ 'ਤੇ ਬੈਠ ਕੇ ਆਮ ਲੋਕਾਂ ਨੂੰ ਇਨਸਾਫ ਦਿਵਾ ਸਕਣ। ਉਹਨਾਂ ਕਿਹਾ ਕਿ ਅਮਨ ਕਾਨੂੰਨ ਦੀ ਹਾਲਤ ਵੱਲ ਉਚੇਚਾ ਧਿਆਨ ਨਾ ਦੇ ਕੇ ਸੂਬਾ ਸਰਕਾਰ 2027 ਵਿੱਚ ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਲਈ ਆਪਣੇ ਹੀ ਰਾਹ ਵਿੱਚ ਕੰਡੇ ਬੀਜ ਰਹੀ ਹੈ ਜੋ ਕਿ ਉਸਨੂੰ ਇੱਕ ਇੱਕ ਕਰਕੇ ਚੁਗਣੇ ਪੈਣਗੇ।

# ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਬਣਨ 'ਤੇ ਟਿੱਕਾ ਵੱਲੋਂ ਵਧਾਈ



ਲੁਧਿਆਣਾ, 8 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਮੀਡੀਅਮ ਉਦਯੋਗ ਵਿਕਾਸ ਬੋਰਡ ਦੇ ਸਾਬਕਾ ਚੇਅਰਮੈਨ ਤੇ ਪੰਜਾਬ ਭਾਜਪਾ ਦੀ ਕਾਰਜਕਾਰਣੀ ਦੇ ਮੈਂਬਰ ਅਮਰਜੀਤ ਸਿੰਘ ਟਿੱਕਾ ਨੇ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਤੇ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਹਾਰਦਿਕ ਸਵਾਗਤ ਕੀਤਾ ਹੈ। ਸ੍ਰੀ ਟਿੱਕਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰੇਰਨਾ ਅਤੇ ਅਸ਼ਵਨੀ ਸ਼ਰਮਾ ਦੀ ਤਜਰਬੇਕਾਰ ਤੇ ਲੋਕ ਸਮਰਪਿਤ ਅਗਵਾਈ ਹੇਠ ਭਾਜਪਾ ਪੰਜਾਬ ਵਿੱਚ ਯਕੀਨੀ ਤੌਰ 'ਤੇ ਊਰਜਾ ਨਾਲ ਅੱਗੇ ਵਧੇਗੀ ਅਤੇ ਪੰਜਾਬ ਦੇ ਵਿਕਾਸ ਵਿੱਚ ਭਾਰੀ ਯੋਗਦਾਨ ਪਾਵੇਗੀ। ਉਹਨਾਂ ਕਿਹਾ ਕਿ ਸ੍ਰੀ ਅਸ਼ਵਨੀ ਸ਼ਰਮਾ ਪਹਿਲਾਂ ਦੋ ਵਾਰ ਪੰਜਾਬ ਭਾਜਪਾ ਦੀ ਅਗਵਾਈ ਕਰ ਚੁੱਕੇ ਹਨ ਅਤੇ ਉਹਨਾਂ ਦੇ ਕਾਰਜਕਾਲ ਵਿੱਚ ਪੰਜਾਬ ਵਿੱਚ ਭਾਜਪਾ ਸੰਗਠਨ ਕਾਫੀ ਮਜਬੂਤ ਹੋਇਆ ਹੈ। ਸ੍ਰੀ ਟਿੱਕਾ ਨੇ ਕਿਹਾ ਕਿ ਅਸ਼ਵਨੀ ਸ਼ਰਮਾ ਇੱਕ ਅਣਥੱਕ ਮਿਹਨਤੀ ਅਤੇ ਭਾਜਪਾ ਨੂੰ ਸਮਰਪਿਤ ਆਗੂ ਹਨ। ਉਹਨਾਂ ਦਾਅਵੇ ਨਾਲ ਆਖਿਆ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਪੰਜਾਬ ਵਿੱਚ ਆਪਣੀ ਸਰਕਾਰ ਬਣਾਵੇਗੀ। ਟਿੱਕਾ ਨੇ ਸਰਮਾ ਨੂੰ ਵਧਾਈ ਦਿੱਤੀ ਅਤੇ ਅਤੇ ਪੂਰਨ ਸਹਿਯੋਗ ਦੇਣ ਦਾ ਵੀ ਭਰੋਸਾ ਦਿਵਾਇਆ।

# ਅੱਜ ਦੀ ਵਿਸ਼ਵ ਵਿਆਪੀ ਹੜਤਾਲ ਨੂੰ ਸਫ਼ਲ ਬਣਾਉਣ ਲਈ ਬਿਜਲੀ ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਹੋਈ

ਲੁਧਿਆਣਾ, 8 ਜੁਲਾਈ (ਰਵਿੰਦਰ ਸਿੰਘ ਨਿੱਝਰ) : ਦੇਸ਼ ਭਰ ਦੀਆਂ ਟਰੇਡ ਯੂਨੀਅਨਾਂ ਅਤੇ ਉਨ੍ਹਾਂ ਦੀਆਂ ਹਮਖਿਆਲੀ ਜਥੇਬੰਦੀਆਂ ਵੱਲੋਂ ਆਪਣੇ ਸੰਵਿਧਾਨਿਕ ਹੱਕਾਂ ਦੀ ਪ੍ਰਾਪਤੀ ਲਈ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਇਸ ਨੂੰ ਸਫਲ ਬਣਾਉਣ ਲਈ ਬਿਜਲੀ ਨਿਗਮ ਦੀਆਂ ਸਾਰੀਆਂ ਜਥੇਬੰਦੀਆਂ ਦੇ ਜੁਆਇੰਟ ਫੋਰਮ ਅਤੇ ਬਿਜਲੀ ਏਕਤਾ ਮੰਚ ਵੱਲੋਂ ਇੱਕ ਮੀਟਿੰਗ ਈਸੜੂ ਭਵਨ ਵਿਖੇ ਕੀਤੀ ਗਈ। ਜਿਸ ਵਿੱਚ ਪੈਨਸ਼ਨਰਜ਼ ਯੂਨੀਅਨਾਂ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਦੌਰਾਨ ਜਿੱਥੇ ਹੜਤਾਲ ਨੂੰ ਸਫਲ ਬਣਾਉਣ ਉੱਤੇ ਚਰਚਾ ਕੀਤੀ ਗਈ, ਉੱਥੇ ਹੀ ਜ਼ੋਨ ਅਤੇ ਡਵੀਜ਼ਨ ਪੱਧਰ ਤੱਕ ਸਾਂਝੀਆਂ ਕਮੇਟੀਆਂ ਬਣਾਉਣ ਬਾਰੇ ਵੀ ਵਿਚਾਰਾਂ ਹੋਈਆਂ। ਸਾਰੇ ਆਗੂਆਂ ਨੇ ਆਪਣੀਆਂ ਆਪਣੀਆਂ ਡਵੀਜਨਾਂ ਤੇ ਸਬ ਡਵੀਜਨਾਂ ਤੱਕ ਸਮੂਹਿਕ ਛੁੱਟੀਆਂ ਭਰਕੇ ਹੜਤਾਲ 'ਚ 100 ਫੀਸਦੀ ਹਾਜਰੀ ਯਕੀਨੀ ਬਣਾਉਣਗੇ। ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਆਗੂਆਂ ਨੇ ਨੇ ਕਿਹਾ ਕਿ ਭਾਜਪਾ ਦੇ ਕੇਂਦਰ ਸਰਕਾਰ ਮੁਲਾਜ਼ਮ ਮਾਰੂ ਹੈ। ਜਿਸਦੀਆਂ ਨੀਤੀਆਂ ਖਿਲਾਫ ਅੱਜ ਸਮੁੱਚਾ ਮੁਲਾਜ਼ਮ ਵਰਗ ਸੰਘਰਸ਼ ਦੇ ਰਾਹ ਉੱਤੇ ਹੈ। ਉਨ੍ਹਾਂ ਕਿਹਾ ਕਿ ਨੈਸਨਲ ਕੁਆਰਡੀਨੇਸ਼ਨ ਕਮੇਟੀ ਆਫ ਇਲੈਕਟ੍ਰੀਕਲ ਇੰਪਲਾਈਜ਼ ਅਤੇ ਇੰਜੀਨੀਅਰਜ਼ ਵੱਲੋਂ 9 ਜੁਲਾਈ ਨੂੰ ਕੇਂਦਰ ਸਰਕਾਰ ਦੀ ਇਸ ਨਿੱਜੀਕਰਨ ਦੀ ਨੀਤੀ ਅਤੇ 4 ਲੇਬਰ ਕੋਡਾਂ ਖਿਲਾਫ ਬਿਜਲੀ ਕਾਮਿਆਂ ਦੀ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਦੇਸ਼ ਦੀਆਂ 10 ਕੇਂਦਰੀ ਟ੍ਰੇਡ ਯੂਨੀਅਨਾਂ ਵੱਲੋਂ ਵੀ ਇਸੇ ਦਿਨ ਆਪਣੀਆਂ ਮੰਗਾਂ ਨੂੰ ਲੈ ਕੇ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਆਗੂਆਂ ਨੇ ਦੱਸਿਆ ਕਿ ਬਿਜਲੀ ਮੁਲਾਜ਼ਮ "ਵਰਕ ਟੂ ਰੂਲ" ਤਹਿਤ ਕੰਮ ਕਰਦੇ ਹੋਏ ਸੰਘਰਸ਼ ਕਰ ਰਹੇ ਹਨ ਅਤੇ ਹੁਣ 9 ਜੁਲਾਈ ਦੀ ਦੇਸ ਵਿਆਪੀ ਹੜਤਾਲ ਵੀ ਸਮੂਹਿਕ ਛੁੱਟੀਆਂ ਭਰਕੇ ਕਰਨਗੇ ਅਤੇ ਜੇਕਰ ਪੰਜਾਬ ਸਰਕਾਰ ਫੇਰ ਵੀ ਟੱਸ ਤੋਂ ਮੱਸ ਨਾ ਹੋਈ ਤਾਂ ਅਗਸਤ ਦੇ ਪਹਿਲੇ ਹਫਤੇ ਤੋਂ ਬਿਜਲੀ ਨਿਗਮ ਦੇ ਸਾਰੇ ਮੁਲਾਜ਼ਮ ਸਮੂਹਿਕ ਛੁੱਟੀਆਂ ਭਰਕੇ ਹੜਤਾਲ 'ਤੇ ਚਲੇ ਜਾਣਗੇ।

# ਬੀ.ਐੱਲ.ਓਜ. ਦੀ ਸਿਖਲਾਈ ਲਈ ਤਿੰਨ ਦਿਨਾਂ ਪ੍ਰੋਗਰਾਮ ਸ਼ੁਰੂ

ਲੁਧਿਆਣਾ, 8 ਜੁਲਾਈ (ਰਵਿੰਦਰ ਸਿੰਘ ਨਿੱਝਰ) : ਭਾਰਤ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਚੋਣ ਹਲਕਾ 061-ਲੁਧਿਆਣਾ (ਦੱਖਣੀ) ਵਿੱਚ ਬੀ.ਐਲ.ਓਜ. ਦੇ ਸਿਖਲਾਈ ਪ੍ਰੋਗਰਾਮ ਲਈ ਬੂਥ ਵਾਈਜ ਸਡਿਊਲ ਅਨੁਸਾਰ ਤਿੰਨ ਦਿਨਾ ਸਿਖਲਾਈ ਰੱਖੀ ਗਈ ਹੈ, ਜਿਸ ਵਿੱਚ ਪਹਿਲੇ ਦਿਨ ਬੂਥ ਨੰ. । ਤੋਂ 60 ਤੱਕ ਦੇ ਬੀ.ਐਲ.ਓਜ ਹਾਜਿਰ ਹੋਏ। ਇਸ ਟ੍ਰੇਨਿੰਗ ਨੂੰ ਚੋਣ ਹਲਕਾ 061-ਲੁਧਿਆਣਾ (ਦੱਖਣੀ) ਦੇ ਚੋਣਕਾਰ ਰਜਿਸਟ੍ਰੇਸਨ ਅਫਸਰ ਡਾ. ਅੰਕੁਰ ਮਹਿੰਦਰੂ ਵੱਲੋਂ ਸੰਬੋਧਨ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਦਿੱਤੇ ਗਏ ਨਿਰਦੇਸਾਂ ਨੂੰ ਮੁੱਖ ਰੱਖਦੇ ਹੋਏ ਸਵੀਪ ਨੋਡਲ ਅਫਸਰ ਵਰਿੰਦਰ ਪਾਠਕ ਅਤੇ ਅਸੈਂਬਲੀ ਲੈਵਲ ਮਾਸਟਰ ਟ੍ਰੇਨਰਜ ਵੱਲੋਂ ਟ੍ਰੇਨਿੰਗ ਨੂੰ ਸੁਰੂ ਕੀਤਾ ਗਿਆ। ਇਸ ਵਿਚ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਈਆਂ ਗਈਆਂ। ਬੀ.ਐਲ.ਓਜ ਨੂੰ ਚੋਣਾਂ ਸਬੰਧੀ ਸਾਰੇ ਫਾਰਮਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਬੀ.ਐਲ.ਓਜ ਵੱਲੋਂ ਫਾਰਮ 6,7,8 ਭਰਵਾਏ ਗਏ, ਬੀ.ਐਲ.ਓਜ ਨੂੰ ਬੀ.ਐਲ.ਓ. ਐਪ ਅਤੇ ਵੋਟਰ ਹੈਲਪਲਾਈਨ ਐਪ ਬਾਰੇ ਜਾਣੂ ਕਰਵਾਇਆ ਗਿਆ, ਸਾਰੀਆਂ ਗਤੀਵਿਧਿਆਂ ਵਿੱਚ ਚੋਣ ਹਲਕਾ 061-ਲੁਧਿਆਣਾ (ਦੱਖਣੀ) ਦਾ ਸਮੂਹ ਸਟਾਫ ਅਤੇ ਸਬੰਧਤ ਸੁਪਰਵਾਈਜਰ ਸ਼ਾਮਿਲ ਹੋਏ।

# ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ ਵੱਲੋਂ ਜ਼ਿਲ੍ਹਾ ਇਕਾਈਆਂ ਦਾ ਪੁਨਰਗਠਨ ਸ਼ੁਰੂ



ਲੁਧਿਆਣਾ, 8 ਜੁਲਾਈ (ਰਵਿੰਦਰ ਸਿੰਘ ਨਿੱਝਰ) : ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ ਐਂਚ ਦੀ ਇੱਕ ਅਹਿਮ ਮੀਟਿੰਗ ਰਾਮ ਬਾਗ ਪਾਰਕ ਵਿਖੇ ਹੋਈ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਮੰਚ ਦੇ ਕੌਮੀ ਪ੍ਰਧਾਨ ਹਾਕਮ ਬਖਤੜੀ ਵਾਲਾ ਪਹੁੰਚੇ। ਇਹ ਮੀਟਿੰਗ ਪੰਜਾਬੀ ਲੋਕ ਗਾਇਕ ਅਤੇ ਉੱਘੇ ਗੀਤਕਾਰ ਜੱਗੀ ਧੂਰੀ ਵਾਲੇ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਪੰਜਾਬ ਦੇ ਅਨੇਕਾਂ ਗਾਇਕ, ਗੀਤਕਾਰ ਅਤੇ ਸੰਗੀਤਕਾਰ ਇਕੱਤਰ ਹੋਏ। ਮੀਟਿੰਗ ਵਿੱਚ ਕਲਾਕਾਰਾਂ ਨੂੰ ਆਉਂਦੀਆਂ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮੰਚ ਦੀਆਂ ਜ਼ਿਲ੍ਹਾ ਇਕਾਈਆਂ ਦੇ ਪੁਨਰਗਠਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਹਾਕਮ ਬਖਤੜੀ ਵਾਲੇ ਨੇ ਆਖਿਆ ਕਿ ਸਾਨੂੰ ਸਮੂਹ ਗਾਇਕਾਂ ਤੇ ਗੀਤਕਾਰਾਂ ਨੂੰ ਸਮਾਜ ਨੂੰ ਸੇਧ ਦੇਣ ਵਾਲੇ ਗੀਤ ਗਾਉਣੇ ਚਾਹੀਦੇ ਹਨ। ਲੱਚਰ ਅਤੇ ਨਸ਼ਿਆਂ ਵਾਲੇ ਗੀਤਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਕਲਾਕਾਰ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਹੁੰਦੇ ਹਨ। ਉਹਨਾਂ ਇਹ ਵੀ ਕਿਹਾ ਕਿ ਗਾਇਕਾਂ ਤੇ ਗੀਤਕਾਰਾਂ ਨੂੰ ਸਿੱਖਣ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ, ਤਾਂ ਕਿ ਗਾਇਕਾਂ ਦੀ ਸੁਰਾਂ ਦੇ ਉੱਤੇ ਅਤੇ ਗੀਤਕਾਰਾਂ ਦੀ ਲਫਜ਼ਾਂ ਦੇ ਉੱਤੇ ਪਕੜ ਮਜਬੂਤ ਹੋ ਸਕੇ। ਇਸ ਮੌਕੇ ਜੱਗੀ ਧੂਰੀ ਨੂੰ ਸਰਬ ਸੰਮਤੀ ਨਾਲ ਮੰਚ ਦੀ ਸੰਗਰੂਰ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਬਲਾਕਾਂ ਦੀਆਂ ਦੀਆਂ ਚੋਣਾਂ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। ਮੀਟਿੰਗ ਵਿੱਚ ਕਲਾਕਾਰ ਜਰਨੈਲ ਸਿੰਘ ਸੱਗੂ ,ਰਣਜੀਤ ਸੇਰਪੁਰੀ, ਸੁਖਪਾਲ ਦੋਹਲਾ, ਦੀਪ ਭੁੱਲਰਹੇੜੀ, ਰੇਸਮ ਘਨੌਰੀ ਕਲਾਂ, ਕੁਲਵੀਰ ਸਿੰਘ ਘਨੌਰੀ ਕਲਾਂ, ਗੱਗੀ ਕਾਤਰੋਂ, ਬੂਟਾ ਲੱਡੀ ਕੁਲਵਿੰਦਰ ਲੱਡੀ, ਪੰਮੀ ਮਾਨ, ਨਿਰਭੈ ਸਿੰਘ, ਮਲਕੀਤ ਮੰਗਾ, ਜਰਨੈਲ ਸਿੰਘ ਭੰਜੂ, ਸੰਗੀਤਕਾਰ ਬਲਦੇਵ ਸਿੰਘ ਸੰਘੇੜਾ, ਗਾਇਕ ਸੁਖੀ ਮੂਲੋਵਾਲ, ਗਾਇਕ ਕੁਲਦੀਪ ਸਿੰਘ ਮੂਲੋਵਾਲ, ਗੀਤਕਾਰ ਬਲੌਰ ਸਿੰਘ ਕਾਤਰੋਂ, ਗੀਤਕਾਰ ਰੇਸਮ ਸਿੰਘ ਘਨੌਰੀ ਕਲਾਂ, ਗਾਇਕ ਬੂਟਾ ਲੱਡੀ, ਗਾਇਕ ਮਲਕੀਤ ਮੰਗਾ, ਗਾਇਕ ਕੁਲਵਿੰਦਰ ਸਿੰਘ ਲੱਡੀ, ਗੀਤਕਾਰ ਰਣਜੀਤ ਸੇਰਪੁਰੀ ਅਤੇ ਗਾਇਕ ਪੰਮੀ ਮਾਂਨ ਆਦਿ ਵੀ ਹਾਜਰ ਸਨ। ਅਖੀਰ ਤੇ ਸਾਰੇ ਕਲਾਕਾਰਾਂ ਗੀਤਕਾਰਾਂ ਦਾ ਧੰਨਵਾਦ ਜਰਨੈਲ ਸਿੰਘ ਸੱਗੂ ਨੇ ਕੀਤਾ।

# ਸਕਰੈਪ ਕਾਰੋਬਾਰੀ ਲੋਹੇ ਦਾ ਭਾਅ ਵੱਧਣ-ਘੱਟਣ ਕਾਰਨ ਦੁਖੀ

ਲੁਧਿਆਣਾ, 8 ਜੁਲਾਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਸਕਰੈਪ ਟਰੇਡਰਜ਼ ਐਸੋਸੀਏਸ਼ਨ ਦੀ ਇਕ ਅਹਿਮ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਦੀ ਅਗਵਾਈ ਵਿੱਚ ਹੋਈ। ਮੀਟਿੰਗ ਦੌਰਾਨ ਸਕਰੈਪ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਆ ਰਹੀਆਂ ਵੱਖ-ਵੱਖ ਸਮੱਸਿਆਵਾਂ 'ਤੇ ਗੰਭੀਰ ਚਰਚਾ ਹੋਈ। ਮੈਂਬਰਾਂ ਨੇ ਦੱਸਿਆ ਕਿ ਲੋਹੇ ਦੇ ਭਾਅ 'ਚ ਆਏ ਦਿਨ ਹੋ ਰਹੇ ਉਤਾਰ-ਚੜ੍ਹਾ ਕਾਰਨ ਕਾਰੋਬਾਰ ਉੱਤੇ ਮਾੜ ਅਸਰ ਪੈ ਰਿਹਾ ਹੈ। ਜਿਸ ਕਾਰਨ ਨਫੇ ਨੁਕਸਾਨ ਦੀ ਗਿਣਤੀ ਕਰਨੀ ਔਖੀ ਹੋ ਜਾਂਦੀ ਹੈ ਤੇ ਕਾਰੋਬਾਰ ਦੇ ਭਵਿੱਖ ਨੂੰ ਲੈ ਕੇ ਚਿੰਤਾਵਾਂ ਵੱਧ ਹਨ। ਪ੍ਰਧਾਨ ਨੇ ਦੱਸਿਆ ਕਿ ਸਕਰੈਪ ਕਾਰੋਬਾਰੀਆਂ ਨੂੰ ਟ੍ਰੈਫਿਕ ਪੁਲਿਸ ਦੇ ਨਾਲ ਨਾਲ ਕਈ ਵਾਰ ਜੀਐਸਟੀ ਵਿਭਾਗ ਦੇ ਅਧਿਕਾਰੀ ਵੀ ਤੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਹੀ ਵਪਾਰੀ ਵਰਗ ਕਾਰੋਬਾਰ ਮੁਤਾਬਕ ਹਾਲਾਤ ਨਾ ਹੋਣ ਕਰਕੇ ਪ੍ਰਭਾਵਿਤ ਹੋ ਰਿਹਾ ਹੈ। ਖੁਰਾਣਾ ਨੇ ਮੰਗ ਕੀਤੀ, ਕਿ ਸਰਕਾਰ ਅਤੇ ਸੰਬੰਧਤ ਵਿਭਾਗ ਕਾਰੋਬਾਰੀਆਂ ਦੇ ਸਹਿਯੋਗੀ ਬਨਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਵਾਸਤੇ ਕਦਮ ਚੁੱਕੇ ਜਾਣ। ਇਸ ਮੌਕੇ ਸਰਪ੍ਰਸਤ ਦਲੀਪ ਸਿੰਘ ਖੁਰਾਣਾ, ਚੇਅਰਮੈਨ ਜਰਨੈਲ ਸਿੰਘ ਖੇੜਾ, ਪ੍ਰਿਤਪਾਲ ਸਿੰਘ, ਪਰਮਜੀਤ ਸਿੰਘ ਖੁਰਾਣਾ, ਜਤਿੰਦਰ ਸਿੰਘ ਬੌਬੀ, ਪ੍ਰਭਜੋਤ ਸਿੰਘ ਕਾਲੜਾ, ਕੰਵਲਜੀਤ ਸਿੰਘ ਚੁੱਘ, ਮੁਕੇਸ਼ ਮਿਸ਼ਰਾ, ਗਗਨਦੀਪ ਸਿੰਘ ਅਰੋੜਾ, ਗੁਰਮੀਤ ਸਿੰਘ, ਅਰਵਿੰਦਰ ਸਿੰਘ ਪਾਹਵਾ, ਰਾਜ ਕੁਮਾਰ, ਤਰਨਜੀਤ ਸਿੰਘ, ਹਰਜੀਤ ਸਿੰਘ, ਮਨਿੰਦਰ ਸਿੰਘ ਚਾਵਲਾ, ਮਨੋਜ ਕੁਮਾਰ ਅਰੋੜਾ, ਰਕੇਸ਼ ਕੁਮਾਰ, ਪਵਨ ਕੁਮਾਰ, ਜਸਵਿੰਦਰ ਸਿੰਘ, ਰਾਜਬੀਰ ਸਿੰਘ ਵੀ ਹਾਜਰ ਸਨ।

# ਇੰਡੀਅਨ ਪਬਲਿਕ ਸਕੂਲ, ਡਾਬਾ ਲੋਹਾਰਾ ਰੋਡ ਵਿਖੇ ਵਣ ਮਹਾਂਉਤਸਵ ਮਨਾਇਆ




ਲੁਧਿਆਣਾ, 8 ਜੁਲਾਈ (ਰਵਿੰਦਰ ਸਿੰਘ ਨਿੱਝਰ) : ਇੰਡੀਅਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਡਾਬਾ ਲੋਹਾਰਾ ਰੋਡ ਵਿਖੇ ਵਣ ਮਹਾਂਉਤਸਵ, ਜੋ ਕਿ ਹਰ ਸਾਲ ਮਨਾਇਆ ਜਾਣ ਵਾਲਾ ਰੁੱਖ ਲਗਾਉਣ ਦਾ ਤਿਉਹਾਰ ਹੈ, ਨੂੰ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਵਾਤਾਵਰਣ ਸਾਫ ਸੁਥਰਾ ਰੱਖਣ ਦੀ ਮਹੱਤਤਾ ਅਤੇ ਦਰੱਖਤਾਂ ਦੀ ਭੂਮਿਕਾ ਬਾਰੇ ਜਾਗਰੂਕਤਾ ਫੈਲਾਉਣ ਲਈ ਕਈ ਦਿਲਚਸਪ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮਨੋਰੰਜਕ ਸਮਾਰੋਹ ਵਿੱਚ ਰੁੱਖ ਲਗਾਉਣ ਦੀ ਮੁਹਿੰਮ, ਕੁਦਰਤੀ ਸੈਰ (ਨੇਚਰ ਵਾਕ), ਰੈਲੀ ਅਤੇ ਕਈ ਰਚਨਾਤਮਕ ਮੁਕਾਬਲੇ ਕਰਵਾਏ ਗਏ। ਸਕੂਲ ਵਿੱਚ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ, ਜਿਸ ਦੌਰਾਨ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਨੇ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾ ਕੇ ਸਕੂਲ ਅਤੇ ਇਲਾਕੇ ਦੀ ਹਰਿਆਵਲੀ ਨੂੰ ਵਧਾਇਆ। ਇਕ ਖਾਸ ਸਮਾਗਮ ਦੌਰਾਨ ਵਿਦਿਆਰਥੀਆਂ ਨੇ ਨੁੱਕੜ ਨਾਟਕ ਪੇਸ਼ ਕੀਤਾ ਅਤੇ ਭਾਸ਼ਣ ਰਾਹੀਂ ਦਰੱਖਤਾਂ ਅਤੇ ਜੰਗਲਾਂ ਦੀ ਵਾਤਾਵਰਣਕ ਸੰਤੁਲਨ ਵਿਚ ਭੂਮਿਕਾ ਬਾਰੇ ਰੌਸਨੀ ਪਾਈ। ਸਕੂਲ ਦੇ ਚੇਅਰਮੈਨ ਸੁਰਿੰਦਰਪਾਲ ਗਰਗ ਨੇ ਕਿਹਾ ਕਿ ਇਸ ਤਰ੍ਹਾਂ ਦੇ ਉਤਸਵ ਵਿਦਿਆਰਥੀਆਂ ਨੂੰ ਦਰੱਖਤਾਂ ਦੀ ਸੰਭਾਲ ਅਤੇ ਰੱਖਿਆ ਵੱਲ ਪ੍ਰੇਰਿਤ ਕਰਦੇ ਹਨ ਅਤੇ ਕੁਦਰਤੀ ਸੰਤੁਲਨ ਬਣਾਈ ਰੱਖਣ ਵਿੱਚ ਵੀ ਸਹਾਇਕ ਹੁੰਦੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਮਨੁੱਖ ਅਤੇ ਪੌਦਿਆਂ ਵਿਚਕਾਰ ਸਾਂਝ ਨੂੰ ਮਜਬੂਤ ਕਰਦੇ ਹਨ। ਵਿਦਿਆਰਥੀਆਂ ਨੂੰ ਦਰੱਖਤਾਂ ਦੀ ਸੰਭਾਲ ਲਈ ਆਪਣੀ ਜਿੰਮੇਵਾਰੀ ਨੂੰ ਸਮਝਾਉਣ ਵਿੱਚ ਸਹਾਇਤਾ ਕੀਤੀ ਗਈ। ਸਕੂਲ ਦੀ ਪ੍ਰਿੰਸੀਪਲ ਨੇ ਵਾਤਾਵਰਣ ਸੁਰੱਖਿਆ ਲਈ ਨਿਰੰਤਰ ਯਤਨਾਂ ਦੀ ਲੋੜ ਉੱਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਟਿਕਾਊ ਵਿਕਾਸ ਮੁਹਿੰਮਾਂ ਵਿੱਚ ਸਰਗਰਮ ਭਾਗ ਲੈਣ ਲਈ ਉਤਸ਼ਾਹਿਤ ਕੀਤਾ। ਸਕੂਲ ਦਾ ਇਹ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਸਮਾਰੋਹਾਂ ਰਾਹੀਂ ਵਿਦਿਆਰਥੀ ਸਥਾਈ ਭਵਿੱਖ ਦੀ ਰਚਨਾ ਵਿੱਚ ਆਪਣੀ ਭੂਮਿਕਾ ਨੂੰ ਹੋਰ ਵਧੀਆ ਢੰਗ ਨਾਲ ਸਮਝ ਸਕਦੇ ਹਨ।

# ਨਾਮ ਸਿਮਰਨ ਅਭਿਆਸ ਸਮਾਗਮ ਕਰਵਾਇਆ

ਲੁਧਿਆਣਾ, 8 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ ਬੀਤੇ ਦਿਨੀਂ ਕਰਵਾਇਆ ਗਿਆ । ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ ਸੰਗਤਾਂ ਨੇ ਇਕਾਗਰ ਚਿੱਤ ਹੋ ਕੇ ਵਾਹਿਗੁਰੂ ਦਾ ਸਿਮਰਨ ਕੀਤਾ । ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ, ਜਰਨੈਲ ਸਿੰਘ ਸੈਣੀ ਮੀਤ ਪ੍ਰਧਾਨ, ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ, ਸੁਰਿੰਦਰ ਸਿੰਘ ਪੀ.ਏ.ਪ੍ਰਧਾਨ ਸਾਹਿਬ, ਪਲਵਿੰਦਰ ਸਿੰਘ, ਰਣਜੀਤ ਸਿੰਘ, ਸਵਰਨ ਸਿੰਘ, ਜੋਗਿੰਦਰ ਸਿੰਘ, ਹਰਦੇਵ ਸਿੰਘ, ਤਲਵਿੰਦਰ ਸਿੰਘ, ਤਜਿੰਦਰ ਸਿੰਘ, ਜਤਿੰਦਰ ਸਿੰਘ, ਨਿਰਮਲ ਸਿੰਘ, ਨਿਰਮਲ ਸਿੰਘ ਸੈਣੀ ਅਤੇ ਮਾਸਟਰ ਗੁਰਮੀਤ ਸਿੰਘ ਹਾਜ਼ਰ ਸਨ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਅਗਲਾ ਹਫਤਾਵਾਰੀ ਨਾਮ ਅਭਿਆਸ ਸਮਾਗਮ 15 ਜੂਨ ਦਿਨ ਐਤਵਾਰ ਨੂੰ ਰਾਤ 7.30 ਵਜੇ ਤੋਂ 8.30 ਵਜੇ ਤੱਕ ਹੋਵੇਗਾ। ਉਹਨਾਂ ਸੰਗਤਾਂ ਨੂੰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

# ਡੀ.ਸੀ. ਨੇ ਹੜ੍ਹਾਂ ਦੀ ਤਿਆਰੀ ਦੇ ਉਪਾਵਾਂ ਦੀ ਸਮੀਖਿਆ ਕੀਤੀ



ਲੁਧਿਆਣਾ, 8 ਜੁਲਾਈ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਮਾਨਸੂਨ ਸੀਜ਼ਨ ਲਈ ਹੜ੍ਹਾਂ ਦੀ ਤਿਆਰੀ ਦੇ ਉਪਾਵਾਂ ਦੀ ਸਮੀਖਿਆ ਅਤੇ ਮਜ਼ਬੂਤੀ ਲਈ ਕਈ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ। ਵਧੀਕ ਡਿਪਟੀ ਕਮਿਸ਼ਨਰ ਅਮਰਜੀਤ ਬੈਂਸ, ਸ਼ਿਖਾ ਭਗਤ, ਕੁਲਪ੍ਰੀਤ ਸਿੰਘ, ਸਾਰੇ ਉਪ ਮੰਡਲ ਮੈਜਿਸਟਰੇਟ, ਅਤੇ ਡਰੇਨੇਜ, ਨਗਰ ਨਿਗਮ, ਐਨਡੀਆਰਐਫ, ਪੀਐਸਪੀਸੀਐਲ, ਸਿੱਖਿਆ, ਲੋਕ ਨਿਰਮਾਣ ਵਿਭਾਗ, ਸਿਹਤ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਖੇਤੀਬਾੜੀ, ਪਸ਼ੂ ਪਾਲਣ, ਜੰਗਲਾਤ, ਜਲ ਸਪਲਾਈ ਅਤੇ ਸੈਨੀਟੇਸ਼ਨ, ਪੁਲਿਸ ਅਤੇ ਹੋਰ ਸਬੰਧਤ ਏਜੰਸੀਆਂ ਦੇ ਨੁਮਾਇੰਦੇ ਮੀਟਿੰਗ ਵਿੱਚ ਮੌਜੂਦ ਸਨ। ਡਿਪਟੀ ਕਮਿਸ਼ਨਰ ਜੈਨ ਨੇ ਹੜ੍ਹ ਸੁਰੱਖਿਆ ਕਾਰਜਾਂ ਦਾ ਡੂੰਘਾਈ ਨਾਲ ਮੁਲਾਂਕਣ ਕੀਤਾ, ਜਿਸ ਵਿੱਚ ਬੰਨ੍ਹਾਂ, ਡਰੇਨੇਜ ਪ੍ਰਣਾਲੀਆਂ ਅਤੇ ਹੜ੍ਹ ਰੁਕਾਵਟਾਂ ਦੀ ਦੇਖਭਾਲ ਸ਼ਾਮਲ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਪਾਣੀ ਦੇ ਪੰਪ, ਜਨਰੇਟਰ ਅਤੇ ਬਚਾਅ ਕਿਸ਼ਤੀਆਂ ਵਰਗੀਆਂ ਸਾਰੀਆਂ ਜ਼ਰੂਰੀ ਮਸ਼ੀਨਰੀ ਕਾਰਜਸ਼ੀਲ ਹੋਣ ਅਤੇ ਕਮਜ਼ੋਰ ਥਾਵਾਂ 'ਤੇ ਰਣਨੀਤਕ ਤੌਰ 'ਤੇ ਤਾਇਨਾਤ ਹੋਣ। ਹੜ੍ਹਾਂ ਦੇ ਜੋਖਮਾਂ ਦੀ ਨਿਗਰਾਨੀ ਕਰਨ ਅਤੇ ਪ੍ਰਤੀਕਿਰਿਆਵਾਂ ਦਾ ਤਾਲਮੇਲ ਕਰਨ ਲਈ ਜ਼ਿਲ੍ਹਾ ਅਤੇ ਉਪ ਮੰਡਲ ਪੱਧਰ 'ਤੇ 24/7 ਕਾਰਜਸ਼ੀਲ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਐਮਰਜੈਂਸੀ ਦੀ ਸਥਿਤੀ ਵਿੱਚ ਬੇਘਰ ਲੋਕਾਂ ਨੂੰ ਠਹਿਰਾਉਣ ਲਈ ਅਸਥਾਈ ਆਸਰਾ-ਘਰਾਂ ਵਿੱਚ ਢੁਕਵੇਂ ਭੋਜਨ, ਪਾਣੀ, ਸੈਨੀਟੇਸ਼ਨ ਸਹੂਲਤਾਂ ਅਤੇ ਬਿਸਤਰੇ ਦੀ ਸਹੂਲਤ ਯਕੀਨੀ ਬਣਾਈ ਜਾਵੇ। ਡਿਪਟੀ ਕਮਿਸ਼ਨਰ ਨੇ ਵਿਭਾਗਾਂ ਵਿਚਕਾਰ ਨਿਰਵਿਘਨ ਤਾਲਮੇਲ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ ਅਤੇ ਅਧਿਕਾਰੀਆਂ ਨੂੰ ਨਿਯਮਤ ਅੰਤਰ-ਵਿਭਾਗੀ ਬ੍ਰੀਫਿੰਗ ਕਰਨ ਅਤੇ ਹੜ੍ਹ ਦੇ ਜੋਖਮਾਂ ਅਤੇ ਪ੍ਰਤੀਕਿਰਿਆ ਉਪਾਵਾਂ ਬਾਰੇ ਅਸਲ-ਸਮੇਂ ਦੇ ਅਪਡੇਟਸ ਸਾਂਝੇ ਕਰਨ ਦੇ ਨਿਰਦੇਸ਼ ਦਿੱਤੇ। ਐਮਰਜੈਂਸੀ ਦੌਰਾਨ ਜਾਣਕਾਰੀ ਦੇ ਪ੍ਰਵਾਹ ਨੂੰ ਸੁਚਾਰੂ ਬਣਾਉਣ ਲਈ ਇੱਕ ਏਕੀਕ੍ਰਿਤ ਸੰਚਾਰ ਪ੍ਰੋਟੋਕੋਲ ਸਥਾਪਤ ਕੀਤਾ ਗਿਆ ਸੀ।

ਉਨ੍ਹਾਂ ਨੇ ਐਸਡੀਐਮਜ਼ ਅਤੇ ਵਿਭਾਗੀ ਅਧਿਕਾਰੀਆਂ ਨੂੰ ਨੀਵੇਂ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਮੌਕੇ 'ਤੇ ਨਿਰੀਖਣ ਕਰਨ ਦੇ ਵੀ ਨਿਰਦੇਸ਼ ਦਿੱਤੇ। ਸਿਹਤ ਵਿਭਾਗ ਨੂੰ ਹੜ੍ਹ ਨਾਲ ਸਬੰਧਤ ਸਿਹਤ ਜੋਖਮਾਂ, ਜਿਵੇਂ ਕਿ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨਾਲ ਨਜਿੱਠਣ ਲਈ ਦਵਾਈਆਂ, ਫਸਟ-ਏਡ ਕਿੱਟਾਂ ਅਤੇ ਟੀਕਿਆਂ ਦੇ ਢੁਕਵੇਂ ਸਟਾਕ ਨਾਲ ਤੇਜ਼ ਪ੍ਰਤੀਕਿਰਿਆ ਲਈ ਪੂਰੀ ਤਰ੍ਹਾਂ ਲੈਸ ਮੈਡੀਕਲ ਟੀਮਾਂ ਅਤੇ ਐਂਬੂਲੈਂਸਾਂ ਨੂੰ ਤਿਆਰ ਰੱਖਣ ਦਾ ਕੰਮ ਸੌਂਪਿਆ ਗਿਆ ਸੀ।

# ਪੀ.ਐਸ.ਸੀ.ਪੀ.ਸੀ.ਆਰ. ਵੱਲੋਂ ਮੀਡੀਆ ਲਈ ਅਪੀਲ ਬੱਚਿਆਂ ਦੀ ਪਛਾਣ ਸਬੰਧੀ ਖ਼ੁਲਾਸਾ ਕਰਨਾ ਕਾਨੂੰਨੀ ਉਲੰਘਣਾ




ਲੁਧਿਆਣਾ, 8 ਜੁਲਾਈ (ਵਿਸ਼ਾਲ ਸ਼ਰਮਾ) : ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਪੀ.ਐਸ.ਸੀ.ਪੀ.ਸੀ.ਆਰ) ਵੱਲੋਂ ਸਾਰੇ ਮੀਡੀਆ ਹਾਊਸਾਂ, ਪੱਤਰਕਾਰਾਂ ਅਤੇ ਇਲੈਕਟਰਾਨਿਕ ਮੀਡੀਆ ਪਲੇਟਫਾਰਮਾਂ ਨੂੰ ਇੱਕ ਸਲਾਹ ਜਾਰੀ ਕੀਤੀ ਗਈ ਹੈ। ਇਸ ਸਲਾਹ ਵਿੱਚ ਕਿਹਾ ਗਿਆ ਹੈ ਕਿ ਜੁਵੇਨਾਈਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2015 ਦੀ ਧਾਰਾ 74 ਦੇ ਅਧੀਨ ਬੱਚਿਆਂ ਦੀ ਪਛਾਣ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦਾ ਖੁਲਾਸਾ ਕਰਨਾ ਕਾਨੂੰਨੀ ਤੌਰ 'ਤੇ ਸਖ਼ਤ ਮਨਾਹੀ ਹੈ। ਇਸ ਵਿੱਚ ਉਹ ਬੱਚੇ ਵੀ ਸ਼ਾਮਲ ਹਨ, ਜੋ ਕਿਸੇ ਵੀ ਤਰੀਕੇ ਦੀ ਕਾਨੂੰਨੀ ਕਾਰਵਾਈ ਵਿਚ ਪੀੜਤ, ਗਵਾਹ ਜਾਂ ਸੰਭਾਲ ਅਧੀਨ ਹਨ। ਮਨਾਹੀ ਕੀਤੀ ਗਈ। ਜਾਣਕਾਰੀ ਵਿੱਚ ਨਾਮ, ਪਤਾ, ਸਕੂਲ, ਫੋਟੋ, ਵੀਡੀਓ ਜਾਂ ਹੋਰ ਕੋਈ ਵੀ ਵੇਰਵਾ ਸ਼ਾਮਲ ਹਨ, ਜੋ ਬੱਚੇ ਦੀ ਪਛਾਣ ਨੂੰ ਪ੍ਰਗਟ ਕਰ ਸਕਦੇ ਹਨ। ਕਮਿਸ਼ਨ ਨੇ ਜ਼ੋਰ ਦਿੰਦਿਆਂ ਕਿਹਾ ਕਿ ਅਜਿਹੀ ਜਾਣਕਾਰੀ ਦਾ ਖੁਲਾਸਾ ਬੱਚੇ ਦੇ ਮਾਣ, ਭਾਵਨਾਤਮਕ ਤੰਦਰੁਸਤੀ ਅਤੇ ਸੁਰੱਖਿਆ ਲਈ ਗੰਭੀਰ ਅਤੇ ਸਥਾਈ ਨੁਕਸਾਨ ਦਾ ਕਾਰਣ ਬਣ ਸਕਦਾ ਹੈ। ਇਸ ਪ੍ਰਸੰਗ ਵਿੱਚ, ਕਮਿਸ਼ਨ ਨੇ ਮੀਡੀਆ ਸੰਸਥਾਵਾਂ ਨੂੰ ਆਗਾਹ ਕੀਤਾ ਹੈ ਕਿ ਉਹ ਅਜਿਹੇ ਕਿਸੇ ਵੀ ਸਮੱਗਰੀ ਦੇ ਪ੍ਰਕਾਸ਼ਨ, ਪ੍ਰਸਾਰਣ ਜਾਂ ਵੰਡ ਨੂੰ ਤੁਰੰਤ ਰੋਕਣ।

ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਿਸ਼ੋਰ ਨਿਆਂ ਐਕਟ, 2015 ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸਦੇ ਨਾਲ, ਕਮਿਸ਼ਨ ਨੇ ਮੀਡੀਆ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਸੰਪਾਦਕੀ ਟੀਮ ਨੂੰ ਬਾਲ ਸੁਰੱਖਿਆ ਕਾਨੂੰਨਾਂ ਪ੍ਰਤੀ ਸੰਵੇਦਨਸ਼ੀਲ ਬਣਾਉਣ, ਬਾਲ-ਸੰਵੇਦਨਸ਼ੀਲ ਪੱਤਰਕਾਰੀ ਅਭਿਆਸਾਂ ਨੂੰ ਅਪਣਾਉਣ, ਅਤੇ ਪੂਰਵ-ਪ੍ਰਕਾਸ਼ਨ ਜਾਂਚ ਪ੍ਰਕਿਰਿਆਵਾਂ ਨੂੰ ਸਖ਼ਤੀ ਨਾਲ ਲਾਗੂ ਕਰਨ। ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨੇ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਅਤੇ ਜ਼ਿੰਮੇਵਾਰ, ਨੈਤਿਕ ਪੱਤਰਕਾਰੀ ਨੂੰ ਉਤਸ਼ਾਹਿਤ ਕਰਨ ਲਈ ਸਾਰੀਆਂ ਮੀਡੀਆ ਸੰਸਥਾਵਾਂ ਤੋਂ ਪੂਰਾ ਸਹਿਯੋਗ ਮੰਗਿਆ ਹੈ।

# ਨਵੇਂ-ਪੁਰਾਣੇ ਕੂੜੇ ਦਾ ਬਹਾਨਾ ਖ਼ਤਮ, ਮੰਡੀ ਹੋਵੇਗੀ ਨਵੀਂ ਨਕੋਰ : ਚੇਅਰਮੈਨ ਗਿੱਲ



ਲੁਧਿਆਣਾ, 8 ਜੁਲਾਈ (ਵਿਸ਼ਾਲ ਸ਼ਰਮਾ) : ਮੰਡੀ ਵਿੱਚ ਲੱਗੇ ਕੂੜੇ ਦੇ ਢੇਰਾ ਕਾਰਨ ਆਮ ਲੋਕਾਂ ਨੂੰ ਆ ਰਹੀਆਂ ਪਰੇਸ਼ਾਨੀਆਂ ਦਾ ਹੱਲ ਕਰਨ ਲਈ ਅੱਜ ਇੱਕ ਵਿਸ਼ੇਸ਼ ਮੀਟਿੰਗ ਮਾਰਕੀਟ ਕਮੇਟੀ ਦਫਤਰ ਵਿੱਚ ਰੱਖੀ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਮੇਅਰ ਇੰਦਰਜੀਤ ਕੌਰ ਪਹੁੰਚੇ ਅਤੇ ਉਨ੍ਹਾਂ ਦਾ ਸਵਾਗਤ ਮਾਰਕੀਟ ਕਮੇਟੀ ਦੇ ਚੇਅਰਮੈਨ ਗੁਰਜੀਤ ਸਿੰਘ ਗਿੱਲ ਵੱਲੋਂ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਚੇਅਰਮੈਨ ਗੁਰਜੀਤ ਸਿੰਘ ਗਿੱਲ ਨੇ ਕਿਹਾ ਕਿ ਸਬਜ਼ੀ ਮੰਡੀ ਅਤੇ ਫਰੂਟ ਮੰਡੀ ਵਿੱਚ ਗੰਦਗੀ ਦੇ ਢੇਰ ਲੱਗੇ ਹੋਣ ਕਾਰਨ ਬਹੁਤ ਸਾਰੇ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸਫਾਈ ਕਰਨ ਲਈ ਇੱਕ ਕੰਪਨੀ ਨੂੰ ਵੀ ਠੇਕਾ ਦਿੱਤਾ ਗਿਆ ਹੈ। ਪਰ ਉਹਨਾਂ ਵੱਲੋਂ ਵੀ ਆਪਣਾ ਕੰਮ ਸਹੀ ਢੰਗ ਨਾਲ ਨਾ ਕਰਨ ਕਰਕੇ ਬਰਸਾਤੀ ਮੌਸਮ ਨੂੰ ਦੇਖਦੇ ਹੋਏ ਇੰਦਰ ਟਰੇਡਿੰਗ ਕੰਪਨੀ ਜੋ ਕਿ ਮੰਡੀ ਵਿੱਚ ਸਫਾਈ ਦਾ ਕੰਮ ਕਰਦੀ ਹੈ ਨੂੰ ਸਫਾਈ ਸਹੀ ਢੰਗ ਨਾਲ ਨਾ ਹੋਣ ਕਰਕੇ ਕੰਪਨੀ ਨੂੰ ਸਖਤ ਤਾੜਨਾ ਕਰਦੇ ਹੋਏ ਕਿਹਾ, ਕਿ ਇੱਕ ਵਾਰ ਅਸੀਂ ਨਗਰ ਨਿਗਮ ਦੇ ਸਹਿਯੋਗ ਨਾਲ ਪੂਰੀ ਮੰਡੀ ਦੀ ਸਫਾਈ ਕਰਵਾ ਰਹੇ ਹਾਂ। ਪਰ ਅੱਗੇ ਤੋਂ ਮੰਡੀ ਸਾਫ ਸੁਥਰੀ ਰਹਿਣੀ ਚਾਹੀਦੀ ਹੈ ਤਾਂ ਜੋ ਮੰਡੀ ਵਿੱਚ ਆਉਣ ਵਾਲੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਬਰਸਾਤੀ ਮੌਸਮ ਕਾਰਨ ਕਿਸੇ ਨੂੰ ਵੀ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਮੇਅਰ ਇੰਦਰਜੀਤ ਕੌਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਬਹੁਤ ਜਲਦ ਮੰਡੀ ਦੀ ਸਫਾਈ ਕਰਵਾ ਦਿੱਤੀ ਜਾਵੇਗੀ ਅਤੇ ਸਪੈਸ਼ਲ ਦਵਾਈ ਵੀ ਪਾਈ ਜਾਵੇਗੀ, ਜਿਸ ਨਾਲ ਮੱਖੀਆਂ ਦੀ ਸਮੱਸਿਆ ਤੋਂ ਵੀ ਨਿਜਾਤ ਮਿਲੇਗੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮਤਪਾਲ ਸਿੰਘ ਡੀਐਮਓ, ਸੈਕਟਰੀ ਰੁਮੇਲ ਸਿੰਘ, ਕਰਨ ਸ਼ਰਮਾ ਤੇ ਰਵੀ ਸੇਰਇੰਦਰ ਸੁਪਰਵਾਈਜ਼ਰ ਮੰਡੀ, ਕਮਲ ਗੁੰਬਰ ਪ੍ਰਧਾਨ ਫਰੂਟ ਮੰਡੀ, ਜੇਕੇ ਡਾਵਰ ਆੜ੍ਹਤੀ, ਗੁਰਵਿੰਦਰਪਾਲ ਸਿੰਘ ਪ੍ਰਧਾਨ ਪਿਆਜ ਤੇ ਆਲੂ ਮੰਡੀ, ਮਨਪ੍ਰੀਤ ਸਿੰਘ ਪੀਏ ਚੇਅਰਮੈਨ ਮਾਰਕੀਟ ਕਮੇਟੀ ਤੇ ਦੀਪਕ ਕੁਮਾਰ ਆਦਿ ਹਾਜ਼ਰ ਸਨ।

# ਗੁਰੂ ਪੂਰਨਿਮਾ ਪੁਰਬ ਅਤੇ ਮਹੀਨਾਵਾਰੀ ਕੀਰਤਨ ਸਮਾਗਮ ਭਲਕੇ



ਲੁਧਿਆਣਾ, 8 ਜੁਲਾਈ (ਕਰਨੈਲ ਸਿੰਘ ਐੱਮ.ਏ.) : ਸੇਵਾਪੰਥੀ ਗੁਰਦੁਆਰਾ ਭਾਈ ਕਨ੍ਹੱਈਆ ਧਾਮ, ਸੈਕਟਰ-20, ਹੁੱਡਾ, ਕੈਥਲ (ਹਰਿਆਣਾ) ਵਿਖੇ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰ ਪੂਰਨਿਮਾ ਪੁਰਬ ਅਤੇ ਮਹੀਨਾਵਾਰੀ ਪੂਰਨਮਾਸ਼ੀ ਕੀਰਤਨ ਸਮਾਗਮ 10 ਜੁਲਾਈ ਦਿਨ ਵੀਰਵਾਰ ਨੂੰ ਸ਼ਾਮ 6.45 ਵਜੇ ਤੋਂ ਰਾਤ 9 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਭਾਈ ਸੂਬਾ ਸਿੰਘ ਜੀ ਪਿਹੋਵਾ ਵਾਲੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਸੰਤ (ਡਾ:) ਆਸ਼ੀਸ਼ ਸ਼ਾਸਤਰੀ ਜੀ, ਭਾਈ ਕਨ੍ਹੱਈਆ ਧਾਮ ਸੇਵਾਪੰਥੀ ਟਰੱਸਟ ਵੱਲੋਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

# ਖੇਡ ਵਿਭਾਗ ਨੇ ਗੁਰੂ ਨਾਨਕ ਸਟੇਡੀਅਮ 'ਚ ਖੇਡਾਂ ਦੇ ਚੋਣ ਟ੍ਰਾਇਲ ਕਰਵਾਏ



ਤੈਰਾਕੀ, ਵਾਲੀਬਾਲ, ਵੇਟ-ਲਿਫਟਿੰਗ ਅਤੇ ਕੁਸਤੀ ਖੇਡਾਂ ਵਿੱਚ ਕਰੀਬ 230 ਖਿਡਾਰੀਆਂ ਨੇ ਹਿੱਸਾ ਲਿਆ। ਉਨ੍ਹਾਂ ਅੱਗੇ ਦੱਸਿਆ ਕਿ ਲੜਕੀਆਂ ਦੇ ਚੋਣ ਟਰਾਇਲ ਭਲਕੇ 9 ਜੁਲਾਈ ਨੂੰ ਲਏ ਜਾਣਗੇ। ਜਿਨ੍ਹਾਂ ਦੀ ਰਜਿਸਟਰੇਸ਼ਨ ਸਵੇਰੇ 8:30 ਵਜੇ ਗੁਰੂ ਨਾਨਕ ਸਟੇਡੀਅਮ, ਲੁਧਿਆਣਾ ਵਿਖੇ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ

ਲੁਧਿਆਣਾ, 8 ਜੁਲਾਈ (ਵਿਸ਼ਾਲ ਸ਼ਰਮਾ) : ਖੇਡ ਵਿਭਾਗ ਪੰਜਾਬ ਵੱਲੋਂ ਅੱਜ ਗੁਰੂ ਨਾਨਕ ਸਟੇਡੀਅਮ, ਲੁਧਿਆਣਾ ਵਿਖੇ ਪੰਜਾਬ ਯੂਨੀਵਰਸਿਟੀ ਅਧੀਨ ਆਉਂਦੇ ਕਾਲਜਾਂ ਦੇ ਵੱਖ-ਵੱਖ 15 ਖੇਡਾਂ ਦੇ ਚੋਣ ਟਰਾਇਲ ਕਰਵਾਏ ਗਏ। ਇਸ ਸਬੰਧੀ ਜ਼ਿਲ੍ਹਾ ਖੇਡ ਅਫਸਰ ਲੁਧਿਆਣਾ ਕੁਲਦੀਪ ਚੁੱਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਥਲੈਟਿਕਸ, ਆਰਚਰੀ ਬਾਕਸਿੰਗ, ਬੈਡਮਿੰਟਨ, ਸਾਈਕਲਿੰਗ, ਫੁੱਟਬਾਲ, ਹਾਕੀ, ਜੂਡੋ, ਕਬੱਡੀ ਨੈਸਨਲ ਸਟਾਈਲ, ਖੋਹ-ਖੋਹ, ਸ਼ੂਟਿੰਗ, ਸਪੋਰਟਸ ਵਿੰਗ ਸਕੀਮ ਅਧੀਨ ਚੁਣੇ ਜਾਣ ਵਾਲੇ ਖਿਡਾਰੀਆਂ/ਖਿਡਾਰਨਾਂ ਨੂੰ ਖੇਡਾਂ ਦਾ ਸਮਾਨ, ਟਰੇਨਿੰਗ ਦੇ ਨਾਲ-ਨਾਲ ਹਰੇਕ ਰੈਜ਼ੀਡੈਂਸ਼ਲ ਖਿਡਾਰੀ ਨੂੰ 225 ਰੁਪਏ ਅਤੇ ਡੇ-ਸਕਾਲਰ ਨੂੰ 125 ਰੁਪਏ ਪ੍ਰਤੀ ਦਿਨ ਦੀ ਦਰ ਨਾਲ ਖੁਰਾਕ/ਰਿਫਰੈਸ਼ਮੈਂਟ ਵੀ ਦਿੱਤੀ ਜਾਵੇਗੀ। ਜ਼ਿਲ੍ਹਾ ਖੇਡ ਅਫ਼ਸਰ ਕੁਲਦੀਪ ਚੁੱਘ ਵੱਲੋਂ ਖਿਡਾਰੀਆਂ ਨੂੰ ਅਪੀਲ ਕਰਦਿਆਂ ਕਿਹਾ ਗਿਆ ਕਿ ਉਹ ਵੱਧ ਤੋਂ ਵੱਧ ਖੇਡਾਂ ਨਾਲ ਜੁੜਨ ਤਾਂ ਜੋ ਨਰੋਏ ਪੰਜਾਬ ਦੀ ਸਿਰਜਨਾ ਦਾ ਮੁੱਢ ਬੰਨ੍ਹਿਆ ਜਾ ਸਕੇ।

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ 7 ਲੱਖ ਬੂਟੇ ਲਗਾਉਣ ਦੀ ਵੱਡੀ ਮੁਹਿੰਮ



ਲੁਧਿਆਣਾ, 8 ਜੁਲਾਈ (ਵਿਸ਼ਾਲ ਸ਼ਰਮਾ) : ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਯਾਦਗਾਰੀ ਵਾਤਾਵਰਣਕ ਪਹਿਲਕਦਮੀ ਵਜੋਂ, ਲੁਧਿਆਣਾ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਜ਼ਿਲ੍ਹਾ ਭਰ ਵਿੱਚ 7 ਲੱਖ ਬੂਟੇ ਲਗਾਉਣ ਦੀ ਵੱਡੀ ਮੁਹਿੰਮ ਦੀ ਘੋਸ਼ਣਾ ਕੀਤੀ ਹੈ। ਇਹ ਉਪਰਾਲਾ ਗੁਰੂ ਜੀ ਦੀ ਕੁਰਬਾਨੀ ਅਤੇ ਮਨੁੱਖਤਾ ਲਈ ਸੇਵਾ ਦੀ ਵਿਰਾਸਤ ਨੂੰ ਸਮਰਪਿਤ ਹੈ ਅਤੇ ਲੁਧਿਆਣਾ ਵਿੱਚ ਹਰਿਆਵਲੀ ਵਧਾਉਣ, ਨਾਲ ਹੀ ਪ੍ਰਦੂਸ਼ਨ ਵਿਰੁੱਧ ਲੜਾਈ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਹੈ। ਪਬਲਿਕ ਪਹੁੰਚ ਅਤੇ ਹਿੱਸੇਦਾਰੀ ਨੂੰ ਯਕੀਨੀ ਬਣਾਉਣ ਲਈ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਕਾਰੀ ਵਿਭਾਗਾਂ ਨੂੰ ਬੂਟੇ ਮੁਫ਼ਤ ਉਪਲੱਬਧ ਕਰਵਾਏ ਜਾਣਗੇ। ਜਦਕਿ ਆਮ ਲੋਕ ਇਹ ਬੂਟੇ ਰੁਟੀਨ ਕੀਮਤ 20 ਤੋਂ 25 ਰੁਪਏ ਦੀ ਥਾਂ ਸਿਰਫ਼ 2 ਰੁਪਏ ਪ੍ਰਤੀ ਬੂਟਾ ਖਰੀਦ ਸਕਣਗੇ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵਧੀਕ ਡਿਪਟੀ ਕਮਿਸ਼ਨਰ ਅਮਰਜੀਤ ਬੈਂਸ ਅਤੇ ਹੋਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਸਾਰੇ ਸੰਬੰਧਤ ਵਿਭਾਗਾਂ ਨੂੰ ਇੱਕ ਹਫ਼ਤੇ ਦੇ ਅੰਦਰ ਇਹ ਟੀਚਾ ਪ੍ਰਾਪਤ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਇਹ ਵੀ ਦੱਸਿਆ ਕਿ ਲਗਾਏ ਗਏ ਬੂਟਿਆਂ ਦੀ ਗਿਣਤੀ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਸਬ-ਡਿਵੀਜ਼ਨਲ ਮੈਜਿਸਟਰੇਟ (ਐਸ.ਡੀ.ਐਮ.) ਵੱਲੋਂ ਅਗਲੇ ਹਫ਼ਤੇ ਤੋਂ ਅਚਾਨਕ ਨਿਰੀਖਣ ਕੀਤੇ ਜਾਣਗੇ।

ਬੂਟੇ ਲਗਾਉਣ ਦੇ ਉਦੇਸ਼ ਨੂੰ ਕੇਵਲ ਰੁਖ ਲਗਾਉਣ ਤੱਕ ਸੀਮਿਤ ਨਾ ਰੱਖਦਿਆਂ, ਡੀ.ਸੀ. ਜੈਨ ਨੇ ਉਨ੍ਹਾਂ ਦੀ ਸਹੀ ਸੰਭਾਲ ਅਤੇ ਰੱਖ-ਰਖਾਅ ਨੂੰ ਵੀ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਲਗਾਏ ਗਏ ਬੂਟਿਆਂ ਨੂੰ ਸਿਹਤਮੰਦ ਅਤੇ ਪੂਰੀ ਤਰ੍ਹਾਂ ਵਿਕਸਤ ਰੁੱਖਾਂ ਵਿੱਚ ਤਬਦੀਲ ਕਰਨਾ ਸਾਡੀ ਜ਼ਿੰਮੇਵਾਰੀ ਹੈ, ਜਿਸ ਨਾਲ ਇੱਕ ਟਿਕਾਊ ਵਾਤਾਵਰਣ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਸਾਰੇ ਅਧਿਕਾਰੀਆਂ ਨੂੰ ਇਹ ਨਿਰਦੇਸ਼ ਦਿੱਤੇ ਗਏ ਹਨ ਕਿ ਬੂਟਿਆਂ ਦੀ ਵਾਧੂ ਦਰ, ਉਨ੍ਹਾਂ ਦੀ ਸੁਰੱਖਿਆ ਅਤੇ ਸੰਭਾਲ ਨੂੰ ਲਗਾਤਾਰ ਟਰੈਕ ਕਰਨ ਲਈ ਇੱਕ ਮਜ਼ਬੂਤ ਨਿਗਰਾਨੀ ਵਿਧੀ ਤਿਆਰ ਕੀਤੀ ਜਾਵੇ। ਹਿਮਾਂਸ਼ੂ ਜੈਨ ਨੇ ਇਹ ਵੀ ਕਿਹਾ ਕਿ ਹਰਾ ਅਤੇ ਸਾਫ਼ ਵਾਤਾਵਰਣ ਹੁਣ ਕੋਈ ਚੋਣ ਨਹੀਂ ਰਹਿ ਗਿਆ, ਬਲਕਿ ਇੱਕ ਲਾਜ਼ਮੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਰੁੱਖ ਹਵਾ ਦੀ ਗੁਣਵੱਤਾ ਸੁਧਾਰਨ, ਤਾਪਮਾਨ ਘਟਾਉਣ ਅਤੇ ਜੈਵ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਵਸਨੀਕਾਂ, ਵਿਦਿਅਕ ਅਤੇ ਧਾਰਮਿਕ ਸੰਸਥਾਵਾਂ, ਸਮਾਜਿਕ ਸੰਗਠਨਾਂ ਅਤੇ ਗੈਰ-ਸਰਕਾਰੀ ਸੰਗਠਨਾਂ ਨੂੰ ਵੀ ਸੱਦਾ ਦਿੱਤਾ ਕਿ ਉਹ ਇਸ ਵਾਤਾਵਰਣਕ ਮੁਹਿੰਮ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ। ਪ੍ਰਸ਼ਾਸਨ ਵੱਲੋਂ ਲਗਾਏ ਜਾਣ ਵਾਲੇ ਰੁੱਖਾਂ ਦੀ ਚੋਣ ਵਿੱਚ ਵੀ ਵਾਤਾਵਰਣਕ ਤੱਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਨਿੰਮ, ਪਿੱਪਲ, ਬੋਹੜ, ਸ਼ੀਸ਼ਮ ਅਤੇ ਹੋਰ ਦੇਸੀ ਅਤੇ ਜਲਵਾਯੂ-ਲਚਕੀਲੀ ਪ੍ਰਜਾਤੀਆਂ ਨੂੰ ਤਰਜੀਹ ਦਿੱਤੀ ਜਾਵੇਗੀ, ਜੋ ਆਪਣੇ ਲਾਭਕਾਰੀ ਗੁਣਾਂ ਲਈ ਜਾਣੀਆਂ ਜਾਂਦੀਆਂ ਹਨ। ਅੰਤ ਵਿੱਚ, ਡਿਪਟੀ ਕਮਿਸ਼ਨਰ ਨੇ ਉਮੀਦ ਜਤਾਈ ਕਿ ਇਹ ਅਭਿਆਨ ਲੰਬੇ ਸਮੇਂ ਦੇ ਵਾਤਾਵਰਣਕ ਲਾਭ ਜਿਵੇਂ ਕਿ ਹਵਾ ਦੀ ਗੁਣਵੱਤਾ ਵਿੱਚ ਸੁਧਾਰ, ਸ਼ਹਿਰੀ ਸੁੰਦਰਤਾ ਵਿੱਚ ਵਾਧਾ ਅਤੇ ਮਜਬੂਤ ਵਾਤਾਵਰਣ ਪ੍ਰਣਾਲੀ ਦਾ ਨਿਰਮਾਣ ਕਰਨ ਵਿੱਚ ਸਹਾਇਕ ਸਾਬਤ ਹੋਵੇਗਾ।

# ਜਗਰਾਓਂ ਪੁਲਿਸ ਵੱਲੋਂ ਨਸ਼ੀਲੀਆਂ ਗੋਲ਼ੀਆਂ ਸਮੇਤ ਵਿਅਕਤੀ ਕਾਬੂ



ਜਗਰਾਓਂ, 8 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਜਸਯੋਤ ਸਿੰਘ ਦੀ ਦਿਸ਼ਾ ਨਿਰਦੇਸ਼ ਹੇਠ ਥਾਣਾ ਸਿਟੀ ਜਗਰਾਓਂ ਦੇ ਮੁੱਖ ਅਫਸਰ ਇੰਸਪੈਕਟਰ ਵਰਿੰਦਰਪਾਲ ਸਿੰਘ ਉੱਪਲ ਦੀ ਅਗਵਾਈ ਹੇਠ ਚੌਂਕੀ ਬੱਸ ਸਟੈਂਡ ਦੇ ਇੰਚਾਰਜ ਸੁਖਵਿੰਦਰ ਸਿੰਘ ਦਿਓਲ ਅਤੇ ਉਹਨਾਂ ਦੀ ਪੁਲਿਸ ਪਾਰਟੀ ਇਲਾਕਾ ਗਸ਼ਤ ਦੌਰਾਨ ਸਤਿਨਾਮ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਸ਼ੱਕੀ ਪੁਰਸ਼ਾਂ ਦੇ ਅਧਾਰ 'ਤੇ ਕਾਬੂ ਕੀਤਾ ਗਿਆ। ਏਐਸਆਈ ਸੁਖਵਿੰਦਰ ਸਿੰਘ ਵੱਲੋਂ ਚੈਕਿੰਗ ਦੇ ਦੌਰਾਨ ਇਨਾ ਪਾਸੋਂ ਚਾਰ ਪੱਤੇ ਨਸ਼ੀਲੀਆਂ ਗੋਲੀਆਂ ਹਰੇਕ ਪੱਤੇ ਵਿੱਚ 15/15 ਗੋਲੀਆਂ ਕੁੱਲ 60 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਦੋਸੀਆਂ ਪਾਸੋਂ ਪੁੱਛ-ਗਿੱਛ ਦੇ ਅਧਾਰ 'ਤੇ ਜਗਜੋਤ ਸਿੰਘ ਅਤੇ ਹਰਜਿੰਦਰ ਸਿੰਘ ਨੂੰ ਨਾਮਜਦ ਕਰਕੇ ਮੁਕੱਦਮੇ ਦਰਜ ਕਰਕੇ ਗ੍ਰਿਫਤਾਰ ਕੀਤਾ ਗਿਆ। ਪੁਲਿਸ ਪਾਰਟੀ ਵੱਲੋਂ ਦੋਸ਼ੀ ਸਤਿਨਾਮ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਜੁਡੀਸ਼ੀਅਲ ਰਿਮਾਂਡ ਤਹਿਤ ਬੰਦ ਕੇਂਦਰੀ ਜੇਲ੍ਹ ਲੁਧਿਆਣਾ ਕਿਰਾਇਆ ਗਿਆ।

ਏਐਸਆਈ ਸੁਖਵਿੰਦਰ ਸਿੰਘ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੋਸ਼ੀ ਜਗਜੋਤ ਸਿੰਘ ਅਤੇ ਹਰਜਿੰਦਰ ਸਿੰਘ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਅਤੇ ਇਹਨਾਂ ਪਾਸੋਂ ਡੂੰਘਾਈ ਨਾਲ ਪੁੱਛ-ਗਿੱਛ ਜਾਰੀ ਹੈ, ਨਸ਼ੇ ਦੀ ਸਮਗਲਿੰਗ ਸਬੰਧੀ ਹੋਰ ਅਹਿਮ ਸੁਰਾਗ ਹੱਥ ਲੱਗਣ ਦੀ ਸੰਭਾਵਨਾ ਹੈ।

# ਜੱਜ ਦੀ ਰਿਹਾਇਸ਼ ਤੋਂ ਨਕਦੀ ਮਿਲਣ ਦੀ ਅਪਰਾਧਿਕ ਜਾਂਚ ਸ਼ੁਰੂ ਹੋਣ ਦੀ ਆਸ: ਧਨਖੜ

## ਘਟਨਾ ਦੀ ਤੁਲਨਾ ਸ਼ੇਕਸਪੀਅਰ ਦੇ ਨਾਟਕ ਜੂਲੀਅਸ ਸੀਜ਼ਰ ਦੇ ਸੰਦਰਭ 'ਆਈਡਸ ਆਫ਼ ਮਾਰਚ' ਨਾਲ ਕੀਤੀ

ਕੋਚੀ,8 ਜੁਲਾਈ (ਚ. ਨ. ਸ.): ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਅੱਜ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਨਵੀਂ ਦਿੱਲੀ ਵਿੱਚ ਇਕ ਜੱਜ ਦੀ ਅਧਿਕਾਰਤ ਰਿਹਾਇਸ਼ ਤੋਂ ਭਾਰੀ ਮਾਤਰਾ ਵਿੱਚ ਨਕਦੀ ਮਿਲਣ ਦੇ ਮਾਮਲੇ ਦੀ ਅਪਰਾਧਿਕ ਜਾਂਚ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਇਸ ਘਟਨਾ ਦੀ ਤੁਲਨਾ ਸ਼ੇਕਸਪੀਅਰ ਦੇ ਨਾਟਕ ਜੂਲੀਅਸ ਸੀਜ਼ਰ ਦੇ ਇਕ ਸੰਦਰਭ 'ਆਈਡਸ ਆਫ਼ ਮਾਰਚ' ਨਾਲ ਕੀਤੀ, ਜਿਸ ਨੂੰ ਆਉਣ ਵਾਲੇ ਸੰਕਟ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਘਟਨਾ ਦਾ ਜ਼ਿਕਰ ਕਰਦੇ ਹੋਏ ਉਪ ਰਾਸ਼ਟਰਪਤੀ ਨੇ ਕਿਹਾ ਕਿ ਹੁਣ ਮੁੱਦਾ



ਇਹ ਹੈ ਕਿ ਜੇਕਰ ਨਕਦੀ ਬਰਾਮਦ ਹੋਈ ਸੀ ਤਾਂ ਸ਼ਾਸਨ ਵਿਵਸਥਾ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਸੀ ਅਤੇ ਪਹਿਲੀ ਪ੍ਰਕਿਰਿਆ ਇਹ ਹੋਣੀ ਚਾਹੀਦੀ ਸੀ ਕਿ ਇਸ ਨਾਲ ਅਪਰਾਧਿਕ ਕਾਰਵਾਈ ਵਜੋਂ ਨਿਬੜਿਆ ਜਾਂਦਾ, ਦੋਸ਼ੀ ਲੋਕਾਂ ਦਾ ਪਤਾ ਲਗਾਇਆ ਜਾਂਦਾ ਅਤੇ ਉਨ੍ਹਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਂਦਾ। ਨੈਸ਼ਨਲ ਯੂਨੀਵਰਸਿਟੀ ਆਫ ਐਡਵਾਂਸਡ ਲੀਗਲ ਸਟੱਡੀਜ਼ (ਐੱਨਯੂਐੱਐੱਲਐੱਸ) ਵਿੱਚ ਵਿਦਿਆਰਥੀਆਂ ਅਤੇ ਸੰਸਥਾ ਦੇ ਮੈਂਬਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੇ ਹਾਈ ਕੋਰਟ ਦੇ ਇਕ ਜੱਜ ਦੀ ਰਿਹਾਇਸ਼ ਤੋਂ ਭਾਰੀ ਮਾਤਰਾ ਵਿੱਚ ਨਕਦੀ ਮਿਲਣ ਦੀ ਤੁਲਨਾ 'ਆਈਡਸ ਆਫ ਮਾਰਚ' ਨਾਲ ਕੀਤੀ। ਉਪ ਰਾਸ਼ਟਰਪਤੀ ਨੇ ਕਿਹਾ ਕਿ 14-15 ਮਾਰਚ ਦੀ ਰਾਤ ਨੂੰ ਨਿਆਂਪਾਲਿਕਾ ਨੂੰ ਵੀ 'ਆਈਡਸ ਆਫ ਮਾਰਚ' ਦਾ ਸਾਹਮਣਾ ਕਰਨਾ ਪਿਆ, ਜਦੋਂ ਵੱਡੀ ਮਾਤਰਾ 'ਚ ਨਕਦੀ ਮਿਲਣ ਦੀ ਗੱਲ ਜਨਤਕ ਤੌਰ 'ਤੇ ਸਵੀਕਾਰ ਕੀਤੀ ਗਈ ਸੀ ਪਰ ਹੁਣ ਤੱਕ ਕੋਈ ਐੱਫਆਈਆਰ ਦਰਜ ਨਹੀਂ ਕੀਤੀ ਗਈ। ਧਨਖੜ ਨੇ ਕਿਹਾ ਕਿ ਇਸ ਮਾਮਲੇ ਨਾਲ ਸ਼ੁਰੂ ਤੋਂ ਹੀ ਅਪਰਾਧਿਕ ਮਾਮਲੇ ਵਜੋਂ ਨਿਬੜਿਆ ਜਾਣਾ ਚਾਹੀਦਾ ਸੀ ਪਰ ਸੁਪਰੀਮ ਕੋਰਟ ਦੇ 90 ਦੇ ਦਹਾਕੇ ਦੇ ਇਕ ਫੈਸਲੇ ਕਾਰਨ ਕੇਂਦਰ ਸਰਕਾਰ ਦੇ ਹੱਥ ਬੱਝੇ ਹੋਏ ਹਨ।

# 4 ਬੱਚਿਆਂ ਦੀ ਮਾਂ ਨੇ ਰਚਾਇਆ 4 ਬੱਚਿਆਂ ਦੇ ਪਿਓ ਨਾਲ ਵਿਆਹ

ਸੋਨਭੱਦਰ, 8 ਜੁਲਾਈ (ਚ. ਨ. ਸ.): ਉੱਤਰ ਪ੍ਰਦੇਸ਼ ਦੇ ਸੋਨਭੱਦਰ ਜ਼ਿਲ੍ਹੇ ਤੋਂ ਇਕ ਪ੍ਰੇਮ ਸਬੰਧਾਂ ਦਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। 4 ਬੱਚਿਆਂ ਦੀ ਮਾਂ ਲਲਿਤਾ ਨੇ 4 ਬੱਚਿਆਂ ਦੇ ਪਿਓ ਸੰਜੇ ਨਾਲ ਵਿਆਹ ਕਰਵਾ ਲਿਆ, ਜਿਸ ਨਾਲ ਦੋਵਾਂ ਪਰਿਵਾਰਾਂ ਵਿਚਾਲੇ ਹੰਗਾਮਾ ਹੋ ਗਿਆ। ਜਦੋਂ ਦੋਵੇਂ ਵਿਆਹ ਤੋਂ ਬਾਅਦ ਆਪਣੇ ਪਿੰਡ ਵਾਪਸ ਆਏ ਤਾਂ ਝਗੜਾ ਇੰਨਾ ਵੱਧ ਗਿਆ ਕਿ ਇਕ ਮਹਾਂਪੰਚਾਇਤ ਸੱਦਣੀ ਪਈ, ਜਿਸ ਵਿਚ ਸਮਾਜਿਕ ਬਾਈਕਾਟ ਦਾ ਫੈਸਲਾ ਦਿੱਤਾ ਗਿਆ। ਮਾਮਲਾ ਵਿੰਧਮਗੰਜ ਥਾਣਾ ਖੇਤਰ ਦੇ ਧਾਰਤੀ



ਡੋਲਵਾ ਪਿੰਡ ਦਾ ਹੈ। ਝਾਰਖੰਡ ਹੱਦ 'ਤੇ 2 ਪਿੰਡਾਂ ਵਿਚ ਰਹਿਣ ਵਾਲੇ ਸੰਜੇ ਅਤੇ ਲਲਿਤਾ ਪਹਿਲਾਂ ਹੀ ਵਿਆਹੇ ਹੋਏ ਸਨ ਅਤੇ ਉਨ੍ਹਾਂ ਦੇ 4-4 ਬੱਚੇ ਹਨ। ਦੋਵਾਂ ਵਿਚਕਾਰ ਪਿਆਰ ਦਾ ਰਿਸ਼ਤਾ ਹੌਲੀ-ਹੌਲੀ ਡੂੰਘਾ ਹੁੰਦਾ ਗਿਆ ਅਤੇ ਇਕ ਦਿਨ ਉਨ੍ਹਾਂ ਨੇ ਘਰੋਂ ਭੱਜ ਕੇ ਇਕ ਮੰਦਰ ਵਿਚ ਵਿਆਹ ਕਰਵਾ ਲਿਆ। ਵਿਆਹ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਲਲਿਤਾ ਦੇ ਪਤੀ ਨੇ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਕਿ ਸੰਜੇ ਉਸ ਦੀ ਪਤਨੀ ਨੂੰ ਭਜਾ ਕੇ ਲੈ ਗਿਆ, ਨਾਲ ਹੀ ਉਸ ਦੀ ਨਾਬਾਲਗ ਧੀ ਨੂੰ ਵੀ ਲੈ ਗਿਆ। ਪੁਲਸ ਨੇ ਦੋਵਾਂ ਨੂੰ ਫੜਕੇ ਥਾਣੇ ਲੈ ਗਈ ਪਰ ਦੋਵਾਂ ਨੇ ਇਕੱਠੇ ਰਹਿਣ ਦੀ ਗੱਲ ਕਹੀ। ਇਸ ਤੋਂ ਬਾਅਦ ਪੁਲਸ ਨੇ ਕਾਨੂੰਨੀ ਪ੍ਰਕਿਰਿਆ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੂੰ ਛੱਡ ਦਿੱਤਾ।

### ਪੰਜਾਬ ਪੁਲਿਸ ਨੂੰ ਵੱਡੀ ਸਫਲਤਾ

# ਕੱਪੜਾ ਵਪਾਰੀ ਦੇ ਕਤਲ 'ਚ ਸ਼ਾਮਿਲ ਦੋ ਦੋਸ਼ੀ ਗ੍ਰਿਫ਼ਤਾਰ : ਅਰਪਿਤ ਸ਼ੁਕਲਾ

ਅਬੋਹਰ, ਫਾਜ਼ਿਲਕਾ, 8 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ (ਲਾਅ ਐਂਡ ਆਰਡਰ) ਸ੍ਰੀ ਅਰਪਿਤ ਸ਼ੁਕਲਾ ਆਈਪੀਐਸ ਨੇ ਅੱਜ ਇੱਥੇ ਇਕ ਪ੍ਰੈਸ਼ ਕਾਨਫਰੰਸ ਦੌਰਾਨ ਖੁਲਾਸਾ ਕੀਤਾ ਹੈ ਕਿ ਅਬੋਹਰ ਵਿਖੇ ਬੀਤੇ ਦਿਨ ਕਪੜਾ ਵਪਾਰੀ ਸੰਜੇ ਵਰਮਾ ਦੇ ਕਤਲ ਕੇਸ ਵਿਚ ਸ਼ਾਮਿਲ ਦੋ ਦੋਸ਼ੀਆਂ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਪੁਲਿਸ ਪੜਤਾਲ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ ਅਤੇ ਜਲਦ ਹੀ ਸਾਰੇ ਦੋਸ਼ੀ ਪੁਲਿਸ ਗ੍ਰਿਫ਼ਤ ਵਿਚ ਹੋਣਗੇ। ਸ੍ਰੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਸ ਕੇਸ ਵਿਚ ਦੋਸ਼ੀਆਂ ਨੂੰ ਫੜਨ ਲਈ ਪੁਲਿਸ ਦੇ ਵੱਖ ਵੱਖ ਵਿੰਗ ਕੰਮ ਕਰ ਰਹੇ ਹਨ ਅਤੇ ਵੱਖ ਵੱਖ ਟੀਮਾਂ ਗਹਿਣ ਜਾਂਚ ਕਰ ਰਹੀਆਂ ਹਨ। ਉਨ੍ਹਾਂ ਨੇ ਕਿਹਾ



ਕਿ ਜਾਂਚ ਸਹੀ ਦਿਸ਼ਾ ਵਿਚ ਜਾ ਰਹੀ ਹੈ ਅਤੇ ਹੁਣ ਤੱਕ ਪੁਲਿਸ ਨੇ ਦੋ ਦੋਸ਼ੀਆਂ ਕ੍ਰਮਵਾਰ ਰਾਮ ਰਤਨ ਪੁੱਤਰ ਰਮੇਸ਼ ਕੁਮਾਰ ਅਤੇ ਜਸਪ੍ਰੀਤ ਸਿੰਘ ਪੁੱਤਰ ਹਰਦੀਪ ਸਿੰਘ ਨੂੰ ਕਾਬੂ ਕਰ ਲਿਆ ਹੈ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਪੁਲਿਸ ਹਰੇਕ ਪਹਿਲੂ ਤੋਂ ਜਾਂਚ ਕਰ ਰਹੀ ਹੈ ਪਰ ਨਾਲ ਹੀ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪਹਿਲਾਂ ਤੋਂ ਪਰਿਵਾਰ ਨੂੰ ਕਿਸੇ ਪ੍ਰਕਾਰ ਦੀ ਧਮਕੀ ਦੀ ਸੂਚਨਾ ਨਹੀਂ ਸੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਪੁਲਿਸ ਤਕਨੀਕੀ ਅਤੇ ਮਨੁੱਖੀ ਸ਼੍ਰੋਤਾਂ ਤੇ ਅਧਾਰ ਤੇ ਤੇਜ਼ੀ ਨਾਲ ਜਾਂਚ ਨੂੰ ਅੱਗੇ ਵਧਾ ਰਹੀ ਹੈ। ਉਨ੍ਹਾਂ ਨੇ ਹੋਰ ਵੇਰਵੇ ਜਲਦ ਸਾਂਝੇ ਕਰਨ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਇਕ ਪੇਸ਼ੇਵਰ ਪੁਲਿਸ ਫੋਰਸ ਹੈ ਅਤੇ ਇਸ ਕੇਸ ਦੇ ਬਾਕੀ ਦੋਸ਼ੀਆਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ। ਇਸ ਮੌਕੇ ਡੀਆਈਜੀ ਫਿਰੋਜ਼ਪੁਰ ਰੇਂਜ ਸ੍ਰੀ ਹਰਮਨਬੀਰ ਸਿੰਘ ਗਿੱਲ, ਡੀਆਈਜੀ ਏਜੀਟੀਐਫ ਗੁਰਮੀਤ ਸਿੰਘ ਚੌਹਾਨ, ਐਸਐਸਪੀ ਗੁਰਮੀਤ ਸਿੰਘ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ।

# ਮੋਦੀ ਵੱਲੋਂ ਦਲਾਈਲਾਮਾ ਨੂੰ ਜਨਮ ਦਿਨ ਦੀ ਦਿੱਤੀ ਵਧਾਈ ਚੀਨ ਨੂੰ ਰੜਕੀ

ਪੇਈਚਿੰਗ, 8 ਜੁਲਾਈ (ਚ. ਨ. ਸ.): ਚੀਨ ਨੇ ਅੱਜ ਕਿਹਾ ਕਿ ਉਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਲਾਈ ਲਾਮਾ ਨੂੰ ਉਨ੍ਹਾਂ ਦੇ 90ਵੇਂ ਜਨਮ ਦਿਨ 'ਤੇ ਵਧਾਈ ਦਿੱਤੇ ਜਾਣ ਅਤੇ ਸਮਾਰੋਹ ਵਿੱਚ ਭਾਰਤੀ ਆਗੂਆਂ ਤੇ ਅਧਿਕਾਰੀਆਂ ਦੀ ਹਾਜ਼ਰੀ ਨੂੰ ਲੈ ਕੇ ਭਾਰਤ ਕੋਲ ਵਿਰੋਧ ਦਰਜ ਕਰਵਾਇਆ ਹੈ। ਚੀਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਭਾਰਤ ਨੂੰ ਤਿੱਬਤ ਨਾਲ ਸਬੰਧਤ ਮੁੱਦਿਆਂ 'ਤੇ ਪੇਈਚਿੰਗ ਦੀ ਸੰਵੇਦਨਸ਼ੀਲਤਾ ਨੂੰ ਪੂਰੀ ਤਰ੍ਹਾਂ ਸਮਝਣਾ ਚਾਹੀਦਾ ਹੈ। ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਓ ਨਿੰਗ ਨੇ ਇੱਥੇ ਇਕ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਕਿ ਤਿੱਬਤ ਨਾਲ ਸਬੰਧਤ ਮਾਮਲਿਆਂ 'ਤੇ ਚੀਨ ਦੀ ਸਥਿਤੀ ਇਕਸਾਰ ਤੇ ਸਪੱਸ਼ਟ ਹੈ ਅਤੇ ਇਹ ਸਾਰਿਆਂ ਨੂੰ ਪਤਾ ਹੈ। ਮਾਓ ਪ੍ਰਧਾਨ ਮੰਤਰੀ ਮੋਦੀ ਵੱਲੋਂ ਦਲਾਈ ਲਾਮਾ ਨੂੰ ਉਨ੍ਹਾਂ ਦੇ 90ਵੇਂ ਜਨਮ ਦਿਨ 'ਤੇ ਵਧਾਈ ਦਿੱਤੇ ਜਾਣ ਅਤੇ ਉਨ੍ਹਾਂ ਦੇ ਜਨਮ ਦਿਨ ਸਮਾਰੋਹ ਵਿੱਚ ਸੀਨੀਅਰ ਭਾਰਤੀ ਅਧਿਕਾਰੀਆਂ ਦੀ ਹਾਜ਼ਰੀ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦੇ ਰਹੀ ਸੀ।

# ਭੋਗਪੁਰ ਦੇ ਲੋਕ ਗੰਦਗੀ ਤੋਂ ਪ੍ਰੇਸ਼ਾਨ, ਭਿਆਨਕ ਬਿਮਾਰੀਆਂ ਦੇ ਹੋ ਰਹੇ ਸ਼ਿਕਾਰ

ਭੋਗਪੁਰ, 8 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ) : ਹਸਪਤਾਲਾਂ ਜਾਂ ਮੈਡੀਕਲ ਸਟੋਰਾਂ ਵਿੱਚ ਤੇ ਜਾਂ ਫਿਰ ਡਿਸਪੈਂਸਰੀਆਂ ਵਿੱਚ ਚਲੇ ਜਾਓ। ਆਮ ਲੋਕ ਹੀ ਲੰਬੀਆਂ ਕਿਤਾਰਾਂ ਵਿੱਚ ਲੱਗੇ ਦੇਖਣ ਨੂੰ ਮਿਲਦੇ ਹਨ ਅਤੇ ਆਮ ਲੋਕ ਹੀ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਹਨ। ਵੀਆਈਪੀ ਲੋਕ ਕਿਉਂ ਨਹੀਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਜਇਹ ਕਹਿਣਾ ਕਾਲਾ ਬੱਕਰਾ ਦੇ ਸਿਵਲ ਹਸਪਤਾਲ ਵਿੱਚ ਦਵਾਈ ਲੈਣ ਵਾਲੇ ਲੰਬੀਆਂ ਕੀਤਾਰਾਂ ਵਿੱਚ ਖਲੋਤੇ ਲੋਕਾਂ ਦਾ ਹੈ । ਹਸਪਤਾਲ ਵਿੱਚ ਖੱਜਲ ਖੁਆਰ ਹੋ ਰਹੇ ਆਮ ਲੋਕ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਆਖ ਰਹੇ ਸਨ ਕਿ ਕੇ ਗਰੀਬ ਲੋਕਾਂ ਦੇ ਮੁਹੱਲਿਆਂ ਵਿੱਚ ਗੰਦਗੀ ਦੇ ਢੇਰ ਲੱਗੇ ਰਹਿੰਦੇ ਹਨ ਜਪ੍ਰਸ਼ਾਸਨ ਧਿਆਨ ਨਹੀਂ ਦੇ ਰਿਹਾ, ਜਿਸ ਕਰਕੇ ਬਿਮਾਰੀਆਂ ਰੋਗ ਲੱਗ ਰਹੇ ਹਨ ਜਗੱਲ ਕਰਦੇ ਹਾਂ ਭੋਗਪੁਰ ਸ਼ਹਿਰ ਦੀ ਭੋਗਪੁਰ ਵਿਚ ਜਗ੍ਹਾ ਜਗ੍ਹਾ ਗੰਦੇ ਪਾਣੀ ਦੇ ਲੱਗੇ ਹੋਏ ਛੱਪੜ ਖਿਲਰੇ ਪਲਾਸਟਿਕ ਦੇ ਲਫਾਫੇ, ਤੇ ਮੁਹੱਲਿਆਂ ਵਿੱਚ ਖਿਲਰਿਆ ਕੂੜਾ ਕਰਗਟ



ਮੈਡੀਕਲ ਸਟੋਰਾਂ ਦਾ ਰੁਜ਼ਗਾਰ ਬਣ ਚੁੱਕਾ ਹੈ। ਪੂਰੇ ਸ਼ਹਿਰ ਵਿੱਚ ਲੱਗੇ ਗੰਦੇ ਪਾਣੀ ਦੇ ਛੱਪੜ ਲੱਗੇ ਹੋਣ ਕਰਕੇ ਲੋਕ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ, ਪਰ ਪ੍ਰਸ਼ਾਸਨ ਕੁੰਭ ਕਰਨ ਦੀ ਨੀਂਦ ਸੁੱਤਾ ਹੋਇਆ ਹੈ ਕੁਝ ਵੀ ਦਿਖਾਈ ਨਹੀਂ ਦੇ ਰਿਹਾਜ ਗੁਰੂ ਰਾਮਦਾਸ ਨਗਰ ਵਾਰਡ ਨੰਬਰ 9 ਨਗਰ ਕੌਂਸਲ ਚੋਣਾਂ ਵੇਲੇ ਵਾਰਡ ਨੰਬਰ 11 ਜਾਂ 12 ਮਰਜ਼ੀ ਨਾਲ ਬਦਲ ਲੈਂਦੇ ਹਨ ਪਰ ਕਾਗਜ਼ਾ ਮੁਤਾਬਿਕ ਗੁਰੂ ਰਾਮਦਾਸ ਨਗਰ ਦਾ ਵਾਰਡ ਨੰਬਰ 9 ਹੀ ਹੈ ਅਤੇ ਇਸ ਮੁਹੱਲਾ ਨਵਾਸੀਆਂ ਦਾ ਕਹਿਣਾ ਹੈ ਕੇ ਨਗਰ ਕੌਂਸਲ ਈਓ ਸਾਹਿਬ ਨੂੰ ਲਿਖਤੀ ਦੇ ਚੁੱਕੇ ਹਨ ਅਤੇ ਮੁਹੱਲੇ ਵਾਲੇ ਬਹੁਤ ਵਾਰ ਇਕੱਠੇ ਹੋ ਕੇ ਮਿਲ ਵੀ ਚੁੱਕੇ ਹਨ ਪਰ ਗੁਰੂ ਰਾਮਦਾਸ ਨਗਰ ਵੱਲ ਧਿਆਨ ਨਹੀਂ ਦਿੱਤਾ ਗਿਆ। ਲੋਕਾਂ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕੇ ਜਲਦ ਤੋਂ ਜਲਦ ਗੁਰੂ ਰਾਮਦਾਸ ਨਗਰ ਮਹੱਲੇ ਵੱਲ ਧਿਆਨ ਦਿੱਤਾ ਜਾਵੇ ਨਹੀਂ ਤਾਂ ਮਜਬੂਰਨ ਲੋਕ ਮਾਨਯੋਗ ਅਦਾਲਤ ਦਾ ਸਹਾਰਾ ਲੈਣਗੇ। ਇਸ ਸਬੰਧੀ ਨਗਰ ਕੌਂਸਲ ਈਓ ਸਾਹਿਬ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਵਿਸ਼ਵਾਸ਼ ਦਵਾਇਆ ਕੇ ਗੁਰੂ ਰਾਮਦਾਸ ਨਗਰ ਮਹੱਲੇ ਦਾ ਬਹੁਤ ਜਲਦ ਮਸਲਾ ਹੱਲ ਕਰਨ ਗੇ ਇਸ ਮੌਕੇ ਤੇ ਜਸਵਿੰਦਰ, ਬਿੱਟੂ, ਜਗਜੀਤ ਸਿੰਘ,ਜੋਰਾਵਰ ਸਿੰਘ, ਜਸਵੀਰ, ਗਗਨ, ਹਰਪ੍ਰੀਤ,ਨੀਤੂ ਆਦੀ ਹਾਜ਼ਰ ਸਨ।

# ਮਿੰਨੀ ਬੱਸ ਆਪ੍ਰੇਟਰਾਂ ਵੱਲੋਂ ਈ-ਰਿਕਸ਼ਾ ਵਾਲਿਆਂ ਵਿਰੁੱਧ ਐਸਡੀਐਮ ਜ਼ੀਰਾ ਨੂੰ ਦਿੱਤਾ ਮੰਗ ਪੱਤਰ

ਜ਼ੀਰਾ, 8 ਜੁਲਾਈ (ਦੀਪਕ ਭਾਰਗੋ): ਈ-ਰਕਸ਼ਾ ਦੀ ਤਾਦਾਦ ਵੱਧ ਜਾਣ ਕਾਰਨ ਮਿੰਨੀ ਬੱਸ ਓਪਰੇਟਰ ਬਹੁਤ ਜ਼ਿਆਦਾ ਪਰੇਸ਼ਾਨ ਹੋ ਚੁੱਕੇ ਹਨ ਕਿ ਉਹਨਾਂ ਦਾ ਕੰਮ ਈ ਰਕਸ਼ਾ ਵਾਲੇ ਖਿੱਚ ਰਹੇ ਨੇ ਜਦ ਕਿ ਉਹ ਨਾ ਤਾਂ ਕੋਈ ਸਰਕਾਰ ਨੂੰ ਰੋਡ ਟੈਕਸ ਹੀ ਦਿੰਦੇ ਹਨ ਤੇ ਨਾ ਹੀ ਕੋਈ ਵਗਾਰਾਂ ਦਿੱਤੀਆਂ ਜਾਂਦੀਆਂ ਹਨ ਇਹਨਾਂ ਗੱਲਾਂ ਦਾ ਪ੍ਰਗਟਾਵਾ ਮਿੰਨੀ ਬਸ ਪ੍ਰਧਾਨ ਗੁਰਦੀਪ ਸਿੰਘ ਮਨਸੀਆਂ ਵੱਲੋਂ ਕੀਤਾ ਗਿਆ ਤੇ ਇੱਕ ਮੰਗ ਪੱਤਰ ਐਸਡੀਐਮ ਜੀਰਾ ਗੁਰਮੀਤ ਸਿੰਘ ਨੂੰ ਦਿੱਤਾ ਗਿਆ। ਇਸ ਮੌਕੇ ਉਹਨਾਂ ਐਸਡੀਐਮ ਜ਼ੀਰਾ ਤੋਂ ਮੰਗ ਕੀਤੀ ਕਿ ਇਹਨਾਂ ਈ ਰਿਕਸ਼ਾ ਵਾਲਿਆਂ ਬਾਰੇ ਕੋਈ ਸੋਚ ਵਿਚਾਰ ਕੀਤੀ ਜਾਵੇ ਬੰਦ ਦੀ ਕਾਰਵਾਈ



ਕੀਤੀ ਜਾਵੇ ਨਹੀਂ ਤਾਂ ਮਿੰਨੀ ਬੱਸਾਂ ਵਾਲੇ ਮਾਲਕ ਬੱਸਾਂ ਨੂੰ ਐਸਡੀਐਮ ਦਫਤਰ ਦੇ ਬਾਹਰ ਖੜੀਆਂ ਕਰਕੇ ਚਾਬੀਆਂ ਐਸਡੀਐਮ ਦਫਤਰ ਨੂੰ ਦੇ ਦੇਣਗੇ ਉਹਨਾਂ ਕਿਹਾ ਕਿ ਜਿਸ ਵੀ ਰੂਟ 'ਤੇ ਅਸੀਂ ਜਾਂਦੇ ਹਾਂ ਉਸ ਰੂਟ 'ਤੇ ਈ ਰਕਸ਼ਾ ਵਾਲੇ ਪਹੁੰਚ ਜਾਂਦੇ ਹਨ ਤੇ ਸਾਨੂੰ ਸਵਾਰੀਆਂ ਦਾ ਭਾਰੀ ਨੁਕਸਾਨ ਝੱਲਣਾ ਪੈਂਦਾ ਹੈ ਜੇ ਬੱਸਾਂ ਦਾ ਕੰਮ ਕਾਰ ਨਹੀਂ ਨਿਕਲੇਗਾ ਤਾਂ ਬਸ ਆਪਰੇਟਰ ਕਿਸ ਤਰ੍ਹਾਂ ਸਰਕਾਰ ਨੂੰ ਟੈਕਸ ਤੇ ਆਪਣੇ ਕੰਡਕਟਰਾਂ ਨੂੰ ਤਨਖਾਹਾਂ ਦੇ ਸਕਣਗੇ ।

# ਭੂਤ-ਪ੍ਰੇਤ ਦੇ ਚੱਕਰ 'ਚ ਪਿੰਡ ਵਾਲਿਆਂ ਨੇ ਕੀਤਾ ਕਹਿਰ ! ਖ਼ਤਮ ਕਰ 'ਤਾ ਪੂਰਾ ਪਰਿਵਾਰ

ਚੰਡੀਗੜ੍ਹ, 8 ਜੁਲਾਈ (ਚ. ਨ. ਸ.): ਬਿਹਾਰ ਦੇ ਪੂਰਨੀਆ ਤੋਂ ਇਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇਕੋ ਪਰਿਵਾਰ ਦੇ 5 ਜੀਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਕਿਹਾ ਜਾ ਰਿਹਾ ਹੈ ਕਿ ਇਹ ਕਤਲ ਅੰਧਵਿਸ਼ਵਾਸ ਕਾਰਨ ਕੀਤੇ ਗਏ ਹਨ। ਇਹ ਘਟਨਾ ਮੁਫਸਿਲ ਥਾਣੇ ਦੇ ਰਾਜੀਗੰਜ ਪੰਚਾਇਤ ਦੇ ਤਾਤੇਗਾਮਾ ਵਿਚ ਵਾਪਰੀ। ਇੱਥੇ ਕਥਿਤ ਤੌਰ 'ਤੇ 'ਡਾਇਣ' ਹੋਣ ਦਾ ਦੋਸ਼ ਲਗਾ ਕੇ 5 ਲੋਕਾਂ ਨੂੰ ਕੁੱਟ-ਕੁੱਟ ਕੇ ਅਧਮਰਾ ਕਰਨ ਮਗਰੋਂ ਜ਼ਿੰਦਾ ਸਾੜ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਰਿਪੋਰਟ ਦੇ ਅਨੁਸਾਰ ਲੱਗਭਗ 250 ਲੋਕਾਂ ਨੇ ਇਕ ਪਰਿਵਾਰ ਦੇ 5 ਜੀਆਂ ਨੂੰ ਘੇਰ ਲਿਆ, ਉਨ੍ਹਾਂ ਨੂੰ ਕੁੱਟਿਆ ਅਤੇ ਫਿਰ ਉਨ੍ਹਾਂ ਨੂੰ ਅੱਗ ਲਾ ਕੇ ਸਾੜ ਦਿੱਤਾ। ਇੰਨਾ ਹੀ ਨਹੀਂ, ਕਤਲ ਮਗਰੋਂ ਫਿਰ ਉਨ੍ਹਾਂ ਨੇ ਲਾਸ਼ਾਂ ਨੂੰ ਗਾਇਬ ਕਰ ਦਿੱਤਾ। ਮਾਮਲਾ ਧਿਆਨ 'ਚ ਆਉਣ ਮਗਰੋਂ ਪੁਲਸ ਜਾਂਚ ਵਿਚ ਰੁੱਝੀ ਹੋਈ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਐੱਸ.ਪੀ., ਏ.ਐੱਸ.ਪੀ. ਸਮੇਤ ਕਈ ਥਾਣਿਆਂ ਦੀ ਪੁਲਿਸ ਮੌਕੇ 'ਤੇ ਮੌਜੂਦ ਹੈ। ਰਿਪੋਰਟ ਦੇ ਅਨੁਸਾਰ, ਹੁਣ ਤੱਕ ਪੁਲਸ ਨੇ 2 ਲੋਕਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ, ਜਦਕਿ ਬਾਕੀ ਜਾਂਚ ਜਾਰੀ ਹੈ।

### ਈਜ਼ੀ ਰਜਿਸਟਰੀ ਪ੍ਰਣਾਲੀ ਦੀ ਸ਼ੁਰੂਆਤ

# ਨਾਗਰਿਕਾਂ ਨੂੰ ਵਟਸਐਪ ਰਾਹੀਂ ਸਹੀ ਸਮੇਂ 'ਤੇ ਮਿਲੇਗੀ ਰਜਿਸਟਰੀ ਨਾਲ ਜੁੜੀ ਹਰੇਕ ਜਾਣਕਾਰੀ : ਡੀ.ਸੀ

ਫ਼ਿਰੋਜ਼ਪੁਰ, 8 ਜੁਲਾਈ (ਤਿਵਾੜੀ) : ਆਮ ਲੋਕਾਂ ਨੂੰ ਨਾਗਰਿਕ ਕੇਂਦਰਿਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਈਜ਼ੀ ਰਜਿਸਟਰੀ' ਪ੍ਰਣਾਲੀ (ਜ਼ਮੀਨ-ਜਾਇਦਾਦ ਦੀ ਰਜਿਸਟਰੀ ਸੁਖਾਲੇ ਢੰਗ ਨਾਲ ਕਰਨ) ਦੀ ਸ਼ੁਰੂਆਤ ਕੀਤੀ ਗਈ ਹੈ, ਇਸ ਲਈ ਸਬ ਰਜਿਸਟਰਾਰ ਦਫ਼ਤਰ ਵਿਖੇ ਜੋ ਲੋੜੀਂਦੇ ਬਦਲਾਅ ਕਰਨ ਦੀ ਜ਼ਰੂਰਤ ਹੈ, ਉਹ ਕੀਤੇ ਗਏ ਹਨ ਤੇ ਹੁਣ ਇਸ ਸੁਵਿਧਾ ਦੀ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਵਾਸੀਆਂ ਲਈ ਵੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਅੱਜ ਈਜ਼ੀ ਰਜਿਸਟਰੀ ਪ੍ਰਣਾਲੀ ਨੂੰ ਸ਼ੁਰੂ ਕਰਨ ਮੌਕੇ ਸਬ ਰਜਿਸਟਰਾਰ ਦਫ਼ਤਰ ਫ਼ਿਰੋਜ਼ਪੁਰ ਦਾ ਦੌਰਾ ਕਰਨ ਉਪਰੰਤ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਪ੍ਰਣਾਲੀ ਦੇ ਸ਼ੁਰੂ ਹੋਣ ਨਾਲ ਲੋਕਾਂ ਨੂੰ ਜ਼ਮੀਨ ਜਾਇਦਾਦ ਦੀ ਹਰ ਜਾਣਕਾਰੀ ਮੋਬਾਈਲ 'ਤੇ ਮਿਲਿਆ ਕਰੇਗੀ ਅਤੇ ਇਹ ਪ੍ਰਣਾਲੀ ਤੇਜ਼ ਅਤੇ ਪਾਰਦਰਸ਼ੀ ਹੋਵੇਗੀ। ਉਨ੍ਹਾਂ ਦੱਸਿਆ ਕਿ ਦਸਤਾਵੇਜ਼ ਤਿਆਰ ਕਰਨ



ਲਈ ਹੈਲਪਲਾਈਨ ਨੰਬਰ 1076 ਰਾਹੀਂ ਸੇਵਾ ਸਹਾਇਕਾਂ ਨੂੰ ਘਰ ਵੀ ਬੁਲਾਇਆ ਜਾ ਸਕਦਾ ਹੈ। ਇਸ ਨਾਲ ਪਿੰਡਾਂ ਵਿੱਚ ਜਾਂ ਦੂਰ-ਦੁਰਾਡੇ ਰਹਿਣ ਵਾਲੇ ਪਰਿਵਾਰਾਂ, ਸੀਨੀਅਰ ਨਾਗਰਿਕਾਂ, ਕੰਮਕਾਜ ਵਾਲੇ ਪੇਸ਼ੇਵਰਾਂ ਅਤੇ ਬਾਹਰ ਨਾ ਜਾ ਸਕਣ ਵਾਲਿਆਂ ਨੂੰ ਵੱਡੀ ਸਹੂਲਤ ਮਿਲੇਗੀ। ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ ਇਸ ਨਵੀਂ ਪ੍ਰਣਾਲੀ ਤਹਿਤ ਲੋਕਾਂ ਨੂੰ ਰਜਿਸਟਰੀ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ, ਪ੍ਰਵਾਨਗੀ, ਅਦਾਇਗੀ ਅਤੇ ਦਫ਼ਤਰ ਆਉਣ ਦਾ ਸਮਾਂ ਲੈਣ ਜਿਹੀ ਸਾਰੀ ਜਾਣਕਾਰੀ ਵਟਸਐਪ ਰਾਹੀਂ ਮਿਲਿਆ ਕਰੇਗੀ ਤਾਂ ਕਿ ਉਹ ਪਲ-ਪਲ ਦੀ ਸੂਚਨਾ ਬਾਰੇ ਜਾਣੂੰ ਹੋ ਸਕਣ। ਉਨ੍ਹਾਂ ਦੱਸਿਆ ਕਿ ਇਸ ਪ੍ਰਣਾਲੀ ਤਹਿਤ 48 ਘੰਟਿਆਂ ਦੇ ਅੰਦਰ ਅਗਾਊਂ ਪੜਤਾਲ ਕਰਨੀ ਹੋਵੇਗੀ ਅਤੇ ਰਜਿਸਟਰੀ ਕਰਵਾਉਣ ਲਈ ਉਡੀਕ ਨਹੀਂ ਕਰਨੀ ਪਵੇਗੀ ਸਗੋਂ ਰਜਿਸਟਰੀ ਪਹਿਲਾਂ ਤੋਂ ਨਿਰਧਾਰਤ ਸਮੇਂ 'ਤੇ ਹੋਵੇਗੀ ਜਿਸ ਨਾਲ ਲੋਕਾਂ ਦਾ ਵਡਮੁੱਲਾ ਸਮਾਂ ਬਚੇਗਾ। ਇਸ ਮੌਕੇ ਹਾਜ਼ਰ ਲੋਕਾਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਜਿੱਥੇ ਆਮ ਲੋਕਾਂ ਦੀ ਬੇਲੋੜੀ ਖੱਜਲ ਖੁਆਰੀ ਅਤੇ ਸਮੇਂ ਦੀ ਬਰਬਾਦੀ ਖਤਮ ਹੋਈ ਹੈ ਉੱਥੇ ਹੀ ਹੁਣ ਦਫ਼ਤਰਾਂ ਵਿੱਚ ਖੱਜਲ ਨਹੀਂ ਹੋਣਾ ਪਵੇਗਾ ।

# ਸੰਜੇ ਵਰਮਾ ਦੇ ਪਰਿਵਾਰ ਨੂੰ ਮਿਲੇਗਾ ਇਨਸਾਫ਼, ਕਾਤਲਾਂ ਨੂੰ ਮਿਲੇਗੀ ਸਖ਼ਤ ਸਜ਼ਾ : ਖੁੱਡੀਆਂ

ਅਬੋਹਰ (ਫਾਜ਼ਿਲਕਾ) 8 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਦੇ ਖੇਤੀਬਾੜੀ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਅਬੋਹਰ ਦੇ ਕਾਰੋਬਾਰੀ ਸੰਜੇ ਵਰਮਾ ਦੇ ਪਰਿਵਾਰ ਨੂੰ ਨਾਲ ਦੁੱਖ ਸਾਂਝਾ ਕਰਨ ਪਹੁੰਚੇ। ਉਨ੍ਹਾਂ ਨੇ ਇਸ ਮੌਕੇ ਮ੍ਰਿਤਕ ਸੰਜੈ ਵਰਮਾ ਦੇ ਭਰਾ ਜਗਤ ਵਰਮਾ ਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਸੰਜੇ ਵਰਮਾ ਇਕ ਬਹੁਤ ਹੀ ਨੇਕ ਇਨਸਾਨ ਜੋ ਸਾਥੋਂ ਵਿੱਛੜ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਜਾਣ ਨਾਲ ਨਾ ਕੇਵਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਸਗੋਂ ਇਹ ਇਕ ਵੱਡਾ ਸਮਾਜਿਕ ਨੁਕਸਾਨ ਵੀ ਹੈ।ਉਨ੍ਹਾਂ ਨੇ ਕਿਹਾ ਕਿ ਵਰਮਾ ਪਰਿਵਾਰ ਨੇ ਸਖ਼ਤ ਮਿਹਨਤ ਕਰਕੇ ਸਮਾਜ ਵਿਚ ਆਪਣਾ ਰੁਤਬਾ ਬਣਾਇਆ ਸੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਸੰਜੇ ਵਰਮਾ ਦੇ ਕਾਤਲਾਂ ਨੂੰ ਲੱਭ ਕੇ ਅਜਿਹੀ ਸਖ਼ਤ ਸਜਾ ਦਿਵਾਈ ਜਾਵੇ ਜੋ ਹੋਰਨਾਂ

### ਖੇਤੀਬਾੜੀ ਮੰਤਰੀ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ



ਮੁਜਰਮਾਂ ਲਈ ਵੀ ਖੌਫ ਦਾ ਕਾਰਨ ਬਣੇ। ਉਨ੍ਹਾਂ ਨੇ ਕਿਹਾ ਕਿ ਜੋ ਕੋਈ ਵੀ ਇਸ ਵਾਰਦਾਤ ਵਿਚ ਸ਼ਾਮਿਲ ਹੈ ਉਸਨੂੰ ਕਾਨੂੰਨ ਅਨੁਸਾਰ ਸਖਤ ਤੋਂ ਸਖ਼ਤ ਸਜਾ ਦਿਵਾਈ ਜਾਵੇਗੀ।ਉਨ੍ਹਾਂ ਨੇ ਕਿਹਾ ਕਿ ਸਰਕਾਰ ਪਰਿਵਾਰ ਦੇ ਨਾਲ ਖੜੀ ਹੈ ਅਤੇ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪੁਲਿਸ ਵਾਰਦਾਤ ਵਾਲੇ ਸਮੇਂ ਤੋਂ ਤੁਰੰਤ ਤੇਜ਼ੀ ਨਾਲ ਕੰਮ ਕਰ ਰਹੀ ਹੈ ਅਤੇ ਵੱਖ ਵੱਖ ਟੀਮਾਂ ਦੋਸ਼ੀਆਂ ਦੀ ਭਾਲ ਵਿਚ ਲਗਾਈਆਂ ਗਈਆਂ ਹਨ ਅਤੇ ਕੋਈ ਵੀ ਦੋਸ਼ੀ ਕਾਨੂੰਨ ਤੋਂ ਭੱਜ ਨਹੀਂ ਸਕੇਗਾ। ਇਸ ਮੌਕੇ ਸਾਬਕਾ ਵਿਧਾਇਕ ਅਰੁਣ ਨਾਰੰਗ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ ਅਤੇ ਉਨ੍ਹਾਂ ਨੇ ਵੀ ਪਰਿਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਭਰੋਸਾ ਦਿੱਤਾ ਕਿ ਕਾਤਲਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

# ਨੈਸ਼ਨਲ ਡਿਗਰੀ ਕਾਲਜ ਦਾ ਬੀ.ਕਾਮ ਦਾ ਨਤੀਜਾ ਰਿਹਾ ਸ਼ਾਨਦਾਰ

ਫ਼ਾਜ਼ਿਲਕਾ, 8 ਜੁਲਾਈ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਬੀਤੇ ਦਿਨ ਇਲਾਕੇ ਦੇ ਪ੍ਰਸਿੱਧ ਸਿੱਖਿਆ ਸੰਸਥਾਨ ਨੈਸ਼ਨਲ ਡਿਗਰੀ ਕਾਲਜਚੁਵਾੜਿਆ ਵਾਲੀ (ਫ਼ਾਜ਼ਿਲਕਾ) ਵਿਖੇ ਬੀ. ਕਾਮ ਭਾਗ ਤੀਸਰਾ (ਸਮੈਸਟਰ ਛੇਵੇਂ) ਦਾ ਨਤੀਜਾ ਸ਼ਾਨਦਾਰ ਰਿਹਾ। ਜਾਣਕਾਰੀ ਦਿੰਦੇ ਹੋਏ ਬੀ.ਕਾਮ ਵਿਭਾਗ ਦੇ ਮੁੱਖੀ ਸਹਾਇਕ ਪ੍ਰੋ. ਮਨਪ੍ਰੀਤ ਕੌਰ ਨੇ ਦੱਸਿਆ ਕਿ ਆਂਚਲ ਸਪੁੱਤਰੀ ਪਵਨ ਕੁਮਾਰ ਨੇ ਪਹਿਲਾ ਸਥਾਨ, ਕਾਰਤਿਕ ਸਪੁੱਤਰ ਪਵਨ ਕੁਮਾਰ ਨੇ ਦੂਸਰਾ ਸਥਾਨ,



ਪ੍ਰਯਾਨਸ਼ੂ ਸਪੁੱਤਰ ਰਕੇਸ਼ ਕੁਮਾਰ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਇਮਤਿਹਾਨਾਂ 'ਚ ਬਹੁਤ ਵਧੀਆ ਪ੍ਰਦਰਸ਼ਨ ਕਰਦੇ ਹੋਏ ਆਪਣੇ ਮਾਤਾ ਪਿਤਾ ਤੇ ਕਾਲਜ ਦਾ ਨਾਂ ਰੌਸ਼ਨ ਕੀਤਾ। ਕਾਲਜ ਦੇ ਚੇਅਰਮੈਨ ਸਾਹਿਬ ਜਸਪਾਲ ਸਿੰਘ ਤੇ ਕਾਲਜ ਦੀ ਸਮੂਹ ਮੈਨੇਜਮੈਂਟ ਨੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਰਚਨਾ ਮਹਿਰੋਕ ਨੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਦੇ ਹੋਏ ਭਵਿੱਖ ਵਿੱਚ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

# ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਤਿੰਨ ਨਵੀਆਂ ਐਂਬੂਲੈਂਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ




ਫਤਹਿਗੜ੍ਹ ਸਾਹਿਬ, 8 ਜੁਲਾਈ : (ਹਰਪ੍ਰੀਤ ਕੌਰ ਟਿਵਾਣਾ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਇਤਿਹਾਸਕ ਫੈਸਲੇ ਕਰ ਰਹੀ ਹੈ ਜਿਸ ਤਹਿਤ ਰਾਜ ਸਰਕਾਰ ਵੱਲੋਂ ਮਰੀਜ਼ਾਂ ਨੂੰ ਐਮਰਜੈਂਸੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੂਬੇ ਅੰਦਰ 46 ਅਤਿ ਆਧੁਨਿਕ ਨਵੀਆਂ ਐਂਬੂਲੈਂਸਾਂ ਤਾਇਨਾਤ ਕੀਤੀਆਂ ਗਈਆਂ ਹਨ। ਇਹ ਜਾਣਕਾਰੀ ਵਿਧਾਇਕ ਐਡਵੋਕੇਟ ਲਖਬੀਸਿੰਘ ਰਾਏ ਨੇ ਜ਼ਿਲ੍ਹਾ ਹਸਪਤਾਲ ਤੋਂ ਤਿੰਨ ਐਂਬੂਲੈਂਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਦਿੱਤੀ। ਵਿਧਾਇਕ ਰਾਏ ਨੇ ਕਿਹਾ ਕਿ ਨਵੀਆਂ ਐਂਬੂਲੈਂਸਾਂ ਤਾਇਨਾਤ ਕਰਨ ਨਾਲ ਸੂਬੇ ਦੇ ਐਮਰਜੈਂਸੀ ਐਂਬੂਲੈਂਸ ਫਲੀਟ ਦੀ ਗਿਣਤੀ 371 ਹੋ ਗਈ ਹੈ ਜਿਸ ਨਾਲ ਇਸ ਦੀਆਂ ਜੀਵਨ ਰੱਖਿਆ ਸਮਰੱਥਾਵਾਂ ਵਿੱਚ ਵਾਧਾ ਹੋਇਆ ਹੈ ਉਹਨਾਂ ਕਿਹਾ ਕਿ ਇਹ ਐਂਬੂਲੈਂਸਾਂ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਤਾਇਨਾਤ ਕੀਤੀਆਂ ਜਾਣਗੀਆਂ ਜਿਨਾਂ ਦਾ ਮਰੀਜ਼ਾਂ ਨੂੰ ਵੱਡਾ ਫਾਇਦਾ ਹੋਵੇਗਾ। ਵਿਧਾਇਕ ਲਖਬੀਰ ਸਿੰਘ ਰਾਏ ਨੇ ਦੱਸਿਆ ਕਿ ਸ਼ਹਿਰੀ ਖੇਤਰ ਵਿੱਚ 15 ਮਿੰਟ ਅਤੇ ਪੇਂਡੂ ਖੇਤਰ ਵਿੱਚ 20 ਮਿੰਟਾਂ ਵਿੱਚ ਲੋੜਵੰਦ ਮਰੀਜ਼ਾਂ ਤੱਕ ਐਂਬੂਲੈਂਸ ਪਹੁੰਚ ਕਰੇਗੀ ਜੋ ਕਿ ਜਿਲੇ ਵਿੱਚ ਸਭ ਤੋਂ ਬਿਹਤਰ ਤੇ ਕੌਮੀ ਮਾਪਦੰਡਾਂ ਦੇ ਮੁਤਾਬਕ ਹੈ। ਇਸ ਮੌਕੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਇਹਨਾਂ ਐਂਬੂਲੈਂਸਾਂ ਦੇ ਆਉਣ ਨਾਲ ਐਮਰਜੈਂਸੀ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ ਨਾਲ ਕੀਮਤੀ ਜਾਨਾਂ ਬਚਾਉਣ ਲਈ ਮਦਦ ਮਿਲੇਗੀ।

# ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈੱਲ.ਫੇਅਰ ਸੁਸਾਇਟੀ ਦੇ ਆਗੂਆਂ ਨੇ ਖਿਡਾਰੀਆਂ ਦਾ ਵਧਾਇਆ ਹੌਸਲਾ

ਫ਼ਾਜ਼ਿਲਕਾ, 8 ਜੁਲਾਈ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪਿੰਡ ਹੀਰਾ ਵਾਲੀ ਵਿਖੇ ਫੁੱਟਬਾਲ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ, ਜਿਸ 'ਚ ਮੁੱਖ ਮਹਿਮਾਨ ਵਜੋਂ ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਤੇ ਜਰਨਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੇ ਸ਼ਿਰਕਤ ਕੀਤੀ। ਇਸ ਟੂਰਨਾਮੈਂਟ 'ਚ ਖੇਤਰ ਦੀਆਂ ਵੱਖ-ਵੱਖ ਟੀਮਾਂ ਨੇ ਭਾਗ ਲਿਆ ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।



ਅਜੈ ਸਚਦੇਵਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਜੀਵਨ 'ਚ ਅਨੁਸ਼ਾਸਨ, ਟੀਮ ਵਰਕ ਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਰੱਖਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਅਜੈ ਸਚਦੇਵਾ ਨੇ ਕਿਹਾ, ਖੇਡਾਂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਇੱਕ ਅਜਿਹਾ ਪਲੇਟਫ਼ਾਰਮ ਹਨ ਜੋ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨੂੰ ਨਿਖਾਰਨ ਤੇ ਸਮਾਜ 'ਚ ਸਕਾਰਾਤਮਕ ਯੋਗਦਾਨ ਪਾਉਣ ਦਾ ਮੌਕਾ ਦਿੰਦੀਆਂ ਹਨ। ਉਨ੍ਹਾਂ ਨੇ ਸੋਸਾਇਟੀ ਦੀ ਵਚਨਬੱਧਤਾ ਨੂੰ ਦੁਹਰਾਇਆ ਕਿ ਉਹ ਅਜਿਹੇ ਟੂਰਨਾਮੈਂਟ ਨੂੰ ਉਤਸ਼ਾਹਿਤ ਕਰਦੇ ਰਹਿਣਗੇ, ਜੋ ਸਮਾਜ 'ਚ ਸਿਹਤ ਤੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਦੇ ਹਨ। ਪੂਜਾ ਲੂਥਰਾ ਸਚਦੇਵਾ ਨੇ ਆਪਣੇ ਸੰਬੋਧਨ 'ਚ ਖਿਡਾਰੀਆਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਖੇਡਾਂ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਦਾ ਇੱਕ ਮਜ਼ਬੂਤ ਮਾਧਿਅਮ ਹਨ। ਉਨ੍ਹਾਂ ਨੇ ਕਿਹਾ, ਫੁੱਟਬਾਲ ਵਰਗੀਆਂ ਖੇਡਾਂ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ, ਸਗੋਂ ਮਾਨਸਿਕ ਮਜ਼ਬੂਤੀ ਤੇ ਸਹਿਣਸ਼ੀਲਤਾ ਵੀ ਵਧਾਉਂਦੀਆਂ ਹਨ। ਇਹ ਖਿਡਾਰੀ ਸਾਡੇ ਸਮਾਜ ਦਾ ਮਾਣ ਹਨ, ਜੋ ਆਪਣੀ ਮਿਹਨਤ ਤੇ ਜਨੂੰਨ ਨਾਲ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣਦੇ ਹਨ।

# ਨਗਰ ਕੌਂਸਲ ਦੇ ਸਫ਼ਾਈ ਕਰਮਚਾਰੀਆਂ ਨੇ ਮੰਗਾਂ ਮੰਨਣ ਤੋਂ ਬਾਅਦ ਧਰਨਾ ਕੀਤਾ ਖ਼ਤਮ



ਅਮਲੋਹ, 8 ਜੁਲਾਈ (ਜਸਵੰਤ ਸਿੰਘ): ਨਗਰ ਕੌਂਸਲ ਅਮਲੋਹ ਦੇ ਸਫਾਈ ਮੇਟ ਪਰਮਜੀਤ ਸਿੰਘ ਨੂੰ ਕੁਝ ਦਿਨ ਪਹਿਲਾਂ ਮੁਅੱਤਲ ਕੀਤੇ ਜਾਣ ਅਤੇ ਸਫਾਈ ਸੇਵਕਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਨਗਰ ਕੌਂਸਲ ਦਫ਼ਤਰ ਸਾਹਮਣੇ ਕਈ ਦਿਨਾਂ ਤੋਂ ਧਰਨਾ ਦਿੱਤਾ ਜਾ ਰਿਹਾ ਸੀ। ਇਹ ਧਰਨਾ ਉਸ ਵੇਲੇ ਖ਼ਤਮ ਹੋਇਆ ਜਦੋਂ ਕੌਂਸਲ ਦੇ ਕਾਰਜਕਾਰੀ ਪ੍ਰਧਾਨ ਵਿੱਕੀ ਮਿੱਤਲ ਨੇ ਸਾਰੀਆ ਮੰਗਾਂ ਮੰਨਣ ਦਾ ਭਰੋਸਾ ਦਿੰਦਿਆ ਐਲਾਨ ਕੀਤਾ ਕਿ ਮੁਅੱਤਲ ਕੀਤੇ ਮੇਟ ਪਰਮਜੀਤ ਸਿੰਘ ਨੂੰ ਬਹਾਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫ਼ਾਈ ਵਿਚ ਕੋਈ ਰੁਕਾਵਟ ਨਾ ਆਵੇ ਇਸ ਲਈ ਕਰਮਚਾਰੀਆਂ ਨੂੰ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਮੇਟ ਪਰਮਜੀਤ ਸਿੰਘ ਤੇ ਸਫ਼ਾਈ ਕਰਮਚਾਰੀਆਂ ਨੇ ਕਿਹਾ ਕਿ ਉਹ ਆਪਣਾ ਕੰਮ ਪਹਿਲਾਂ ਵਾਗ ਨਿਭਾਉਣਗੇ। ਉਨ੍ਹਾਂ ਮੰਗਾਂ ਪੂਰਾ ਹੋਣ 'ਤੇ ਧਰਨਾ ਖ਼ਤਮ ਕਰਨ ਦਾ ਐਲਾਨ ਵੀ ਕੀਤਾ। ਪਰਮਜੀਤ ਸਿੰਘ ਨੇ ਸਮੁੱਚੇ ਧਰਨਾਕਾਰੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਕਾਰਜ ਸਾਧਕ ਅਫਸਰ ਬਲਜਿੰਦਰ ਸਿੰਘ, ਬਲਾਕ ਪ੍ਰਧਾਨ ਕੁਲਦੀਪ ਸਿੰਘ ਦੀਪਾ, ਵਿਨੋਦ ਅਬਰੋਲ ਤੇ ਪੰਮੀ ਜਿੰਦਲ ਆਦਿ ਮੌਜੂਦ ਸਨ।

# ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਨੇ ਸੰਚਾਰ ਹੁਨਰਾਂ 'ਤੇ ਇੱਕ ਵਿਸ਼ੇਸ਼ ਸੈਸ਼ਨ ਕਰਵਾਇਆ

ਮੰਡੀ ਗੋਬਿੰਦਗੜ੍ਹ, 8 ਜਲਾਈ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਲ ਸਕੂਲ ਮੰਡੀ ਗੋਬਿੰਦਗੜ੍ਹ ਦੇ ਪ੍ਰਾਇਮਰੀ ਵਿੰਗ ਦੇ ਸਾਹਿਤਕ ਕਲੱਬ ਨੇ ਪੈਂਡੋਰਾ ਹਾਲ ਵਿਖੇ ਚੌਥੀ ਜਮਾਤ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਸੰਚਾਰ ਹੁਨਰ ਸੈਸ਼ਨ ਆਯੋਜਨ ਕੀਤਾ, ਜਿਸ ਦਾ ਉਦੇਸ਼ ਬੱਚਿਆਂ ਨੂੰ ਉਨ੍ਹਾਂ ਦੇ ਰੋਜ਼ਾਨਾ ਜੀਵਨ 'ਚ ਪ੍ਰਭਾਵਸ਼ਾਲੀ ਸੰਚਾਰ ਦੀ ਮਹੱਤਤਾ ਨੂੰ ਸਮਝਾਉਣਾ ਸੀ। ਸੈਸ਼ਨ ਦੀ ਸ਼ੁਰੂਆਤ 'ਸੰਚਾਰ ਦੀਆਂ ਕਿਸਮਾਂ' ਨਾਲ ਹੋਈ। ਵਿਦਿਆਰਥੀਆਂ ਨੇ ਸੰਚਾਰ ਦੇ ਵੱਖ-ਵੱਖ ਢੰਗਾਂ ਜਿਵੇਂ ਕਿ ਬੋਲਣਾ,



ਸੁਣਨਾ, ਹਾਵ-ਭਾਵ, ਚਿਹਰੇ ਦੇ ਹਾਵ-ਭਾਵ ਤੇ ਵਿਜ਼ੂਅਲ ਮੀਡੀਆ ਬਾਰੇ ਸਿੱਖਿਆ। ਟਰੇਨਰਾਂ ਨੇ ਇਹ ਵੀ ਦੱਸਿਆ ਕਿ ਸੰਚਾਰ ਕਿਉਂ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਵਿਚਾਰਾਂ ਨੂੰ ਪ੍ਰਗਟ ਕਰਨਾ, ਰਿਸ਼ਤੇ ਬਣਾਉਣਾ, ਗਲਤਫਹਿਮੀਆਂ ਤੋਂ ਬਚਣਾ ਤੇ ਆਪਸੀ ਸਮਝ ਵਧਾਉਣਾ ਹੈ। ਵਰਕਸ਼ਾਪ ਦਾ ਸਭ ਤੋਂ ਦਿਲਚਸਪ ਹਿੱਸਾ 'ਸੰਚਾਰ ਨੂੰ ਕਿਵੇਂ ਬਿਹਤਰ ਬਣਾਇਆ ਜਾਵੇ' ਸੀ, ਜਿਸ 'ਚ ਬੱਚਿਆਂ ਨੇ ਅੱਖਾਂ ਨਾਲ ਸੰਪਰਕ ਕਰਨ, ਸਰਗਰਮੀ ਨਾਲ ਸੁਣਨ, ਸਪਸ਼ਟ ਤੌਰ 'ਤੇ ਬੋਲਣ ਤੇ ਨਿਮਰਤਾ ਨਾਲ ਸੰਚਾਰ ਕਰਨ ਵਰਗੇ ਅਭਿਆਸਾਂ 'ਚ ਹਿੱਸਾ ਲਿਆ। ਸੈਸ਼ਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਸਮੂਹ ਚਰਚਾਵਾਂ, ਪ੍ਰਸ਼ਨ ਤੇ ਉੱਤਰ ਸੈਸ਼ਨ ਤੇ ਜੀਵਨ ਨਾਲ ਸਬੰਧਤ ਉਦਾਹਰਨਾਂ ਸ਼ਾਮਲ ਕੀਤੀਆਂ ਗਈਆਂ। ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲੈਂਦੇ ਹੋਏ ਵਿਸ਼ਵਾਸ ਨਾਲ ਆਪਣੇ ਵਿਚਾਰ ਪ੍ਰਗਟ ਕੀਤੇ। ਅੰਤ 'ਚ ਸਕੂਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਚੰਗਾ ਸੰਚਾਰ ਸਿਰਫ਼ ਬੋਲਣ ਤੱਕ ਸੀਮਿਤ ਨਹੀਂ, ਇਹ ਦੂਜਿਆਂ ਨੂੰ ਸੁਣਨ ਤੇ ਸਮਝਣ ਦੀ ਕਲਾ ਵੀ ਹੈ। ਇਹ ਸੈਸ਼ਨ ਬੱਚਿਆਂ ਨੂੰ ਇੱਕ ਬਿਹਤਰ ਸਰੋਤਾ ਤੇ ਸੰਵੇਦਨਸ਼ੀਲ ਬੁਲਾਰਾ ਬਣਨ ਲਈ ਪ੍ਰੇਰਿਤ ਕਰੇਗਾ। ਇਹ ਸੈਸ਼ਨ ਨਾ ਸਿਰਫ਼ ਵਿਦਿਅਕ ਤੌਰ 'ਤੇ ਲਾਭਦਾਇਕ ਸੀ ਸਗੋਂ ਵਿਦਿਆਰਥੀਆਂ ਦੇ ਸ਼ਖਸੀਅਤ ਵਿਕਾਸ ਵੱਲ ਇੱਕ ਮਹੱਤਵਪੂਰਨ ਕਦਮ ਵੀ ਸਾਬਤ ਹੋਇਆ।

# ਅੰਤਮ ਸਹਾਰਾ ਵੈਲ.ਫੇਅਰ ਸੁਸਾਇਟੀ ਨੇ ਕੀਤਾ ਦੋ ਲਾਵਾਰਸ ਲਾਸ਼ਾਂ ਦਾ ਸਸਕਾਰ

ਫ਼ਤਹਿਗੜ੍ਹ ਸਾਹਿਬ, 8 ਜੁਲਾਈ (ਸੂਦ): ਅੰਤਿਮ ਸਹਾਰਾ ਵੈਲਫ਼ੇਅਰ ਸੁਸਾਇਟੀ ਰਜਿ. ਫ਼ਤਹਿਗੜ੍ਹ ਸਾਹਿਬ ਦੇ ਪ੍ਰਧਾਨ ਹਰਪ੍ਰੀਤ ਸਿੰਘ ਲਾਲੀ, ਰਾਮੂ ਤੇ ਬੱਸੀ ਪਠਾਨਾ ਦੇ ਅਸ਼ੋਕ ਕੁਮਾਰ ਨੇ ਦੋ ਲਵਾਰਸ ਲਾਸ਼ਾਂ ਦਾ ਅੰਤਮ ਸੰਸਕਾਰ ਸਰਹਿੰਦ ਸ਼ਹਿਰ ਦੀ ਸਮਸ਼ਾਨਘਾਟ ਵਿਚ ਕੀਤਾ। ਲਾਲੀ ਨੇ ਦਸਿਆ ਕਿ ਇਸ ਤੋਂ ਪਹਿਲਾ ਉਨ੍ਹਾਂ ਦੀ ਸੰਸਥਾ 281 ਲਵਾਰਸ ਲਾਸ਼ਾਂ ਦਾ ਅੰਤਮ ਸੰਸਕਾਰ ਕਰ ਚੁਕੀ ਹੈ ਅਤੇ ਹੁਣ ਇਹ



ਗਿਣਤੀ 283 ਹੋ ਗਈ। ਉਨ੍ਹਾਂ ਕਿਹਾ ਕਿ ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਕਿ ਕਿਸੇ ਵੀ ਇਨਸਾਨ ਦੀ ਲਾਸ ਨਾ ਰੁੱਲੇ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਇਸ 'ਚ ਸਹਿਯੋਗ ਦੀ ਵੀ ਅਪੀਲ ਕੀਤੀ।

# ਕਿਸਾਨਾਂ ਨੇ ਪ੍ਰਸ਼ਾਸਨ 'ਤੇ ਫਸਲ ਜ਼ਬਰਦਸਤੀ ਖ਼ਰਾਬ ਕਰਨ ਦੇ ਲਗਾਏ ਦੋਸ਼



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 8 ਜੁਲਾਈ (ਡਾ. ਨਰਿੰਦਰ ਸਿੰਘ, ਜਗੀਰ ਸਿੰਘ ਮੰਡ): ਪ੍ਰਸ਼ਾਸਨ ਤੇ ਕਿਸਾਨ ਇੱਕ ਵਾਰ ਮੁੜ ਤੋਂ ਆਹਮੋ ਸਾਹਮਣੇ ਹੋ ਗਏ ਹਨ ਤੇ ਵਿਵਾਦ ਕਾਫ਼ੀ ਭੱਖ ਗਿਆ ਹੈ। ਸਵੇਰ ਵੇਲੇ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਦੇ ਅਧਿਕਾਰੀ, ਪੁਲਿਸ ਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਸ੍ਰੀ ਹਰਗੋਬਿੰਦਪੁਰ ਨੇੜੇ ਪਿੰਡ ਨੰਗਲ ਝੌਰ 'ਚ ਕਿਸਾਨਾਂ ਦੀ ਜਮੀਨ ਤੇ ਕਬਜ਼ਾ ਕਰਨ ਪਹੁੰਚ ਗਏ। ਕਿਸਾਨਾਂ ਦਾ ਦੋਸ਼ ਹੈ ਕਿ ਪੋਕਲੈਨ ਤੇ ਹੋਰ ਮਸ਼ੀਨਾਂ ਸਮੇਤ ਕਬਜ਼ਾ ਲੈਣ ਪਹੁੰਚੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੇ, ਉਨ੍ਹਾਂ ਦੇ ਖੇਤਾਂ 'ਚ ਲਗਾਈ ਗਈ ਝੋਨੇ ਦੀ ਫ਼ਸਲ ਨੂੰ ਤਬਾਹ ਕਰ ਦਿੱਤਾ ਤੇ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ। ਜਦੋਂ ਕਿਸਾਨਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਤਾਂ ਪੁਲਿਸ ਵੱਲੋਂ ਕਿਸਾਨਾਂ ਉੱਪਰ ਲਾਠੀ ਚਾਰਜ ਵੀ ਕੀਤਾ ਗਿਆ। ਜਮੀਨ ਮਾਲਕ ਕਿਸਾਨਾਂ ਦਾ ਕਹਿਣਾ ਹੈ ਕਿ ਇੱਥੋਂ ਦੇ ਕਿਸਾਨਾਂ ਨੂੰ ਜ਼ਮੀਨ ਦੇ ਪੈਸੇ ਸਰਕਾਰ ਵੱਲੋਂ ਨਹੀਂ ਦਿੱਤੇ ਗਏ ਹਨ। ਉੱਥੇ ਹੀ ਮੌਕੇ ਤੇ ਵੱਡੀ ਗਿਣਤੀ 'ਚ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਪਹੁੰਚਣੇ ਸ਼ੁਰੂ ਹੋ ਗਏ ਹਨ ਤੇ ਸੀਨੀਅਰ ਕਿਸਾਨ ਆਗੂ ਸਵਿੰਦਰ ਸਿੰਘ ਚੁਤਾਲਾ ਵੀ ਮੌਕੇ 'ਤੇ ਪਹੁੰਚ ਗਏ ਹਨ। ਕਿਸਾਨਾਂ ਵੱਲੋਂ ਨੈਸ਼ਨਲ ਹਾਈਵੇ ਅਥੋਰਟੀ ਦੀਆਂ ਮਸ਼ੀਨਾਂ ਉਥੋਂ ਹਿਲਣ ਨਹੀਂ ਦਿੱਤੀਆਂ ਜਾ ਰਹੀਆਂ।

ਕਿਸਾਨ ਆਗੂ ਸਵਿੰਦਰ ਸਿੰਘ ਚੁਤਾਲਾ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਕਈ ਵਾਰ ਮੀਟਿੰਗ ਹੋਈ ਤੇ ਪ੍ਰਸ਼ਾਸਨ ਨੇ ਮੰਨਿਆ ਕਿ ਜਿਨਾਂ ਜਮੀਨਾਂ ਦੇ ਪੈਸੇ ਦਿੱਤੇ ਜਾ ਚੁੱਕੇ ਹਨ ਉਨ੍ਹਾਂ ਤੇ ਹੀ ਕਬਜ਼ਾ ਕੀਤਾ ਜਾਏਗਾ, ਪਰ ਪ੍ਰਸ਼ਾਸਨ ਆਪਣੀ ਗੱਲ ਤੋਂ ਮੁੱਕਰ ਰਿਹਾ ਹੈ ਤੇ ਕਿਸਾਨਾਂ ਦੀ ਜ਼ਮੀਨ ਹੀ ਨਹੀਂ ਫ਼ਸਲ ਵੀ ਖਰਾਬ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿੰਡ ਨੰਗਲ ਝੌਰ ਅਤੇ ਚੀਮਾ ਖੁੱਡੀ ਦੀ ਹੱਦ 'ਚ ਪੈਂਦੀ 25 ਤੋਂ 30 ਏਕੜ ਜ਼ਮੀਨ ਹੈ, ਜਿਸ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਡਿਪਟੀ ਕਮਿਸ਼ਨਰ ਦੇ ਕਹਿਣ ਤੇ ਇਸ ਜ਼ਮੀਨ ਦੇ ਅਵਾਰਡ ਮੁੜ ਮੁਲਾਂਕਲ ਲਈ ਸਰਕਾਰ ਨੂੰ ਭੇਜੇ ਗਏ ਹਨ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਅਜੇ ਤੱਕ ਸਰਕਾਰ ਵੱਲੋਂ ਇਸ ਜ਼ਮੀਨ ਦਾ ਕਿਸਾਨਾਂ ਨੂੰ ਇੱਕ ਵੀ ਪੈਸਾ ਨਹੀਂ ਦਿੱਤਾ ਗਿਆ। ਚੌਤਾਲਾ ਨੇ ਕਿਹਾ ਕਿ ਜਦੋਂ ਤੱਕ ਜ਼ਮੀਨ ਦੇ ਅਵਾਰਡ ਬਾਰੇ ਸਹਿਮਤੀ ਨਹੀਂ ਬਣ ਜਾਂਦੀ, ਜਮੀਨ ਤੇ ਕਬਜ਼ਾ ਨਹੀਂ ਕਰਨ ਦਿੱਤਾ ਜਾਏਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਨੂੰ ਪੈਸੇ ਮਿਲ ਚੁੱਕੇ ਹਨ, ਉਹ ਜ਼ਮੀਨ ਪ੍ਰਸ਼ਾਸਨ ਦੇ ਹਵਾਲੇ ਕਰ ਚੁੱਕੇ ਹਨ, ਉਸ ਜ਼ਮੀਨ ਤੇ ਨੈਸ਼ਨਲ ਹਾਈਵੇ ਅਥੋਰਟੀ ਜੋ ਮਰਜ਼ੀ ਕਰੇ। ਪਰ ਬਿਨਾਂ ਪੈਸੇ ਦਿੱਤੇ ਜ਼ਮੀਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਕੇ, ਪ੍ਰਸ਼ਾਸਨ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਇਸ ਦੇ ਜਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਹਮੇਸ਼ਾ ਕਿਸਾਨਾਂ ਦੇ ਹੱਕਾਂ ਹਿੱਤਾਂ ਲਈ ਡਟ ਕੇ ਪਹਿਰਾ ਦੇਵੇਗੀ।

# ਸੂਬਾ ਸਰਕਾਰ ਹਰੇਕ ਪਰਿਵਾਰ ਨੂੰ 10 ਲੱਖ ਸਲਾਨਾ ਸਿਹਤ ਬੀਮਾ ਦੀ ਦੇਵੇਗੀ ਸਹੂਲਤ : ਰਮਨ ਬਹਿਲ



ਗੁਰਦਾਸਪੁਰ, 8 ਜੁਲਾਈ (ਜਗੀਰ ਸਿੰਘ ਮੰਡ): ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਆਮ ਲੋਕਾਂ ਦੀ ਬਾਂਹ ਫੜਦਿਆਂ ਸੂਬੇ ਦੇ 65 ਲੱਖ ਪਰਿਵਾਰਾਂ ਲਈ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਦਾ ਐਲਾਨ ਕੀਤਾ ਹੈ। ਇਸ ਯੋਜਨਾ ਦੇ ਲਾਗੂ ਹੋਣ ਨਾਲ ਹਰੇਕ ਕਵਰ ਪਰਿਵਾਰ ਨੂੰ ਸਲਾਨਾ 10 ਲੱਖ ਰੁਪਏ ਤੱਕ ਦੇ ਮੁਫ਼ਤ ਤੇ ਵਧੀਆ ਇਲਾਜ ਦੀ ਸਹੂਲਤ ਮਿਲੇਗੀ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਜਾ ਰਹੀ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਤਹਿਤ ਹਰੇਕ ਲਾਭਪਾਤਰੀ ਨੂੰ ਇਲਾਜ ਪ੍ਰਾਪਤ ਕਰਨ ਲਈ ਇੱਕ ਸਿਹਤ ਕਾਰਡ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਐਲਾਨ ਪੰਜਾਬ ਸਰਕਾਰ ਵੱਲੋਂ ਆਪਣੇ 2025-26 ਦੇ ਬਜਟ 'ਚ ਕੀਤਾ ਗਿਆ ਸੀ ਤੇ ਇਸਦੇ ਲਈ 778 ਕਰੋੜ ਰੁਪਏ ਦੀ ਰਕਮ ਅਲਾਟ ਕੀਤੀ ਗਈ ਸੀ। ਇਸ ਦੇ ਤਹਿਤ ਹਰ ਪਰਿਵਾਰ ਨੂੰ ਪ੍ਰਤੀ ਸਾਲ 10 ਲੱਖ ਰੁਪਏ ਦਾ ਸਿਹਤ ਕਵਰ ਪ੍ਰਦਾਨ ਕੀਤਾ ਜਾਵੇਗਾ।

ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਦਾ ਉਦੇਸ਼ ਰਾਜ ਦੇ ਕਿਸੇ ਵੀ ਸਰਕਾਰੀ ਜਾਂ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨਕਦੀ ਰਹਿਤ ਅਤੇ ਕਾਗਜ਼ ਰਹਿਤ ਇਲਾਜ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਪਰਿਵਾਰ ਦੇ ਆਕਾਰ ਦੀ ਕੋਈ ਸੀਮਾ ਨਹੀਂ ਹੋਵੇਗੀ, ਜਿਸਦੇ ਅਧੀਨ ਹਰ ਮੈਂਬਰ ਕਵਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸੂਬਾ ਪੰਜਾਬ 10 ਲੱਖ ਰੁਪਏ ਦਾ ਯੂਨੀਵਰਸਲ ਸਿਹਤ ਬੀਮਾ ਕਵਰ ਵਾਲਾ ਪਹਿਲਾ ਰਾਜ ਬਣ ਜਾਵੇਗਾ। ਰਮਨ ਬਹਿਲ ਨੇ ਕਿਹਾ ਕਿ ਪੰਜਾਬ ਤੋਂ ਬਾਹਰ ਹਸਪਤਾਲਾਂ 'ਚ ਵਿਸ਼ੇਸ਼ ਇਲਾਜ ਦੀ ਮੰਗ ਕਰਨ ਵਾਲੇ ਲੋਕ ਵੀ ਇਸ ਬੀਮੇ ਦੇ ਘੇਰੇ 'ਚ ਆਉਣਗੇ, ਬਸ਼ਰਤੇ ਉਹ ਆਯੂਸ਼ਮਾਨ ਭਾਰਤ ਯੋਜਨਾ ਦੇ ਤਹਿਤ ਸੂਚੀਬੱਧ ਹਸਪਤਾਲਾਂ 'ਚ ਇਲਾਜ ਕਰਵਾਉਣ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਇੱਕ ਬਹੁਤ ਵੱਡੀ ਉਪਲੱਬਧੀ ਹੈ ਤੇ ਹੁਣ "ਮੁੱਖ ਮੰਤਰੀ ਸਿਹਤ ਬੀਮਾ ਯੋਜਨਾ" ਅਧੀਨ ਕਵਰ ਵਿਅਕਤੀਆਂ ਨੂੰ ਆਪਣੇ ਇਲਾਜ ਲਈ ਕੋਈ ਪੈਸਾ ਖਰਚ ਨਹੀਂ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਅਕਸਰ ਹੀ ਬਿਮਾਰੀ ਦੀ ਸੂਰਤ 'ਚ ਲੋੜਵੰਦ ਪਰਿਵਾਰਾਂ ਦੀ ਸਾਰੀ ਜਮ$ਹਾਂ ਪੂੰਜੀ ਇਲਾਜ ਉੱਪਰ ਹੀ ਖ਼ਰਚ ਹੋ ਜਾਂਦੀ ਸੀ ਪਰ ਹੁਣ ਇਹ ਰਾਸ਼ੀ ਲੋਕ ਆਪਣੇ ਪਰਿਵਾਰਾਂ ਦੀ ਬਿਹਤਰੀ ਲਈ ਖ਼ਰਚ ਸਕਣਗੇ।

## ਮੰਦਰ ਨਾਨਕ ਚੱਕ ਵਿਖੇ ਗੁਰੂ ਪੂਜਾ ਭਲਕੇ : ਮਹੰਤ ਹਰੀ ਕੁੰਭ ਦਾਸ



ਫਤਿਹਗੜ੍ਹ ਚੂੜੀਆਂ, 8 ਜੁਲਾਈ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਦ ਨਜ਼ਦੀਕ ਤ ਪ ਅਸਥਾਨ ਮੰਦਰ ਨਾਨਕ ਚੱਕ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੱਦੀ ਨਸ਼ੀਨ ਮਹੰਤ ਹਰੀ ਕੁੰਭ ਦਾਸ ਜੀ ਦੀ ਰਹਿਨੁਮਾਈ ਹੇਠ ਗੁਰੂ ਪੂਜਾ ਮਹੋਤਸਵ (ਬਿਆਸ ਪੂਜਾ) ਬੜੀ ਸ਼ਰਧਾ ਤੇ ਭਾਵਨਾ ਦੇ ਨਾਲ ਮਨਾਈ ਜਾ ਰਹੀ ਹੈ। ਮਹੰਤ ਹਰੀ ਕੁੰਭ ਦਾਸ ਜੀ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ਾਂ ਵਿਦੇਸ਼ਾਂ ਵਿੱਚ ਇਸ ਦਿਨ ਗੁਰੂਆਂ ਦੀ ਪੂਜਾ ਕੀਤੀ ਜਾਂਦੀ ਹੈ ਤੇ ਜਿਸ ਦੇ ਨਾਲ ਹੀ ਮੰਦਰ ਨਾਨਕ ਚੱਕ ਵਿਖੇ 8 ਜੁਲਾਈ ਨੂੰ ਬਾਬਾ ਜੀ ਦੀ ਪਵਿੱਤਰ ਬਾਣੀ ਮਾਤ੍ਰਾ ਸ਼ਾਸਤਰ ਦੇ ਪਾਠ ਸਵੇਰੇ 8 ਵਜੇ ਆਰੰਭ ਹੋਣਗੇ ਅਤੇ 10 ਜੁਲਾਈ ਨੂੰ ਸਵੇਰੇ ਮਾਤ੍ਰਾ ਸ਼ਾਸਤਰ ਪਾਠ ਦੇ ਭੋਗ ਪੈਣਗੇ। ਅਤੇ ਉਸ ਤੋਂ ਉਪਰੰਤ ਬਾਅਦ ਭਗਵਾਨ ਸ੍ਰੀ ਚੰਦਰ ਜੀ ਮਹਾਰਾਜ ਜੀ ਦੀ ਆਰਤੀ ਹੋਵੇਗੀ ਤੇ ਆਈਆਂ ਹੋਈਆਂ ਸੰਗਤਾਂ ਦੇ ਲਈ ਲੰਗਰ ਵੀ ਲਗਾਏ ਜਾਣਗੇ।

# ਬਜ਼ਾਰਾਂ 'ਚ ਗ਼ਲਤ ਪਾਰਕ ਵਾਹਨਾਂ ਦੇ ਕੱਟੇ ਚਲਾਨ



ਗੁਰਦਾਸਪੁਰ, 8 ਜੁਲਾਈ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਗੁਰਦਾਸਪੁਰ ਸ਼ਹਿਰ ਦੇ ਬਜ਼ਾਰਾਂ 'ਚ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਵਧੀਕ ਡੀ.ਸੀ. (ਜਨਰਲ) ਡਾ. ਹਰਜਿੰਦਰ ਸਿੰਘ ਬੇਟੀ ਵੱਲੋਂ ਟ੍ਰੈਫਿਕ ਪੁਲਿਸ ਤੇ ਟਰਾਂਸਪੋਰਟ ਦਫ਼ਤਰ ਦੇ ਅਧਿਕਾਰੀਆਂ ਨਾਲ ਗੁਰਦਾਸਪੁਰ ਸ਼ਹਿਰ ਦੇ ਬਜ਼ਾਰਾਂ ਤੇ ਹਨੂਮਾਨ ਚੌਂਕ 'ਚ ਸੜਕ ਕਿਨਾਰੇ ਲੱਗੇ ਬੇਤਰਤੀਬੇ ਵਾਹਨਾਂ ਦੇ ਚਲਾਨ ਕੱਟੇ ਗਏ। ਇਸ ਬਾਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਆਮ ਲੋਕਾਂ ਤੇ ਰਾਹਗੀਰਾਂ ਨੂੰ ਸ਼ਹਿਰ ਦੇ ਬਜ਼ਾਰਾਂ 'ਚ ਲੱਗਦੇ ਟ੍ਰੈਫਿਕ ਜਾਮਾਂ ਦੀ ਸਮੱਸਿਆ ਤੋਂ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਿੱਥੇ ਸੜਕਾਂ ਕਿਨਾਰੇ ਕੀਤੇ ਨਜ਼ਾਇਜ ਕਬਜ਼ਿਆਂ ਨੂੰ ਹਟਾਇਆ ਜਾ ਰਿਹਾ ਹੈ, ਉਥੇ ਬਜ਼ਾਰਾਂ 'ਚ ਗਲਤ ਢੰਗ ਨਾਲ ਪਾਰਕ ਹੋਈਆਂ ਗੱਡੀਆਂ ਤੇ ਮੋਟਰਸਾਈਕਲਾਂ ਦੇ ਚਲਾਨ ਵੀ ਕੱਟੇ ਜਾ ਰਹੇ ਹਨ।

ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਵਾਹਨਾਂ ਨੂੰ ਢੁੱਕਵੀ ਥਾਂ ਉੱਪਰ ਹੀ ਪਾਰਕ ਕਰਨ ਤਾਂ ਜੋ ਆਵਜਾਈ 'ਚ ਕੋਈ ਅੜਚਨ ਨਾ ਆਵੇ। ਉਨ੍ਹਾਂ ਕਿਹਾ ਕਿ ਜੇਕਰ ਬਜ਼ਾਰ ਖੁੱਲ੍ਹੇ ਹੋਣਗੇ ਤਾਂ ਦੁਕਾਨਾਂ ਉੱਪਰ ਗ੍ਰਾਹਕ ਵੀ ਵੱਧ ਆਉਣਗੇ ਜਿਸਦਾ ਸਿੱਧਾ ਫਾਇਦਾ ਦੁਕਾਨਦਾਰਾਂ ਨੂੰ ਹੋਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਜ਼ਾਇਜ ਕਬਜ਼ੇ ਹਟਾਉਣ ਤੇ ਗਲਤ ਪਾਰਕਿੰਗ ਕੀਤੇ ਵਾਹਨਾਂ ਖਿਲਾਫ਼ ਕਾਰਵਾਈ ਜਾਰੀ ਰਹੇਗੀ।

# ਸਿਵਲ ਸਰਜਨ ਵੱਲੋਂ ਦਸਵੰਧ ਫਾਊਂਡੇਸ਼ਨ ਦੀ ਸਮੁੱਚੀ ਟੀਮ ਦਾ ਸਨਮਾਨ



ਬਟਾਲਾ, 8 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ, ਧੰਨਪਾਲ ਸਿੰਘ ਕਲਸੀ): ਬਟਾਲਾ ਦੀ ਨਾਮਵਰ ਸੰਸਥਾ 'ਦਸਵੰਧ ਫਾਊਂਡੇਸ਼ਨ' ਨੂੰ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਵਲੋਂ ਸਨਮਾਨਿਤ ਕਰਨ ਨਾਲ ਸਮੁੱਚੀ ਟੀਮ ਦਾ ਹੌਂਸਲਾ ਹੋਰ ਬੁਲੰਦ ਹੋਇਆ ਹੈ ਤੇ ਭਵਿੱਖ 'ਚ ਹੋਰ ਪ੍ਰੋਜੈਕਟ ਕਰਨ ਦੀਆਂ ਯੋਜਨਾਵਾਂ ਚੱਲ ਰਹੀਆਂ ਹਨ। ਦਸਵੰਧ ਫਾਊਂਡੇਸ਼ਨ ਦੇ ਸੰਸਥਾਪਕ ਜੋਗਿੰਦਰ ਅੰਗੂਰਾਲਾ ਨੇ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਵਲੋਂ ਸਨਮਾਨਿਤ ਕਰਨ ਤੋਂ ਬਾਅਦ ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੀਤਾ। ਜੋਗਿੰਦਰ ਅੰਗੂਰਾਲਾ ਨੇ ਕਿਹਾ ਕਿ ਦਸਵੰਧ ਫਾਊਂਡੇਸ਼ਨ ਦੇ ਚੇਅਰਮੈਨ ਈਸ਼ੂ ਰਾਂਚਲ ਤੇ ਪ੍ਰਧਾਨ ਲਵਲੀ ਕੁਮਾਰ ਸਮੇਤ ਸਮੁੱਚੀ ਟੀਮ 'ਚ ਲੋਕ ਸੇਵਾ ਕਰਨ ਦਾ ਜਜਬਾ ਤੇ ਮਿਹਨਤ ਕਰਨ ਦੀ ਜੋ ਰੁਚੀ ਹੈ, ਉਹ ਸੰਸਥਾ ਨੂੰ ਬਹੁਤ ਅੱਗੇ ਲੈ ਕੇ ਜਾਵੇਗੀ। ਇਸ ਮੌਕੇ ਦਸਵੰਧ ਫਾਊਂਡੇਸ਼ਨ ਦੇ ਚੇਅਰਮੈਨ ਈਸ਼ੂ ਰਾਂਚਲ ਨੇ ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਤੇ ਜ਼ਿਲ੍ਹਾ ਫੈਮਿਲੀ ਪਲੈਨਿੰਗ ਅਫਸਰ ਡਾ. ਤਜਿੰਦਰ ਕੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਦਸਵੰਧ ਫਾਊਂਡੇਸ਼ਨ ਨੂੰ ਜੋ ਮਾਨ ਸਨਮਾਨ ਦਿੱਤਾ ਹੈ ਉਸ ਨਾਲ ਸਮੁੱਚੀ ਸੰਸਥਾ ਦੇ ਮੈਂਬਰਾਂ ਦੇ 'ਚ ਇੱਕ ਨਵੀਂ ਊਰਜਾ ਭਰੀ ਗਈ ਹੈ। ਇਸ ਮੌਕੇ ਦਸਵੰਧ ਫਾਊਂਡੇਸ਼ਨ ਦੇ ਪ੍ਰਧਾਨ ਲਵਲੀ ਕੁਮਾਰ ਨੇ ਕਿਹਾ ਕਿ ਸੰਸਥਾ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮਾਨਵਤਾ ਦੀ ਸੇਵਾ ਦੇ ਲਈ ਵੱਖ ਵੱਖ ਤਰ੍ਹਾਂ ਦੇ ਪ੍ਰੋਜੈਕਟ ਲਗਾਏ ਗਏ ਹਨ ਤੇ ਕੋਰੋਨਾ ਕਾਲ ਦੇ ਦੌਰਾਨ ਜਦੋਂ ਲੋਕ ਘਰਾਂ ਤੋਂ ਬਾਹਰ ਨਹੀ ਸਨ ਨਿਕਲਦੇ ਉਸ ਵੇਲੇ ਵੀ ਦਸਵੰਧ ਫਾਊਂਡੇਸ਼ਨ ਦੇ ਯੋਧੇ ਲੋਕਾਂ ਦੀ ਸੇਵਾ ਲਈ ਹਾਜ਼ਰ ਰਹੇ ਸਨ। ਇਸ ਮੌਕੇ ਸੰਸਥਾ ਵੱਲੋਂ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਤੇ ਜ਼ਿਲ੍ਹਾ ਫੈਮਿਲੀ ਪਲੈਨਿੰਗ ਅਫ਼ਸਰ ਡਾ. ਤਜਿੰਦਰ ਕੌਰ ਨੂੰ ਵਿਸ਼ੇਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਜਸਪ੍ਰੀਤ ਸਿੰਘ ਢਿੱਲੋ ਦਿਹਾਤੀ ਪ੍ਰਧਾਨ, ਸੁਰਿੰਦਰ ਪਾਲ ਜਨਰਲ ਸੈਕਟਰੀ, ਜਗਦੀਸ਼ ਕੁਮਾਰ ਵਾਈਸ ਚੇਅਰਮੈਨ, ਜਸਪ੍ਰੀਤ ਢਿੱਲੋਂ ਦਿਹਾਤੀ ਪ੍ਰਧਾਨ, ਤਰਲੋਕ ਸਿੰਘ ਲਾਡੀ ਸੀਨੀਅਰ ਕਾਰਜਕਾਰੀ ਮੈਂਬਰ, ਹਰਪ੍ਰੀਤ ਮਠਾਰੂ ਸੀਨੀਅਰ ਮੀਤ ਪ੍ਰਧਾਨ, ਅਵਤਾਰ ਕਲਸੀ ਮੁੱਖ ਸਾਲਾਹਕਾਰ, ਅਜਮੇਰ ਸਿੰਘ ਬੰਟੀ ਸੀਨੀਅਰ ਕਾਰਜਕਾਰੀ ਮੈਂਬਰ, ਮੋਹਨ ਲਾਲ ਸੀਨੀਅਰ ਕਾਰਜਕਾਰੀ ਮੈਂਬਰ, ਅਰੁਣ ਸੇਖੜੀ ਸੀਨੀਅਰ ਮੀਤ ਪ੍ਰਧਾਨ, ਆਦਿ ਹਾਜ਼ਰ ਸਨ।

# ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹਰੇਕ ਬੀ.ਐਲ.ਓ. ਲਈ ਸਿਖਲਾਈ ਲੈਣੀ ਲਾਜ਼ਮੀ



ਬਟਾਲਾ, 8 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ ਧੰਨਵਾਦ ਕਲਸੀ): ਦਲਵਿੰਦਰਜੀਤ ਸਿੰਘ, ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡੀ.ਸੀ. ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਜਾਰੀ ਹਦਾਇਤਾਂ/ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਚੋਣ ਦਫ਼ਤਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ 7 ਵਿਧਾਨ ਸਭਾ ਹਲਕਿਆਂ ਦੇ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼.) ਨੂੰ ਸਿਖ਼ਲਾਈ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਸਿਖਲਾਈ ਪ੍ਰੋਗਰਾਮ ਦੌਰਾਨ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਦੇ ਬੀ.ਐਲ.ਓਜ਼. ਨੂੰ ਸਿਖ਼ਲਾਈ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ 14 ਜੁਲਾਈ ਨੂੰ ਵਿਧਾਨ ਸਭਾ ਹਲਕਾ 7 ਬਟਾਲਾ ਦੇ ਬੀ.ਐਲ.ਓਜ਼ ਦੀ ਟ੍ਰੇਨਿੰਗ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ, ਵਿਧਾਨ ਸਭਾ ਹਲਕਾ 8 ਸ੍ਰੀ ਹਰਗੋਬਿੰਦਪੁਰ ਸਾਹਿਬ (ਰਾਖਵਾਂ) ਦੇ ਬੀ.ਐਲ.ਓਜ਼ ਦੀ ਟਰੇਨਿੰਗ ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਕਿਸ਼ਨਕੋਟ ਵਿਖੇ ਤੇ ਸਭਾ ਹਲਕਾ 10 ਡੇਰਾ ਬਾਬਾ ਨਾਨਕ ਦੇ ਬੀ.ਐਲ.ਓਜ਼ ਦੀ ਟ੍ਰੇਨਿੰਗ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ (ਲੜਕੇ) ਡੇਰਾ ਬਾਬਾ ਨਾਨਕ ਵਿਖੇ ਹੋਵੇਗੀ। ਸਿਖਲਾਈ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਹੋਵੇਗੀ। ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ 15 ਜੁਲਾਈ ਨੂੰ 4 ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਬੀ.ਐਲ.ਓਜ਼. ਦੀ ਟਰੇਨਿੰਗ ਪੰਡਤ ਮੋਹਨ ਲਾਲ ਐਸ.ਡੀ. ਕਾਲਜ ਫ਼ਾਰ ਵਿਮੈਨ ਗੁਰਦਾਸਪੁਰ ਵਿਖੇ, ਵਿਧਾਨ ਸਭਾ ਹਲਕਾ 5 ਦੀਨਾਨਗਰ (ਰਾਖਵਾਂ) ਦੇ ਬੀ.ਐਲ.ਓਜ਼ ਦੀ ਟਰੇਨਿੰਗ ਐਸ.ਐਸ.ਐਮ. ਕਾਲਜ ਦੀਨਾਨਗਰ ਵਿਖੇ, ਵਿਧਾਨ ਸਭਾ ਹਲਕਾ 6 ਕਾਦੀਆਂ ਦੇ ਬੀ.ਐਲ.ਓਜ਼ ਦੀ ਟਰੇਨਿੰਗ ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਤੇ 15 ਜੁਲਾਈ ਨੂੰ ਹੀ ਵਿਧਾਨ ਸਭਾ ਹਲਕਾ 9 ਫ਼ਤਿਹਗੜ੍ਹ ਚੂੜੀਆਂ ਦੇ ਬੀ.ਐਲ.ਓਜ਼. ਦੀ ਟ੍ਰੇਨਿੰਗ ਸਰਕਾਰੀ ਆਈ.ਟੀ.ਆਈ. (ਇਸਤਰੀਆਂ) ਫ਼ਤਿਹਗੜ੍ਹ ਚੂੜੀਆਂ ਵਿਖੇ ਹੋਵੇਗੀ। ਸਿਖਲਾਈ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਹੋਵੇਗੀ। ਉਨ੍ਹਾਂ ਕਿਹਾ ਕਿ ਸਿਖਲਾਈ ਦੇ ਅੰਤ 'ਚ ਕਮਿਸ਼ਨ ਵਜੋਂ ਭੇਜੇ ਗਏ ਪ੍ਰਸ਼ਨ ਪੱਤਰਾਂ ਦਾ ਬੀ.ਐਲ.ਓਜ਼ ਪਾਸੋਂ ਅਸੈਸਮੈਂਟ ਟੈਸਟ ਲਿਆ ਜਾਵੇਗਾ ਤੇ ਇਸ ਉਪਰੰਤ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਵੱਲੋਂ ਬੀ.ਐਲ.ਓਜ਼. ਨੂੰ ਸਰਟੀਫਿਕੇਟਾਂ ਦੀ ਵੰਡ ਵੀ ਕੀਤੀ ਜਾਵੇਗੀ।

# ਰਿਆੜਕੀ ਪਬਲਿਕ ਸਕੂਲ ਵਿਖੇ ਵਿਦਿਆਰਥੀ ਕੌਂਸਲ ਦੀ ਚੋਣ ਤੇ ਸਹੁੰ ਚੁੱਕ ਸਮਾਗਮ ਸੰਪੰਨ

ਕਾਹਨੂੰਵਾਨ 8 ਜੁਲਾਈ (ਕੁਲਜੀਤ ਸਿੰਘ ਖੋਖਰ): ਇਲਾਕੇ ਦੀ ਸਿਰਮੌਰ ਸੰਸਥਾ ਰਿਆੜਕੀ ਪਬਲਿਕ ਸਕੂਲ ਤੁਗਲਵਾਲ ਵਿਖੇ ਵਿਦਿਆਰਥੀ ਕੌਂਸਲ ਦੀ ਚੋਣ (ਇਨਵੈਸਟੀਚਰ) ਸਮਾਰੋਹ ਬੜੀ ਧੂਮਧਾਮ ਨਾਲ



ਕਰਵਾਇਆ ਗਿਆ। ਇਸ ਸਮਾਗਮ ਦਾ ਮੁੱਖ ਮੰਤਵ ਵਿਦਿਆਰਥੀਆਂ 'ਚ ਅਗਵਾਈ ਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਹੈ। ਸਮਾਗਮ ਦੀ ਸ਼ੁਰੂਆਤ ਪਰਮਾਤਮਾ ਦਾ ਓਟ-ਆਸਰਾ ਲੈਂਦੇ ਹੋਏ ਗੁਰਬਾਣੀ ਦੇ ਇਲਾਹੀ ਕੀਰਤਨ ਤੇ ਅਰਦਾਸ ਨਾਲ ਕੀਤੀ ਗਈ। ਇਸ ਮੌਕੇ ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਨੇ ਕਿਹਾ ਕਿ ਵਿਦਿਆਰਥੀ ਕੌਮ ਦਾ ਅਣਮੁੱਲਾ ਸਰਮਾਇਆ ਤੇ ਭਵਿੱਖ ਦੇ ਨੇਤਾ ਹਨ। ਇਸ ਲਈ ਵਿਦਿਆਰਥੀਆਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਸਕੂਲ ਦੇ ਹਰ ਕੰਮ 'ਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਂਦਾ ਹੈ। ਸਕੂਲ ਦੀ ਸਟੂਡੈਂਟ ਕੌਂਸਲ ਵਿੱਚ ਨਵਨੀਤ ਸਿੰਘ (ਬਾਰ੍ਹਵੀਂ ਜਮਾਤ) ਨੂੰ ਹੈੱਡ ਬੁਆਏ, ਰੂਪਨੀਤ ਕੌਰ (ਬਾਰ੍ਹਵੀਂ ਜਮਾਤ) ਨੂੰ ਹੈੱਡ ਗਰਲ ਅਤੇ ਅਨਹਦ ਕੌਰ ਨੂੰ ਵਾਈਸ ਹੈੱਡ ਗਰਲ ਵਜੋਂ ਚੁਣਿਆ ਗਿਆ।

ਹਾਊਸ ਵਾਈਜ਼ (ਰਾਵੀ, ਬਿਆਸ, ਜੇਹਲਮ, ਸਤਲੁਜ) ਕਪਤਾਨਾਂ ਵਜੋਂ ਲੜਕਿਆਂ ਵਿੱਚ ਸਾਹਿਲਪ੍ਰੀਤ ਸਿੰਘ, ਜਸਮੀਤ ਸਿੰਘ, ਹਰਮਨਪ੍ਰੀਤ ਸਿੰਘ ਤੇ ਗੁਨਤਾਸ ਸਿੰਘ ਨੂੰ ਨਿਯੁਕਤ ਕੀਤਾ ਗਿਆ। ਲੜਕੀਆਂ 'ਚ ਅਰਸ਼ਦੀਪ ਕੌਰ, ਸ਼੍ਰੇਹਾ ਠਾਕੁਰ, ਜਸ਼ਨਪ੍ਰੀਤ ਕੌਰ ਤੇ ਚਾਹਤਪ੍ਰੀਤ ਕੌਰ ਨੂੰ ਕਪਤਾਨ ਵਜੋਂ ਚੁਣਿਆ ਗਿਆ। ਵਾਈਸ ਕਪਤਾਨਾਂ 'ਚ ਮਨਪ੍ਰੀਤ ਕੌਰ, ਸਹਿਜ਼ਪ੍ਰੀਤ ਕੌਰ, ਗੁਰਸਹਿਜ਼ਦੀਪ ਕੌਰ, ਅਨਮੋਲਪ੍ਰੀਤ ਕੌਰ, ਕਰਨਬੀਰ ਸਿੰਘ, ਰਣਵੀਰ ਸਿੰਘ, ਗੁਰਬੀਰ ਸਿੰਘ ਤੇ ਮਨਜਿੰਦਰ ਸਿੰਘ ਦੀ ਚੋਣ ਕੀਤੀ ਗਈ। ਵੱਖ-ਵੱਖ ਕਲੱਬਾਂ ਦੀ ਚੋਣ 'ਚ ਪਾਰਸ਼ ਮੈਹਿਰਾ, ਰਸਲੀਨ ਕੌਰ, ਗੁਰਪ੍ਰੀਤ ਕੌਰ, ਸਹਿਜਪ੍ਰੀਤ ਕੌਰ, ਮੁਸਕਾਨ ਤੇ ਹਰਮਨਪ੍ਰੀਤ ਕੌਰ ਨੂੰ ਪ੍ਰੈਜੀਡੈਂਟ ਤੇ ਗੁਰਅਸੀਸ ਕੌਰ ਤੇ ਕੰਮਲਦੀਪ ਕੌਰ ਨੂੰ ਵਾਈਸ ਪ੍ਰੈਜੀਡੈਂਟ ਵਜੋਂ ਸਨਮਾਨਿਤ ਕੀਤਾ ਗਿਆ। ਨਵੇਂ ਕਲੱਬਾਂ ਵਿੱਚ ਸੈਲਫ ਐਡਵੋਕੇਸੀ ਕਲੱਬ, ਈਕੋ ਕਲੱਬ, ਸਾਹਿਤਕ ਕਲੱਬ ਅਤੇ ਸਪੋਰਟਸ ਕਲੱਬ ਸ਼ਾਮਲ ਹਨ। ਸੈਲਫ ਐਡਵੋਕੇਸੀ ਕਲੱਬ ਲਈ ਵਿਸ਼ਵਜੀਤ ਸਿੰਘ ਨੂੰ ਪ੍ਰੈਜੀਡੈਂਟ, ਮਨਮੀਤ ਕੌਰ ਨੂੰ ਵਾਈਸ ਪ੍ਰੈਜੀਡੈਂਟ ਤੇ ਅਰਮਨ ਕੌਰ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ। ਈਕੋ ਕਲੱਬ ਲਈ ਗੁਰਪ੍ਰੀਤ ਕੌਰ ਨੂੰ ਪ੍ਰੈਜੀਡੈਂਟ, ਸਾਹਿਤਕ ਕਲੱਬ ਲਈ ਰਸਲੀਨ ਕੌਰ ਨੂੰ ਪ੍ਰੈਜੀਡੈਂਟ ਤੇ ਸਪੋਰਟਸ ਕਲੱਬ ਲਈ ਪਾਰਸ਼ ਮੈਹਿਰਾ ਨੂੰ ਪ੍ਰੈਜੀਡੈਂਟ ਵਜੋਂ ਚੁਣਿਆ ਗਿਆ।

ਸਮਾਰੋਹ ਦੌਰਾਨ ਸਾਰੇ ਵਿਦਿਆਰਥੀ ਡਰੱਮ ਬੀਟ ਦੇ ਨਾਲ ਮਾਰਚ- ਪਾਸ ਕਰਦੇ ਹੋਏ ਵਾਰੋ-ਵਾਰੀ ਸਟੇਜ ਤੇ ਪਹੁੰਚੇ। ਸਕੂਲ ਦੇ ਡਾਇਰੈਕਟਰ ਮਨਪ੍ਰੀਤ ਕੌਰ ਵਿਰਕ ਨੇ ਵਿਦਿਆਰਥੀਆਂ ਨੂੰ ਬੈਚ ਲਗਾਏ ਤੇ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਆਪਣੇ ਵਿਚਾਰਾਂ ਨਾਲ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ।

# ਵਿਧਾਇਕ ਸ਼ੈਰੀ ਕਲਸੀ ਨੇ ਸਾਫ਼-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਕਰਵਾਇਆ ਟੈਂਕੀ ਦਾ ਨਿਰਮਾਣ

ਨੌਸ਼ਹਿਰਾ ਮੱਝਾ ਸਿੰਘ, 8 ਜੁਲਾਈ (ਡਾ. ਸਰਵਨ ਸਿੰਘ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਹਲਕੇ ਦੇ ਪਿੰਡਾਂ ਅੰਦਰ ਵਿਕਾਸ ਕੰਮ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਲੋਕਾਂ ਨੂੰ ਸਾਫ਼-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਟੈਂਕੀ ਦਾ ਨਿਰਮਾਣ ਕਰਵਾਇਆ ਗਿਆ ਹੈ। ਹਲਕੇ ਅੰਦਰ ਕਰਵਾ ਜਾ ਰਹੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਮਨਦੀਪ ਸਿੰਘ ਗਿੱਲ, ਜ਼ਿਲ੍ਹਾ ਯੂਥ ਆਗੂ ਤੇ ਕਸਬਾ ਨੌਸ਼ਹਿਰਾ ਮੱਝਾ ਸਿੰਘ ਦੇ ਵਾਸੀਆਂ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦਾ ਯਤਨਾਂ ਸਦਕਾ ਪਿੰਡ ਵਾਲਿਆਂ ਨੂੰ



ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋਂ ਨਵੀਂ ਬਣ ਰਹੀ ਪੀਣ ਵਾਲੇ ਪਾਣੀ ਦੀ ਟੈਂਕੀ ਦੇ ਕੰਮ ਦਾ ਸਾਥੀਆਂ ਸਮੇਤ ਨਿਰੀਖਣ ਕੀਤਾ ਤੇ ਠੇਕੇਦਾਰ ਤੋਂ ਕੰਮ ਦੀ ਗੁਣਵੱਤਾ ਬਾਰੇ ਜਾਣਕਾਰੀ ਲਈ।

ਉਨਾਂ ਅੱਗੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵਲੋਂ ਹਲਕੇ ਦੇ ਪਿੰਡਾਂ ਦਾ ਪਾਰਦਰਸ਼ੀ ਢੰਗ ਨਾਲ ਵਿਕਾਸ ਕਰਾਜ ਕਰਵਾਇਆ ਜਾ ਰਿਹਾ ਹੈ। ਪਿੰਡਾਂ 'ਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮੰਤਵ ਨਾਲ ਖੇਡ ਮੈਦਾਨ ਉਸਾਰੇ ਗਏ ਹਨ। ਪਿੰਡਾਂ 'ਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦਾ ਨਵੀਨੀਕਰਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵਲੋਂ ਲੋਕਾਂ ਨੂੰ ਬਿਹਤਰ ਸੇਵਾਵਾਂ ਮੁਹੱਈਆ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ, ਜਿਸ ਕਾਰਨ ਲੋਕ ਖੁਸ਼ ਹਨ।

## ਪੰਜਾਬ ਸਰਕਾਰ ਨੇ ਵਾਤਾਵਰਣ ਬਚਾਉਣ, ਨਹਿਰੀ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਤੇ ਸਮਾਜ ਦੀ ਭਲਾਈ ਲਈ ਚੁੱਕੇ ਮਿਸਾਲੀ ਕਦਮ : ਸ਼ੈਰੀ ਕਲਸੀ

ਅਲੀਵਾਲ/ਊਧਨਵਾਲ, 8 ਜੁਲਾਈ (ਡਾ. ਸਤਨਾਮ ਸੰਧੂ/ਸੁਖ ਅੰਮ੍ਰਿਤ ਘੁਮਾਣ): ਸੂਬੇ 'ਚ 'ਆਪ' ਸਰਕਾਰ ਬਣਨ ਤੋਂ ਬਾਅਦ ਵਾਤਾਵਰਣ ਨੂੰ ਬਚਾਉਣ, ਨਹਿਰੀ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਤੇ ਸਮਾਜ ਦੀ ਭਲਾਈ ਲਈ ਜ਼ਿਕਰਯੋਗ ਮਿਸਾਲੀ ਕਦਮ ਚੁੱਕੇ ਗਏ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪਾਣੀ ਨੂੰ ਬਚਾਉਣ ਲਈ ਸਭ ਤੋਂ ਵਧੀਆ ਤਕਨਾਲੋਜੀ ਨਾਲ ਹੱਲ ਕੱਢਣ ਨੂੰ ਯਕੀਨੀ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ 'ਲੋਕ ਮਿਲਣੀ' ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕੀਤਾ। ਉਨਾਂ ਕਿਹਾ ਕਿ ਉਹ 24 ਘੰਟੇ ਲੋਕਾਂ ਦੀ ਸੇਵਾ 'ਚ ਹਾਜ਼ਰ ਹਨ ਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ। ਸ਼ੈਰੀ ਕਲਸੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਐ ਜਦੋਂ ਸਾਨੂੰ ਸੂਬੇ ਦੇ ਵਾਤਾਵਰਣ ਨੂੰ ਬਚਾਉਣ ਦਾ ਸੰਕਲਪ ਲੈ ਕੇ ਸੂਬੇ ਦੀ ਪੁਰਾਤਨ ਸ਼ਾਨ ਬਹਾਲ



ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਪੰਜਾਬ ਸਰਕਾਰ ਵੱਲੋਂ ਆਉਣ ਵਾਲੇ ਕੁਝ ਮਹੀਨਿਆਂ 'ਚ ਮਿਸ਼ਨ ਦੇ ਅਧਾਰ 'ਤੇ ਸੂਬੇ ਨੂੰ ਨਵੀਂ ਦਿੱਖ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਹਿਰਾਂ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਰੂਪ-ਰੇਖਾ ਤਿਆਰ ਕੀਤੀ ਗਈ ਹੈ ਤੇ ਆਉਂਦੇ ਦਿਨਾਂ 'ਚ ਇਸ ਦੀ ਸ਼ੁਰੂਆਤ ਕਰਕੇ ਸੂਬਾ ਸਰਕਾਰ ਪੰਜਾਬ ਦੇ 166 ਸ਼ਹਿਰਾਂ 'ਚ ਪਾਣੀ ਦੀ ਸਪਲਾਈ, ਸੀਵਰੇਜ ਸਹੂਲਤ, ਸਫਾਈ, ਸੜਕਾਂ, ਲਾਈਟਾਂ ਤੇ ਐਸ.ਟੀ.ਪੀ. ਦੀ ਵਿਵਸਥਾ ਨੂੰ ਯਕੀਨੀ ਬਣਾਏਗੀ।

# ਪੁਲਿਸ ਨੇ ਨਸ਼ੀਲੇ ਪਦਾਰਥਾਂ ਸਮੇਤ 12 ਦੋਸ਼ੀਆਂ ਨੂੰ ਕੀਤਾ ਗ੍ਰਿਫ਼ਤਾਰ

ਕਾਹਨੂੰਵਾਨ, 8 ਜੁਲਾਈ (ਕੁਲਜੀਤ ਸਿੰਘ ਖੋਖਰ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਐਲਾਨੇ "ਯੁੱਧ ਨਸ਼ੇ ਦੇ ਵਿਰੁੱਧ" ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰਦਾਸਪੁਰ ਵੱਲੋਂ ਨਸ਼ਾ ਤਸਕਰਾਂ ਖਿਲਾਫ਼ ਕਾਰਵਾਈ ਲਗਾਤਾਰ ਜਾਰੀ ਹੈ ਅਤੇ ਗੁਰਦਾਸਪੁਰ ਪੁਲਿਸ ਨੇ 12 ਦੋਸ਼ੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ ਨੇ ਕਿਹਾ ਕਿ ਪੰਜਾਬ ਸਰਕਾਰ ਚਲਾਏ ਜਾ ਯੁੱਧ ਨਸ਼ਿਆਂ ਵਿਰੁੱਧ ਤਹਿਤ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਥਾਣਾ ਕਾਹਨੂੰਵਾਨ ਵਿਖੇ ਵਿਜੇ ਮਸੀਹ ਅਤੇ ਅਕਾਸ਼ਦੀਪ ਸਿੰਘ ਨੂੰ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਪਾਸੋਂ 10 ਗ੍ਰਾਮ ਹੈਰੋਇੰਨ ਤੇ ਇਲੈਕਟ ?ਰੋਨਿਕ ਕੰਡਾ ਬ੍ਰਾਮਦ ਕੀਤਾ ਗਿਆ ਹੈ। ਇਸ ਉਪਰੰਤ ਪੁਲਿਸ ਵੱਲੋਂ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 21-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਕਾਹਨੂੰਵਾਨ ਵਿਖੇ ਦਰਜ ਰਜਿਸਟਰ ਕੀਤਾ ਗਿਆ ਹੈ। ਐੱਸ.ਐੱਸ.ਪੀ. ਗੁਰਦਾਸਪੁਰ ਨੇ ਅੱਗੇ ਦੱਸਿਆ ਕਿ ਥਾਣਾ ਭੈਣੀ ਮੀਆਂ ਖਾਂ ਦੀ ਪੁਲਿਸ ਵੱਲੋਂ ਅਕਾਸ਼ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 8 ਗ੍ਰਾਮ 47 ਮਿਲੀਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਹੈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਭੈਣੀ ਮੀਆਂ ਖਾਂ ਵਿਖੇ ਦਰਜ ਰਜਿਸਟਰ ਕੀਤਾ ਗਿਆ।



ਐੱਸ.ਐੱਸ.ਪੀ. ਨੇ ਦੱਸਿਆ ਕਿ ਥਾਣਾ ਦੀਨਾਨਗਰ ਵਿਖੇ ਅਜੇ ਤੇ ਸੂਰਜ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 31 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ ਗਈਆਂ, ਜਿਸ ਤੇ ਦੋਸ਼ੀਆਂ ਦੇ ਖਿਲਾਫ ਮੁਕੱਦਮਾ ਬਾ-ਜੁਰਮ 22-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਦੀਨਾਨਗਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਥਾਣਾ ਧਾਰੀਵਾਲ ਵਿਖੇ 2 ਵੱਖ-ਵੱਖ ਮੁਕੱਦਮਿਆਂ 'ਚ ਸੋਬਨਜੀਤ ਸਿੰਘ ਨੂੰ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਪਾਸੋਂ 10 ਗ੍ਰਾਮ ਹੈਰੋਇੰਨ ਤੇ ਕੰਪਿਊਟਰ ਕੰਡਾ ਬ੍ਰਾਮਦ ਕੀਤਾ ਗਿਆ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਐਨ.ਡੀ.ਪੀ.ਸੀ. ਐਕਟ ਅਤੇ ਸੁਖਵਿੰਦਰ ਸਿੰਘ ਤੇ 01 ਔਰਤ ਨੂੰ ਕਾਬੂ ਕਰਕੇ ਉਸ ਪਾਸੋਂ 20 ਗ੍ਰਾਮ ਹੈਰੋਇੰਨ, 3500/- ਰੁਪਏ ਡਰੱਗ ਮਨੀ ਅਤੇ ਕੰਪਿਊਟਰ ਕੰਡਾ ਬ੍ਰਾਮਦ ਕੀਤਾ ਗਿਆ, ਜਿਸ ਤੇ ਦੋਸ਼ੀਆ ਦੇ ਖਿਲਾਫ ਮੁਕੱਦਮਾ ਬਾ-ਜੁਰਮ 21/27(ਏ)/29-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਧਾਰੀਵਾਲ ਵਿਖੇ ਦਰਜ ਰਜਿਸਟਰ ਕੀਤਾ ਗਿਆ। ਏਸੇ ਤਰ੍ਹਾਂ ਥਾਣਾ ਸਦਰ ਗੁਰਦਾਸਪੁਰ ਵਿਖੇ ਸੁਰਜੀਤ ਸਿੰਘ ਤੇ ਸੁਖਦੇਵ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ 7 ਗ੍ਰਾਮ 17 ਮਿਲੀਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀਆਂ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਐਨ.ਡੀ.ਪੀ.ਸੀ. ਐਕਟ ਤਹਿਤ ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਤਿੱਬੜ ਵਿਖੇ ਕੇਵਲ ਕ੍ਰਿਸ਼ਨ ਨੂੰ ਕਾਬੂ ਕਰਕੇ ਉਸ ਪਾਸੋਂ 07 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕਦਮਾਂ ਦਰਜ ਕੀਤਾ ਗਿਆ ਹੈ।

# ਹੈਰੋਇਨ ਤੇ ਡਰੱਗ ਮਨੀ ਸਮੇਤ ਪਤੀ-ਪਤਨੀ ਤੇ ਇੱਕ ਹੋਰ ਨਸ਼ਾ ਤਸਕਰ ਚੜ੍ਹੇ ਪੁਲਿਸ ਅੜਿੱਕੇ



ਧਾਰੀਵਾਲ, 8 ਜੁਲਾਈ (ਅਸ਼ੋਕ ਕੁਮਾਰ): ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਜੰਗ ਤਹਿਤ ਥਾਣਾ ਧਾਰੀਵਾਲ ਦੀ ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਲਗਾਤਾਰ ਕਾਰਵਾਈ ਜਾਰੀ ਰੱਖਦੇ ਹੋਏ ਵੱਖ-ਵੱਖ ਸਥਾਨਾਂ ਤੋਂ ਨਸ਼ਾ ਤਸਕਰ ਪਤੀ-ਪਤਨੀ ਸਮੇਤ ਇੱਕ ਹੋਰ ਨਸ਼ਾ ਤਸਕਰ ਨੂੰ ਗ੍ਰਿਫਤਾਰ ਕਰ ਲਿਆ। ਐਸ.ਐਚ.ਓ. ਪਰਮਿੰਦਰ ਸਿਂਘ ਸਿੱਧੂ ਨੇ ਦੱਸਿਆ ਕਿ ਐਸ.ਐਸ.ਪੀ. ਗੁਰਦਾਸਪੁਰ ਅਦਿੱਤਿਆ ਦੇ ਆਦੇਸ਼ਾਂ ਤਹਿਤ ਚੌਕਸੀ ਹੋਰ ਵਧਾਉਂਦੇ ਹੋਏ ਦਿਨ-ਰਾਤ ਨਾਕੇ ਲਗਾਏ ਜਾ ਰਹੇ ਹਨ ਜਿਸ ਤਹਿਤ ਏ.ਐਸ.ਆਈ. ਬਲਬੀਰ ਸਿੰਘ ਨੇ ਸਮੇਤ ਪੁਲਿਸ ਪਾਰਟੀ ਬਾਈਪਾਸ ਤਰੀਜਾ ਨਗਰ ਮੋੜ ਤੇ ਨਾਕਾਬੰਦੀ ਦੌਰਾਨ ਸ਼ੱਕ ਦੇ ਬਿਨਾਹ ਤੇ ਸੁਖਵਿੰਦਰ ਸਿੰਘ ਪੁੱਤਰ ਅੰਗਦ ਸਿੰਘ, ਗੁਰਮੀਤ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀਆਂਨ ਰੰਧਾਵਾ ਕਲੋਨੀ ਨੂੰ ਰੋਕ ਤੇ ਤਲਾਸੀ ਲਈ ਤਾਂ ਬ੍ਰਾਮਦ ਮੋਮੀ ਲਿਫਾਫੇ ਨੂੰ ਖੋਲ ਕੇ ਚੈਕ ਕੀਤਾ ਉਸ 'ਚੋਂ 20 ਗ੍ਰਾਮ ਹੈਰੋਇਨ, 3500 ਰੁਪਏ ਡ੍ਰਗਮਨੀ ਤੇ ਇੱਕ ਕੰਪਿਊਟਰ ਕੰਡਾ ਬਰਾਮਦ ਹੋਇਆ। ਇਸ ਤਰ੍ਹਾਂ ਏ.ਐਸ.ਆਈ. ਰਣਜੀਤ ਸਿੰਘ ਸਮੇਤ ਪੁਲਿਸ ਪਾਰਟੀ ਬਾਈਪਾਸ ਪੀਰ ਦੀ ਸੈਨ ਪੁੱਲ ਹੇਠ ਨਾਕਾਬੰਦੀ ਦੌਰਾਨ ਸ਼ੱਕ ਦੇ ਬਿਨਾਹ ਤੇ ਮੋਟਰ ਸਾਇਕਲ ਨੰ. ਪੀ.ਬੀ.06 ਏ.ਐਲ.1284 ਤੇ ਸਵਾਰ ਨੌਜਵਾਨ ਨੂੰ ਰੋਕ ਕੇ ਤਲਾਸੀ ਲਈ ਤਾਂ ਉਸ ਕੋਲੋ ਬ੍ਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋ 10 ਗ੍ਰਾਮ ਹੈਰੋਇਨ ਬਰਾਮਦ ਹੋਈ ਅਤੇ ਪੈਂਟ ਦੀ ਖੱਬੀ ਜੇਬ 'ਚੋਂ ਇੱਕ ਕੰਪਿਊਟਰ ਕੰਡਾ ਬਾਰਮਦ ਹੋਇਆ। ਕਾਬੂ ਕੀਤੇ ਨੌਜਵਾਨ ਨੇ ਆਪਣੀ ਪਹਿਚਾਣ ਸੋਬਨਜੀਤ ਸਿੰਘ ਪੁੱਤਰ ਕੁਲਦੀਪ ਸਿਘ ਵਾਸੀ ਜਫਰਵਾਲ ਵੱਜੋ ਦਿੱਤੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸੁਖਵਿੰਦਰ ਸਿੰਘ, ਗੁਰਮੀਤ ਕੌਰ, ਸੋਬਨਜੀਤ ਸਿੰਘ ਨੂੰ 30 ਗ੍ਰਾਮ ਹੈਰੋਇਨ, ਦੋ ਕੰਪਿਊਟਰ ਕੰਡੇ, 3500 ਰੁਪਏ ਡ੍ਰਗਮਨੀ ਅਤੇ ਵਰਤੇ ਮੋਟਰਸਾਇਕਲ ਸਮੇਤ ਗ੍ਰਿਫਤਾਰ ਕਰਕੇ ਕੇਸ ਦਰਜ ਕਰ ਲਿਆ।

## ਵੈਦ ਭੱਟੀ ਦੀ ਨਕਲੀ ਰਿਸ਼ਤੇਦਾਰ ਬਣ ਕੇ ਲੋਕਾਂ ਨਾਲ ਦਵਾਈ ਦੇ ਨਾਮ 'ਤੇ ਮਾਰੀ ਲੱਖਾਂ ਦੀ ਠੱਗੀ

ਨਵਾਂਸ਼ਹਿਰ, 8 ਜੁਲਾਈ (ਭਨੋਟ): ਜ਼ਿਲ੍ਹਾ ਸੰਗਰੂਰ ਦੇ ਪਿੰਡ ਡਸਕਾ ਦੇ ਪ੍ਰਸਿੱਧ ਵੈਦ ਪਰਮਜੀਤ ਸਿੰਘ ਭੱਟੀ ਵੱਲੋਂ ਜਿੱਥੇ ਲੋਕ ਭਲਾਈ ਦੇ ਲਈ ਮਰੀਜ਼ਾਂ ਨੂੰ ਆਯੁਰਵੇਦਿਕ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਤੇ ਜਿਨਾਂ ਕੋਲੋਂ ਲੱਖਾਂ ਹੀ ਮਰੀਜ਼ ਦਵਾਈ ਖਾ ਕੇ ਠੀਕ ਹੋ ਰਹੇ ਹਨ ਉਥੇ ਹੀ ਵੈਦ ਪਰਮਜੀਤ ਸਿੰਘ ਭੱਟੀ ਵਲੋਂ ਸੋਸ਼ਲ ਮੀਡੀਆ ਤੇ ਆਪਣਾ ਦੇਸੀ ਦਵਾਈਆਂ ਦਾ ਯੂ ਟਿਊਬ ਚੈਨਲ ਬਣਾਇਆ ਹੋਇਆ ਹੈ ਜਿਸ 'ਤੇ ਵੈਦ ਪਰਮਜੀਤ ਸਿੰਘ ਭੱਟੀ ਹਰ ਬਿਮਾਰੀ ਦੀਆਂ ਦਵਾਈਆਂ ਦੱਸਦੇ ਹਨ ਤੇ ਲੋਕ ਉਨ੍ਹਾਂ ਦੀਆਂ ਵੀਡੀਓ ਦੇਖ ਕੇ ਉਨਾਂ ਕੋਲੋਂ ਦਵਾਈ ਕੋਰੀਅਰ ਦੇ ਰਾਹੀਂ ਮੰਗਵਾਉਂਦੇ ਹਨ ਪਰ ਵੈਦ ਪਰਮਜੀਤ ਸਿੰਘ ਭੱਟੀ ਨੂੰ ਬਦਨਾਮ ਕਰਨ ਦੇ ਲਈ ਕੁਝ ਸ਼ਰਾਰਤੀ ਲੋਕਾਂ ਨੇ ਪਰਮਜੀਤ ਸਿੰਘ ਭੱਟੀ ਦੇ ਸ਼ੋਸ਼ਲ ਮੀਡੀਆ ਯੂ-ਟਿਊਬ ਚੈਨਲ ਦੀ ਇੱਕ ਔਰਤ ਤੇ ਮਰਦ ਨੇ ਦੁਰਵਰਤੋਂ ਕੀਤੀ ਵੈਦ ਪਰਮਜੀਤ ਸਿੰਘ ਭੱਟੀ ਦੀਆਂ ਵੀਡੀਓ ਲਗਾ ਕੇ ਤੇ ਆਪਣੇ ਮੋਬਾਈਲ ਨੰਬਰ ਵਿਡੀਓ 'ਚ ਦੇ ਕੇ ਭੋਲੇ ਭਾਲੇ ਮਰੀਜ਼ ਲੋਕਾਂ ਕੋਲੋਂ ਲੱਖਾਂ ਰੁਪਏ ਦੀ ਠੱਗੀ ਕੀਤੀ ਹੈ, ਇਹ ਸ਼ਰਾਰਤੀ ਅਨਸਰ ਭੋਲੇ ਭਾਲੇ ਮਰੀਜ਼ਾਂ ਨੂੰ ਦਵਾਈ ਕੋਰੀਅਰ ਰਾਹੀਂ ਭੇਜਣ ਦੀ ਗੱਲ ਫੋਨ 'ਤੇ ਕਰਦੇ ਸਨ ਤੇ ਪੈਸੇ ਮੰਗਵਾ ਲੈਂਦੇ ਸਨ ਪਰ ਦਵਾਈ ਨਹੀਂ ਸੀ ਭੇਜਦੇ ਇਸ ਸਬੰਧ 'ਚ ਜਦੋਂ ਵੈਦ ਪਰਮਜੀਤ ਸਿੰਘ ਭੱਟੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਪੁਲਿਸ ਪ੍ਰਸ਼ਾਸਨ ਐਸ ਐਸ ਪੀ ਸੰਗਰੂਰ ਸਰਤਾਜ ਸਿੰਘ ਚਾਹਲ ਨੂੰ ਇਸ ਦੀ ਸ਼ਿਕਾਇਤ ਕੀਤੀ।

# ਕਾਂਗਰਸ 'ਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ : ਸੰਤੋਖ ਸਿੰਘ ਭਲਾਈਪੁਰ

ਰਈਆ, 8 ਜੁਲਾਈ (ਰਾਕੇਸ਼ ਸਲਵਾਨ): ਹਲਕਾ ਬਾਬਾ ਬਕਾਲਾ ਸਾਹਿਬ ਦੇ 'ਚ ਆਉਂਦੇ ਪਿੰਡ ਸਰਾਂ ਕਲਾ ਤਲਵੰਡੀ ਵਿਖੇ ਸਵਾ ਸਾਬਕਾ ਸਰਪੰਚ ਜੋਗਿੰਦਰ ਸਿੰਘ ਦੇ ਗ੍ਰਹਿ ਵਿਖੇ ਉਹਨਾਂ ਦੇ ਪੋਤਰੇ ਰਣਤਾਰ ਸਿੰਘ ਤੇ ਨੋਹ ਦਲਬੀਰ ਕੌਰ ਡਾ. ਪਰਮਜੀਤ ਸਿੰਘ ਡਾ. ਰਣਜੀਤ ਸਿੰਘ ਦੀ ਮਿਹਨਤ ਸਦਕਾ ਕਾਂਗਰਸ ਪਾਰਟੀ ਨੂੰ ਉਸ ਵੇਲੇ ਭਰਾਵਾਂ ਹੁੰਗਾਰਾ ਮਿਲਿਆ ਜਦੋਂ ਵੱਡੀ ਗਿਣਤੀ 'ਚ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਦੀ ਅਗਵਾਈ 'ਚ ਪਰਿਵਾਰਾਂ ਦੇ ਪਰਿਵਾਰ ਕਾਂਗਰਸ ਪਾਰਟੀ ਵਿੱਚ



ਸ਼ਾਮਿਲ ਹੋਏ ਤੇ ਸੰਤੋਖ ਸਿੰਘ ਭਲਾਈਪੁਰ ਵੱਲੋਂ ਉਨਾਂ ਦਾ ਧੰਨਵਾਦ ਕੀਤਾ ਗਿਆ ਤੇ ਆਖਿਆ ਕਿ ਉਹਨਾਂ ਨੂੰ ਪਾਰਟੀ 'ਚ ਆਉਣ ਤੇ ਉਨ੍ਹਾਂ ਦਾ ਬਣਦਾ ਮਾਣ ਸਤਿਕਾਰ ਵੱਧ ਤੋਂ ਵੱਧ ਮਿਲਦਾ ਰਹੇਗਾ ਲੋਕਾਂ ਵੱਲੋਂ ਹੁਣ ਤੋਂ ਹੀ ਅਗਲੇ ਆਉਣ ਵਾਲੇ ਵਿਧਾਇਕ ਵੱਲੋਂ ਦੇਖਿਆ ਜਾ ਰਿਹਾ ਹੈ ਸੂਤਰਾਂ ਕੋਲੋਂ ਪਤਾ ਲੱਗਾ ਹੈ ਕਿ ਸੰਤੋਖ ਸਿੰਘ ਭਲਾਈਪੁਰ ਦੀ ਕੀਤੀ ਜਾ ਰਹੀ ਮਿਹਨਤ ਹਾਈ ਕਮਾਂਡ ਕੋਲ ਪੁੱਜ ਰਹੀ ਹੈ ਲੋਕਾਂ ਵੱਲੋਂ ਸੰਤੋਖ ਸਿੰਘ ਭਲਾਈਪੁਰ ਦੀ ਵਿਧਾਇਕ ਦੀ ਟਿਕਟ ਦੀ ਦਾਵੇਦਾਰੀ ਪੱਕੀ ਮੰਨੀ ਜਾ ਰਹੀ ਹੈ ਇਸ ਮੌਕੇ ਤੇ ਸੀਨੀਅਰ ਆਗੂ ਗੁਰਦਿਆਲ ਸਿੰਘ ਕੰਗ ਰਈਆ ਜੋ ਜੋਵਰਾਜ ਸਿੰਘ ਸੋਨੂ ਦਿਲਜੀਤ ਕੌਰ ਡਾ. ਪਰਮਜੀਤ ਸਿੰਘ ਡਾ. ਰਣਜੀਤ ਸਿੰਘ ਮੈਨੇਜਰ ਬਲਜਿੰਦਰ ਸਿੰਘ ਰਜਿੰਦਰ ਸਿੰਘ ਬਿੱਟਾ ਐਮਸੀ ਜਗਤਾਰ ਸਿੰਘ ਸਾਬਕਾ ਐਮਸੀ ਬਲਕਾਰ ਸਿੰਘ ਸਾਬਕਾ ਸਰਪੰਚ ਬਲਦੇਵ ਸਿੰਘ ਸ਼ਮਸ਼ੇਰ ਸਿੰਘ ਸ਼ਰਲੀ ਸੋਸ਼ਲ ਮੀਡੀਆ ਮੈਂਬਰ ਸਿਮੀ ਸਰਲੀ ਜੂਥ ਆਗੂ ਅਰਜਨ ਸਿੰਘ ਕਿਸਾਨ ਆਗੂ ਗੁਰਮੀਤ ਸਿੰਘ ਪ੍ਰਧਾਨ ਪਰਮਿੰਦਰ ਸਿੰਘ ਲਾਡੀ ਸਾਬਕਾ ਸਰਪੰਚ ਉੱਪਲ ਡਾਕਟਰ ਸਿੰਘ ਉਪਲ ਦਲਬੀਰ ਸਿੰਘ ਦੇਲਾਵਾਲ ਮੈਂਬਰ ਸਵਰਨ ਸਿੰਘ ਦੇਲਾਵਾਲ ਹਰਭਜਨ ਸਿੰਘ ਅਲੋਵਾਲ ਲਵਲੀ ਖੋਜਕੀਪੁਰ ਕੈਪਟਨ ਜਸਬੀਰ ਸਿੰਘ ਅਲੋਵਾਲ ਲਖਵਿੰਦਰ ਸਿੰਘ ਭਿੰਡਰ ਬਿੰਦੀ ਫੌਜੀ ਬਲਜਿੰਦਰ ਸਿੰਘ ਜਸਪਾਲ ਪ੍ਰਗਟ ਸਿੰਘ ਮੈਂਬਰ ਰਣਜੀਤ ਸਿੰਘ ਮੈਂਬਰ ਤਰਸੇਮ ਸਿੰਘ ਮੈਂਬਰ ਸਰਬਜੀਤ ਸਿੰਘ ਸਰਪੰਚ ਪਰਮਜੀਤ ਸਿੰਘ ਮੰਗਲ ਸਿੰਘ ਦਲਬੀਰ ਸਿੰਘ ਫੌਜੀ ਹਰਪ੍ਰੀਤ ਕੌਰ ਦਲਬੀਰ ਕੌਰ ਹਰਜੀਤ ਕੌਰ ਹਰਪਾਲ ਸਿੰਘ ਲਾਭ ਸਿੰਘ ਸੰਤੋਖ ਸਿੰਘ ਸਰਵਨ ਸਿੰਘ ਬਿੱਟਾ ਕੇਵਲ ਗੁਰਜੰਟ ਸਿੰਘ ਗੁਰਮੁਖ ਸਿੰਘ ਗੁਰਨਾਮ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਅਮਰਨਾਥ ਮਾਤਾ ਚਿੰਤਪੁਰਨੀ ਟਰੱਸਟ ਵੱਲੋਂ ਲਗਾਏ ਭੰਡਾਰੇ 'ਚ ਗੁਰਤੇਜ ਸਿੰਘ ਪੰਨੂ ਨੇ ਲਗਵਾਈ ਹਾਜ਼ਰੀ



ਗੜ੍ਹਸ਼ੰਕਰ, 8 ਜੁਲਾਈ (ਅਜਮੇਰ ਸਿੰਘ ਭਨੋਟ): ਸ੍ਰੀ ਅਮਰਨਾਥ ਮਾਤਾ ਚਿੰਤਪੁਰਨੀ ਚੈਰੀਟੇਬਲ ਟਰੱਸਟ ਰਜਿ. ਗੜ੍ਹਸ਼ੰਕਰ ਵਲੋਂ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਅਮਰਨਾਥ ਜੀ ਦੀ ਯਾਤਰਾ ਤੇ ਹੋਰ ਧਾਰਮਿਕ ਸਥਾਨਾਂ ਦੀ ਯਾਤਰਾ ਤੇ ਜਾਣ ਵਾਲੇ ਸ਼ਰਧਾਲੂਆਂ ਲਈ 30 ਜੂਨ ਤੋਂ ਲਗਾਤਾਰ ਚੱਲ ਰਹੇ ਲੰਗਰ 'ਚ ਗੁਰਤੇਜ਼ ਸਿੰਘ ਪੰਨੂ ਸੀਨੀਅਰ ਕਾਂਗਰਸ ਆਗੂ ਨੇ ਆਪਣੀ ਹਾਜ਼ਰੀ ਲਗਾਈ। ਇਸ ਮੌਕੇ ਗੁਰਤੇਜ਼ ਸਿੰਘ ਪੰਨੂ ਸੀਨੀਅਰ ਕਾਂਗਰਸ ਆਗੂ ਨੇ ਸ੍ਰੀ ਅਮਰਨਾਥ ਮਾਤਾ ਚਿੰਤਪੁਰਨੀ ਚੈਰੀਟੇਬਲ ਟਰੱਸਟ ਵਲੋਂ ਕੀਤੇ ਜਾ ਰਹੇ ਕਾਰਜ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਧਾਰਮਿਕ ਅਸਥਾਨ ਤੇ ਜਾਣ ਵਾਲੀ ਸੰਗਤ ਲਈ ਕਮੇਟੀ ਵਲੋਂ ਸਮਾਜ ਸੇਵਾ 'ਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮੂਹ ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ ਜਿਨ੍ਹਾਂ ਨੇ ਸੰਗਤਾਂ ਲਈ ਲੰਗਰ ਦਾ ਖ਼ਾਸ ਪ੍ਰਬੰਧ ਕੀਤਾ ਹੈ।

# ਭਾਈ ਮਨੀ ਸਿੰਘ ਜੀ ਨੇ ਆਪਣੇ ਸਰੀਰ ਦੇ ਬੰਦ-ਬੰਦ ਕਟਵਾ ਕੇ ਸਿੱਖੀ ਦੇ ਬੂਟੇ ਨੂੰ ਆਪਣੇ ਖ਼ੂਨ ਨਾਲ ਸਿੰਜਿਆ



ਵਿੰਕਲਜੀਤ ਸਿੰਘ ਸਰਾ
9501477889

**ਜਦੋਂ ਇਤਿਹਾਸ ਨੇ ਸਿਦਕ ਨੂੰ ਸਲਾਮ ਕੀਤਾ** : ਸਿੱਖ ਇਤਿਹਾਸ ਕੇਵਲ ਲੜਾਈਆਂ ਅਤੇ ਜਿੱਤਾਂ ਦਾ ਲੇਖਾ-ਜੋਖਾ ਨਹੀਂ, ਸਗੋਂ ਇਹ ਸਿਦਕ, ਸਿਧਾਂਤ ਅਤੇ ਕੁਰਬਾਨੀ ਦੀ ਲਹੂ-ਭਿੱਜੀ ਉਹ ਗਾਥਾ ਹੈ, ਜਿਸਦੇ ਹਰ ਪੰਨੇ 'ਤੇ ਮਨੁੱਖਤਾ ਦਾ ਭਵਿੱਖ ਉੱਕਰਿਆ ਹੋਇਆ ਹੈ। 18ਵੀਂ ਸਦੀ, ਜਦੋਂ ਮੁਗਲੀਆ ਸਲਤਨਤ ਦੇ ਜ਼ੁਲਮ ਦੀ ਤਲਵਾਰ ਸਿੱਖੀ ਦੇ ਸਿਰ 'ਤੇ ਲਟਕ ਰਹੀ ਸੀ ਅਤੇ ਪੰਜਾਬ ਦੀ ਧਰਤੀ ਨੂੰ ਸਿੱਖਾਂ ਤੋਂ ਖਾਲੀ ਕਰਨ ਦੇ ਮਨਸੂਬੇ ਘੜੇ ਜਾ ਰਹੇ ਸਨ, ਉਸ ਘੋਰ ਅੰਧਕਾਰ ਦੇ ਦੌਰ ਵਿੱਚ ਕੁਝ ਰੂਹਾਨੀ ਚਾਨਣ-ਮੁਨਾਰਿਆਂ ਨੇ ਆਪਣੀ ਸ਼ਹਾਦਤ ਦਾ ਚਾਨਣ ਬਿਖੇਰ ਕੇ ਕੌਮ ਦਾ ਰਾਹ ਰੌਸ਼ਨ ਕੀਤਾ। ਇਹਨਾਂ ਮਹਾਂਨਾਇਕਾਂ ਵਿੱਚੋਂ ਕੌਮ ਦੇ ਮਹਾਨ ਚਿੰਤਕ, ਅਤੇ ਗੁਰੂ-ਘਰ ਦੇ ਅਨਿੰਨ ਸੇਵਕ ਭਾਈ ਮਨੀ ਸਿੰਘ ਜੀ ਦਾ ਨਾਂ ਇੱਕ ਧਰੂ ਤਾਰੇ ਵਾਂਗ ਅਟੱਲ ਹੈ। ਉਹਨਾਂ ਦੀ ਸ਼ਹਾਦਤ ਇੱਕ ਮੌਤ ਨਹੀਂ, ਸਗੋਂ ਜ਼ਾਲਮ ਹਕੂਮਤ ਦੇ ਮੂੰਹ 'ਤੇ ਸਿਧਾਂਤ ਦੀ ਉਹ ਚਪੇੜ ਸੀ, ਜਿਸਦੀ ਗੂੰਜ ਸਦੀਆਂ ਤੱਕ ਸੁਣਾਈ ਦਿੰਦੀ ਰਹੇਗੀ।

**ਜਨਮ ਅਤੇ ਵਿਰਾਸਤ: ਜਿੱਥੋਂ ਸਿਦਕ ਦੀ ਨਦੀ ਵਗੀ** : ਭਾਈ ਮਨੀ ਸਿੰਘ ਜੀ ਦਾ ਜਨਮ 1644 ਈ. ਵਿੱਚ ਮੁਲਤਾਨ (ਅਜੋਕਾ ਪਾਕਿਸਤਾਨ) ਦੇ ਪਿੰਡ ਅਲੀਪੁਰ ਵਿਖੇ, ਇੱਕ ਅਜਿਹੇ ਗੁਰਸਿੱਖ ਪਰਿਵਾਰ ਵਿੱਚ ਹੋਇਆ ਜਿਸਦੀਆਂ ਜੜ੍ਹਾਂ ਗੁਰੂ-ਘਰ ਦੀ ਸੇਵਾ ਵਿੱਚ ਲੱਗੀਆਂ ਹੋਈਆਂ ਸਨ। ਉਹਨਾਂ ਦਾ ਪਰਿਵਾਰਕ ਪਿਛੋਕੜ ਕੁਰਬਾਨੀਆਂ ਨਾਲ ਭਰਿਆ ਪਿਆ ਸੀ, ਉਹਨਾਂ ਦੇ ਦਾਦਾ ਭਾਈ ਬੱਲੂ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫੌਜ ਦੇ ਇੱਕ ਮਹਾਨ ਯੋਧਾ ਸਨ, ਜੋ ਅੰਮ੍ਰਿਤਸਰ ਦੀ ਜੰਗ ਵਿੱਚ ਸ਼ਹੀਦ ਹੋਏ ਸਨ, ਅਤੇ ਉਹਨਾਂ ਦੇ ਕਈ ਭਰਾਵਾਂ ਨੇ ਵੀ ਧਰਮ ਹਿੱਤ ਜਾਨਾਂ ਵਾਰੀਆਂ। ਬਾਲਪਨ ਤੋਂ ਹੀ ਉਹਨਾਂ ਨੇ ਆਪਣਾ ਜੀਵਨ ਗੁਰੂ-ਚਰਨਾਂ ਵਿੱਚ ਸਮਰਪਿਤ ਕਰ ਦਿੱਤਾ ਅਤੇ ਚਾਰ ਗੁਰੂ ਸਾਹਿਬਾਨ — ਸ੍ਰੀ ਗੁਰੂ ਹਰਿਰਾਇ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ — ਦੀ ਪਵਿੱਤਰ ਸੰਗਤ ਅਤੇ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ। ਦਸਮ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਉਹ ਕੇਵਲ ਇੱਕ ਸਿੱਖ ਨਹੀਂ ਸਨ, ਸਗੋਂ ਇੱਕ ਵਿਸ਼ਵਾਸਪਾਤਰ ਸਲਾਹਕਾਰ, ਇੱਕ ਪ੍ਰਮੁੱਖ ਵਿਦਵਾਨ ਅਤੇ ਦਰਬਾਰ ਦੇ 'ਦੀਵਾਨ' ਦੇ ਵੱਕਾਰੀ ਅਹੁਦੇ 'ਤੇ ਬਿਰਾਜਮਾਨ ਸਨ।

**ਪੰਥ ਦੇ ਥੰਮ ਹੋਣ ਵਜੋਂ ਇਤਿਹਾਸਕ ਸੇਵਾਵਾਂ** : ਭਾਈ ਮਨੀ ਸਿੰਘ ਜੀ ਦਾ ਯੋਗਦਾਨ ਸਿੱਖ ਪੰਥ ਲਈ ਬਹੁ-ਆਯਾਮੀ ਅਤੇ ਬੁਨਿਆਦੀ ਹੈ।

**ਦਮਦਮੀ ਬੀੜ ਦੀ ਸੰਪਾਦਨਾ - ਸ਼ਬਦ ਨੂੰ ਸਦੀਵੀ ਗੁਰੂ ਬਣਾਉਣਾ**: ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ (ਅੱਜ ਦਾ ਦਮਦਮਾ ਸਾਹਿਬ) ਨੂੰ 'ਗੁਰੂ ਕੀ ਕਾਸ਼ੀ' ਦਾ ਦਰਜਾ ਦਿੱਤਾ, ਤਾਂ ਉਹਨਾਂ ਨੇ ਭਾਈ ਮਨੀ ਸਿੰਘ ਜੀ ਦੀ ਵਿਦਵਤਾ ਅਤੇ ਸਮਰਪਣ ਨੂੰ ਮੁੱਖ ਰੱਖਦਿਆਂ ਉਹਨਾਂ ਨੂੰ ਮੁੱਖ ਲਿਖਾਰੀ ਥਾਪਿਆ। ਜਦੋਂ ਧੀਰ ਮੱਲੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇਣ ਤੋਂ ਇਨਕਾਰ ਕਰ ਦਿਤਾ ਤਾਂ ਗੁਰੂ ਸਾਹਿਬ ਨੇ ਆਪਣੀ ਪਵਿੱਤਰ ਰਸਨਾ ਤੋਂ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਉਚਾਰਨ ਕੀਤਾ ਅਤੇ ਭਾਈ ਸਾਹਿਬ ਨੇ ਇਸ ਨੂੰ ਕਲਮਬੱਧ ਕੀਤਾ। ਇਹ ਸਿਰਫ਼ ਇੱਕ ਗ੍ਰੰਥ ਲਿਖਣ ਦਾ ਕਾਰਜ ਨਹੀਂ ਸੀ, ਸਗੋਂ ਇਹ ਸਿੱਖ ਕੌਮ ਨੂੰ ਦੇਹ ਗੁਰੂ ਤੋਂ 'ਸ਼ਬਦ ਗੁਰੂ' ਦੇ ਸਿਧਾਂਤ ਨਾਲ ਸਦੀਵੀ ਤੌਰ 'ਤੇ ਜੋੜਨ ਦਾ ਇੱਕ ਇਤਿਹਾਸਕ ਅਤੇ ਰਣਨੀਤਕ ਕਦਮ ਸੀ, ਜਿਸ ਨੇ ਸਿੱਖੀ ਦੇ ਭਵਿੱਖ ਨੂੰ ਸਦਾ ਲਈ ਸੁਰੱਖਿਅਤ ਕਰ ਦਿੱਤਾ।

**ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ - ਪੰਥ ਦੇ ਰਖਵਾਲੇ**: 1721 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਜਦੋਂ ਪੰਥ ਵਿੱਚ ਤੱਤ ਖਾਲਸਾ ਅਤੇ ਬੰਦਈ ਖਾਲਸਾ ਦੇ ਰੂਪ ਵਿੱਚ ਗੰਭੀਰ ਮਤਭੇਦ ਪੈਦਾ ਹੋ ਗਏ, ਤਾਂ ਪੰਥਕ ਏਕਤਾ ਖ਼ਤਰੇ ਵਿੱਚ ਪੈ ਗਈ। ਇਸ ਨਾਜ਼ੁਕ ਸਮੇਂ ਵਿੱਚ, ਦਿੱਲੀ ਤੋਂ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜ ਕੇ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਸੰਭਾਲਣ ਅਤੇ ਪੰਥਕ ਝਗੜਿਆਂ ਨੂੰ ਨਿਪਟਾਉਣ ਦੀ ਵੱਡੀ ਜ਼ਿੰਮੇਵਾਰੀ ਸੌਂਪੀ। ਭਾਈ ਸਾਹਿਬ ਨੇ ਆਪਣੀ ਸੂਝ-ਬੂਝ ਅਤੇ ਰੂਹਾਨੀ ਕੱਦ ਨਾਲ ਨਾ ਸਿਰਫ਼ ਦੋਵਾਂ ਧੜਿਆਂ ਵਿੱਚ ਸੁਲ੍ਹਾ ਕਰਵਾਈ, ਸਗੋਂ ਦਰਬਾਰ ਸਾਹਿਬ ਦੀ ਮਰਯਾਦਾ ਨੂੰ ਮੁੜ ਸਥਾਪਿਤ ਕਰਕੇ ਪੰਥ ਨੂੰ ਟੁੱਟਣ ਤੋਂ ਬਚਾਇਆ। ਉਹ ਸਿਰਫ਼ ਇੱਕ ਧਾਰਮਿਕ ਆਗੂ ਨਹੀਂ, ਸਗੋਂ ਸੰਕਟ ਦੇ ਸਮੇਂ ਕੌਮ ਦੇ ਰਾਜਨੀਤਕ ਮਾਰਗਦਰਸ਼ਕ ਵੀ ਸਨ।

**ਗਿਆਨ ਦੇ ਸਾਗਰ - ਕਲਮ ਦੇ ਧਨੀ**: ਭਾਈ ਸਾਹਿਬ ਇੱਕ ਉੱਚ-ਕੋਟੀ ਦੇ ਵਿਦਵਾਨ ਅਤੇ ਚਿੰਤਕ ਸਨ। ਉਹਨਾਂ ਦੁਆਰਾ ਰਚਿਤ 'ਗਿਆਨ ਰਤਨਾਵਲੀ' (ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ) ਅਤੇ 'ਭਗਤ ਰਤਨਾਵਲੀ' ਜਾਂ 'ਸਿੱਖਾਂ ਦੀ ਭਗਤਮਾਲਾ' (ਗਿਆਰ੍ਹਵੀਂ ਵਾਰ ਦਾ ਟੀਕਾ) ਗੁਰਮਤਿ ਦੇ ਗੂੜ੍ਹ ਰਹੱਸਾਂ ਨੂੰ ਸਰਲ ਅਤੇ ਸਪੱਸ਼ਟ ਰੂਪ ਵਿੱਚ ਪੇਸ਼ ਕਰਦੀਆਂ ਹਨ। ਉਹਨਾਂ ਦੀਆਂ ਲਿਖਤਾਂ ਅੱਜ ਵੀ ਸਿੱਖ ਦਰਸ਼ਨ ਅਤੇ ਇਤਿਹਾਸ ਨੂੰ ਸਮਝਣ ਲਈ ਪ੍ਰਮਾਣਿਕ ਅਤੇ ਅਨਮੋਲ ਸਰੋਤ ਹਨ।

**ਸ਼ਹਾਦਤ ਦਾ ਇਤਿਹਾਸਕ ਪਰਿਪੇਖ: ਜ਼ੁਲਮ ਅਤੇ ਸਿਦਕ ਦੀ ਟੱਕਰ** : ਲਾਹੌਰ ਦਾ ਸੂਬੇਦਾਰ, ਜ਼ਕਰੀਆ ਖਾਨ, ਸਿੱਖਾਂ ਦੀ ਵੱਧਦੀ ਸ਼ਕਤੀ ਅਤੇ ਉਹਨਾਂ ਦੇ ਅਜ਼ਾਦ ਖਿਆਲਾਂ ਤੋਂ ਬੁਰੀ ਤਰ੍ਹਾਂ ਭੈਭੀਤ ਸੀ। ਉਸਦਾ ਇੱਕੋ-ਇੱਕ ਉਦੇਸ਼ ਸਿੱਖਾਂ ਦਾ ਖੁਰਾ-ਖੋਜ ਮਿਟਾਉਣਾ ਸੀ। ਉਸਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ, ਉਹਨਾਂ ਦੇ ਇਕੱਠਾਂ 'ਤੇ ਪਾਬੰਦੀ ਲਗਾਈ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪੂਰਨ ਵਰਗੇ ਘਿਨਾਉਣੇ ਕੰਮ ਕੀਤੇ। ਇਸ ਦਮਨਕਾਰੀ ਮਾਹੌਲ ਵਿੱਚ, ਭਾਈ ਮਨੀ ਸਿੰਘ ਜੀ ਨੇ ਖਾਲਸਾ ਪੰਥ ਵਿੱਚ ਨਵੀਂ ਰੂਹ ਫੂਕਣ ਅਤੇ ਮੁਗ਼ਲ ਹਕੂਮਤ ਨੂੰ ਸਿੱਧੀ ਚੁਣੌਤੀ ਦੇਣ ਲਈ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਵਿਖੇ 'ਸਰਬੱਤ ਖਾਲਸਾ' (ਸਮੁੱਚੇ ਖਾਲਸੇ ਦਾ ਇਕੱਠ) ਬੁਲਾਉਣ ਦੀ ਦਲੇਰਾਨਾ ਯੋਜਨਾ ਬਣਾਈ। ਉਹਨਾਂ ਨੇ ਇਸ ਇਕੱਠ ਦੀ ਇਜਾਜ਼ਤ ਲਈ ਜ਼ਕਰੀਆ ਖਾਨ ਨੂੰ 5,000 ਰੁਪਏ ਦਾ ਟੈਕਸ ਦੇਣ ਦਾ ਵਾਅਦਾ ਕੀਤਾ। ਜ਼ਕਰੀਆ ਖਾਨ ਨੇ ਇਜਾਜ਼ਤ ਤਾਂ ਦੇ ਦਿੱਤੀ, ਪਰ ਉਸਦੀ ਨੀਅਤ ਵਿੱਚ ਧੋਖਾ ਸੀ। ਉਸਨੇ ਯੋਜਨਾ ਬਣਾਈ ਕਿ ਜਦੋਂ ਸਿੱਖ ਵੱਡੀ ਗਿਣਤੀ ਵਿੱਚ ਇਕੱਠੇ ਹੋਣਗੇ, ਤਾਂ ਉਹਨਾਂ 'ਤੇ ਹਮਲਾ ਕਰਕੇ ਉਹਨਾਂ ਦਾ ਕਤਲੇਆਮ ਕਰ ਦਿੱਤਾ ਜਾਵੇਗਾ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਕਾਤਲਾਨਾ ਸਾਜ਼ਿਸ਼ ਦਾ ਪਤਾ ਲੱਗਾ, ਤਾਂ ਉਹਨਾਂ ਨੇ ਤੁਰੰਤ ਖਾਲਸਾ ਪੰਥ ਨੂੰ ਸੁਨੇਹੇ ਭੇਜ ਕੇ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ। ਇਸ ਤਰ੍ਹਾਂ, ਆਪਣੀ ਸੂਝਬੂਝ ਨਾਲ ਉਹਨਾਂ ਨੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਜਾਨੀ ਨੁਕਸਾਨ ਹੋਣ ਤੋਂ ਬਚਾ ਲਿਆ। ਪਰ ਸੰਗਤ ਦੇ ਨਾ ਆਉਣ ਕਰਕੇ ਸੇਵਾ ਵੀ ਇਕਠੀ ਨਾ ਹੋ ਸਕੀ।

**ਲਾਹੌਰ ਦਾ ਨਖ਼ਾਸ ਚੌਕ, ਲਾਸਾਨੀ ਸ਼ਹਾਦਤ ਦਾ ਸਾਕਾ** : ਜ਼ਕਰੀਆ ਖਾਨ ਆਪਣੀ ਅਸਫਲਤਾ 'ਤੇ ਗੁੱਸੇ ਨਾਲ ਭਰ ਗਿਆ ਅਤੇ ਟੈਕਸ ਨਾ ਮਿਲਣ ਦਾ ਬਹਾਨਾ ਬਣਾ ਕੇ ਉਸਨੇ ਭਾਈ ਮਨੀ ਸਿੰਘ ਜੀ ਨੂੰ ਉਹਨਾਂ ਦੇ ਸਾਥੀ ਸਿੰਘਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਉਹਨਾਂ ਨੂੰ ਲਾਹੌਰ ਦੇ ਨਖ਼ਾਸ ਚੌਂਕ (ਘੋੜਾ ਮੰਡੀ) ਵਿੱਚ ਪੇਸ਼ ਕੀਤਾ ਗਿਆ, ਜਿੱਥੇ ਆਮ ਤੌਰ 'ਤੇ ਜਾਨਵਰਾਂ ਦੀ ਬੋਲੀ ਲੱਗਦੀ ਸੀ। ਜ਼ਾਲਮ ਹਕੂਮਤ ਨੇ ਇੱਕ ਰੱਬੀ ਰੂਹ ਦੇ ਸਿਦਕ ਦੀ ਪਰਖ ਕਰਨ ਲਈ ਉਸ ਥਾਂ ਨੂੰ ਚੁਣਿਆ।

**ਕਾਜ਼ੀ ਨੇ ਭਾਈ ਸਾਹਿਬ ਅੱਗੇ ਦੋ ਸ਼ਰਤਾਂ ਰੱਖੀਆਂ**: ਇਸਲਾਮ ਕਬੂਲ ਕਰੋ ਜਾਂ ਮੌਤ, 90 ਵਰ੍ਹਿਆਂ ਦੀ ਉਮਰ ਭੋਗ ਚੁੱਕੇ ਭਾਈ ਮਨੀ ਸਿੰਘ ਜੀ ਦਾ ਜਵਾਬ ਸ਼ਾਂਤ ਪਰ ਪਹਾੜ ਵਾਂਗ ਦ੍ਰਿੜ੍ਹ ਸੀ: 'ਮੇਰੇ ਲਈ ਧਰਮ ਮੇਰੇ ਸਵਾਸਾਂ ਤੋਂ ਵੱਧ ਪਿਆਰਾ ਹੈ। ਸਿਰ ਜਾ ਸਕਦਾ ਹੈ, ਪਰ ਸਿੱਖੀ ਦਾ ਸਿਦਕ ਨਹੀਂ' ਇਸ ਜਵਾਬ ਤੋਂ ਖਿਝ ਕੇ ਕਾਜ਼ੀ ਨੇ ਫ਼ਤਵਾ ਦਿੱਤਾ 'ਜਿਸ ਤਰ੍ਹਾਂ ਇਸਨੇ ਖਾਲਸੇ ਨੂੰ ਟੁਕੜੇ-ਟੁਕੜੇ ਹੋਣ ਤੋਂ ਬਚਾਇਆ ਹੈ, ਉਸੇ ਤਰ੍ਹਾਂ ਇਸਦੇ ਸਰੀਰ ਦੇ ਜੋੜ-ਜੋੜ (ਬੰਦ-ਬੰਦ) ਕਰਕੇ ਇਸਨੂੰ ਟੁਕੜਿਆਂ ਵਿੱਚ ਵੰਡ ਦਿੱਤਾ ਜਾਵੇ' 9 ਜੁਲਾਈ, 1734 ਈ. ਦਾ ਉਹ ਦਿਨ ਇਤਿਹਾਸ ਦੇ ਪੰਨਿਆਂ 'ਤੇ ਅਮਰ ਹੋ ਗਿਆ। ਜਦੋਂ ਜੱਲਾਦ ਨੇ ਪਹਿਲਾ ਵਾਰ ਉਹਨਾਂ ਦੇ ਗੁੱਟ 'ਤੇ ਕਰਨਾ ਚਾਹਿਆ, ਤਾਂ ਸ਼ੇਰ-ਦਿਲ ਭਾਈ ਮਨੀ ਸਿੰਘ ਜੀ ਨੇ ਗਰਜਵੀਂ ਆਵਾਜ਼ ਵਿੱਚ ਉਸਨੂੰ ਰੋਕਿਆ: ਓਏ ਜੱਲਾਦਾ! ਕਾਜ਼ੀ ਦੇ ਹੁਕਮ ਨੂੰ ਸਮਝ। ਉਸਨੇ ਮੇਰਾ ਬੰਦ-ਬੰਦ ਕੱਟਣ ਦਾ ਹੁਕਮ ਦਿੱਤਾ ਹੈ, ਮੇਰੇ ਹੱਥ ਵੱਢਣ ਦਾ ਨਹੀਂ। ਆਪਣਾ ਕੰਮ ਮੇਰੀਆਂ ਉਂਗਲੀਆਂ ਦੇ ਪੋਟਿਆਂ ਤੋਂ ਸ਼ੁਰੂ ਕਰ, ਤਾਂ ਜੋ ਹੁਕਮ ਸਹੀ ਤਰੀਕੇ ਨਾਲ ਪੂਰਾ ਹੋਵੇ।

ਇਹ ਸੁਣ ਕੇ ਜੱਲਾਦ ਅਤੇ ਦੇਖਣ ਵਾਲਿਆਂ ਦੀ ਭੀੜ ਸੁੰਨ ਹੋ ਗਈ। ਇਸ ਤੋਂ ਬਾਅਦ ਜੋ ਵਾਪਰਿਆ, ਉਹ ਮਨੁੱਖੀ ਸਹਿਣਸ਼ੀਲਤਾ ਅਤੇ ਕਲਪਨਾ ਦੀ ਹੱਦ ਤੋਂ ਪਰੇ ਹੈ। ਇੱਕ-ਇੱਕ ਕਰਕੇ ਉਂਗਲੀਆਂ ਦੇ ਪੋਟੇ, ਫਿਰ ਗੁੱਟ, ਕੂਹਣੀਆਂ, ਮੋਢੇ, ਪੈਰਾਂ ਦੀਆਂ ਉਂਗਲੀਆਂ, ਗਿੱਟੇ ਅਤੇ ਗੋਡੇ ਕੱਟੇ ਜਾਂਦੇ ਰਹੇ। ਸਰੀਰ ਦਾ ਹਰ ਜੋੜ ਵੱਖ ਕੀਤਾ ਜਾ ਰਿਹਾ ਸੀ, ਪਰ ਭਾਈ ਸਾਹਿਬ ਅਡੋਲ, ਸ਼ਾਂਤ ਚਿੱਤ ਹੋ ਕੇ ਪਾਠ ਕਰਦੇ ਰਹੇ। ਉਹਨਾਂ ਦੇ ਚਿਹਰੇ 'ਤੇ ਨਾ ਕੋਈ ਸ਼ਿਕਨ ਸੀ, ਨਾ ਕੋਈ ਦਰਦ ਦਾ ਪ੍ਰਗਟਾਵਾ। ਉਹਨਾਂ ਨੇ ਆਪਣੇ ਸਰੀਰ ਦੇ ਕਣ-ਕਣ ਤੋਂ ਇਹ ਸਾਬਤ ਕਰ ਦਿੱਤਾ ਕਿ ਸਰੀਰ ਨਾਸ਼ਵਾਨ ਹੈ, ਪਰ ਸਿਧਾਂਤ ਅਤੇ ਆਤਮਾ ਅਮਰ ਹੁੰਦੇ ਹਨ।

**ਸ਼ਹਾਦਤ ਦਾ ਪ੍ਰਭਾਵ ਅਤੇ ਸਦੀਵੀ ਸੇਧਾਂ** : ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਸਿਰਫ਼ ਇੱਕ ਭਾਵੁਕ ਕਹਾਣੀ ਨਹੀਂ, ਸਗੋਂ ਸਿੱਖ ਪੰਥ ਲਈ ਇੱਕ ਜੀਵਨ ਪਾਠਸ਼ਾਲਾ ਹੈ।

**ਸਿਧਾਂਤ ਨਾਲ ਅਟੁੱਟ ਪ੍ਰਤੀਬੱਧਤਾ**: ਜਾਨ ਦੇ ਕੇ ਵੀ ਆਪਣੇ ਧਰਮ, ਅਸੂਲਾਂ ਅਤੇ ਗੁਰੂ ਦੇ ਬਚਨਾਂ ਨਾਲ ਸਮਝੌਤਾ ਨਾ ਕਰਨਾ।

**ਸੰਕਟ ਵਿੱਚ ਅਗਵਾਈ**: ਜਦੋਂ ਕੌਮ ਅੰਦਰੂਨੀ ਅਤੇ ਬਾਹਰੀ ਖਤਰਿਆਂ ਨਾਲ ਜੂਝ ਰਹੀ ਸੀ, ਉਹਨਾਂ ਨੇ ਇੱਕ ਮਜ਼ਬੂਤ ਅਤੇ ਸੂਝਵਾਨ ਆਗੂ ਵਜੋਂ ਪੰਥ ਨੂੰ ਇਕਜੁੱਟ ਕੀਤਾ।

**ਗਿਆਨ ਅਤੇ ਸ਼ਕਤੀ ਦਾ ਸੁਮੇਲ** : ਉਹ ਬ੍ਰਹਮ ਗਿਆਨੀ ਵੀ ਸਨ ਅਤੇ ਇੱਕ ਨਿਪੁੰਨ ਰਣਨੀਤੀਕਾਰ ਵੀ। ਸਿੱਖੀ ਵਿੱਚ ਗਿਆਨ ਅਤੇ ਬਹਾਦਰੀ ਇਕੱਠੇ ਚੱਲਦੇ ਹਨ।

**ਕੁਰਬਾਨੀ ਦਾ ਸਿਖ਼ਰ**: ਉਹਨਾਂ ਨੇ ਸਿਖਾਇਆ ਕਿ ਕੌਮ ਦੀ ਏਕਤਾ ਅਤੇ ਭਲਾਈ ਲਈ ਨਿੱਜੀ ਜੀਵਨ ਵੀ ਕੁਰਬਾਨ ਕੀਤਾ ਜਾ ਸਕਦਾ ਹੈ। 'ਬੰਦ-ਬੰਦ' ਕਟਵਾ ਕੇ ਉਹਨਾਂ ਨੇ ਖਾਲਸੇ ਨੂੰ 'ਅਟੁੱਟ ਬੰਧਨ' ਵਿੱਚ ਬੰਨ੍ਹ ਦਿੱਤਾ।

ਭਾਈ ਮਨੀ ਸਿੰਘ ਜੀ ਨੇ ਆਪਣੇ ਸਰੀਰ ਦੇ ਬੰਦ-ਬੰਦ ਕਟਵਾ ਕੇ ਸਿੱਖੀ ਦੇ ਬੂਟੇ ਨੂੰ ਆਪਣੇ ਖ਼ੂਨ ਨਾਲ ਸਿੰਜਿਆ। ਉਹਨਾਂ ਦੀ ਸ਼ਹਾਦਤ ਉਹ ਚੰਗਿਆੜੀ ਬਣੀ, ਜਿਸਨੇ ਅੱਗੇ ਚੱਲ ਕੇ ਮਿਸਲਾਂ ਦੇ ਰੂਪ ਵਿੱਚ ਇਨਕਲਾਬ ਦੀ ਅੱਗ ਨੂੰ ਭੜਕਾਇਆ ਅਤੇ ਅੰਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੀ ਨੀਂਹ ਰੱਖੀ। ਅੱਜ ਜਦੋਂ ਅਸੀਂ ਉਹਨਾਂ ਦਾ ਸ਼ਹੀਦੀ ਦਿਹਾੜਾ ਮਨਾਉਂਦੇ ਹਾਂ, ਤਾਂ ਸਾਨੂੰ ਸਿਰਫ਼ ਉਹਨਾਂ ਦੀ ਕੁਰਬਾਨੀ ਨੂੰ ਯਾਦ ਹੀ ਨਹੀਂ ਕਰਨਾ, ਸਗੋਂ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਸਮੇਂ ਦੀਆਂ ਚੁਣੌਤੀਆਂ— ਭਾਵੇਂ ਉਹ ਨਸ਼ਿਆਂ ਦੀ ਹੋਵੇ, ਪਤਿਤਪੁਣੇ ਦੀ ਹੋਵੇ ਜਾਂ ਸਿਧਾਂਤਾਂ ਤੋਂ ਦੂਰ ਜਾਣ ਦੀ ਹੋਵੇ—ਦਾ ਸਾਹਮਣਾ ਕਰਨ ਲਈ ਦ੍ਰਿੜ੍ਹ ਸੰਕਲਪ ਲੈਣਾ ਚਾਹੀਦਾ ਹੈ। ਭਾਈ ਮਨੀ ਸਿੰਘ ਜੀ ਦਾ ਜੀਵਨ ਅਤੇ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਸਿੱਖੀ ਕੇਵਲ ਇੱਕ ਪਹਿਰਾਵਾ ਨਹੀਂ, ਸਗੋਂ ਸਿਦਕ ਦੀ ਉਹ ਕਮਾਈ ਹੈ ਜਿਸਨੂੰ ਸਿਰ ਦੇ ਕੇ ਹੀ ਨਿਭਾਇਆ ਜਾ ਸਕਦਾ ਹੈ।



## ਕੌਂਸਲਰ ਇੰਦਰਆਸ ਹੰਸ ਬਣੇ ਲੰਗਾਹ ਮਾਰਕੀਟ ਯੂਨੀਅਨ ਧਾਰੀਵਾਲ ਪ੍ਰਧਾਨ



ਧਾਰੀਵਾਲ, 8 ਜੁਲਾਈ (ਅਸ਼ੋਕ ਕੁਮਾਰ) : ਅੱਜ ਸਰਬਸੰਮਤੀ ਨਾਲ ਲੰਗਾਹ ਮਾਰਕੀਟ ਯੂਨੀਅਨ ਧਾਰੀਵਾਲ ਦੀ ਚੋਣ ਹੋਈ। ਜਿਸ ਵਿੱਚ ਕੌਂਸਲਰ ਇੰਦਰਆਸ ਹੰਸ ਨੂੰ ਲੰਗਾਹ ਮਾਰਕੀਟ ਯੂਨੀਅਨ ਧਾਰੀਵਾਲ ਦੇ ਪ੍ਰਧਾਨ ਤੇ ਖਜਾਨਚੀ ਹਿਮਾਂਨਸੂ ਕਲਹੋਟਰਾ, ਜਨਰਲ ਸੈਕਟਰੀ ਮੋਹਨ ਲਾਲ, ਸਲਾਹਕਾਰ ਸ਼ਿਵ ਮਹਾਜਨ, ਸਲਾਹਕਾਰ ਬੰਟੀ, ਸਲਾਹਕਾਰ ਚੋਪੜਾ, ਮੈਂਬਰ ਸ਼ਾਮ ਦਰਜੀ, ਮੈਂਬਰ ਧਰਮਪਾਲ ਤੇ ਮੈਂਬਰ ਰਾਜ ਕੁਮਾਰ ਬਣੇ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਇੰਦਰਆਸ ਹੰਸ ਨੇ ਕਿਹਾ ਕਿ ਲੰਗਾਹ ਮਾਰਕੀਟ ਦੇ ਕਿਸੇ ਵੀ ਦੁਕਾਨ ਦਾਰ ਨੂੰ ਕਿਸੇ ਤਰਾਂ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਮੈਂ ਦਿਨ ਰਾਤ ਦੁਕਾਨਦਾਰਾਂ ਦੇ ਨਾਲ ਚੱਟਾਨ ਵਾਂਗ ਖੜ੍ਹਾ ਹਾਂ, ਬਿਨਾਂ ਝਿਜਕ ਦੁਕਾਨਦਾਰ ਮੇਰੇ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਰਾਜੂ ਖੋਸਲਾ, ਰਮਨ, ਵਿੱਕੀ, ਹਲਵਿੰਦਰ (ਮੋਤੀ), ਰਾਮਾ, ਅਵਤਾਰ ਸਿੰਘ, ਟੀਟੂ ਬਾਲੀ, ਬੱਬਾ ਸਿਆਲ, ਕਾਲੂ, ਦਲੀਪ ਸਿੰਘ, ਗੋਲਡੀ ਬਿੱਟੂ ਮਹਾਜਨ, ਵਿਜੇ ਕੁਮਾਰ, ਸੰਜੀਵ ਕੁਮਾਰ, ਅਰਵਿੰਦ, ਰਵੀ ਮਹਾਜਨ, ਸੱਤੀ, ਰਾਜ ਕੁਮਾਰ, ਲੱਕੀ, ਬੱਬੂ, ਮੋਨੂੰ, ਮਨੋਜ ਕੁਮਾਰ, ਰਾਜੂ, ਰਮਨ, ਅਜੀਤ ਸਿੰਘ ਅਤੇ ਬੱਬੂ ਹੰਸ ਆਦਿ ਤੋਂ ਇਲਾਵਾ ਹੋਰ ਹਾਜ਼ਰ ਸਨ।

## ਅਮਰੀਕਾ ਵਿੱਚ ਮਿੰਨੀ ਟਰੱਕ ਦੀ ਕਾਰ ਨਾਲ ਟੱਕਰ, ਭਾਰਤੀ ਮੂਲ ਪਰਿਵਾਰ ਦੇ 4 ਮੈਂਬਰਾਂ ਦੀ ਮੌਤ

ਟੈਕਸਾਸ, 8 ਜੁਲਾਈ (ਚ.ਨ.ਸ.) : ਹੈਦਰਾਬਾਦ ਵਿੱਚ ਰਹਿਣ ਵਾਲੇ ਅਮਰੀਕਾ ਸਥਿਤ ਭਾਰਤੀ ਮੂਲ ਦੇ ਚਾਰ ਮੈਂਬਰਾਂ ਦੇ ਇੱਕ ਪਰਿਵਾਰ ਦੀ ਸ਼ਨੀਵਾਰ ਰਾਤ ਨੂੰ ਗ੍ਰੀਨ ਕਾਉਂਟੀ, ਅਲਾਬਾਮਾ ਵਿੱਚ ਇੱਕ ਕਾਰ ਹਾਦਸੇ ਵਿੱਚ ਮੌਤ ਹੋ ਗਈ, ਜਦੋਂ ਉਹ ਚੌਥੀ ਜੁਲਾਈ ਦੇ ਹਫਤੇ ਦੇ ਅੰਤ ਵਿੱਚ ਅਟਲਾਂਟਾ ਵਿੱਚ ਰਿਸ਼ਤੇਦਾਰਾਂ ਨੂੰ ਮਿਲਣ ਤੋਂ ਬਾਅਦ ਡੱਲਾਸ ਵਾਪਸ ਆ ਰਿਹਾ ਸੀ। ਪੀੜਤਾਂ ਦੀ ਪਛਾਣ ਵੈਂਕਟ ਬੇਜੁਗਮ, ਉਸਦੀ ਪਤਨੀ ਤੇਜਸਵਿਨੀ ਚੋਲੇਟੀ ਅਤੇ ਉਨ੍ਹਾਂ ਦੇ ਦੋ ਬੱਚਿਆਂ, ਸਿਧਾਰਥ ਅਤੇ ਮ੍ਰਿਦਾ ਬੇਜੁਗਮ ਵਜੋਂ ਹੋਈ ਹੈ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਗਲਤ ਲੇਨ ਵਿੱਚ ਦੌੜ ਰਿਹਾ ਇੱਕ ਮਿੰਨੀ ਟਰੱਕ ਉਨ੍ਹਾਂ ਦੀ ਕਾਰ ਨਾਲ ਆਹਮੋ-ਸਾਹਮਣੇ ਟਕਰਾ ਗਿਆ, ਜਿਸ ਕਾਰਨ ਕਾਰ ਅੱਗ ਵਿੱਚ ਫੱਟ ਗਈ।

## ਦੁਨੀਆ ਭਰ ਦੀਆਂ ਪ੍ਰਮੁੱਖ ਘਟਨਾਵਾਂ 'ਤੇ ਇੱਕ ਨਜ਼ਰ

ਮਾਸਕੋ, 8 ਜੁਲਾਈ (ਚ.ਨ.ਸ.) :ਰੂਸ ਦੇ ਆਵਾਜਾਈ ਮੰਤਰੀ, ਰੋਮਨ ਸਟਾਰੋਵੋਇਟ, ਨੂੰ ਸੋਮਵਾਰ ਸਵੇਰੇ ਉਨ੍ਹਾਂ ਦੇ ਅਹੁਦੇ ਤੋਂ ਬਰਖਾਸਤ ਕੀਤੇ ਜਾਣ ਤੋਂ ਕੁਝ ਘੰਟਿਆਂ ਬਾਅਦ ਮਾਸਕੋ ਨੇੜੇ ਉਨ੍ਹਾਂ ਦੀ ਕਾਰ ਵਿੱਚ ਮ੍ਰਿਤਕ ਪਾਇਆ ਗਿਆ। ਜਾਂਚਕਰਤਾਵਾਂ ਅਨੁਸਾਰ, 53 ਸਾਲਾ ਸਟਾਰੋਵੋਇਟ ਦੀ ਮੌਤ ਗੋਲੀ ਲੱਗਣ ਕਾਰਨ ਹੋਈ ਅਤੇ ਇਸ ਨੂੰ ਸੰਭਾਵਿਤ ਖੁਦਕੁਸ਼ੀ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੀ ਲਾਸ਼ ਦੇ ਕੋਲ ਇੱਕ ਬੰਦੂਕ ਵੀ ਮਿਲੀ ਹੈ।ਇਹ ਘਟਨਾ ਯੂਕਰੇਨੀ ਡਰੋਨ ਹਮਲਿਆਂ ਕਾਰਨ ਹਵਾਈ ਆਵਾਜਾਈ ਵਿੱਚ ਵਿਘਨ ਪੈਣ ਤੋਂ ਬਾਅਦ ਹੋਈ ਹੈ। ਹਾਲਾਂਕਿ, ਰੂਸੀ ਮੀਡੀਆ ਰਿਪੋਰਟਾਂ ਅਨੁਸਾਰ ਸਟਾਰੋਵੋਇਟ ਦੀ ਬਰਖਾਸਤਗੀ ਦਾ ਸਬੰਧ ਕੁਰਸਕ ਖੇਤਰ ਵਿੱਚ ਰੱਖਿਆ ਕਿਲ੍ਹੇਬੰਦੀਆਂ ਲਈ ਫੰਡਾਂ ਦੇ ਗਬਨ ਦੀ ਜਾਂਚ ਨਾਲ ਹੋ ਸਕਦਾ ਹੈ। ਇਹ ਉਹੀ ਖੇਤਰ ਹੈ ਜਿੱਥੇ ਅਗਸਤ 2024 ਵਿੱਚ ਯੂਕਰੇਨ ਨੇ ਇੱਕ ਅਚਾਨਕ ਹਮਲਾ ਕਰਕੇ ਰੂਸ ਨੂੰ ਵੱਡਾ ਝਟਕਾ ਦਿੱਤਾ ਸੀ। ਰਾਸ਼ਟਰਪਤੀ ਪੁਤਿਨ ਨੇ ਆਂਦਰੇ ਨਿਕਿਟਿਨ ਨੂੰ ਕਾਰਜਕਾਰੀ ਆਵਾਜਾਈ ਮੰਤਰੀ ਨਿਯੁਕਤ ਕੀਤਾ ਹੈ।

## ਘੋੜਿਆਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰ ਕਰਦੇ ਕਰਨ ਗੁਪਤਾ

ਲੁਧਿਆਣਾ,8 ਜੁਲਾਈ (ਵਿਸ਼ਾਲ ਸ਼ਰਮਾ): ਤੁਸੀਂ ਅਨੇਕਾਂ ਹੀ ਅਜਿਹੇ ਲੋਕ ਦੇਖੇ ਹੋਣਗੇ ਜੋ ਕੀ ਬੇਜ਼ੁਬਾਨ ਜਾਨਵਰਾਂ ਨੂੰ ਬੁਹਤ ਪਿਆਰ ਕਰਦੇ ਹਨ,



ਜੋ ਕੀ ਬਿਨਾਂ ਕਿਸੇ ਲਾਲਚ ਤੋਂ ਆਪਣੇ ਘੋੜਿਆਂ ਨੂੰ ਆਪਣੀ ਜਾਨ ਤੋਂ ਵੀ ਵੱਧ ਕੇ ਪਿਆਰ ਕਰਦਾ ਹੈ। ਜਿਸ ਦਾ ਨਾਮ ਕਰਨ ਗੁਪਤਾ ਹੈ। ਜੋ ਕਿ ਲੁਧਿਆਣਾ ਫਿਰੋਜ਼ਪੁਰ ਰੋਡ ਪਿੰਡ ਹਸਨਪੁਰ ਚੜ੍ਹਦੀਕਲਾ ਸਟੇਬਲਸ ਵਿਖੇ ਜਦੋਂ ਸਾਡੀ ਚੜ੍ਹਦੀਕਲਾ ਟਾਇਮ ਟੀਵੀ ਦੀ ਟੀਮ ਨੇ ਆਪਣੇ ਕੈਮਰੇ ਵਿੱਚ ਉਨ੍ਹਾਂ ਘੋੜਿਆਂ ਅਤੇ ਮਾਲਕ ਦਾ ਘੋੜਿਆਂ ਪ੍ਰਤੀ ਪਿਆਰ ਕੈਮਰੇ ਵਿਚ ਰਿਕਾਰਡ ਕੀਤਾ ਤਾਂ ਉਸ ਸਮੇਂ ਇੱਕ ਕੁਦਰਤ ਦਾ ਕਿਰਸ਼ਮਾ ਵੇਖਣ ਨੂੰ ਮਿਲਿਆ। ਜਦੋਂ ਕੀ ਘੋੜਿਆਂ ਦੇ ਅੱਖਾਂ ਦੀਆਂ ਲਾਈਟਾਂ ਚੇਂਜ ਹੋ ਜਾਂਦੀਆਂ ਹਨ, ਜਦੋਂ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕਰਨ ਗੁਪਤਾ ਨੇ ਦੱਸਿਆ ਕਿ ਇਹ ਘੋੜੇ ਕੋਈ ਆਮ ਘੋੜੇ ਨਹੀ ਹਨ। ਇਹ ਘੋੜੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਘੋੜਿਆਂ ਦੇ ਵੰਸ਼ ਵਿੱਚੋਂ ਹਨ, ਜੋ ਘੋੜਿਆਂ ਦੀਆਂ ਅੱਖਾਂ ਦਾ ਰੰਗ ਬਦਲਦਾ ਹੈ ਇਹ ਸਭ ਗੁਰੂ ਮਹਾਰਾਜ ਜੀ ਦਾ ਪ੍ਰਤੀਕ ਅਤੇ ਉਨ੍ਹਾਂ ਦਾ ਤਰਸ ਹੈ। ਜੋ ਨਿਮਾਣੇ ਦਾਸ ਨੂੰ ਇਹ ਘੋੜੇ ਦਰਸ਼ਨ ਦਿੰਦੇ ਹਨ। ਉਨ੍ਹਾਂ ਕਿਹਾ ਕੀ ਜੇਕਰ ਤੁਹਾਨੂੰ ਆਪਣੇ ਗੁਰੂ ਮਹਾਰਾਜ 'ਤੇ ਯਕੀਨ ਹੈ ਤੇ ਉਹ ਤੁਹਾਨੂੰ ਹਮੇਸ਼ਾ ਹੀ ਚੜ੍ਹਦੀਕਲਾ ਵੱਲ ਲੈ ਕੇ ਜਾਣਗੇ।


ਸਭਿਆਚਾਰ ਮੰਤਰਾਲਾ
ਭਾਰਤ ਸਰਕਾਰ

**ਟੈਂਡਰ ਸੂਚਨਾ**

ਕੰਮ ਦੇ ਸੂਰਪ ਵਿਚ ਦਰਸਾਏ ਹੋਰਨਾਂ ਕੰਮਾਂ ਸਮੇਤ ਯੂਜ਼ਰ-ਫਰੈਂਡਲੀ ਡਿਜੀਟਲ ਰੈਸਪਿਰੇਟਰੀ ਅਤੇ ਵੈਬ-ਸਹਿ-ਮੋਬਾਇਲ ਐਪਲੀਕੇਸ਼ਨ ਦੇ ਨਾਲ ਡਿਜੀਟਲ ਡਾਟਾ ਸਟੋਰੇਜ ਲਈ ਵਿਆਪਕ ਹੱਲ ਹਿੱਤ ਪੇਸ਼ਕਸ਼ਾਂ ਲਈ ਬੇਨਤੀ।

ਟੈਂਡਰ ਦਸਤਾਵੇਜ਼ ਸਭਿਆਚਾਰ ਮੰਤਰਾਲੇ ਦੀ ਅਧਿਕਾਰਤ ਵੈਬਸਾਈਟ : **indiaculture.gov.in** ਅਤੇ ਕੇਂਦਰੀ ਜਨ ਖਰੀਦ ਪੋਰਟਲ : **eprocure.gov.in/eprocure/app.** ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

**ਬੋਲੀ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ 28 ਜੁਲਾਈ 2025 ਹੈ।**

**CBC09101/11/0009/2526**



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ



**ਜਨਤਕ ਸੂਚਨਾ**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਮਹਿੰਦਰ ਸਿੰਘ ਠਾਕੁਰ ਸਪੁੱਤਰ ਸ੍ਰੀ ਸੀਤਾ ਰਾਮ** ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ (1) **ਸ੍ਰੀਮਤੀ ਵਿਦਿਆ ਦੇਵੀ ਸੁਪਤਨੀ ਸ੍ਰੀ ਸੀਤਾ ਰਾਮ** (2) **ਸ੍ਰੀਮਤੀ ਮੀਰਾ ਦੇਵੀ ਠਾਕੁਰ ਸੁਪਤਨੀ ਸਵਰਗੀ ਸ੍ਰੀ ਮਹਿੰਦਰ ਸਿੰਘ ਠਾਕੁਰ** (3) **ਮਿਸ ਕਵਿਤਾ ਦੇਵੀ ਸਪੁੱਤਰੀ ਸਵਰਗੀ ਸ੍ਰੀ ਮਹਿੰਦਰ ਸਿੰਘ ਅਤੇ** (4) **ਸ੍ਰੀ ਵਿਕਰਾਂਤ ਠਾਕੁਰ ਸਪੁੱਤਰ ਸਵਰਗੀ ਸ੍ਰੀ ਮਹਿੰਦਰ ਸਿੰਘ** ਦੇ ਨਾਂਵਾਂ 'ਤੇ **ਸੈਕਟਰ 45-ਸੀ, ਚੰਡੀਗੜ੍ਹ ਵਿਚ ਈਡਬਲਿਊਐਸ ਵਰਗ ਦੇ ਡੀ.ਯੂ. ਨੰਬਰ 2345/2** ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 45-ਸੀ, ਚੰਡੀਗੜ੍ਹ ਵਿਚ ਈਡਬਲਿਊਐਸ ਵਰਗ ਦੇ ਡੀ.ਯੂ. ਨੰਬਰ 2345/2** ਦੇ ਮਾਲਕ **ਸ੍ਰੀ ਮਹਿੰਦਰ ਸਿੰਘ ਠਾਕੁਰ ਸਪੁੱਤਰ ਸ੍ਰੀ ਸੀਤਾ ਰਾਮ** ਦੇ ਕਾਨੂੰਨੀ ਵਾਰਸਾਂ ਦੁਆਰਾ ਦਿੱਤੀ ਸੂਚਨਾ ਅਨੁਸਾਰ **ਚੰਡੀਗੜ੍ਹ** ਵਿਖੇ 23.12.2021 ਨੂੰ ਮੌਤ ਹੋ ਗਈ ਸੀ। (1) **ਸ੍ਰੀਮਤੀ ਵਿਦਿਆ ਦੇਵੀ ਸੁਪਤਨੀ ਸ੍ਰੀ ਸੀਤਾ ਰਾਮ** (2) **ਸ੍ਰੀਮਤੀ ਮੀਰਾ ਦੇਵੀ ਠਾਕੁਰ ਸੁਪਤਨੀ ਸਵਰਗੀ ਸ੍ਰੀ ਮਹਿੰਦਰ ਸਿੰਘ ਠਾਕੁਰ** (3) **ਮਿਸ ਕਵਿਤਾ ਦੇਵੀ ਸਪੁੱਤਰੀ ਸਵਰਗੀ ਸ੍ਰੀ ਮਹਿੰਦਰ ਸਿੰਘ ਅਤੇ** (4) **ਸ੍ਰੀ ਵਿਕਰਾਂਤ ਠਾਕੁਰ ਸਪੁੱਤਰ ਸਵਰਗੀ ਸ੍ਰੀ ਮਹਿੰਦਰ ਸਿੰਘ** ਨੇ **ਸ੍ਰੀ ਮਹਿੰਦਰ ਸਿੰਘ ਠਾਕੁਰ ਸਪੁੱਤਰ ਸ੍ਰੀ ਸੀਤਾ ਰਾਮ** ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਆਪਣੇ ਨਾਵਾਂ 'ਤੇ **ਸੈਕਟਰ 45-ਸੀ, ਚੰਡੀਗੜ੍ਹ ਵਿਚ ਈਡਬਲਿਊਐਸ ਵਰਗ ਦੇ ਡੀ.ਯੂ. ਨੰਬਰ 2345/2** ਦੀ ਮਾਲਕੀ ਦੇ ਤਬਾਦਲੇ ਲਈ ਬੇਨਤੀ ਕੀਤੀ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ (1) **ਸ੍ਰੀਮਤੀ ਵਿਦਿਆ ਦੇਵੀ (ਮਾਤਾ)** (2) **ਸ੍ਰੀਮਤੀ ਮੀਰਾ ਦੇਵੀ ਠਾਕੁਰ (ਸੁਪਤਨੀ)** (3) **ਮਿਸ ਕਵਿਤਾ ਦੇਵੀ (ਸਪੁੱਤਰੀ)** (4) **ਸ੍ਰੀ ਵਿਕਰਾਂਤ ਠਾਕੁਰ (ਸਪੁੱਤਰ)** ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ



**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਉਪ ਮੁੱਖ ਇੰਜਿਨੀਅਰ/ਗਤੀ ਸ਼ਕਤੀ/ਉ. ਰੇ/ਅੰਬਾਲਾ ਦੇ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮ ਲਈ ਈ-ਟੈਂਡਰਿੰਗ ਦੁਵਾਰਾ ਇਛੁਕ ਠੇਕੇਦਾਰਾਂ ਤੋਂ ਟੈਂਡਰਾ ਮੰਗ ਕੀਤੀ ਜਾਂਦੀ ਹੈ, ਜੋ ਕੰਮ ਦੇ ਸਾਮਨੇ ਦਿਤੀ ਗਈ ਮਿਤੀ 29.07.2025 ਨੂੰ ਵਕਤ 15:00 ਵਜੇ ਤਕ www.ireps.gov.in ਉਤੇ ਉਪਲਬਧ ਹੈ, ਬੋਲੀਦਾਤਾ ਅਪਣੀ ਮੂਲ/ਸੰਸ਼ੋਧਿਤ ਬੋਲੀਆਂ ਆਖਰੀ ਮਿਤੀ ਅਤੇ ਵਕਤ ਤਕ ਹੀ ਜਮਾਂ ਕਰ ਸਕਣਗੇ। ਠੇਕੇਦਾਰਾਂ ਨੂੰ ਇਸ ਟੈਂਡਰ ਦੇ ਲਈ ਬਿਆਨਾ ਰਾਸ਼ੀ ਦਾ ਭੁਗਤਾਨ www.ireps.gov.in ਪੋਰਟਲ ਉਤੇ ਉਪਲਬਧ ਈ-ਪੇਮੇਂਟ ਗੇਟਵੇ ਮੋਡ ਦੇ ਦੁਵਾਰਾ ਤੋਂ ਨਗਦ ਵਿਚ ਜਾਂ ਭਾਰਤ ਦੇ ਕਿਸੀ ਅਨੁਸੂਚਿਤ ਵਾਣਿਜਿਕ ਬੈਂਕ ਤੋਂ ਬੈਂਕ ਗਰੰਟੀ ਬਾਂਡ ਦੇ ਰੂਪ ਵਿਚ ਜਾਂ ਟੈਂਡਰ ਦਸਤਾਵੇਜ਼ਾਂ (ਅਨੁਲਗਨਕ-VIIA) ਵਿਚ ਉਲੇਖਿਤ ਤਰੀਕੇ ਤੋਂ ਕਰਨ ਦੀ ਅਨੁਮਤੀ ਹੈ। ਜ਼ਿਆਦਾ ਜਾਣਕਾਰੀ ਦੇ ਲਈ www.ireps.gov.in ਉਤੇ ਲਾਗ ਇਨ ਕਰੋ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਓਪਨ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਮਿਤੀ | ਬੋਲੀ ਬੰਦ ਹੋਣ ਦੀ ਮਿਤੀ/ਸਮਾਂ |
| 07.07.2025 | 15.07.2025 | 29.07.2025 |

| ਲ. ਨੰ: | ਟੈਂਡਰ ਨੰਬਰ | ਟੈਂਡਰ ਦਾ ਵੇਰਵਾ | | | |
|---|---|---|---|---|---|
| 1. | 01-ਜੀਐਸ-ਇੰਜੀ-ਅੰਬਾਲਾ/ 2025-26 | ਅੰਬਾਲਾ ਮੰਡਲ ਵਿਚ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਅੰਤਰਗਤ ਰੇਲਵੇ ਸਟੇਸ਼ਨ ਦੇ ਸਾਫਟ ਅਪਗ੍ਰੇਡੇਸ਼ਨ / ਸੁਧਾਰ ਦੇ ਲਈ ਕਲਾ ਅਤੇ ਸੰਸਕ੍ਰਿਤੀ ਦੇ ਕੰਮ ਪ੍ਰਾਵਧਾਨ। | | | |
| | | ਵਿਗਿਆਪਨ ਮੂਲ (ਰੁ:) | ਅਗ੍ਰਿਮ ਰਾਸ਼ੀ (ਰੁ:) | ਆਫਰ ਦੀ ਵੈਧਤਾ | ਕੰਮ ਪੂਰਾ ਕਰਨ ਦਾ ਸਮਾਂ |
| | | 49,19,370/- | 98,400/- | 60 ਦਿਨ | 02 ਮਹੀਨੇ |

ਧਿਆਨ ਦੇਵੋਂ : ਬੋਲੀ ਲਗਾਣ ਤੋਂ ਪਹਿਲਾ, ਬੋਲੀ ਲਗਾਣ ਵਾਲੇ ਨੂੰ ਇਹ ਜਾਂਚ ਲੈਣਾ ਚਾਹੀਦਾ ਹੈ ਕਿ ਟੈਂਡਰ ਦੇ ਵਿਰੁਧ ਕੋਈ ਸ਼ੁੱਧੀਪੱਤਰ ਤਾਂ ਨਹੀਂ ਜਾਰੀ ਕੀਤਾ ਗਿਆ। **ਖੁਲੀ ਟੈਂਡਰ ਨੰਬਰ-01-ਜੀਐਸ-ਇੰਜੀ-ਅੰਬਾਲਾ/2025-26 ਮਿਤੀ : 09.07.2025**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2047/25



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ



**ਜਨਤਕ ਸੂਚਨਾ**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਰਸ਼ਮੀ ਪੁਰੀ ਸੁਪਤਨੀ ਸ੍ਰੀ ਮਨੋਜ ਕੁਮਾਰ ਪੁਰੀ** ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ (1) **ਸ੍ਰੀ ਮਨੋਜ ਕੁਮਾਰ ਪੁਰੀ ਸਪੁੱਤਰ ਸ੍ਰੀ ਕੇਦਾਰ ਨਾਥ ਪੁਰੀ** (2) **ਮਿਸ ਤਾਕੇਸ਼ਵਰੀ ਸਪੁੱਤਰੀ ਸ੍ਰੀ ਮਨੋਜ ਕੁਮਾਰ ਪੁਰੀ** (3) **ਮਿਸ ਪੂਨਮ ਸਪੁੱਤਰੀ ਸ੍ਰੀ ਮਨੋਜ ਕੁਮਾਰ ਪੁਰੀ** ਦੇ ਨਾਂਵਾਂ 'ਤੇ **ਸੈਕਟਰ 43-ਬੀ, ਚੰਡੀਗੜ੍ਹ ਵਿਚ ਐਚਆਈਜੀ ਐਸਐਫ-ਸੀ-2 ਵਰਗ ਦੇ ਡੀ.ਯੂ. ਨੰਬਰ 1704-1** ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 43-ਬੀ, ਚੰਡੀਗੜ੍ਹ ਵਿਚ ਐਚਆਈਜੀ ਐਸਐਫ-ਸੀ-2 ਵਰਗ ਦੇ ਡੀ.ਯੂ. ਨੰਬਰ 1704-1** ਦੇ ਮਾਲਕ **ਸ੍ਰੀਮਤੀ ਰਸ਼ਮੀ ਪੁਰੀ ਸੁਪਤਨੀ ਸ੍ਰੀ ਮਨੋਜ ਕੁਮਾਰ ਪੁਰੀ** ਦੇ ਕਾਨੂੰਨੀ ਵਾਰਸਾਂ ਦੁਆਰਾ ਦਿੱਤੀ ਸੂਚਨਾ ਅਨੁਸਾਰ **ਚੰਡੀਗੜ੍ਹ** ਵਿਖੇ 27.05.2025 ਨੂੰ ਮੌਤ ਹੋ ਗਈ ਸੀ। (1) **ਸ੍ਰੀ ਮਨੋਜ ਕੁਮਾਰ ਪੁਰੀ ਸਪੁੱਤਰ ਸ੍ਰੀ ਕੇਦਾਰ ਨਾਥ ਪੁਰੀ** (2) **ਮਿਸ ਤਾਕੇਸ਼ਵਰੀ ਸਪੁੱਤਰੀ ਸ੍ਰੀ ਮਨੋਜ ਕੁਮਾਰ ਪੁਰੀ** (3) **ਮਿਸ ਪੂਨਮ ਸਪੁੱਤਰੀ ਸ੍ਰੀ ਮਨੋਜ ਕੁਮਾਰ ਪੁਰੀ** ਨੇ **ਸ੍ਰੀਮਤੀ ਰਸ਼ਮੀ ਪੁਰੀ ਸੁਪਤਨੀ ਸ੍ਰੀ ਮਨੋਜ ਕੁਮਾਰ ਪੁਰੀ** ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਆਪਣੇ ਨਾਵਾਂ 'ਤੇ **ਸੈਕਟਰ 43-ਬੀ, ਚੰਡੀਗੜ੍ਹ ਵਿਚ ਐਚਆਈਜੀ ਐਸਐਫ-ਸੀ-2 ਵਰਗ ਦੇ ਡੀ.ਯੂ. ਨੰਬਰ 1704-1** ਦੀ ਮਾਲਕੀ ਦੇ ਤਬਾਦਲੇ ਲਈ ਬੇਨਤੀ ਕੀਤੀ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ (1) **ਸ੍ਰੀ ਮਨੋਜ ਕੁਮਾਰ ਪੁਰੀ (ਪਤੀ)** (2) **ਮਿਸ ਤਾਕੇਸ਼ਵਰੀ (ਸਪੁੱਤਰੀ)** (3) **ਮਿਸ ਪੂਨਮ (ਸਪੁੱਤਰੀ)** ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ



ਅਸਾਸੇ ਦੀ ਆਨਲਾਈਨ ਈ-ਨਿਲਾਮੀ ਵਿਕਰੀ

kotak **ਕੋਟਕ ਮਹਿੰਦਰਾ ਬੈਂਕ ਲਿਮ.**

ਪੰਜੀਕ੍ਰਿਤ ਦਫ਼ਤਰ : 27, ਬੀਕੇਸੀ ਸੀ-27, ਜੀ-ਬਲਾਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ- 400051, ਸ਼ਾਖਾ ਦਫ਼ਤਰ : ਕੋਟਕ ਮਹਿੰਦਰਾ ਬੈਂਕ ਲਿਮਿਟਿਡ-ਮਧਿਆ ਮਾਰਗ ਦੂਜੀ ਮੰਜ਼ਿਲ, ਐਸਸੀਓ 153-154-155 ਸੈਕਟਰ 9ਸੀ, ਚੰਡੀਗੜ੍ਹ-160009

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 9 (1) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਨਿਯਮ 8(5) ਦੇ ਤਹਿਤ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਲਾਗੂਕਰਨ ਦੇ ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

"ਫੁੱਲਰਟਨ ਇੰਡੀਆ ਹੋਮ ਫਾਈਨੈਂਸ ਕੰਪਨੀ ਲਿਮਿਟਿਡ" (ਇਸ ਤੋਂ ਬਾਅਦ "FIHFCL" ਵਜੋਂ ਜਾਣਿਆ ਜਾਂਦਾ ਹੈ) ਦੁਆਰਾ ਕੋਟਕ ਮਹਿੰਦਰਾ ਬੈਂਕ ਲਿਮਿਟਿਡ ਦੇ ਹੱਕ ਵਿੱਚ ਕਰਜ਼ੇ ਦੀ ਨਿਯੁਕਤੀ ਤੋਂ ਬਾਅਦ, ਕੋਟਕ ਮਹਿੰਦਰਾ ਬੈਂਕ ਲਿਮਿਟਿਡ (ਇਸ ਤੋਂ ਬਾਅਦ 'ਦ ਬੈਂਕ/ਕੇਐਮਬੀਐਲ/ਸੁਰੱਖਿਅਤ ਕਰਜ਼ਦਾਤਾ' ਵਜੋਂ ਜਾਣਿਆ ਜਾਂਦਾ ਹੈ) ਦੇ ਅਧਿਕਾਰਤ ਅਧਿਕਾਰੀ ਨੇ 22.03.2024 ਨੂੰ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ/ਚਾਰਜ ਕੀਤੀ ਗਈ ਹੇਠਾਂ ਦੱਸੀ ਗਈ ਅਚੱਲ ਜਾਇਦਾਦ (ਇਸ ਤੋਂ ਬਾਅਦ ਸੁਰੱਖਿਅਤ ਸੰਪਤੀ ਕਿਹਾ ਜਾਂਦਾ ਹੈ) ਦਾ ਭੌਤਿਕ ਕਬਜ਼ਾ ਲੈ ਲਿਆ ਹੈ।

ਇਸ ਦੁਆਰਾ ਖਾਸ ਤੌਰ 'ਤੇ ਕਰਜ਼ਦਾਰ(†) ਅਤੇ ਸਹਿ-ਕਰਜ਼ਦਾਰ(†) ਨੂੰ ਅਤੇ ਆਮ ਤੌਰ 'ਤੇ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਬੈਂਕ ਨੇ ਨਿਮਨ ਵੇਰਵਿਆਂ ਅਨੁਸਾਰ **ਸ੍ਰੀ ਈਸ਼ਵਰ ਸਿੰਘ, ਸ੍ਰੀਮਤੀ ਭੁਪਿੰਦਰ ਕੌਰ, ਸ੍ਰੀ ਅਮਰਜੀਤ ਸਿੰਘ ਅਤੇ ਸ੍ਰੀਮਤੀ ਕਰਮਜੀਤ ਕੌਰ** ਦੁਆਰਾ ਪ੍ਰਾਪਤ ਕਰਜ਼ਾ ਖਾਤਾ ਨੰ. **610239510992488** ਅਧੀਨ ਪ੍ਰਾਪਤ ਕਰਜ਼ੇ ਦੀ ਪੂਰਤੀ ਤੱਕ ਭਾਵੀ ਲਾਗੂ ਵਿਆਜ ਸਮੇਤ 03.07.2025 ਦੇ **ਅਨੁਸਾਰ ਬਕਾਇਆ ਰੁ .13,93,140/- (ਰੁਪਏ ਤੇਰਾਂ ਲੱਖ ਤਰਾਨਵੇਂ ਹਜ਼ਾਰ ਇਕ ਸੌ ਚਾਲੀ ਕੇਵਲ)** ਦੀ ਵਸੂਲੀ ਲਈ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਸਰਫਾਇਸੀ ਐਕਟ, 2002 ਦੀਆਂ ਵਿਵਸਥਾਵਾਂ ਅਧੀਨ ਈ-ਨਿਲਾਮੀ ਰਾਹੀਂ ਸੁਰੱਖਿਅਤ ਅਸਾਸੇ ਦੀ ਵਿਕਰੀ ਦਾ ਫੈਸਲਾ ਲਿਆ ਹੈ।

| ਬਿਓਰਾ | ਵੇਰਵੇ |
|---|---|
| ਨਿਲਾਮੀ ਦੀ ਮਿਤੀ | 23.07.2025 |
| ਨਿਲਾਮੀ ਦਾ ਸਮਾਂ | ਦੁਪਹਿਰ 12.00 ਵਜੇ ਤੋਂ ਬਾ.ਦੁ. 01.00 ਵਜੇ ਦੇ ਵਿਚਾਲੇ, 5 ਮਿੰਟਾਂ ਦੇ ਅਸੀਮਤ ਵਾਧੇ ਸਮੇਤ |
| ਰਾਖਵੀਂ ਕੀਮਤ | ਰੁ. 6,66,000/- (ਰੁ. ਛੇ ਲੱਖ ਛਿਆਹਠ ਹਜ਼ਾਰ ਕੇਵਲ) |
| ਬਿਆਨਾ ਰਕਮ ਜਮ੍ਹਾਂ (ਈਐਮਡੀ):- | ਰੁ. 66,000/- (ਰੁ. ਛਿਆਹਠ ਹਜ਼ਾਰ ਕੇਵਲ) |
| ਕੇਵਾਈਸੀ ਨਾਲ ਬਿਆਨਾ ਰਕਮ ਜਮ੍ਹਾਂ ਕਰਨ ਲਈ ਆਖਰੀ ਮਿਤੀ:- | 22.07.2025 ਨੂੰ ਸ਼ਾਮ 06.00 ਵਜੇ ਤੱਕ (ਭਾਰਤੀ ਸਮੇਂ ਅਨੁਸਾਰ) |
| ਸੁਰੱਖਿਅਤ ਅਸਾਸਿਆਂ ਦੇ ਵੇਰਵੇ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਯਾਨੀ ਦੁਕਾਨ ਪਿੰਡ ਨਾਨਪੁਰਕੇਸ਼ੋ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ 0-6.3/4 ਮਰਲੇ ਖੇਤਰ ਭਾਵ 210 ਵਰਗ ਗਜ਼, ਜਿਸ ਵਿੱਚ ਖੇਵਟ/ਖਤੌਣੀ 35/68 ਖਸਰਾ ਨੰਬਰ 8//17/2(0-14), ਕਿੱਤਾ 1, ਕੁੱਲ ਰਕਬਾ 0-14 ਮਰਲੇ 0-4-1/2 ਮਰਲੇ ਵਿੱਚੋਂ 9/28ਵਾਂ ਹਿੱਸਾ ਅਤੇ ਖੇਵਟ/ਖਟੌਣੀ ਨੰਬਰ 27/44, ਖਸਰਾ ਨੰਬਰ 8//24/2/1(1-8), ਕਿੱਤਾ 1, ਕੁੱਲ ਰਕਬਾ 1 ਕਨਾਲ 8 ਮਰਲੇ ਜਿਸ ਵਿੱਚੋਂ-2-1/4/28 0-2-1/4 ਮਰਲਾ, ਇਸ ਲਈ ਕੁੱਲ ਜਾਇਦਾਦ 0-6-3/4 ਮਰਲੇ ਭਾਵ 210 ਵਰਗ ਗਜ਼ ਬਣਦੀ ਹੈ। ਜਾਇਦਾਦ ਦੀ ਹੱਦਬੰਦੀ: ਪੂਰਬ: ਕਰਮਜੀਤ ਸਿੰਘ ਦੀ ਜ਼ਮੀਨ ਸਾਈਡ 61, ਪੱਛਮ: ਸੰਤ ਸਿੰਘ ਦੀ ਜ਼ਮੀਨ ਸਾਈਡ 61, ਉੱਤਰ: ਰਾਜਬੀਰ ਸਿੰਘ ਦੀ ਜ਼ਮੀਨ 31, ਦੱਖਣ: ਸੜਕ ਸਾਈਡ 31 |
| ਜਾਣੂੰ ਦੇਣਦਾਰੀਆਂ | ਕੋਈ ਨਹੀਂ |

ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਸੰਪੱਤੀ ਨੂੰ ਰੀਡੀਮ ਕਰਨ ਲਈ, ਉਪਲਬਧ ਸਮੇਂ ਦੇ ਸਬੰਧ ਵਿੱਚ, ਐਕਟ ਦੇ ਸੈਕਸ਼ਨ 13 ਦੀ ਉਪ ਧਾਰਾ 8 ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ। ਕਰਜ਼ਦਾਰ ਖਾਸ ਤੌਰ 'ਤੇ ਅਤੇ ਆਮ ਤੌਰ 'ਤੇ ਲੋਕ ਕਿਰਪਾ ਕਰਕੇ ਧਿਆਨ ਦੇਣ ਕਿ ਜੇਕਰ ਨਿਲਾਮੀ ਦੇ ਮਾਮਲੇ ਵਿੱਚ ਕਿੱਥੇ ਅਨੁਸੂਚਿਤ ਕਿਸੇ ਵੀ ਕਾਰਨ ਕਰਕੇ ਅਸਫਲ ਹੋ ਜਾਂਦਾ ਹੈ ਤਾਂ ਸੁਰੱਖਿਅਤ ਲੈਣਦਾਰ ਪ੍ਰਾਈਵੇਟ ਸੰਧੀ ਦੁਆਰਾ ਵਿਕਰੀ ਦੇ ਜ਼ਰੀਏ ਸੁਰੱਖਿਆ ਹਿੱਤ ਲਾਗੂ ਕਰ ਸਕਦਾ ਹੈ।

ਵਿਕਰੀ ਅਧੀਨ ਸੰਪਤੀਆਂ ਬਾਰੇ ਕਿਸੇ ਸਪੱਸ਼ਟੀਕਰਨ/ਲੋੜ ਦੇ ਮਾਮਲੇ ਵਿੱਚ, ਬੋਲੀਕਾਰ **ਸ੍ਰੀ ਨੀਰਜ ਜੋਕੋ** (ਮੋਬ. ਨੰ. +919716686150), ਸ੍ਰੀਮਤੀ ਕੰਚਨ ਨਾਰਾ (ਮੋਬ. ਨੰਬਰ +919463227690) ਅਤੇ **ਸ੍ਰੀ ਅਕਸ਼ਿਤ ਸੋਲੰਕੀ** (ਮੋਬ ਨੰਬਰ +917302111608) ਨੂੰ ਸੰਪਰਕ ਕਰ ਸਕਦੇ ਹਨ। **ਬੋਲੀਕਾਰ ਸਪੱਸ਼ਟੀਕਰਨ ਲਈ ਬੈਂਕ ਦੇ ਹੈਲਪਲਾਈਨ ਨੰ.** (+91-9152219751) 'ਤੇ ਵੀ ਸੰਪਰਕ ਕਰ ਸਕਦਾ ਹੈ।

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਲਿੰਕ ਨੂੰ ਵੇਖੋ:-
**HTTPS://WWW.KOTAK.COM/EN/BANK-AUCTIONS.HTML** ਬੈਂਕ ਦੀ ਵੈੱਬਸਾਈਟ ਜਿਵੇਂ ਕਿ **WWW.KOTAK.COM** ਅਤੇ/ਜਾਂ **HTTP://BANKAUCTIONS.IN/** 'ਤੇ ਮੁਹੱਈਆ ਕਰਵਾਇਆ ਗਿਆ ਹੈ।

ਮਿਤੀ : 09.07.2025,
ਸਥਾਨ : ਪਟਿਆਲਾ

ਅਧਿਕਾਰਤ ਅਧਿਕਾਰੀ
ਕੋਟਕ ਮਹਿੰਦਰਾ ਬੈਂਕ ਲਿਮਿਟਿਡ



**ਇੰਡੀਅਨ ਓਵਰਸੀਜ਼ ਬੈਂਕ**
ਸ਼ਾਖਾ : 10-ਬੀ, ਗ੍ਰੀਨ ਐਵੇਨਿਊ ਮਾਰਕੀਟ, ਅੰਮ੍ਰਿਤਸਰ

**ਜਨਤਕ ਨੋਟਿਸ (ਲਾਕਰ ਖੋਲ੍ਹਣ ਲਈ ਤੋੜਨ ਲਈ)**

ਜਦੋਂ ਕਿ, ਹੇਠਾਂ ਦੱਸੇ ਗਏ ਤੁਹਾਡੇ ਵਿੱਚੋਂ ਹਰੇਕ ਨੇ ਬੈਂਕ ਦੀ ਸ਼ਾਖਾ ਤੋਂ ਲਾਕਰ ਸਹੂਲਤ ਪ੍ਰਾਪਤ ਕੀਤੀ/ਭਾੜੇ 'ਤੇ ਲਈ ਹੈ ਅਤੇ ਹੇਠਾਂ ਦਿੱਤੇ ਅਨੁਸਾਰ ਲਾਕਰ ਕਿਰਾਏ ਦੇ ਭੁਗਤਾਨ ਵਿੱਚ ਡਿਫਾਲਟ ਕੀਤਾ ਹੈ।

| ਲ. ਨੰ. | ਲਾਕਰ ਧਾਰਕ ਦਾ ਨਾਮ | ਲਾਕਰ ਨੰ. | ਲਾਕਰ ਦਾ ਕਿਰਾਇਆ ਬਕਾਇਆ | ਬਕਾਇਆ ਰਕਮ (ਰੁਪਏ ਵਿੱਚ) |
|---|---|---|---|---|
| 1. | ਮਹਾਰਾਜ ਸਿੰਘ | 010046 | 01.10.2017 | 10700 |
| 2. | ਰੋਜ਼ੀ | 010067 | 01.10.2012 | 15876 |
| 3. | ਕੁਨਾਲ ਸੇਠ ਅਤੇ ਕਨਿਕਾ ਸੇਠ | 020013 | 01.10.2015 | 21503 |
| 4. | ਵੀ ਕੇ ਮੋਂਗਾ | 020044 | 01.10.2016 | 11679 |
| 5. | ਰਿਪਲ ਗੁਪਤਾ ਅਤੇ ਸੁਦਰਸ਼ਨ ਗੁਪਤਾ | 020048 | 01.10.2014 | 13906 |
| 6. | ਬਲਜੀਤ ਗਜਿੰਦਰ ਸਿੰਘ | 020082 | 01.10.2012 | 15876 |
| 7. | ਸੰਪੂਰਨ ਸਿੰਘ | 020120 | 01.10.2011 | 16736 |
| 8. | ਜੀ ਐਸ ਮਾਨ | 030201 | 01.10.2008 | 19166 |
| 9. | ਸਤਨਾਮ ਕੌਰ ਅਤੇ ਹਰਜੀਤ ਸਿੰਘ | 030204 | 01.10.2023 | 3500 |
| 10. | ਸਵਰਨ ਸਿੰਘ | 030205 | 01.10.2011 | 16736 |
| 11. | ਵਰਿੰਦਰ ਕੌਰ ਅਤੇ ਅਵਤਾਰ ਸਿੰਘ | 040021 | 01.10.2015 | 12800 |
| 12. | ਤ੍ਰਿਪਜੀਤ ਵਧਵਾ | 040069 | 01.10.2018 | 19166 |
| 13. | ਸੰਗੀਤਾ ਗਰੋਵਰ | 040074 | 01.10.2012 | 15876 |
| 14. | ਅਰਵਿੰਦਰ ਪਾਲ ਸਿੰਘ | 040080 | 01.10.2012 | 15876 |
| 15. | ਕਮਲੇਸ਼ ਸ਼ਰਮਾ | 050316 | 01.10.2008 | 19166 |
| 16. | ਹਰਪਾਲ ਕੌਰ | 050318 | 01.10.2008 | 19166 |
| 17. | ਰਵਿੰਦਰ ਸੋਨੀ | 050323 | 01.10.2010 | 17566 |
| 18. | ਊਸ਼ਾ ਖੋਸਲਾ ਅਤੇ ਜੈ ਵੀਰ ਖੋਸਲਾ | 050325 | 01.10.2010 | 17566 |
| 19. | ਪਰਮਜੀਤ ਸਿੰਘ ਚਾਵਲਾ | 050357 | 01.10.2022 | 4800 |
| 20. | ਅੰਜੂ ਸ਼ਰਮਾ | 050358 | 01.10.2019 | 8500 |
| 21. | ਦਵਿੰਦਰ ਕੌਰ | 050387 | 01.10.2015 | 12800 |
| 22. | ਅਸ਼ੋਕ ਕੁਮਾਰ | 060025 | 01.10.2019 | 11000 |
| 23. | ਪੰਕਜ ਅਰੋੜਾ ਅਤੇ ਰੀਨਾ ਅਰੋੜਾ | 040090 | 01.10.2022 | 4800 |

ਲਾਕਰ ਦੇ ਕਿਰਾਏ ਦੇ ਬਕਾਏ ਦੀ ਅਦਾਇਗੀ ਦੀ ਮੰਗ ਕਰਨ ਵਾਲੇ ਨੋਟਿਸ ਦੇ ਬਾਵਜੂਦ, ਤੁਹਾਡੇ ਵਿੱਚੋਂ ਹਰੇਕ ਨੇ ਭੁਗਤਾਨ ਕਰਨ ਵਿੱਚ ਅਸਫਲ ਰਿਹਾ। ਇਨ੍ਹਾਂ ਹਾਲਾਤਾਂ ਵਿੱਚ, 09-08-2025 ਨੂੰ ਦੁਪਹਿਰ 02:00 ਵਜੇ ਤੱਕ ਲਾਕਰ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਤੁਹਾਡੇ ਵਿੱਚੋਂ ਹਰੇਕ ਨੂੰ 09-08-2025 ਨੂੰ ਜਾਂ ਇਸ ਤੋਂ ਪਹਿਲਾਂ ਕਾਰੋਬਾਰੀ ਘੰਟਿਆਂ ਦੌਰਾਨ ਸਬੰਧਤ ਸ਼ਾਖਾ ਪ੍ਰਬੰਧਕ ਨਾਲ ਸੰਪਰਕ ਕਰਨ ਅਤੇ ਲਾਕਰ ਦੇ ਕਿਰਾਏ ਅਤੇ ਹੋਰ ਖਰਚਿਆਂ ਦੇ ਬਕਾਏ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ, ਨਹੀਂ ਤਾਂ ਲਾਕਰ ਤੁਹਾਡੇ ਜੋਖਮ/ਲਾਗਤ ਅਤੇ ਨਤੀਜਿਆਂ 'ਤੇ ਪ੍ਰਸਤਾਵਿਤ ਅਨੁਸਾਰ ਖੋਲ੍ਹੇ ਜਾਣਗੇ। ਤੁਹਾਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਲਾਕਰ ਖੋਲ੍ਹਣ 'ਤੇ, ਲਾਕਰਾਂ ਦੀ ਸਮੱਗਰੀ, ਜੇਕਰ ਕੋਈ ਹੈ, ਤੁਹਾਡੇ ਜੋਖਮ, ਕੀਮਤ ਅਤੇ ਨਤੀਜਿਆਂ 'ਤੇ ਸ਼ਾਖਾ ਵਿੱਚ ਪਈ ਰਹੇਗੀ ਅਤੇ ਬੈਂਕ ਲਾਕਰ ਦੀ ਸਮੱਗਰੀ ਦੇ ਕਿਸੇ ਵੀ ਨੁਕਸਾਨ/ਨੁਕਸਾਨ ਲਈ ਜ਼ਿੰਮੇਵਾਰ ਜਾਂ ਜ਼ਿੰਮੇਵਾਰ ਨਹੀਂ ਹੋਵੇਗਾ। ਜੇਕਰ ਤੁਸੀਂ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਲਾਕਰ ਦੇ ਕਿਰਾਏ ਦੇ ਬਕਾਏ, ਲਾਕਰਾਂ ਨੂੰ ਤੋੜਨ ਲਈ ਹੋਏ ਖਰਚੇ, ਲਾਕਰ ਦੀ ਸਮੱਗਰੀ ਨੂੰ ਸਟੋਰ ਕਰਨ ਅਤੇ ਹੋਰ ਖਰਚਿਆਂ ਦਾ ਭੁਗਤਾਨ ਕਰਕੇ ਲਾਕਰ ਦੀ ਸਮੱਗਰੀ ਦਾ ਦਾਅਵਾ ਕਰਨ ਵਿੱਚ ਅਸਫਲ ਰਹਿੰਦੇ ਹੋ, ਤਾਂ ਲਾਕਰ ਦੀ ਸਮੱਗਰੀ ਤੁਹਾਡੇ ਜੋਖਮ, ਲਾਗਤਾਂ ਅਤੇ ਨਤੀਜਿਆਂ 'ਤੇ ਤੁਹਾਨੂੰ ਬਿਨਾਂ ਕਿਸੇ ਹੋਰ ਨੋਟਿਸ ਦੇ ਜਨਤਕ ਨਿਲਾਮੀ ਵਿੱਚ ਵੇਚੀ ਜਾਵੇਗੀ ਅਤੇ ਨਤੀਜੇ ਵਜੋਂ, ਲਾਗਤਾਂ ਅਤੇ ਹੋਰ ਖਰਚੇ ਨਿਲਾਮੀ ਵਿਕਰੀ ਦੀ ਕਮਾਈ ਵਿੱਚੋਂ ਵਸੂਲ ਕੀਤੇ ਜਾਣਗੇ।

ਮਿਤੀ: 09.07.2025 ਸਥਾਨ: ਅੰਮ੍ਰਿਤਸਰ ਸ਼ਾਖਾ ਪ੍ਰਬੰਧਕ



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਨੰਬਰ: ਐਸ.ਡਬਲਯੂ./ਸਿਗ/ਅੰਬਾਲਾ/ਐਨ.ਆਈ.ਟੀ.-04/2025-26 ਮਿਤੀ: 07.07.2025

| ਲ. ਨੰ. | ਨਿਵਿਦਾ ਨੰਬਰ | ਕੰਮ ਦਾ ਵੇਰਵਾ | ਨਿਵਿਦਾ ਖੁਲਣ ਦੀ ਮਿਤੀ /ਸਮਾਂ | ਅੰਦਾਜ਼ਨ ਲਾਗਤ ਰੁਪੈ | ਬਿਆਨਾ ਰਾਸ਼ੀ ਰੁਪਏ | ਕੰਮ ਪੂਰਾ ਕਰਨ ਦਾ ਸਮਾਂ |
|---|---|---|---|---|---|---|
| 1. | ਓਟੀ-09/ 2025-26 | ਦਾ ਵਰਕ ਫਾਰ ਕੰਪਰੀਹੈਂਸਿਵ ਐਨੂੰਅਲ ਮੈਨਟਨੈਂਸ ਕਾਂਟਰੈਕਟ ਆਫ ਐਮ/ਐਸ ਸੀਮੇਂਸ ਮੈਕ ਵੇਸਟਰੇਸ ਇਲੈਕਟ੍ਰਾਨਿਕ ਇੰਟਰਲਾਕਿੰਗ ਸਿਸਅਮ ਓਵਰ ਅੰਬਾਲਾ ਡਵੀਜਨ | 04.08.2025 at 15.00 hrs | Rs. 38065987.44/- | Rs. 340300/- | 36 ਮਹੀਨੇ |
| 2. | ਓਟੀ-10/ 2025-26 | ਦਾ ਵਰਕ ਫਾਰ ਕੰਪਰੀਹੈਂਸਿਵ ਐਨੂੰਅਲ ਮੈਨਟਨੈਂਸ ਕਾਂਟਰੈਕਟ ਆਫ ਐਮ/ਐਸ ਮੇਧਾ ਮੇਕ (ਐਮ.ਐਸ.ਡੀ.ਈ.ਸੀ) ਸਿਸਟਮ ਇਨ ਰਾਜਪੁਰਾ-ਸਰਾਯ ਬਨਜਾਰਾ ਐਂਡ ਸਰਾਯ ਬਨਜਾਰਾ-ਸਾਧੂਗੜ੍ਹ ਆਟੋਮੈਟਿਕ ਸੈਕਸ਼ਨ ਓਵਰ ਅੰਬਾਲਾ ਡਵੀਜਨ ਫਾਰ ਪੀਰੀਅਡ ਆਫ ਥ੍ਰੀ ਈਅਰਸ | 04.08.2025 at 15.00 hrs | Rs. 12666940.38/- | Rs. 213300/- | 36 ਮਹੀਨੇ |
| 3. | ਓਟੀ-11/ 2025-26 | ਸਿਗਨਲਿੰਗ ਵਰਕ ਇਨ ਕਨੇਕਸ਼ਨ ਵਿਦ ਡਿਫਰੈਂਟ ਟੀ.ਟੀ.ਆਰ. ਸੀ.ਟੀ.ਆਰ, ਟੀ.ਆਰ.ਆਰ., ਟੀ.ਐਸ.ਆਰ, ਟੀ.ਡਬਲਯੂ.ਐਸ. ਐਫ. ਐਸ., ਡਬਲਯੂ.ਸੀ. ਐਮ.ਐਸ.ਸੀ., ਸੀ.ਐਮ.ਐਸ. ਈ ਵਰਕਸ ਓਵਰ ਅੰਬਾਲਾ ਡਵੀਜਨ। | 04.08.2025 at 15.00 hrs | Rs. 50899400.76/- | Rs. 404500/- | 270 Days |

ਨੋਟ : - ਸੀਨੀ. ਮੰਡਲ ਸਿਗ0 ਅਤੇ ਟੈਲੀ. ਇੰਜੀ./ਉ.ਰੇ., ਡੀ.ਆਰ.ਐਮ. ਆਫਿਸ, ਰੇਲ ਬਿਹਾਰ, ਅੰਬਾਲਾ ਛਾਉਣੀ ਦੇ ਦੁਆਰਾ ਇਛੁਕ ਟੈਂਡਰਕਾਰਾਂ ਤੋਂ ਉਪਰੋਕਤ ਸੰਧਰਭਿਤ ਕੰਮਾਂ ਲਈ ਖੁਲ੍ਹੀ ਦਰਸਾਈ ਗਈ ਮਿਤੀ ਅਨੁਸਾਰ 15:00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਾਂ ਦੇ ਦੁਆਰਾ ਸਾਰੇ ਜਰੂਰੀ ਦਸਤਾਵੇਜ਼ ਦੀ ਸਕੈਨ ਪ੍ਰਤੀਲਿਪੀ ਅਪਲੋਡ ਕਰੋ। 1.ਟੈਂਡਰ ਡਾਕੂਮੈਂਟਸ ਤੇ ਟੈਂਡਰ ਸੂਚਨਾ ਦੀ ਵਿਸਤ੍ਰਿਤ ਜਾਣਕਾਰੀ ਦੇ ਲਈ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 2.ਟੈਂਡਰਕਾਰਾਂ ਨੂੰ ਈ-ਟੈਂਡਰਿੰਗ ਵਿਚ ਭਾਗ ਲੈਣ ਦੇ ਲਈ ਉਨ੍ਹਾਂ ਦੇ ਕਲਾਸ-III ਡਿਜੀਟਲ ਸਿਗਨੇਚਰ ਸਰਟੀਫਿਕੇਟ ਹੋਣਾ ਚਾਹੀਦੀ ਅਤੇ ਉਨ੍ਹਾਂ ਉਪਰੋਕਤ ਸਾਈਟ ਤੇ ਰਜਿਸਟਰਡ ਹੋਣਾ ਜਰੂਰੀ ਹੈ। ਟੈਂਡਰਕਾਰਾਂ ਨੂੰ ਨਿਵੇਦਨ ਹੈ ਕਿ ਟੈਂਡਰ ਨੋਟਿਸ ਅਤੇ ਟੈਂਡਰ ਡਾਕੂਮੈਂਟਸ ਵਿਚ ਦਿਤੀਆਂ ਹਿਦਾਇਤਾਂ/ਸ਼ਰਤਾਂ ਆਦਿ ਨੂੰ ਟੈਂਡਰ ਪਾਉਣ ਦੀ ਚੰਗੀ ਤਰ੍ਹਾਂ. ਪੜ੍ਹ ਲੈਣ। 2054/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਕੇਨਰਾ ਬੈਂਕ** Canara Bank
ਭਾਰਤ ਸਰਕਾਰ ਦਾ ਅਦਾਰਾ — ਸਿੰਡੀਕੇਟ Syndicate
**ਖੇਤਰੀ ਦਫਤਰ : ਬਠਿੰਡਾ**

**ਮੰਗ ਸੂਚਨਾ** — ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇੱਥੇ ਬਾਅਦ ਵਿੱਚ "ਕਾਨੂੰਨ" ਵਜੋਂ ਸੱਦਿਆ ਗਿਆ) ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ (ਕਰਜ਼ਦਾਰ) (ਸਹਿ ਕਰਜ਼ਦਾਰ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਕਰਜ਼ੇ ਨੂੰ ਗੈਰ ਕਾਰਗੁਜ਼ਾਰੀ ਵਾਲੀਆਂ ਸੰਪਤੀਆਂ (ਐਨਪੀਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਕਰਜ਼ਦਾਰ(†)/ਜ਼ਾਮਨ(†) ਨੂੰ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਉਨ੍ਹਾਂ ਦੇ ਆਖ਼ਰੀ ਜਾਣੂੰ ਪਤਿਆਂ 'ਤੇ ਸੂਚਨਾਵਾਂ ਭੇਜੀਆਂ ਗਈਆਂ ਸਨ, ਪਰ ਉਹ ਅਣ-ਤਾਮੀਲੀਆਂ ਪਰਤ ਆਈਆਂ ਅਤੇ ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ ਅਤੇ ਕਰਜ਼ਦਾਰ (†)/ ਜ਼ਾਮਨ(†) | ਚੱਲ/ਅਚੱਲ ਸੰਪਤੀਆਂ/ ਅਸਾਸਿਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਦੇਣਦਾਰੀ |
|---|---|---|---|---|
| 100 ਫੁੱਟ ਰੋਡ (6734) ਬ੍ਰਾਂਚ<br>1. ਲਕਸ਼ਮੀ ਕਮਲ ਸਕੂਲ ਡਰੈੱਸਜ਼ ਮਕਾਨ ਨੰਬਰ 19505 ਗਲੀ ਨੰਬਰ ਬੀ-ਬੀਬੀ -ਵਾਲਾ ਰੋਡ-ਬਠਿੰਡਾ-ਪੰਜਾਬ-ਇੰਡਿਆ<br>2. ਨੀਲਮ ਕੁਮਾਰੀ, ਐਮਸੀਬੀ-ਜ਼ੈੱਡ-6 02644/ ਗਲੀ ਨੰਬਰ 3, ਸੁਰਖਪੀਰ ਰੋਡ, ਬਠਿੰਡਾ | ਸ੍ਰੀਮਤੀ ਨੀਲਮ ਕੁਮਾਰੀ ਪਤਨੀ ਸ੍ਰੀ ਮਨੋਜ ਕੁਮਾਰ ਪੁੱਤਰ ਸ੍ਰੀ ਕਿਸ਼ੋਰੀ ਲਾਲ ਦੇ ਨਾਮ 'ਤੇ 00 ਬਿਘਾ-02 ਬਿਸਵਾ ਦੇ ਬਰਾਬਰ 100 ਵਰਗ ਗਜ਼ ਦੇ ਪਲਾਟ 'ਤੇ ਬਣਿਆ ਰਿਹਾਇਸ਼ੀ ਘਰ, ਜੋ ਕਿ 03 ਬਿਘਾ-00 ਬਿਸਵਾ ਦਾ 1/30 ਹਿੱਸਾ ਹੈ, ਖੇਵਟ/ਖਟੌਣੀ ਨੰਬਰ 1613/8453 ਤੋਂ 8455, ਖਸਰਾ ਨੰਬਰ 4667 ਮਿਨ (3-0) ਵਿੱਚ ਸ਼ਾਮਲ ਹੈ, ਸਾਲ 2012-2013 ਲਈ ਜਮ੍ਹਾਂਬੰਦੀ ਅਨੁਸਾਰ ਪੱਟੀ ਝੁੱਟੀ, ਬਠਿੰਡਾ, ਤਹਿਸੀਲ ਅਤੇ ਜ਼ਿਲ੍ਹਾ ਬਠਿੰਡਾ, ਵਾਰਡ ਨੰਬਰ 42, ਐਮਸੀਬੀ ਜ਼ੈੱਡ-6/02644/001 ਗਲੀ ਨੰਬਰ 3, ਚਰਚ ਦੇ ਨੇੜੇ, ਸੁਰਖਪੀਰ ਰੋਡ, ਬਠਿੰਡਾ ਵਿਖੇ ਸਥਿਤ ਹੈ। ਅਤੇ ਟਰਾਂਸਫਰ ਡੀਡ ਦੇ ਅਨੁਸਾਰ ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: 15 ਫੁੱਟ-00 ਇੰਚ, ਘਰ, ਪੱਛਮ: 15 ਫੁੱਟ-00 ਇੰਚ, ਗਲੀ 20 ਫੁੱਟ ਚੌੜੀ, ਉੱਤਰ: 60 ਫੁੱਟ-00 ਇੰਚ, ਬਲਵੀਰ ਸਿੰਘ ਦਾ ਘਰ, ਦੱਖਣ: 60 ਫੁੱਟ-00 ਇੰਚ, ਕਿਸ਼ੋਰੀ ਲਾਲ ਦਾ ਘਰ, ਰਾਹੀਂ ਇਸ ਦੇ ਡੀਡ ਨੰਬਰ 2022-23/23/1/6334 ਮਿਤੀ 25.08.2022 ਰਾਹੀਂ ਖਰੀਦਿਆ ਗਿਆ, ਸਬ-ਰਜਿਸਟਰਾਰ, ਬਠਿੰਡਾ ਨਾਲ ਰਜਿਸਟਰਡ। | 28.06.2025 | 01.07.2025 | ਓ/ਐਸ ਵਿਚ ਲੋਨ ਖਾਤਾ ਨੰ. 125003100490 Rs. 7,02,000.00 ਅਗਲੇਰੇ ਵਿਆਜ ਅਤੇ ਅਚਨਚੇਤੀ ਖਰਚਿਆਂ ਅਤੇ ਲਾਗਤਾਂ ਸਮੇਤ<br>ਓ/ਐਸ ਵਿਚ ਲੋਨ ਖਾਤਾ ਨੰ. 170006719876 Rs. 6,33,495.50 ਅਗਲੇਰੇ ਵਿਆਜ ਅਤੇ ਅਚਨਚੇਤੀ ਖਰਚਿਆਂ ਅਤੇ ਲਾਗਤਾਂ ਸਮੇਤ |

ਸੂਚਨਾ ਦੀ ਵਿਕਲਪਿਕ ਤਾਮੀਲ ਲਈ ਕਦਮ ਚੁੱਕੇ ਜਾ ਰਹੇ ਹਨ। ਉਕਤ ਕਰਜ਼ਦਾਰ(†) ਨੂੰ ਇਸ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਇਸ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇਰੇ ਕਦਮ ਚੁੱਕੇ ਜਾਣਗੇ।

ਮਿਤੀ: 09.07.2025 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ



ਬੈਂਕ ਆਫ ਬੜੌਦਾ Bank of Baroda

ਸ਼ਾਖਾ ਦਫ਼ਤਰ:- ਐਸਸੀਓ 1040, ਅਰਿਸਟਾ ਹੋਟਲ ਦੇ ਨਾਲ ਹਨੀ ਕਮਰਸ਼ੀਅਲ ਕੰਪਲੈਕਸ, ਨਿਊ ਸੰਨੀ ਐਨਕਲੇਵ, ਸੈਕਟਰ 125, ਖਰੜ, ਜ਼ਿਲ੍ਹਾ ਐਸਏਐਸ ਨਗਰ, ਪੰਜਾਬ - 140301,
M: 7710698788, 7710698799, E-mail: vjchro@bankofbaroda.co.in

ਅਨੁਲੱਗ-9 - ਛੁਟਕਾਰੇ ਦਾ ਸੂਚਨਾ

**ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 6(2) ਅਤੇ/ਜਾਂ ਨਿਯਮ 8(6) ਦੇ ਤਹਿਤ ਨੋਟਿਸ।**

ਸੰਦਰਭ ਨੰ. BR: VJCHRO: REC: MAXSOL-01 ਮਿਤੀ: 30.06.2025

ਵੱਲ,
(1) ਮੈਸਰਜ਼ ਮੈਕਸ ਸਲਿਊਸ਼ਨਜ਼, ਪ੍ਰੋ. ਪ੍ਰੀਤ ਕਮਲ ਸਿੰਘ, ਮਕਾਨ ਨੰ. 993, ਗਿਲਕੋ ਹਾਈਟਸ, ਗਿਲਕੋ ਵੈਲੀ, ਸੈਕਟਰ 127, ਖਰੜ, ਐਸਏਐਸ ਨਗਰ, ਪੰਜਾਬ
(2) ਸ੍ਰੀ ਪ੍ਰੀਤ ਕਮਲ ਸਿੰਘ, ਈ 10/68, ਗਲੀ ਨੰਬਰ 01, ਸਤ ਕਰਤਾਰ ਨਗਰ, ਛੇਹਰਟਾ, ਅੰਮ੍ਰਿਤਸਰ, ਪੰਜਾਬ - 143105।
(3) ਸ੍ਰੀਮਤੀ ਜਸਪਿੰਦਰ ਕੌਰ (ਜ਼ਾਮਨ), ਈ 10/68, ਗਲੀ ਨੰਬਰ 03, ਸਤ ਕਰਤਾਰ ਨਗਰ, ਛੇਹਰਟਾ, ਅੰਮ੍ਰਿਤਸਰ, ਪੰਜਾਬ - 143105

ਹਵਾਲਾ:- ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਸਰਫਾਇਸੀ ਐਕਟ, 2002) ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 6(2) ਅਤੇ/ਜਾਂ ਨਿਯਮ 8(6) ਦੇ ਤਹਿਤ ਨੋਟਿਸ।

ਹਵਾਲਾ: - 1) ਡਿਮਾਂਡ ਨੋਟਿਸ ਮਿਤੀ 17.06.2022 ਨੂੰ ਸਰਫਾਇਸੀ ਐਕਟ 2002 ਦੀ ਧਾਰਾ 13 (2) ਅਧੀਨ ਜਾਰੀ ਕੀਤਾ ਗਿਆ।
(2) ਕਬਜ਼ਾ ਨੋਟਿਸ ਮਿਤੀ 02.11.2022 ਨੂੰ ਸਰਫਾਇਸੀ ਐਕਟ 2002 ਦੀ ਧਾਰਾ 13 (4) ਅਧੀਨ ਜਾਰੀ ਕੀਤਾ ਗਿਆ।

ਸ੍ਰੀਮਾਨ/ਸ੍ਰੀਮਤੀ

ਜਦੋਂ ਕਿ ਬੈਂਕ ਆਫ਼ ਬੜੌਦਾ ਦੇ ਅਧਿਕਾਰਤ ਅਧਿਕਾਰੀ, ਸ਼ਾਖਾ ਚੰਡੀਗੜ੍ਹ ਰੋਡ ਖਰੜ, ਪਤਾ:- ਐਸਸੀਓ 1040, ਹਨੀ ਕਮਰਸ਼ੀਅਲ ਕੰਪਲੈਕਸ, ਨਿਊ ਸੰਨੀ ਐਨਕਲੇਵ, ਸੈਕਟਰ 125, ਖਰੜ, ਜ਼ਿਲ੍ਹਾ। ਐਸਏਐਸ ਨਗਰ, ਸੁਰੱਖਿਅਤ ਕਰਜ਼ਾਦਾਤਾ ਬੈਂਕ ਹੋਣ ਦੇ ਨਾਤੇ, ਸਰਫਾਇਸੀ ਐਕਟ 2002 (ਇਸ ਤੋਂ ਬਾਅਦ "ਐਕਟ" ਵਜੋਂ ਹਵਾਲਾ ਦਿੱਤਾ ਗਿਆ ਹੈ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 (ਇਸ ਤੋਂ ਬਾਅਦ "ਨਿਯਮ" ਵਜੋਂ ਹਵਾਲਾ ਦਿੱਤਾ ਗਿਆ ਹੈ) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਮਿਤੀ 17-06-2022 ਨੂੰ ਮੰਗ ਨੋਟਿਸ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਤੁਹਾਨੂੰ ਉਧਾਰ ਲੈਣ ਵਾਲੇ/ਮਰਜਨੀ ਦੇਣ ਵਾਲੇ/ਗਾਰੰਟੀ ਦੇਣ ਵਾਲੇ ਹੋਣ ਦੇ ਨਾਤੇ ਉਕਤ ਨੋਟਿਸ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ ਉਕਤ ਮੰਗ ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਹੈ।

ਜਦੋਂ ਕਿ ਤੁਸੀਂ ਰਕਮ ਵਾਪਸ ਕਰਨ ਵਿੱਚ ਅਸਫਲ ਰਹੇ ਹੋ, ਨਿਯਮ 4 ਅਤੇ/ਜਾਂ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੇ ਧਾਰਾ 13(4) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠਾਂ ਹਸਤਾਖਰ ਕਰਨ ਵਾਲੇ ਨੇ ਸੁਰੱਖਿਅਤ ਸੰਪਤੀਆਂ (ਇਸ ਤੋਂ ਬਾਅਦ ਉਕਤ ਸੰਪਤੀਆਂ ਵਜੋਂ ਹਵਾਲਾ ਦਿੱਤਾ ਗਿਆ ਹੈ) ਦਾ ਕਬਜ਼ਾ ਲੈ ਲਿਆ ਹੈ, ਜਿਸ ਦਾ ਵਰਣਨ ਹੇਠਾਂ ਦਿੱਤੇ ਅਨੁਸੂਚੀ ਵਿੱਚ ਕੀਤਾ ਗਿਆ ਹੈ। [ਕਬਜ਼ਾ ਨੋਟਿਸ ਦੀ ਕਾਪੀ ਮਿਤੀ 02.11.2022 ਤਿਆਰ ਹਵਾਲੇ ਲਈ ਇੱਥੇ ਨੱਥੀ ਕੀਤੀ ਗਈ ਹੈ]।

ਸੁਰੱਖਿਅਤ ਸੰਪਤੀ ਦਾ ਕਬਜ਼ਾ ਲੈਣ ਤੋਂ ਬਾਅਦ ਵੀ, ਤੁਸੀਂ ਉਪਰੋਕਤ ਕਬਜ਼ੇ ਨੋਟਿਸ ਵਿੱਚ ਦੱਸੇ ਅਨੁਸਾਰ ਬੈਂਕ ਨੂੰ ਬਕਾਇਆ ਰਕਮ ਦਾ ਭੁਗਤਾਨ ਨਹੀਂ ਕੀਤਾ ਹੈ। ਤੁਹਾਡਾ ਧਿਆਨ ਸਰਫਾਇਸੀ ਐਕਟ, 2002 ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ।

ਇਸ ਲਈ ਤੁਹਾਨੂੰ ਸਾਰਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟਿਸ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਬਜ਼ੇ ਨੋਟਿਸ ਵਿੱਚ ਦੱਸੇ ਗਏ ਬਕਾਏ ਲਾਗੂ ਵਿਆਜ, ਲਾਗਤ, ਖਰਚੇ ਅਤੇ ਖਰਚਿਆਂ ਦੇ ਨਾਲ ਅਦਾ ਕਰੋ ਅਤੇ ਹੇਠਾਂ ਦੱਸੇ ਅਨੁਸਾਰ ਸੁਰੱਖਿਅਤ ਸੰਪਤੀ ਨੂੰ ਛੁਡਾਓ। ਜੇਕਰ ਤੁਸੀਂ ਉਪਰੋਕਤ ਬਕਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੇ ਹੋ ਅਤੇ ਇਸ ਨੋਟਿਸ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਸੁਰੱਖਿਅਤ ਸੰਪਤੀ ਨੂੰ ਛੁਡਾਉਣ ਵਿੱਚ ਅਸਫਲ ਰਹਿੰਦੇ ਹੋ, ਤਾਂ ਬੈਂਕ ਈ-ਨਿਲਾਮੀ ਵਿਕਰੀ ਨੋਟਿਸ ਦੇ ਪ੍ਰਕਾਸ਼ਨ ਦੁਆਰਾ ਜਨਤਕ ਈ-ਨਿਲਾਮੀ ਰਾਹੀਂ ਸੁਰੱਖਿਅਤ ਸੰਪਤੀ ਨੂੰ ਵੇਚਣ ਲਈ ਮਜਬੂਰ ਹੋਵੇਗਾ। ਈ-ਨਿਲਾਮੀ ਦੀ ਮਿਤੀ, ਸਮਾਂ ਅਤੇ ਜਾਇਦਾਦ ਦੀ ਰਿਜ਼ਰਵ ਕੀਮਤ ਤੁਹਾਨੂੰ ਵੱਖਰੇ ਤੌਰ 'ਤੇ ਸੂਚਿਤ ਕੀਤੀ ਜਾਵੇਗੀ।

**ਸੁਰੱਖਿਅਤ ਸੰਪਤੀਆਂ / ਜਾਇਦਾਦਾਂ ਦੀ ਸਮਾਂ-ਸਾਰਣੀ**

| ਚੱਲ/ਅਚੱਲ ਜਾਇਦਾਦਾਂ ਦਾ ਵੇਰਵਾ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ (ਸੰਕੇਤਕ/ ਭੌਤਿਕ) | ਕਬਜ਼ੇ ਦੀ ਸੂਚਨਾ ਪ੍ਰਕਾਸ਼ਿਤ ਹੋਣ ਦੀ ਮਿਤੀ (ਸਿਰਫ਼ ਅਚੱਲ ਜਾਇਦਾਦ ਲਈ) |
|---|---|---|---|
| ਵਸੀਕਾ ਨੰਬਰ 3940 ਮਿਤੀ 28.07.2017 ਸਾਲ 2013-14 ਦੀ ਜਮ੍ਹਾਂਬੰਦੀ ਅਨੁਸਾਰ ਸ੍ਰੀ ਪ੍ਰੀਤ | 02.11.2022 | ਸੰਕੇਤਕ ਕਬਜ਼ਾ | 03.11.2022 |

ਕਮਲ ਸਿੰਘ ਦੇ ਨਾਮ 'ਤੇ ਈ-804, 8ਵੀਂ ਮੰਜ਼ਿਲ, ਟਾਵਰ ਈ ਦਾ ਮਾਪ 0 ਕਨਾਲ 1/2 ਮਰਲੇ ਜਿਸ ਵਿੱਚ ਖਾਤਾ ਨੰਬਰ 99/120, 347/361 (ਨਵਾਂ ਖੱਤਾ ਨੰਬਰ 111/115, 401/410) ਸ਼ਾਮਲ ਹੈ। ਖਸਰਾ ਨੰਬਰ 39//2(3-4), 3(8-0), 9(0-12), 12(0-14), 13(7-15), 18/1/2-4), 39//19(0-9) ਖੇਤਰਫਲ 30 ਕਨਾਲ 18 ਮਰਲੇ ਜਿਸ ਵਿੱਚ 1/1854 ਹਿੱਸਾ 0 ਕਨਾਲ 1/2 ਮਰਲੇ ਐਮਰਜਿੰਗ ਹਾਈਟਸ - 3 ਪਿੰਡ ਸੰਤੇਮਾਜਰਾ ਵਿਖੇ ਸਥਿਤ ਹੈ ਜਿਸ ਵਿੱਚ ਐਚ.ਬੀ. ਨੰਬਰ 186, ਤਹਿਸੀਲ ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ ਮੋਹਾਲੀ। ਇਸ ਤਰ੍ਹਾਂ ਹੱਦਬੰਦੀ:- ਉੱਤਰ: ਹੋਰ ਟਾਵਰਾਂ ਦੇ ਅਪਾਰਟਮੈਂਟ; ਪੂਰਬ: ਖੁੱਲ੍ਹਾ ਅਸਮਾਨ ਅਤੇ ਹੱਦ ਵਾਲੀ ਕੰਧ; ਦੱਖਣ: ਸਾਹਮਣੇ ਵਾਲਾ ਰਸਤਾ ਅਤੇ ਅਪਾਰਟਮੈਂਟ ਨੰਬਰ 801; ਪੱਛਮ: ਅਪਾਰਟਮੈਂਟ ਨੰਬਰ 803

ਮਿਤੀ : 08.07.2025
ਸਥਾਨ : ਖਰੜ (ਜ਼ਿਲ੍ਹਾ ਐਸਏਐਸ ਨਗਰ ਮੋਹਾਲੀ) ਅਧਿਕਾਰਤ ਅਧਿਕਾਰੀ

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਕਈ ਸਿਹਤ ਸਮੱਸਿਆਵਾ ਨੂੰ ਦੂਰ ਕਰਨ ’ਚ ਲਾਹੇਵੰਦ ਹੈ ਕੱਚੇ ਕੇਲੇ ਦੀ ਸਬਜ਼ੀ

ਕੱਚੇ ਕੇਲੇ ਦਾ ਸੇਵਨ ਸਿਹਤ ਲਈ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਕਿਉਂਕਿ ਇਹ ਔਸ਼ਧੀ ਗੁਣਾਂ ਨਾਲ ਭਰਪੂਰ ਹੁੰਦਾ ਹੈ। ਕੱਚੇ ਕੇਲੇ ਦਾ ਸੇਵਨ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ ਪਰ ਕੀ ਤੁਸੀਂ ਕਦੇ ਕੱਚੇ ਕੇਲੇ ਦੀ ਸਬਜ਼ੀ ਖਾਧੀ ਹੈ ? ਕੱਚੇ ਕੇਲੇ



ਦੀ ਸਬਜ਼ੀ ਸੁਆਦੀ ਹੋਣ ਦੇ ਨਾਲ-ਨਾਲ ਸਿਹਤ ਲਈ ਵੀ ਬਹੁਤ ਫਾਇਦੇਮੰਦ ਹੁੰਦੀ ਹੈ। ਕੱਚੇ ਕੇਲੇ ਦੀ ਸਬਜ਼ੀ ਦਾ ਸੇਵਨ ਬਲੱਡ ਸ਼ੂਗਰ ਲੈਵਲ ਕੰਟਰੋਲ ਦੇ ਨਾਲ ਨਾਲ ਕਈ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਨੂੰ ਵੀ ਦੂਰ ਕਰਨ ’ਚ ਮਦਦ ਕਰਦਾ ਹੈ। ਕਿਉਂਕਿ ਕੱਚੇ ਕੇਲੇ ’ਚ ਫਾਈਬਰ, ਵਿਟਾਮਿਨ-ਸੀ, ਵਿਟਾਮਿਨ-ਬੀ6, ਵਿਟਾਮਿਨ-ਏ, ਪੋਟਾਸ਼ੀਅਮ, ਫਾਸਫੋਰਸ, ਮੈਗਨੀਸ਼ੀਅਮ, ਜ਼ਿੰਕ ਵਰਗੇ ਤੱਤਾਂ ਭਰਪੂਰ ਮਾਤਰਾ ’ਚ ਪਾਏ ਜਾਂਦੇ ਹਨ, ਜੋ ਤੁਹਾਡੇ ਸਰੀਰ ਨੂੰ ਬਹੁਤ ਸਾਰੇ ਫਾਇਦੇ ਪ੍ਰਦਾਨ ਕਰਦੇ ਹਨ।

**ਪਾਚਨ ਨੂੰ ਸੁਧਾਰਨ ’ਚ ਮਦਦਗਾਰ :** ਜੇਕਰ ਤੁਸੀਂ ਕੱਚੇ ਕੇਲੇ ਦੀ ਸਬਜ਼ੀ ਦਾ ਸੇਵਨ ਕਰਦੇ ਹੋ ਤਾਂ ਇਸ ਨਾਲ ਪਾਚਨ ਸਿਹਤ ਨੂੰ ਫਾਇਦਾ ਹੁੰਦਾ ਹੈ। ਕਿਉਂਕਿ ਇਸ ’ਚ ਪਾਇਆ ਜਾਣ ਵਾਲਾ ਫਾਈਬਰ ਪਾਚਨ ਕਿਰਿਆ ਨੂੰ ਸੁਧਾਰਦਾ ਹੈ ਅਤੇ ਪਾਚਨ ਨਾਲ ਜੁੜੀਆਂ ਸਮੱਸਿਆਵਾਂ ਨੂੰ ਦੂਰ ਕਰਨ ’ਚ ਮਦਦ ਕਰਦਾ ਹੈ।

**ਚਮੜੀ ਨੂੰ ਸਿਹਤਮੰਦ ਰੱਖਣ ਲਈ ਫਾਇਦੇਮੰਦ :** ਜੇਕਰ ਤੁਸੀਂ ਆਪਣੀ ਚਮੜੀ ਨੂੰ ਸਿਹਤਮੰਦ ਅਤੇ ਚਮਕਦਾਰ ਬਣਾਈ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਕੱਚੇ ਕੇਲੇ ਦੀ ਸਬਜ਼ੀ ਦਾ ਸੇਵਨ ਕਰਨਾ ਚਾਹੀਦਾ ਹੈ। ਕਿਉਂਕਿ ਇਸ ਵਿਚ ਪਾਏ ਜਾਣ ਵਾਲੇ ਐਂਟੀ-ਆਕਸੀਡੈਂਟ ਗੁਣ ਚਮੜੀ ਨਾਲ ਜੁੜੀਆਂ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਚਮੜੀ ਨੂੰ ਸਿਹਤਮੰਦ ਰੱਖਣ ਵਿਚ ਮਦਦ ਕਰਦੇ ਹਨ।

**ਕੋਲੈਸਟ੍ਰੋਲ ਨੂੰ ਕੰਟਰੋਲ ’ਚ ਰੱਖਣ ਲਈ ਫਾਇਦੇਮੰਦ :** ਜੇਕਰ ਤੁਹਾਨੂੰ ਵੀ ਹਾਈ ਕੋਲੈਸਟ੍ਰੋਲ ਦੀ ਸਮੱਸਿਆ ਰਹਿੰਦੀ ਹੈ ਤਾਂ ਤੁਹਾਨੂੰ ਕੱਚੇ ਕੇਲੇ ਦੀ ਸਬਜ਼ੀ ਦਾ ਸੇਵਨ ਕਰਨਾ ਚਾਹੀਦਾ ਹੈ। ਕਿਉਂਕਿ ਇਸ ਚ ਪਾਏ ਜਾਣ ਵਾਲੇ ਤੱਤ ਹਾਨੀਕਾਰਕ ਕੋਲੈਸਟ੍ਰਾਲ ਨੂੰ ਘੱਟ ਕਰਨ ’ਚ ਮਦਦ ਕਰਦੇ ਹਨ, ਜਿਸ ਨਾਲ ਦਿਲ ਦੀਆਂ ਬੀਮਾਰੀਆਂ ਦਾ ਖਤਰਾ ਘੱਟ ਹੁੰਦਾ ਹੈ।

**ਇਮਿਊਨਿਟੀ ਵਧਾਉਣ ਲਈ ਫਾਇਦੇਮੰਦ :** ਜੇਕਰ ਤੁਸੀਂ ਆਪਣੀ ਇਮਿਊਨਿਟੀ ਨੂੰ ਬਣਾਈ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਕੱਚੇ ਕੇਲੇ ਦੀ ਸਬਜ਼ੀ ਦਾ ਸੇਵਨ ਕਰਨਾ ਚਾਹੀਦਾ ਹੈ। ਕਿਉਂਕਿ ਇਸ ਵਿੱਚ ਪਾਇਆ ਜਾਣ ਵਾਲਾ ਵਿਟਾਮਿਨ ਸੀ ਇਮਿਊਨਿਟੀ ਵਧਾਉਣ ਵਿੱਚ ਮਦਦ ਕਰਦਾ ਹੈ, ਜਿਸ ਨਾਲ ਤੁਹਾਨੂੰ ਮੌਸਮੀ ਬਿਮਾਰੀਆਂ ਤੋਂ ਬਚਾਉਂਦਾ ਹੈ।

**ਭਾਰ ਘਟਾਉਣ ’ਚ ਮਦਦਗਾਰ :** ਜੇਕਰ ਤੁਸੀਂ ਆਪਣੇ ਵਧਦੇ ਭਾਰ ਤੋਂ ਪਰੇਸ਼ਾਨ ਹੋ ਅਤੇ ਆਪਣੇ ਭਾਰ ਨੂੰ ਕੰਟਰੋਲ ’ਚ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਕੱਚੇ ਕੇਲੇ ਦੀ ਸਬਜ਼ੀ ਦਾ ਸੇਵਨ ਕਰਨਾ ਚਾਹੀਦਾ ਹੈ। ਕਿਉਂਕਿ ਇਸ ’ਚ ਪਾਇਆ ਜਾਣ ਵਾਲਾ ਫਾਈਬਰ ਪੇਟ ਨੂੰ ਲੰਬੇ ਸਮੇਂ ਤੱਕ ਭਰਿਆ ਰੱਖਦਾ ਹੈ, ਜੋ ਭਾਰ ਘਟਾਉਣ ’ਚ ਫਾਇਦੇਮੰਦ ਹੁੰਦਾ ਹੈ।

# ਨੇਤਨਯਾਹੂ ਨੇ ਟਰੰਪ ਨੂੰ ਨੋਬਲ ਪੁਰਸਕਾਰ ਲਈ ਕੀਤਾ ਨਾਮਜ਼ਦ, ਕਿਹਾ-‘ਤੁਸੀਂ ਇਸ ਦੇ ਹੱਕਦਾਰ ਹੋ’

ਵਾਸ਼ਿੰਗਟਨ, 8 ਜੁਲਾਈ (ਚ.ਨ.ਸ.) : ਗਾਜ਼ਾ ਵਿੱਚ ਜੰਗਬੰਦੀ ਦੀਆਂ ਕੋਸ਼ਿਸ਼ਾਂ ਦੇ ਵਿਚਕਾਰ, ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਮਰੀਕਾ ਪਹੁੰਚੇ। ਇੱਥੇ ਉਨ੍ਹਾਂ ਨੇ ਵ੍ਹਾਈਟ ਹਾਊਸ ਵਿੱਚ ਰਾਤ ਦੇ ਖਾਣੇ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਨੇਤਨਯਾਹੂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਨੋਬਲ ਸ਼ਾਂਤੀ ਪੁਰਸਕਾਰ



ਲਈ ਨਾਮਜ਼ਦ ਕਰਨ ਬਾਰੇ ਗੱਲ ਕੀਤੀ।ਪ੍ਰਧਾਨ ਮੰਤਰੀ ਨੇਤਨਯਾਹੂ ਨੇ ਕਿਹਾ ਕਿ ਮੈਂ ਤੁਹਾਨੂੰ ਨੋਬਲ ਪੁਰਸਕਾਰ ਕਮੇਟੀ ਨੂੰ ਭੇਜਿਆ ਗਿਆ ਪੱਤਰ ਪੇਸ਼ ਕਰਨਾ ਚਾਹੁੰਦਾ ਹਾਂ। ਇਸ ਵਿੱਚ, ਤੁਹਾਨੂੰ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ, ਜਿਸ ਦੇ ਤੁਸੀਂ ਹੱਕਦਾਰ ਹੋ ਅਤੇ ਤੁਹਾਨੂੰ ਇਹ ਮਿਲਣਾ ਚਾਹੀਦਾ ਹੈ।ਦਰਅਸਲ, ਮੀਟਿੰਗ ਦੌਰਾਨ, ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ। ਵ੍ਹਾਈਟ ਹਾਊਸ ਵਿੱਚ ਇੱਕ ਮੀਟਿੰਗ ਦੌਰਾਨ, ਉਨ੍ਹਾਂ ਨੇ ਟਰੰਪ ਨੂੰ ਨਾਮਜ਼ਦਗੀ ਪੱਤਰ ਸੌਂਪਿਆ।

# ਦੱਖਣੀ ਅਮਰੀਕੀ ਦੇਸ਼ ਸੂਰੀਨਾਮ ਨੂੰ ਆਪਣੀ ਪਹਿਲੀ ਮਹਿਲਾ ਰਾਸ਼ਟਰਪਤੀ ਮਿਲੀ

ਪਾਰਾਮਾਰਿਬੋ , 8 ਜੁਲਾਈ (ਚ.ਨ.ਸ.) : ਦੱਖਣੀ ਅਮਰੀਕੀ ਦੇਸ਼ ਸੂਰੀਨਾਮ ਨੂੰ ਆਪਣੀ ਪਹਿਲੀ ਮਹਿਲਾ ਰਾਸ਼ਟਰਪਤੀ ਮਿਲ ਗਈ ਹੈ। ਦੇਸ਼ ਨੇ 71 ਸਾਲਾ ਡਾਕਟਰ ਅਤੇ ਤਜਰਬੇਕਾਰ ਕਾਨੂੰਨਸਾਜ਼ ਜੈਨੀਫਰ ਗੀਅਰਲਿੰਗਸ-ਸਾਈਮਨਸ ਨੂੰ ਸੂਰੀਨਾਮ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਚੁਣਿਆ ਹੈ। ਉਹ ਆਰਥਿਕ ਸਮੱਸਿਆਵਾਂ ਨਾਲ ਜੂਝ ਰਹੇ ਦੇਸ਼ ਦੀ ਅਗਵਾਈ ਕਰੇਗੀ। ਅਲ ਜਜ਼ੀਰਾ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਨੈਸ਼ਨਲ ਡੈਮੋਕ੍ਰੇਟਿਕ ਪਾਰਟੀ ਦੇ ਮੁਖੀ ਗੀਅਰਲਿੰਗਸ-ਸਾਈਮਨਸ ਨੇ ਬਿਨਾਂ ਵਿਰੋਧ ਦੇ ਚੋਣ ਲੜੀ ਅਤੇ ਉਹ 16 ਜੁਲਾਈ ਨੂੰ ਸਹੁੰ ਚੁੱਕੇਗੀ। ਗ੍ਰੈਗਰੀ ਰਸਲੈਂਡ ਉਪ-ਰਾਸ਼ਟਰਪਤੀ ਹੋਣਗੇ ਅਤੇ ਉਹ ਇਕੱਠੇ ਇੱਕ ਅਜਿਹੇ ਦੇਸ਼ ਦੀ ਅਗਵਾਈ ਕਰਨਗੇ ਜੋ ਆਰਥਿਕ ਤਣਾਅ, ਸਬਸਿਡੀ ਵਿੱਚ ਕਟੌਤੀ ਅਤੇ ਵਧਦੀ ਜਨਤਕ ਅਸੰਤੁਸ਼ਟੀ ਨਾਲ ਜੂਝ ਰਿਹਾ ਹੈ।ਆਪਣੇ ਸਵੀਕ੍ਰਿਤੀ ਭਾਸ਼ਣ ਵਿੱਚ ਉਨ੍ਹਾਂ ਨੇ ਆਪਣੇ ਅੱਗੇ ਦੇ ਮੁਸ਼ਕਲ ਰਸਤੇ ਨੂੰ ਸਵੀਕਾਰ ਕੀਤਾ। ਉਸਨੇ ਕਿਹਾ,ਮੈਨੂੰ ਪਤਾ ਹੈ ਕਿ ਮੈਂ ਜੋ ਮੁਸ਼ਕਲ ਕੰਮ ਸੰਭਾਲਿਆ ਹੈ, ਉਹ



ਇਸ ਤੱਥ ਤੋਂ ਹੋਰ ਵੀ ਵੱਧ ਗਿਆ ਹੈ ਕਿ ਮੈਂ ਇਸ ਅਹੁਦੇ ਤੇ ਦੇਸ਼ ਦੀ ਸੇਵਾ ਕਰਨ ਵਾਲੀ ਪਹਿਲੀ ਔਰਤ ਹਾਂ। ਅਲ ਜਜ਼ੀਰਾ ਅਨੁਸਾਰ ਉਨ੍ਹਾਂ ਦੀ ਚੋਣ ਨੈਸ਼ਨਲ ਅਸੈਂਬਲੀ ਵਿੱਚ ਇੱਕ ਗੱਠਜੋੜ ਸਮਝੌਤੇ ਤੋਂ ਬਾਅਦ ਹੋਈ, ਜਿਸਨੇ ਉਨ੍ਹਾਂ ਨੂੰ ਲੋੜੀਂਦੇ ਦੋ-ਤਿਹਾਈ ਬਹੁਮਤ ਵੋਟ ਦਿਵਾਏ। ਗੀਅਰਲਿੰਗਸ-ਸਾਈਮਨਸ ਦੀ ਚੋਣ ਮਈ ਵਿੱਚ ਇੱਕ ਅਨਿਸ਼ਚਿਤ ਆਮ ਚੋਣ ਅਤੇ ਬਾਹਰ ਜਾਣ ਵਾਲੇ ਰਾਸ਼ਟਰਪਤੀ ਚੰਦਰਿਕਾਪ੍ਰਸਾਦ ਸੰਤੋਖੀ ਤੋਂ ਬਾਅਦ ਹੋਈ ਹੈ। ਹੁਣ ਉਹ ਸੂਰੀਨਾਮ ਦੇ ਲਗਭਗ 646,000 ਲੋਕਾਂ ਵਾਲੇ ਦੇਸ਼ ਦੀ ਅਗਵਾਈ ਕਰੇਗੀ।

# ਸੁਪਰਸਟਾਰ ਸ਼ਾਨੀਆ ਟਵੇਨ ਓਟਵਾ ਵਿੱਚ ਸੈਕਿੰਡ ਹਾਰਵੈਸਟ ਨੂੰ ਦਾਨ ਕਰਨਗੇ 25 ਹਜ਼ਾਰ ਡਾਲਰ

ਓਟਵਾ, 8 ਜੁਲਾਈ (ਚ.ਨ.ਸ.) : ਕੈਨੇਡੀਅਨ ਸੁਪਰਸਟਾਰ ਸ਼ਾਨੀਆ ਟਵੇਨ ਇਸ ਮਹੀਨੇ ਆਪਣੇ ਬਲੂਜ਼ਫੈਸਟ ਸ਼ੋਅ ਤੋਂ ਪਹਿਲਾਂ ਓਟਵਾ ਵਿੱਚ ਲੋੜਵੰਦ ਪਰਿਵਾਰਾਂ ਨੂੰ ਭੋਜਨ ਦੇਣ ਵਿੱਚ ਮਦਦ ਕਰਨ ਲਈ ਇੱਕ ਵੱਡਾ ਦਾਨ ਕਰ ਰਹੀ ਹੈ। ਸੈਕਿੰਡ ਹਾਰਵੈਸਟ ਦਾ ਕਹਿਣਾ ਹੈ ਕਿ ਸ਼ਾਨੀਆ ਟਵੇਨ ਫਾਊਂਡੇਸ਼ਨ ਰਾਹੀਂ 25 ਹਜ਼ਾਰ ਡਾਲਰ ਦਾਨ ਕਰ ਰਹੀ ਹੈ, ਜੋ ਸੰਸਥਾ ਨੂੰ ਦੇਸ਼ ਦੀ ਰਾਜਧਾਨੀ ਵਿੱਚ ਲੋਕਾਂ ਨੂੰ ਬਚਾਅ ਅਤੇ ਭੋਜਨ



ਮੁੜ ਵੰਡਣ ਵਿੱਚ ਮਦਦ ਕਰੇਗੀ।ਇਹ ਦਾਨ ਸ਼ਾਨੀਆ 13 ਜੁਲਾਈ ਨੂੰ ਓਟਾਵਾ ਬਲੂਜ਼ਫੈਸਟ ਵਿੱਚ ਸੰਗੀਤ ਸਮਾਰੋਹ ਵਿੱਚ ਸੈਕਿੰਡ ਹਾਰਵੈਸਟ ਨੂੰ ਅਧਿਕਾਰਤ ਤੌਰ ਤੇ ਪੇਸ਼ ਕਰਨਗੇ।ਸੈਕਿੰਡ ਹਾਰਵੈਸਟ ਇੱਕ ਭੋਜਨ ਬਚਾਅ ਸੰਗਠਨ ਹੈ।

ਇਸਦੀ ਵੈੱਬਸਾਈਟ ਅਨੁਸਾਰ, ਇਹ ਭੋਜਨ ਕਾਰੋਬਾਰਾਂ ਤੋਂ ਨਾ ਵਿਕਣ ਵਾਲਾ ਵਾਧੂ ਭੋਜਨ ਪ੍ਰਾਪਤ ਕਰਦਾ ਹੈ ਅਤੇ ਉਸ ਭੋਜਨ ਨੂੰ ਕੈਨੇਡਾ ਭਰ ਦੇ ਸਥਾਨਕ ਗੈਰ-ਮੁਨਾਫ਼ਾ ਸੰਸਥਾਵਾਂ ਨੂੰ ਮੁੜ ਵੰਡਦਾ ਹੈ।ਸੈਕਿੰਡ ਹਾਰਵੈਸਟ ਦੇ ਸੀਈਓ ਲੋਰੀ ਨਿੱਕਲ ਨੇ ਰਿਲੀਜ਼ ਵਿੱਚ ਕਿਹਾ ਕਿ ਓਟਵਾ ਵਿੱਚ ਲਗਭਗ ਚਾਰ ਵਿੱਚੋਂ ਇੱਕ ਘਰ ਭੋਜਨ ਖਰੀਦਣ ਲਈ ਸੰਘਰਸ਼ ਕਰ ਰਿਹਾ ਹੈ, ਇਸ ਲਈ ਜ਼ਰੂਰਤ ਕਦੇ ਵੀ ਇੰਨੀ ਜ਼ਿਆਦਾ ਨਹੀਂ ਰਹੀ। ਸੈਕਿੰਡ ਹਾਰਵੈਸਟ ਅਨੁਸਾਰ, ਲਾਇਨਹਾਰਟਸ ਇੰਕ. ਓਟਾਵਾ ਵਿੱਚ ਭਾਈਵਾਲਾਂ ਵਿੱਚੋਂ ਇੱਕ ਹੈ ਜਿਸਨੂੰ ਦਾਨ ਤੋਂ ਲਾਭ ਹੋਵੇਗਾ।

# ਦੀਪਤੀ ਸ਼ਰਮਾ ਆਈ.ਸੀ.ਸੀ. ਮਹਿਲਾ ਟੀ-20 ਦਰਜਾਬੰਦੀ ਵਿੱਚ ਦੂਜੇ ਸਥਾਨ ’ਤੇ ਪਹੁੰਚੀ

ਦੁਬਈ, 8 ਜੁਲਾਈ (ਚ.ਨ.ਸ.) : ਭਾਰਤੀ ਸਪਿਨਰ ਦੀਪਤੀ ਸ਼ਰਮਾ ਆਈਸੀਸੀ ਮਹਿਲਾ ਟੀ-20 ਅੰਤਰਰਾਸ਼ਟਰੀ ਰੈਂਕਿੰਗ ਵਿੱਚ ਦੂਜੇ ਸਥਾਨ ਤੇ ਪਹੁੰਚ ਗਈ ਹੈ ਅਤੇ ਇਸ ਤਰ੍ਹਾਂ ਆਪਣੇ ਕਰੀਅਰ ਵਿੱਚ ਪਹਿਲੀ ਵਾਰ ਨੰਬਰ ਇੱਕ ਗੇਂਦਬਾਜ਼ ਬਣਨ ਦੀ ਕਗਾਰ ਤੇ ਹੈ। ਦੀਪਤੀ ਪਿਛਲੇ ਛੇ ਸਾਲਾਂ ਤੋਂ ਜ਼ਿਆਦਾਤਰ ਸਮੇਂ ਤੋਂ ਟੀ-20 ਗੇਂਦਬਾਜ਼ਾਂ ਦੀ ਰੈਂਕਿੰਗ ਵਿੱਚ ਚੋਟੀ ਦੇ 10 ਵਿੱਚ ਹੈ, ਪਰ ਲਗਾਤਾਰ ਵਧੀਆ ਪ੍ਰਦਰਸ਼ਨ ਕਰਨ ਦੇ ਬਾਵਜੂਦ, ਉਹ ਕਦੇ ਵੀ ਨੰਬਰ ਇੱਕ ਗੇਂਦਬਾਜ਼ ਨਹੀਂ ਬਣ ਸਕੀ। ਟੀ-20 ਅੰਤਰਰਾਸ਼ਟਰੀ ਰੈਂਕਿੰਗ ਦੇ ਤਾਜ਼ਾ ਅਪਡੇਟ ਵਿੱਚ, ਦੀਪਤੀ ਨੇ ਇੱਕ ਸਥਾਨ ਦਾ ਫਾਇਦਾ ਉਠਾਇਆ ਹੈ ਅਤੇ ਆਸਟ੍ਰੇਲੀਆ ਦੀ ਤੇਜ਼ ਗੇਂਦਬਾਜ਼ ਐਨਾਬੇਲ ਸਦਰਲੈਂਡ ਨੂੰ ਪਛਾੜ ਕੇ ਦੂਜਾ ਸਥਾਨ ਹਾਸਲ ਕਰ ਲਿਆ ਹੈ। ਸੱਜੇ ਹੱਥ ਦੀ ਗੇਂਦਬਾਜ਼ ਹੁਣ ਪਾਕਿਸਤਾਨ ਦੀ ਸਾਦੀਆ ਇਕਬਾਲ ਤੋਂ ਸਿਰਫ਼ ਅੱਠ ਰੇਟਿੰਗ ਅੰਕ ਪਿੱਛੇ ਹੈ,



ਜੋ ਰੈਂਕਿੰਗ ਵਿੱਚ ਸਿਖਰ ਤੇ ਹੈ। ਦੀਪਤੀ ਨੇ ਇੰਗਲੈਂਡ ਵਿਰੁੱਧ ਭਾਰਤ ਦੀ ਪੰਜ ਮੈਚਾਂ ਦੀ ਟੀ-20 ਲੜੀ ਦੇ ਤੀਜੇ ਮੈਚ ਵਿੱਚ ਤਿੰਨ ਵਿਕਟਾਂ ਲੈਣ ਤੋਂ ਬਾਅਦ ਆਪਣੀ ਤਾਜ਼ਾ ਰੈਂਕਿੰਗ ਵਿੱਚ ਸੁਧਾਰ ਕੀਤਾ ਹੈ ਅਤੇ ਇਹ ਆਫ ਸਪਿਨਰ ਪਿਛਲੇ ਦੋ ਮੈਚਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਪਾਕਿਸਤਾਨੀ ਵਿਰੋਧੀ ਤੋਂ ਚੋਟੀ ਦਾ ਸਥਾਨ ਲੈ ਸਕਦੀ ਹੈ। ਭਾਰਤ ਦੀ ਤੇਜ਼ ਗੇਂਦਬਾਜ਼ ਅਰੁੰਧਤੀ ਰੈਡੀ ਇੰਗਲੈਂਡ ਵਿਰੁੱਧ ਓਵਲ ਵਿਖੇ ਹੋਏ ਹਾਲ ਹੀ ਦੇ ਮੈਚ ਵਿੱਚ ਤਿੰਨ ਵਿਕਟਾਂ ਲੈਣ ਤੋਂ ਬਾਅਦ ਟੀ-20 ਗੇਂਦਬਾਜ਼ਾਂ ਦੀ ਸੂਚੀ ਵਿੱਚ 11 ਸਥਾਨ ਦੀ ਛਾਲ ਮਾਰ ਕੇ 43ਵੇਂ ਸਥਾਨ ਤੇ ਪਹੁੰਚ ਗਈ ਹੈ। ਬੱਲੇਬਾਜ਼ਾਂ ਵਿੱਚ, ਜੇਮਿਮਾ ਰੌਡਰਿਗਜ਼ ਦੋ ਸਥਾਨ ਉੱਪਰ ਚੜ੍ਹ ਕੇ 12ਵੇਂ ਸਥਾਨ ਤੇ ਪਹੁੰਚ ਗਈ ਹੈ। ਉਸਨੇ ਬ੍ਰਿਸਟਲ ਵਿੱਚ ਲੜੀ ਦੇ ਦੂਜੇ ਮੈਚ ਵਿੱਚ ਅਰਧ ਸੈਂਕੜਾ ਲਗਾਇਆ ਸੀ।

# ਪ੍ਰਧਾਨ ਮੰਤਰੀ ਕਾਰਨੀ ਦੀ ਕੈਬਨਿਟ ਬਜਟ ਤੋਂ ਪਹਿਲਾਂ ਜਨਤਕ ਖ਼ਰਚੇ ਦੀ ਕਰੇਗੀ ਸਮੀਖਿਆ

## *ਵਿੱਤ ਮੰਤਰੀ ਨੇ ਕੈਬਨਿਟ ਮੈਂਬਰਾਂ ਨੂੰ ਭੇਜਿਆ ਪੱਤਰ*

ਓਟਵਾ, 8 ਜੁਲਾਈ (ਚ.ਨ.ਸ.): ਵਿੱਤ ਮੰਤਰੀ ਫ੍ਰਾਂਸੋਆ-ਫਿਲਿਪ ਸ਼ੈਂਪੇਨ ਨੇ ਸੋਮਵਾਰ ਨੂੰ ਆਪਣੇ ਸਾਥੀ ਕੈਬਨਿਟ ਮੈਂਬਰਾਂ ਨੂੰ ਪੱਤਰ ਭੇਜ ਕੇ ਉਨ੍ਹਾਂ ਨੂੰ ਜਨਤਕ ਖੇਤਰ ਦੇ ਖਰਚਿਆਂ ਤੇ ਕਾਬੂ ਪਾਉਣ ਲਈ ਬੱਚਤ ਪ੍ਰਸਤਾਵਾਂ ਨਾਲ ਆਉਣ ਲਈ ਕਿਹਾ ਹੈ। ਇੱਕ ਪੱਤਰ ਅਨੁਸਾਰ ਸ਼ੈਂਪੇਨ ਇੱਕ ਵਿਆਪਕ ਖਰਚ ਸਮੀਖਿਆ ਕਹੇ ਜਾਣ ਵਾਲੀ ਅਗਵਾਈ ਕਰਨਗੇ, ਜਿਸਦਾ ਟੀਚਾ ਫੈਡਰਲ ਸਰਕਾਰ ਦੇ ਰੋਜ਼ਾਨਾ ਦੇ ਕੰਮਕਾਜ ਤੇ ਘੱਟ ਖਰਚ ਕਰਨਾ ਹੈ। ਇਹ ਓਟਵਾ ਨੂੰ ਉਨ੍ਹਾਂ ਪਹਿਲਕਦਮੀਆਂ ਵਿੱਚ ਵਧੇਰੇ ਨਿਵੇਸ਼ ਕਰਨ ਦੀ ਆਗਿਆ ਦੇਵੇਗਾ ਜੋ ਇੱਕ ਮਜ਼ਬੂਤ, ਸੰਯੁਕਤ ਕੈਨੇਡੀਅਨ ਅਰਥਵਿਵਸਥਾ ਦਾ ਨਿਰਮਾਣ ਕਰਨਗੀਆਂ।ਪੱਤਰ ਵਿਚ ਮੰਤਰੀਆਂ ਨੂੰ ਇਹ ਮੁਲਾਂਕਣ ਕਰਨ ਲਈ ਕਿਹਾ ਗਿਆ ਹੈ ਕਿ ਕੀ ਉਹ ਉਨ੍ਹਾਂ ਦੇ ਵਿਭਾਗਾਂ ਦੇ ਅੰਦਰ ਮੌਜੂਦਾ ਪ੍ਰੋਗਰਾਮ ਉਨ੍ਹਾਂ ਦੇ ਉਦੇਸ਼ਾਂ ਨੂੰ ਪੂਰਾ ਕਰ ਰਹੇ



ਹਨ। ਇਹ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਪਿਛਲੇ ਫੈਡਰਲ ਚੋਣ ਮੁਹਿੰਮ ਵਿੱਚ ਕੀਤੇ ਵਾਅਦੇ ਨੂੰ ਦੁਹਰਾਉਂਦਾ ਹੈ ਜਦੋਂ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਘੱਟ ਖਰਚ ਕਰੇਗੀ, ਇਸ ਲਈ ਕੈਨੇਡਾ ਫੈਡਰਲ ਸੰਚਾਲਨ ਖਰਚਿਆਂ ਦੇ ਵਾਧੇ ਤੇ ਲਗਾਮ ਲਗਾ ਕੇ ਅਤੇ ਹੋਰ ਤਰਜੀਹਾਂ ਵਿੱਚ ਪੈਸੇ ਨੂੰ ਸ਼ਾਮਲ ਕਰਕੇ ਵਧੇਰੇ ਨਿਵੇਸ਼ ਕੀਤਾ ਜਾਵੇਗਾ। ਕਾਰਨੀ ਪਹਿਲਾਂ ਹੀ ਰੱਖਿਆ ਤੇ ਬਹੁਤ ਜ਼ਿਆਦਾ ਖਰਚ ਕਰਨ ਦਾ ਵਾਅਦਾ ਕਰ ਚੁੱਕੇ ਹਨ, ਜਿਸ ਵਿੱਚ ਇਸ ਵਿੱਤੀ ਸਾਲ ਵਿੱਚ 9.3 ਬਿਲੀਅਨ ਡਾਲਰ ਵਾਧੂ ਸ਼ਾਮਿਲ ਹਨ।

# ਅਮਰੀਕਾ ’ਚ ਵਿਸ਼ਵ ਪੁਲਿਸ ਤੇ ਫ਼ਾਇਰ ਖੇਡਾਂ ’ਚ ਪੰਜਾਬ ਦੇ ਪੁੱਤ ਨੇ ਜਿੱਤਿਆ ਸੋਨ ਤਮ਼ਗਾ

ਵਾਸ਼ਿੰਗਟਨ, 8 ਜੁਲਾਈ (ਚ.ਨ.ਸ.) : ਮਨਜੀਤ ਸਿੰਘ ਇੱਕ ਅੰਤਰਰਾਸ਼ਟਰੀ ਪੱਧਰ ਦੇ ਰੋਅਰ ਅਤੇ ਪੰਜਾਬ ਪੁਲਿਸ ਦੇ ਮਾਣਮੱਤੇ ਪ੍ਰਤੀਨਿਧੀ ਨੇ 27 ਜੂਨ ਤੋਂ 6 ਜੁਲਾਈ ਤੱਕ ਅਮਰੀਕਾ ਦੇ ਅਲਾਬਾਮਾ ਦੇ ਬਰਮਿੰਘਮ ਵਿੱਚ ਆਯੋਜਿਤ ਵਿਸ਼ਵ ਪੁਲਿਸ ਅਤੇ ਫ਼ਾਇਰ ਖੇਡਾਂ 2025 ਵਿੱਚ ਇੱਕ ਸੋਨ ਅਤੇ ਇੱਕ



ਕਾਂਸੀ ਦਾ ਤਮ਼ਗਾ ਜਿੱਤ ਕੇ ਭਾਰਤ ਦਾ ਨਾਮ ਰੌਸ਼ਨ ਕੀਤਾ।ਇਨਡੋਰ ਰੋਇੰਗ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ, ਮਨਜੀਤ ਨੇ ਅਸਾਧਾਰਨ ਤਾਕਤ ਅਤੇ ਸਹਿਣਸ਼ੀਲਤਾ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਵਿਸ਼ਵ ਪੱਧਰ ’ਤੇ ਪ੍ਰਸ਼ੰਸਾ ਪ੍ਰਾਪਤ ਹੋਈ। ਉਸ ਦਾ ਸ਼ਾਨਦਾਰ ਪ੍ਰਦਰਸ਼ਨ ਰਾਸ਼ਟਰੀ ਅਤੇ ਰਾਜ ਪੱਧਰ ’ਤੇ ਕਈ ਸੋਨ ਤਮਗੇ ਜਿੱਤ ਕੇ ਪਹਿਲਾਂ ਹੀ ਪ੍ਰਭਾਵਸ਼ਾਲੀ ਕਰੀਅਰ ਵਿੱਚ ਵਾਧਾ ਕਰਦਾ ਹੈ, ਖਾਸ ਕਰ ਕੇ ਵੱਖ-ਵੱਖ ਰੋਇੰਗ ਚੈਂਪੀਅਨਸ਼ਿਪਾਂ ਵਿੱਚ ਚੰਡੀਗੜ੍ਹ ਦੀ ਨੁਮਾਇੰਦਗੀ ਕਰਨਾ।ਇਸ ਵੇਲੇ ਪੰਜਾਬ ਪੁਲਿਸ ਵਿੱਚ ਇੱਕ ਐਥਲੀਟ ਵਜੋਂ ਸੇਵਾ ਨਿਭਾਅ ਰਹੇ, ਮਨਜੀਤ ਸਿੰਘ ਦੇਸ਼ ਭਰ ਦੇ ਨੌਜਵਾਨ ਐਥਲੀਟਾਂ ਨੂੰ ਆਪਣੇ ਸਮਰਪਣ, ਅਨੁਸ਼ਾਸਨ ਅਤੇ ਖੇਡ ਪ੍ਰਤੀ ਜਨੂੰਨ ਨਾਲ ਪ੍ਰੇਰਿਤ ਕਰਨਾ ਜਾਰੀ ਰੱਖਦੇ ਹਨ।

# ਜੈਕ ਕ੍ਰਾਲੀ ਨੂੰ ਸ਼ੁਭਮਨ ਗਿੱਲ ਦੀ ਬੱਲੇਬਾਜ਼ੀ ਰਣਨੀਤੀ ਤੋਂ ਸਿੱਖਣਾ ਚਾਹੀਦਾ: ਮਾਈਕਲ ਵਾਨ

ਬਰਮਿੰਘਮ, 8 ਜੁਲਾਈ (ਚ.ਨ.ਸ.) : ਇੰਗਲੈਂਡ ਦੇ ਸਾਬਕਾ ਕਪਤਾਨ ਮਾਈਕਲ ਵਾਨ ਨੇ ਭਾਰਤ ਵਿਰੁੱਧ ਮੌਜੂਦਾ ਟੈਸਟ ਲੜੀ ਵਿੱਚ ਸਲਾਮੀ ਬੱਲੇਬਾਜ਼ ਜੈਕ ਕ੍ਰਾਲੀ ਦੇ ਮਾੜੇ ਪ੍ਰਦਰਸ਼ਨ ਦੀ ਸਖ਼ਤ ਆਲੋਚਨਾ ਕਰਦੇ ਹੋਏ ਕਿਹਾ ਕਿ ਉਹ ਖੁਸ਼ਕਿਸਮਤ ਹਨ ਕਿ ਲਗਾਤਾਰ ਅਸਫਲਤਾਵਾਂ ਦੇ ਬਾਵਜੂਦ ਟੈਸਟ ਕ੍ਰਿਕਟ ਖੇਡਣ ਦਾ ਮੌਕਾ ਮਿਲਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਸੁਝਾਅ ਦਿੱਤਾ ਕਿ ਕ੍ਰਾਲੀ ਨੂੰ ਭਾਰਤੀ ਕਪਤਾਨ ਸ਼ੁਭਮਨ ਗਿੱਲ ਦੀ ਬੱਲੇਬਾਜ਼ੀ ਰਣਨੀਤੀ ਤੋਂ ਸਿੱਖਣਾ ਚਾਹੀਦਾ ਹੈ ਅਤੇ ਆਪਣੀ ਖੇਡ ਵਿੱਚ ਸੁਧਾਰ ਕਰਨਾ ਚਾਹੀਦਾ ਹੈ।ਵਾਨ ਨੇ ਦ ਟੈਲੀਗ੍ਰਾਫ ਵਿੱਚ ਆਪਣੇ ਕਾਲਮ ਵਿੱਚ ਲਿਖਿਆ, ਪਿਛਲੇ ਕੁਝ ਸਾਲਾਂ ਵਿੱਚ ਬਹੁਤ ਸਾਰੇ ਖਿਡਾਰੀ ਅਜਿਹੇ ਰਹੇ ਹਨ ਜਿਨ੍ਹਾਂ ਨੇ ਪ੍ਰਸ਼ੰਸਕਾਂ ਨੂੰ ਨਿਰਾਸ਼ ਕੀਤਾ ਹੈ। ਮੈਂ ਵੀ ਇਸ ਵਿੱਚ ਸ਼ਾਮਲ ਹਾਂ, ਪਰ ਉਹ (ਕ੍ਰਾਲੀ) ਸਭ ਤੋਂ ਨਿਰਾਸ਼ਾਜਨਕ ਖਿਡਾਰੀਆਂ ਵਿੱਚੋਂ



ਇੱਕ ਹੈ ਜੋ ਮੈਨੂੰ ਯਾਦ ਹੈ। ਕਿਉਂਕਿ ਮੈਂ ਇੰਗਲੈਂਡ ਕ੍ਰਿਕਟ ਨੂੰ ਨੇੜਿਓਂ ਦੇਖਿਆ ਹੈ, ਉਹ ਲਗਾਤਾਰ ਅਸਫਲਤਾਵਾਂ ਦੇ ਬਾਵਜੂਦ ਇੰਨੇ ਸਾਰੇ ਟੈਸਟ ਮੈਚ ਖੇਡਣ ਵਾਲਾ ਸਭ ਤੋਂ ਖੁਸ਼ਕਿਸਮਤ ਖਿਡਾਰੀ ਹੈ। ਉਸਨੇ ਕਿਹਾ, ਉਸਨੂੰ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਣਾ ਚਾਹੀਦਾ ਹੈ ਕਿ ਉਸਨੇ 56 ਮੈਚ ਖੇਡੇ ਹਨ, ਜਿਸ ਵਿੱਚ ਉਸਨੇ ਸਿਰਫ ਪੰਜ ਸੈਂਕੜੇ ਲਗਾਏ ਹਨ ਅਤੇ ਉਸਦੀ ਔਸਤ 31 ਹੈ। ਉਸਦੀ ਔਸਤ 30.3 ਟੈਸਟ ਇਤਿਹਾਸ ਵਿੱਚ 2,500 ਤੋਂ ਵੱਧ ਦੌੜਾਂ ਬਣਾਉਣ ਵਾਲੇ ਸਾਰੇ ਓਪਨਰਾਂ ਵਿੱਚੋਂ ਸਭ ਤੋਂ ਘੱਟ ਹੈ।ਗਿੱਲ ਦੀ ਉਦਾਹਰਣ ਦਿੰਦੇ ਹੋਏ, ਕ੍ਰਿਕਟਰ ਤੋਂ ਟਿੱਪਣੀਕਾਰ ਬਣੇ ਇਸ ਖਿਡਾਰੀ ਨੇ ਕਿਹਾ, ਬਦਲਾਅ ਸੰਭਵ ਹੈ। ਬਸ ਸ਼ੁਭਮਨ ਗਿੱਲ ਨੂੰ ਦੇਖੋ।

# ‘ਨਵੀਆਂ ਕਲਮਾਂ ਨਵੀਂ ਉਡਾਣ’ਸਾਹਿਤਕ ਸਮਾਗਮ ਭਲਕੇ, ਪੁਸਤਕ ਕਪੂਰਥਲਾ-2 ਹੋਵੇਗੀ ਲੋਕ-ਅਰਪਣ

ਫਗਵਾੜਾ, 8 ਜੁਲਾਈ (ਚ.ਨ.ਸ.) : ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਸਮਰਪਿਤ ਸੰਸਥਾ ਪੰਜਾਬ ਭਵਨ ਵੱਲੋਂ ਇੱਕ ਰੋਜ਼ਾ ਬਾਲ ਸਾਹਿਤ ਉਤਸਵ ਦੇ ਬੈਨਰ ਹੇਠ 10 ਜੁਲਾਈ, ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਸਥਾਨਕ ਕੈਂਬਰਿਜ ਇੰਟਰਨੈਸ਼ਨਲ ਸਕੂਲ ਵਿਖੇ ਨਵੀਆਂ ਕਲਮਾਂ ਨਵੀਂ ਉਡਾਣ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਲੜੀ ਤਹਿਤ ਭਾਗ-55 ਵਜੋਂ ਪੁਸਤਕ ਕਪੂਰਥਲਾ-2 (2) ਲੋਕ-ਅਰਪਣ ਕੀਤੀ ਜਾਵੇਗੀ, ਜਿਸ ਦੇ ਮੁੱਖ ਸੰਪਾਦਕ ਹਰਜਿੰਦਰ ਸਿੰਘ ਨਿੱਝਰ ਹਨ।ਇਸ ਸਾਹਿਤਕ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਭਵਨ ਦੇ ਚੇਅਰਮੈਨ ਸ੍ਰੀ ਮੁਨੀਸ਼ ਬਹਿਲ (ਯੂ.ਕੇ.) ਹੋਣਗੇ। ਸਮਾਗਮ ਦੀ ਮੇਜ਼ਬਾਨੀ ਕੈਂਬਰਿਜ ਇੰਟਰਨੈਸ਼ਨਲ ਸਕੂਲ, ਫਗਵਾੜਾ ਦੇ ਚੇਅਰਮੈਨ ਡਾ. ਗੁਰਸ਼ਰਨ ਸਿੰਘ ਲਾਂਬਾ, ਡਾਇਰੈਕਟਰ ਸ੍ਰੀਮਤੀ ਮਨਜੀਤ ਕੌਰ ਲਾਂਬਾ ਅਤੇ ਪ੍ਰਿੰਸੀਪਲ ਸ੍ਰੀ ਜੋਰਾਵਰ ਸਿੰਘ ਕਰਨਗੇ।ਇਸ ਮੌਕੇ ਸਾਹਿਤ ਅਤੇ ਸਿੱਖਿਆ ਜਗਤ ਦੀਆਂ ਉੱਘੀਆਂ ਸ਼ਖ਼ਸੀਅਤਾਂ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕਰਨਗੀਆਂ, ਜਿਨ੍ਹਾਂ ਵਿੱਚ ਸਟੇਟ ਅਤੇ ਨੈਸ਼ਨਲ ਐਵਾਰਡੀ ਹੈਡਮਾਸਟਰ ਸ੍ਰੀ ਮਹਿੰਦਰ ਮੋਹਿੰਦਰਾ, ਗੁਰੂ ਨਾਨਕ ਕਾਲਜ ਫਗਵਾੜਾ ਤੋਂ ਡਾ. ਜਸਵੰਤ ਰਾਏ, ਸਾਹਿਤ ਸੰਗਮ ਇੰਟਰਨੈਸ਼ਨਲ ਕੈਨੇਡਾ ਦੇ ਪ੍ਰਧਾਨ ਸ੍ਰੀ ਹਰਮਿੰਦਰ ਮਾਨ ਅਤੇ ਪੰਜਾਬੀ ਸਾਹਿਤ ਸਭਾ ਫਗਵਾੜਾ ਦੇ ਪ੍ਰਧਾਨ ਸ੍ਰੀ ਉਪਕਾਰ ਸਿੰਘ ਕੋਹਲੀ ਸ਼ਾਮਲ ਹਨ।ਇਸ ਤੋਂ ਇਲਾਵਾ, ਪੰਜਾਬੀ ਸਾਹਿਤ ਸਭਾ ਫਗਵਾੜਾ ਅਤੇ ਹੋਰ ਸੰਸਥਾਵਾਂ ਦੇ ਅਹੁਦੇਦਾਰਾਂ ਵਿੱਚ ਗੁਰਵਿੰਦਰ ਸਿੰਘ ਬੰਸਲ, ਹਰਵਿੰਦਰ ਸਿੰਘ ਮਾਧੋ, ਕਮਲੇਸ਼ ਭਾਟੀਆ, ਸੰਤੋਖ ਸਿੰਘ, ਜਸਕਿਰਨ ਕੌਰ, ਬਲਦੇਵ ਵਾਲੀਆ, ਕਮਲੇਸ਼ ਸੰਧੂ, ਦਲਜੀਤ ਕੌਰ, ਨਿਰਮਲ ਕੌਰ ਅਤੇ ਸੁਖਦੇਵ ਸਿੰਘ ਕੰਗਨੀ ਵੀ ਸਮਾਗਮ ਦੀ ਸ਼ੋਭਾ ਵਧਾਉਣਗੇ।ਪ੍ਰਬੰਧਕਾਂ ਨੇ ਦੱਸਿਆ ਕਿ ਨਵੀਆਂ ਕਲਮਾਂ ਨਵੀਂ ਉਡਾਣ ਲੜੀ ਦਾ ਮੁੱਖ ਮਕਸਦ ਨਵੇਂ ਲਿਖਾਰੀਆਂ ਨੂੰ ਮੰਚ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਪਾਠਕਾਂ ਤੱਕ ਪਹੁੰਚਾਉਣਾ ਹੈ।

## ਸੰਤ ਸਿਪਾਹੀ

ਜੇ ਕੋਈ ਆਗੂ ਸਮਝਦਾ ਹੈ ਕਿ ਕੌਮੀ ਲਹਿਰ ਦੀ ਕਾਮਯਾਬੀ ਮੇਰੀ ਕਿਸੇ ਹਿਕਮਤ ਦਾ ਨਤੀਜਾ ਹੈ, ਉਹ ਉਸ



ਮੂਰਖ ਵਰਗਾ ਹੈ ਜੋ ਉਸ ਵਾਜੇ ਦਾ ਪੱਖਾ ਝੱਲ ਰਿਹਾ ਸੀ ਤੇ ਮੂਰਖ ਨੇ ਸਮਝਿਆ ਇਹ ਸੁਰੀਲਾ ਰਾਗ ਮੇਰੀ ਉਸਤਾਦੀ ਨਾਲ ਹੀ ਨਿਕਲ ਰਿਹਾ ਹੈ।

**ਪੰਥ ਰਤਨ-ਮਾਸਟਰ ਤਾਰਾ ਸਿੰਘ ਜੀ**

## ਜਨਮ ਦਿਨ ਮੁਬਾਰਕ



ਜ਼ੋਰਾਵਰ ਸਿੰਘ



ਦੇਵਾਂਸ਼ ਸਿੰਗਲਾ



ਅਰਸ਼ਦੀਪ ਕੌਰ

# ਭਾਰਤੀ ਅੰਬੈਸੀ ਰੋਮ ਪੁਰਾਣੀ ਇਮਾਰਤ ਤੋ ਬਦਲਕੇ ਨਵੀਂ ਇਮਾਰਤ ਵਿੱਚ ਹੋਈ ਤਬਦੀਲ



ਰੋਮ ਇਟਲੀ, 8 ਜੁਲਾਈ (ਗੁਰਸ਼ਰਨ ਸਿੰਘ ਸੋਨੀ) : ਰਾਜਧਾਨੀ ਰੋਮ ਵਿੱਚ ਸਥਿਤ ਭਾਰਤੀ ਅੰਬੈਸੀ(ਦੂਤਾਵਾਸ) ਵਲੋ ਮੁੱਲ ਦੀ ਨਵੀਂ ਇਮਾਰਤ ਖ੍ਰੀਦੀ ਗਈ ਹੈ। ਜਿਸ ਦੇ ਮੱਦੇਨਜ਼ਰ ਬੀਤੇ ਮਹੀਨੇ 23 ਜੂਨ ਤੋ ਇਹ ਭਾਰਤੀ ਅੰਬੈਸੀ (ਦੂਤਾਵਾਸ) ਪੁਰਾਣੀ ਇਮਾਰਤ ਤੋ ਨਵੀਂ ਇਮਾਰਤ ਵੀਆ ਸੀਚੀਲੀਆ 136 ਵਿੱਚ ਤਬਦੀਲ ਹੋ ਚੁੱਕੀ ਹੈ। ਭਾਰਤੀ ਦੂਤਾਵਾਸ ਰੋਮ ਦੇ ਅਧਿਕਾਰੀਆਂ ਵੱਲੋਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੁਣ ਇਟਲੀ ਵਿੱਚ ਰਹਿਣ ਵਸੇਰਾ ਕਰ ਰਹੇ ਭਾਰਤੀ ਨਾਗਰਿਕਾਂ ਨੂੰ ਅਪੀਲ ਹੈ ਕਿ ਹੁਣ ਕੌਂਸਲਰ , ਪਾਸਪੋਰਟ ਤੇ ਵੀਜ਼ਾ ਸਮੇਤ ਅੰਬੈਸੀ ਦੀਆਂ ਬਾਕੀ ਸਾਰੀਆਂ ਸੇਵਾਵਾਂ ਨਵੀਂ ਇਮਾਰਤ ਵਿੱਚ ਹੀ ਦਿੱਤੀਆਂ ਜਾ ਰਹੀਆਂ ਹਨ । ਅਧਿਕਾਰੀਆਂ ਵੱਲੋਂ ਕਿਹਾ ਕਿ ਭਾਰਤੀ ਦੂਤਾਵਾਸ ਦੇ ਸਾਰੇ ਅਧਿਕਾਰੀ ਹਰ ਭਾਰਤੀ ਦੇ ਲਈ ਸੇਵਾਵਾਂ ਨਿਭਾ ਰਿਹਾ ਹੈ । ਉਨ੍ਹਾਂ ਇਟਲੀ ਵਿੱਚ ਰਹਿਣ ਵਸੇਰਾ ਕਰ ਰਹੇ ਹਰ ਭਾਰਤੀ ਨਾਗਰਿਕ ਤੋ ਸਹਿਯੋਗ ਦੀ ਮੰਗ ਕੀਤੀ ਹੈ ਤਾਂ ਜੋ ਹਰ ਭਾਰਤੀ ਦੇ ਜਨਹਿਤ ਵਿੱਚ ਸੇਵਾਵਾਂ ਪ੍ਰਦਾਨ ਕਰ ਸਕੀਏ । ਦੂਜੇ ਪਾਸੇ ਉਨ੍ਹਾਂ ਦੱਸਿਆ ਕਿ ਭਾਰਤੀ ਦੂਤਾਵਾਸ ਆਉਣ ਲਈ ਤੁਸੀ ਗੂਗਲ ਰਾਹੀ ਨਵੀਂ ਇਮਾਰਤ ਦਾ ਪਤਾ ਬਹੁਤ ਹੀ ਸੌਖੇ ਤਰੀਕੇ ਨਾਲ ਲੱਭ ਸਕਦੇ ਹੋ।

# 117 ਸਾਲਾਂ ’ਚ ਸਭ ਤੋਂ ਗਰਮ ਦਿਨ ਰਿਕਾਰਡ !

ਸਿਓਲ , 8 ਜੁਲਾਈ (ਚ.ਨ.ਸ.) : ਗਲੋਬਲ ਵਾਰਮਿੰਗ ਦਾ ਅਸਰ ਦੁਨੀਆ ਭਰ ਵਿਚ ਦੇਖਣ ਨੂੰ ਮਿਲ ਰਿਹਾ ਹੈ। ਕਿਤੇ ਭਾਰੀ ਮੀਂਹ ਪੈਣ ਦਾ ਰਿਕਾਰਡ ਬਣ ਰਿਹਾ ਹੈ ਤੇ ਕਿਤੇ ਰਿਕਾਰਡ ਤੋੜ ਗਰਮੀ ਪੈਣ ਦਾ। ਮੰਗਲਵਾਰ ਨੂੰ ਸਥਾਨਕ ਸਮੇਂ ਅਨੁਸਾਰ ਦੁਪਹਿਰ 3 ਵਜੇ ਦੇ ਕਰੀਬ ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਵਿੱਚ ਤਾਪਮਾਨ 37.7 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ, ਜੋ ਕਿ 1908 ਵਿੱਚ ਰਿਕਾਰਡ ਰੱਖਣ ਦੀ ਸ਼ੁਰੂਆਤ ਤੋਂ ਬਾਅਦ ਦੱਖਣੀ ਕੋਰੀਆ ਦੀ ਰਾਜਧਾਨੀ ਵਿੱਚ ਜੁਲਾਈ ਦੇ ਸ਼ੁਰੂ ਵਿੱਚ ਹੁਣ ਤੱਕ ਦਾ ਸਭ



ਤੋਂ ਵੱਧ ਤਾਪਮਾਨ ਹੈ। ਰਾਜ ਦੀ ਮੌਸਮ ਏਜੰਸੀ ਨੇ ਇਸ ਸਬੰਧੀ ਜਾਣਕਾਰੀ ਦਿੱਤੀ।ਏਜੰਸੀ ਅਨੁਸਾਰ ਇਹ ਰਿਕਾਰਡ 86 ਸਾਲਾਂ ਬਾਅਦ ਟੁੱਟਿਆ ਹੈ ਕਿਉਂਕਿ ਸਿਓਲ ਵਿੱਚ ਜੁਲਾਈ ਦੇ ਪਹਿਲੇ 10 ਦਿਨਾਂ ਲਈ ਪਿਛਲਾ ਰਿਕਾਰਡ 9 ਜੁਲਾਈ, 1939 ਨੂੰ ਦਰਜ ਕੀਤਾ ਗਿਆ ਜੋ 36.8 ਡਿਗਰੀ ਸੈਲਸੀਅਸ ਸੀ। ਏਜੰਸੀ ਨੇ ਦੱਸਿਆ ਕਿ 1908 ਵਿਚ ਤਾਪਮਾਨ ਗਣਨਾ ਸ਼ੁਰੂ ਹੋਣ ਦੇ ਬਾਅਦ ਤੋਂ ਸਿਓਲ ਦਾ 117 ਸਾਲਾਂ ਵਿੱਚ ਜੁਲਾਈ ਦੇ ਸ਼ੁਰੂ ਵਿੱਚ ਸਭ ਤੋਂ ਗਰਮ ਦਿਨ ਬਣ ਗਿਆ। ਮੌਸਮ ਏਜੰਸੀ ਨੇ ਕਿਹਾ ਕਿ ਸਿਓਲ ਤੋਂ ਇਲਾਵਾ ਦੇਸ਼ ਭਰ ਦੇ ਕਈ ਹੋਰ ਸ਼ਹਿਰਾਂ – ਇੰਚੀਓਨ (35.6 ਡਿਗਰੀ ਸੈਲਸੀਅਸ), ਗੈਂਗਵੋਨ ਸੂਬੇ ਦੇ ਵੋਂਜੂ (35.4 ਡਿਗਰੀ ਸੈਲਸੀਅਸ), ਗਯੋਂਗਗੀ ਸੂਬੇ ਦੇ ਸੁਵੋਨ (35.7 ਡਿਗਰੀ ਸੈਲਸੀਅਸ), ਉੱਤਰੀ ਚੁੰਗਚਿਓਂਗ ਸੂਬੇ ਦੇ ਚੇਓਂਗਜੂ (35.7 ਡਿਗਰੀ ਸੈਲਸੀਅਸ), ਡੇਜੇਓਨ (36.3 ਡਿਗਰੀ ਸੈਲਸੀਅਸ), ਉੱਤਰੀ ਜੀਓਲਾ ਸੂਬੇ ਦੇ ਗੋਚਾਂਗ (35.8 ਡਿਗਰੀ ਸੈਲਸੀਅਸ) ਅਤੇ ਬੁਸਾਨ (34.5 ਡਿਗਰੀ ਸੈਲਸੀਅਸ) ਵਿੱਚ ਜੁਲਾਈ ਦੇ ਸ਼ੁਰੂ ਵਿੱਚ ਨਵੇਂ ਉੱਚ-ਤਾਪਮਾਨ ਦੇ ਰਿਕਾਰਡ ਕਾਇਮ ਕੀਤੇ ਗਏ ਹਨ। ਸਿਓਲ ਦੇ ਦੱਖਣ ਵਿੱਚ ਸਰਹੱਦੀ ਸ਼ਹਿਰ ਪਾਜੂ ਅਤੇ ਗਵਾਂਗਮਯੋਂਗ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੱਧ ਗਿਆ।

# ਬਟਾਲਾ ਵਿਖੇ ਸਾਹਿਤਕ ਸਮਾਗਮ ‘ਨਵੀਆਂ ਕਲਮਾਂ ਨਵੀਂ ਉਡਾਣ’ ਅੱਜ

ਬਟਾਲਾ, 8 ਜੁਲਾਈ (ਚ.ਨ.ਸ.) : ਸਾਹਿਤ ਅਤੇ ਕਲਾ ਨੂੰ ਸਮਰਪਿਤ ਸੰਸਥਾ ਪੰਜਾਬ ਭਵਨ ਵੱਲੋਂ ਇੱਕ ਰੋਜ਼ਾ ਬਾਲ ਸਾਹਿਤ ਉਤਸਵ ਦੇ ਬੈਨਰ ਹੇਠ ਇੱਕ ਵਿਸ਼ਾਲ ਸਾਹਿਤਕ ਸਮਾਗਮ ਲੋਕ-ਅਰਪਣ ਨਵੀਆਂ ਕਲਮਾਂ ਨਵੀਂ ਉਡਾਣ ਦਾ ਆਯੋਜਨ 09 ਜੁਲਾਈ 2025, ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਬਟਾਲਾ ਦੇ ਹਸਤ ਸ਼ਿਲਪ ਕਾਲਜ ਵਿਖੇ ਕੀਤਾ ਜਾ ਰਿਹਾ ਹੈ। ਇਸ ਸਮਾਗਮ ਦਾ ਮੁੱਖ ਉਦੇਸ਼ ਨਵੇਂ ਲੇਖਕਾਂ ਦੀਆਂ ਕਲਮਾਂ ਨੂੰ ਉਤਸ਼ਾਹਿਤ ਕਰਨਾ ਅਤੇ ਬਾਲ ਸਾਹਿਤ ਦੇ ਖੇਤਰ ਵਿੱਚ ਨਵੀਆਂ ਪੈੜਾਂ ਪਾਉਣਾ ਹੈ।ਇਸ ਮੌਕੇ ਤੇ ਪੰਜਾਬ ਭਵਨ ਦੇ ਚੇਅਰਮੈਨ, ਸ਼੍ਰੀ ਮੁਨੀਸ਼ ਬਹਿਲ (ਯੂ.ਕੇ.), ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਸਮਾਗਮ ਦੀ ਪ੍ਰਧਾਨਗੀ ਹਲਕਾ ਬਟਾਲਾ ਦੇ ਵਿਧਾਇਕ ਅਤੇ ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਪ੍ਰਵਾਸੀ ਮਾਮਲਿਆਂ ਦੇ ਚੇਅਰਮੈਨ, ਸ. ਅਮਨਸ਼ੇਰ ਸਿੰਘ ਕਲਸੀ (ਸ਼ੈਰੀ ਕਲਸੀ) ਕਰਨਗੇ।ਇਸ ਸਾਹਿਤਕ ਉਤਸਵ ਦੌਰਾਨ ਤਿੰਨ ਪੁਸਤਕਾਂ ਗੁਰਦਸਪੁਰ- 3, ਗੁਰਦਾਸਪੁਰ- 4 ਅਤੇ ਗੁਰਦਾਸਪੁਰ- 5 ਲੋਕ-ਅਰਪਣ ਕੀਤੀਆਂ ਜਾਣਗੀਆਂ। ਇਨ੍ਹਾਂ ਪੁਸਤਕਾਂ ਦੇ ਮੁੱਖ ਸੰਪਾਦਕ ਕ੍ਰਮਵਾਰ ਕਮਲਜੀਤ ਕੌਰ, ਨਵਜੋਤ ਕੌਰ ਬਾਂਸਬਾ ਅਤੇ ਗਗਨਦੀਪ ਸਿੰਘ ਹਨ।

ਸਮਾਗਮ ਵਿੱਚ ਵਿਸ਼ੇਸ਼ ਮਹਿਮਾਨਾਂ ਵਜੋਂ ਸ਼੍ਰੀ ਰਜਿੰਦਰ ਸਿੰਘ ਮਾਨ (ਜ਼ਿਲ੍ਹਾ ਸਿੱਖਿਆ ਅਫ਼ਸਰ, ਸੈਕੰਡਰੀ), ਸ਼੍ਰੀਮਤੀ ਬਲਬੀਰ ਕੌਰ (ਜ਼ਿਲ੍ਹਾ ਸਿੱਖਿਆ ਅਫ਼ਸਰ, ਐਲੀਮੈਂਟਰੀ), ਡਾ. ਅਨਿਲ ਸ਼ਰਮਾ (ਪ੍ਰਿੰਸੀਪਲ, ਹਿੰਦੂ ਕਾਲਜ ਅੰਮ੍ਰਿਤਸਰ), ਡਾ. ਅਰੁਣ ਕੁਮਾਰ ਸ਼ੈਲੀ (ਨੈਸ਼ਨਲ ਐਵਾਰਡੀ ਅਤੇ ਰਾਜ ਵਿਗਿਆਨ ਸਿੱਖਿਆ ਸੰਸਥਾ), ਸ. ਜਸਪਾਲ ਸਿੰਘ (ਨੈਸ਼ਨਲ ਐਵਾਰਡੀ ਅਤੇ ਪ੍ਰਧਾਨ, ਪੰਜਾਬੀ ਸਾਹਿਤ ਸਭਾ ਬਟਾਲਾ), ਡਾ. ਜਤਿੰਦਰ ਕੌਰ ਬਾਜਵਾ (ਜ਼ਿਲ੍ਹਾ ਪ੍ਰਧਾਨ), ਸ. ਗੁਰਪ੍ਰੀਤ ਸਿੰਘ ਸੰਧੂ (ਮੁੱਖ ਸੰਪਾਦਕ ਗੁਰਦਾਸਪੁਰ-5), ਪਰਮਜੀਤ ਕੌਰ ਬਾਜਵਾ (ਮੁੱਖ ਸੰਪਾਦਕ ਗੁਰਦਾਸਪੁਰ-2), ਕਮਲਜੀਤ ਕੌਰ (ਮੁੱਖ ਸੰਪਾਦਕ ਗੁਰਦਾਸਪੁਰ-3) ਅਤੇ ਨਵਜੋਤ ਕੌਰ ਬਾਂਸਬਾ (ਮੁੱਖ ਸੰਪਾਦਕ ਗੁਰਦਾਸਪੁਰ-4) ਸ਼ਾਮਲ ਹੋਣਗੇ।

# ਕੁਲਕਰਨੀ ਮੁੰਬਈ ਦੇ ਗੇਂਦਬਾਜ਼ੀ ਕੋਚ ਬਣੇ ਰਹਿਣਗੇ, ਰਾਨਾਡੇ ਸਹਾਇਕ ਕੋਚ ਨਿਯੁਕਤ

ਮੁੰਬਈ, 8 ਜੁਲਾਈ (ਚ.ਨ.ਸ.) : ਧਵਲ ਕੁਲਕਰਨੀ ਮੁੰਬਈ ਦੇ ਗੇਂਦਬਾਜ਼ੀ ਕੋਚ ਵਜੋਂ ਜਾਰੀ ਰਹਿਣਗੇ ਜਦੋਂ ਕਿ ਅਤੁਲ ਰਾਨਾਡੇ ਨੂੰ ਮੁੰਬਈ ਦੀ ਸੀਨੀਅਰ ਪੁਰਸ਼ ਟੀਮ ਦਾ ਸਹਾਇਕ ਕੋਚ ਅਤੇ ਬ੍ਰਿਵਿਸ਼ ਸ਼ੈੱਟੀ ਨੂੰ ਬੱਲੇਬਾਜ਼ੀ ਕੋਚ ਨਿਯੁਕਤ ਕੀਤਾ ਗਿਆ ਹੈ। ਮੁੰਬਈ ਕ੍ਰਿਕਟ ਐਸੋਸੀਏਸ਼ਨ (ਐਮਸੀਏ) ਨੇ ਮੰਗਲਵਾਰ ਨੂੰ ਇਹ ਐਲਾਨ ਕੀਤਾ। ਮੁੰਬਈ ਦੀ ਟੀਮ ਪਿਛਲੇ ਘਰੇਲੂ ਸੀਜ਼ਨ ਵਿੱਚ ਰਣਜੀ ਟਰਾਫੀ ਦੇ ਸੈਮੀਫਾਈਨਲ ਵਿੱਚ ਪਹੁੰਚੀ ਸੀ, ਜਦੋਂ ਕਿ 2023-24 ਸੀਜ਼ਨ ਵਿੱਚ, ਇਸਨੇ ਰਿਕਾਰਡ 43ਵੀਂ ਵਾਰ ਖਿਤਾਬ ਜਿੱਤਿਆ ਸੀ। ਟੀਮ ਈਰਾਨੀ ਕੱਪ ਅਤੇ ਵਿਜੇ ਹਜ਼ਾਰੇ ਟਰਾਫੀ ਦੀ ਚੈਂਪੀਅਨ ਬਣਨ ਵਿੱਚ ਵੀ ਕਾਮਯਾਬ ਰਹੀ, ਜਦੋਂ ਕਿ ਇਸਨੂੰ ਸਈਦ ਮੁਸ਼ਤਾਕ ਅਲੀ ਟਰਾਫੀ ਦੇ ਫਾਈਨਲ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਐਮਸੀਏ ਨੇ ਪਹਿਲਾਂ ਹੀ ਓਮਕਾਰ ਸਾਲਵੀ ਨੂੰ ਮੁੱਖ ਕੋਚ ਵਜੋਂ ਬਰਕਰਾਰ ਰੱਖਿਆ ਸੀ। ਸ਼ੈੱਟੀ ਨੇ ਵਿਨੀਤ ਇੰਦੁਲਕਰ ਦੀ ਜਗ੍ਹਾ ਬੱਲੇਬਾਜ਼ੀ ਕੋਚ ਵਜੋਂ ਅਹੁਦਾ ਸੰਭਾਲਿਆ ਹੈ, ਜਦੋਂ ਕਿ ਰਾਨਾਡੇ ਨੂੰ ਓਮਕਾਰ ਗੁਰਵ ਦੀ ਜਗ੍ਹਾ ਸਹਾਇਕ ਕੋਚ ਨਿਯੁਕਤ ਕੀਤਾ ਗਿਆ ਹੈ। ਗੁਰਵ ਨੂੰ ਇਸੇ ਤਰ੍ਹਾਂ ਦੀ ਭੂਮਿਕਾ ਵਿੱਚ ਅੰਡਰ-23 ਟੀਮ ਵਿੱਚ ਭੇਜਿਆ ਗਿਆ ਹੈ।



# ਚੇਅਰਮੈਨ ਮਹਿਤਾ ਨੇ ਪੀੜਤ ਕਿਸਾਨ ਨੂੰ ਸੱਠ ਹਜਾਰ ਰੁਪਏ ਦੀ ਸਹਾਇਤਾ ਮੁਹੱਈਆ ਕਰਵਾਈ



ਬਟਾਲਾ, 8 ਜੁਲਾਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)-ਪਿੰਡ ਬੱਲਪੁਰੀਆਂ ਦੇ ਕਿਸਾਨ ਲਖਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ ਜਿਸਦਾ ਥਰੈਸ਼ਰ ਹਾਦਸੇ ਦੌਰਾਨ ਖੇਤੀਬਾੜੀ ਦਾ ਕੰਮ ਕਰਦੇ ਸਮੇਂ ਹੱਥ ਕੱਟਿਆ ਗਿਆ ਸੀ, ਅੱਜ ਉਸ ਕਿਸਾਨ ਨੂੰ ਮਾਰਕਿਟ ਕਮੇਟੀ ਬਟਾਲਾ ਦੇ ਚੇਅਰਮੈਨ ਮਾਨਿਕ ਮਹਿਤਾ ਵਲੋਂ 60,000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ। ਇਸ ਮੌਕੇ ਪਰਮਜੀਤ ਸਿੰਘ ਪੰਮਾ, ਮਨਬੀਰ ਸਿੰਘ ਰੰਧਾਵਾ, ਅਮਿਤ ਸੋਢੀ, ਸੰਧੂ ਭੱਟੀ, ਹੈਪੀ ਖੋਸਲਾ ਅਤੇ ਹਰਮਨ ਆਦਿ ਹਾਜ਼ਰ ਸਨ। ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਕਿਸਾਨ ਲਖਵਿੰਦਰ ਸਿੰਘ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ ਅਤੇ ਉਨਾਂ ਕਿਸਾਨ ਨੂੰ ਭਰੋਸਾ ਦਿੱਤਾ ਕਿ ਉਹ ਉਨਾਂ ਦੇ ਦੁੱਖ ਨੂੰ ਮਹਿਸੂਸ ਕਰਦੇ ਹਨ ਅਤੇ ਉਨਾਂ ਦੀ ਹਰ ਸੰਭਵ ਸਹਾਇਤਾ ਲਈ ਉਨਾਂ ਦੇ ਨਾਲ ਖੜ੍ਹੇ ਹਨ।ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ, ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ ਵਚਨਬੱਧ ਹੈ ਅਤੇ ਸਰਕਾਰ ਵਲੋਂ ਕਿਸਾਨਾਂ ਦੇ ਭਲਾਈ ਲਈ ਵੱਖ-ਵੱਖ ਨੀਤੀਆਂ ਲਾਗੂ ਕਰਨ ਤੋਂ ਇਲਾਵਾ ਉਨਾਂ ਦੀ ਔਖੇ ਸਮੇਂ ਵਿੱਚ ਆਰਥਿਕ ਮਦਦ ਕਰਨ ਲਈ ਵੀ ਯਤਨਸ਼ੀਲ ਰਹਿੰਦੀ ਹੈ।ਇਸ ਮੌਕੇ ਕਿਸਾਨ ਲਖਵਿੰਦਰ ਸਿੰਘ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿ ਇਸ ਔਖੀ ਘੜੀ ਵਿੱਚ ਉਨਾਂ ਵਲੋਂ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ , ਜਿਸ ਲਈ ਉਨਾਂ ਦੇ ਰਿਣੀ ਹਨ

# ਭਾਜਪਾ ਅਤੇ 'ਆਪ' ਦੇ ਮਾੜੇ ਰਾਜ ਨੇ ਲੋਕਾਂ ਨੂੰ ਕਾਂਗਰਸ ਦੇ ਰਾਜ ਦੀ ਯਾਦ ਦਿਵਾਈ : ਸਮਿਤ ਮਾਨ



ਧੂਰੀ, 8 ਜੁਲਾਈ (ਰਾਜੇਸ਼ਵਰ ਪਿੰਟੂ) - ਆਲ ਇੰਡੀਆ ਕਾਂਗਰਸ ਦੇ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਸਲਾਹਕਾਰ ਸਮਿਤ ਸਿੰਘ ਮਾਨ ਨੇ ਅੱਜ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਕੇਂਦਰ ਵਿੱਚ ਬੈਠੀ ਮੋਦੀ ਸਰਕਾਰ ਖਿਲਾਫ ਗੰਭੀਰ ਇਲਜ਼ਾਮ ਲਗਾਏ ਹਨ। ਉਨ੍ਹਾਂ ਦੋਹਾਂ ਸਰਕਾਰਾਂ ਨੂੰ ਸੂਬਾ ਤੇ ਦੇਸ਼ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਇਹ ਹਕੂਮਤਾਂ ਲੋਕਾਂ ਦੀ ਹਿਤੈਸ਼ੀ ਨਹੀਂ, ਬਲਕਿ ਉਨ੍ਹਾਂ ਨੂੰ ਲੁੱਟਣ ਅਤੇ ਦੁੱਖ ਕਰਨ ਵਾਲੀਆਂ ਨੀਤੀਆਂ ਅਪਣਾ ਰਹੀਆਂ ਹਨ।ਸਮਿਤ ਸਿੰਘ ਮਾਨ ਨੇ ਦਾਅਵਾ ਕੀਤਾ ਕਿ ਅੱਜ ਦੇਸ਼ ਦੇ ਲੋਕ ਮੁੜ ਕਾਂਗਰਸ ਦੀ ਸਰਕਾਰ ਨੂੰ ਯਾਦ ਕਰ ਰਹੇ ਹਨ, ਜਿਸ ਦੇ ਦੌਰਾਨ ਲੋਕਾਂ ਨੂੰ ਸਹੂਲਤਾਂ, ਰਿਆਇਤਾਂ ਅਤੇ ਵਿਕਾਸ ਦੇ ਰਾਹ ਮਿਲੇ ਸਨ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਚਾਹੇ ਖੇਤੀ ਹੋਵੇ, ਸਿੱਖਿਆ ਜਾਂ ਸਿਹਤ - ਹਰ ਖੇਤਰ ਵਿੱਚ ਕਾਂਗਰਸ ਦੇ ਦੌਰ ਵਿੱਚ ਹੀ ਆਮ ਆਦਮੀ ਨੂੰ ਅਸਲੀ ਰਾਹਤ ਮਿਲੀ ਸੀ। ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਮਾਨ ਨੇ ਕਿਹਾ ਕਿ ਇਹ ਹਕੂਮਤ ਸਿਰਫ਼ ਵਾਅਦੇ ਤੇ ਝੂਠੇ ਸਬਜਬਾਗ ਦਿਖਾਉਂਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੀ ਆਮ ਜਨਤਾ ਮਹਿੰਗਾਈ ਦੀ ਚੱਕੀ 'ਚ ਪਿਸ ਰਹੀ ਹੈ, ਪੈਟਰੋਲ, ਡੀਜ਼ਲ, ਰਸੋਈ ਗੈਸ ਅਤੇ ਰੋਜ਼ਾਨਾ ਵਰਤੋਂ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਨੇ ਆਮ ਆਦਮੀ ਦੀ ਜ਼ਿੰਦਗੀ ਮੁਸ਼ਕਲ ਕਰ ਦਿੱਤੀ ਹੈ। ਉਨ੍ਹਾਂ ਆਰੋਪ ਲਾਏ ਕਿ ਮੋਦੀ ਸਰਕਾਰ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ 'ਅਗਨੀਵੀਰ' ਵਰਗੀਆਂ ਨੀਤੀਆਂ ਲੈ ਕੇ ਆ ਕੇ ਉਨ੍ਹਾਂ ਦੀ ਭਵਿੱਖੀ ਖੇਡ ਦਿੱਤਾ।ਪੰਜਾਬ ਸਰਕਾਰ ਉਤੇ ਵੀ ਤੀਖੇ ਹਮਲੇ ਕਰਦਿਆਂ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਸੁਪਨੇ ਤਾਂ ਵੱਡੇ ਵਿਖਾਏ ਪਰ ਜਮੀਨੀ ਹਕੀਕਤ ਇਹ ਹੈ ਕਿ ਨਾਂ ਤਾਂ ਸਕੂਲ ਠੀਕ ਹੋਏ, ਨਾਂ ਹਸਪਤਾਲ, ਅਤੇ ਨਾਂ ਹੀ ਨੌਕਰੀਆਂ ਮਿਲੀਆਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਖੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਮਾਨ ਨੇ ਅੰਤ ਵਿੱਚ ਕਿਹਾ ਕਿ ਦੇਸ਼ ਦੀ ਅੱਜ ਦੀ ਹਾਲਤ ਇਸ ਗੱਲ ਦੀ ਮੰਗ ਕਰਦੀ ਹੈ ਕਿ ਮੁੜ ਕਾਂਗਰਸ ਸਰਕਾਰ ਆਵੇ ਜੋ ਲੋਕਾਂ ਦੀ ਭਲਾਈ ਲਈ ਕੰਮ ਕਰੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੇ ਚੋਣਾਂ ਵਿੱਚ ਸਮਝਦਾਰੀ ਨਾਲ ਫੈਸਲਾ ਲੈਣ ਅਤੇ ਕਾਂਗਰਸ ਨੂੰ ਮਜਬੂਤ ਕਰਨ ਲਈ ਅੱਗੇ ਆਉਣ।

# ਪੰਜਾਬ ਸਰਕਾਰ ਵੱਲੋਂ ਹਲਕਾ ਧੂਰੀ ਨੂੰ 12 ਸੜਕਾਂ ਦੀ ਸੌਗਾਤ : ਦਲਵੀਰ ਢਿੱਲੋਂ



ਧੂਰੀ, 8 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ)- ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸ਼ੁਰੂ ਕੀਤੇ ਉਪਰਾਲਿਆਂ ਤਹਿਤ ਵਿਧਾਨ ਸਭਾ ਹਲਕਾ ਧੂਰੀ ਨੂੰ 12 ਲਿੰਕ ਸੜਕਾਂ ਦੀ ਸੌਗਾਤ ਮਿਲੀ ਹੈ। ਇਹਨਾਂ ਸੜਕਾਂ ਨਾਲ 17 ਪਿੰਡ ਸਿੱਧੇ ਤੌਰ ਉੱਤੇ ਅਤੇ ਕਰੀਬ ਅੱਧਾ ਵਿਧਾਨ ਸਭਾ ਹਲਕਾ ਅਸਿੱਧੇ ਤੌਰ ਉੱਤੇ ਆਪਸ ਵਿੱਚ ਜੁੜ ਜਾਵੇਗਾ। ਇਹਨਾਂ ਸੜਕਾਂ ਦੀ ਉਸਾਰੀ ਕਾਰਜਾਂ ਦੇ ਨੀਂਹ ਪੱਥਰ ਅੱਜ ਪੰਜਾਬ ਰਾਜ ਲਘੂ ਉਦਯੋਗ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਰੱਖੇ।ਵੱਖ ਵੱਖ ਸਮਾਗਮਾਂ ਦੌਰਾਨ ਜਾਣਕਾਰੀ ਦਿੰਦਿਆਂ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਵਿਸ਼ੇਸ਼ ਉਪਰਾਲੇ ਤਹਿਤ ਪਿੰਡ ਬੁਗਰਾਂ ਤੋਂ ਰਾਜੋਮਾਜਰਾ, ਬੁਗਰਾਂ ਤੋਂ ਪੇਧਨੀ ਕਲਾਂ, ਲੱਡਾ ਤੋਂ ਮੁੱਖ ਸੜਕ, ਬੁਗਰਾਂ ਤੋਂ ਕਾਂਝਲਾ, ਬੁਗਰਾਂ ਤੋਂ ਸਲੇਮਪੁਰ, ਸੁਲਤਾਨਪੁਰ ਤੋਂ ਧੰਦੀਵਾਲ, ਰੰਗੀਆਂ ਤੋਂ ਧੰਦੀਵਾਲ, ਘਨੌਰੀ ਕਲਾਂ ਤੋਂ ਘਨੌਰੀ ਖੁਰਦ, ਘਨੌਰੀ ਕਲਾਂ ਤੋਂ ਕਲੇਰੀਆਂ, ਘਨੌਰੀ ਕਲਾਂ ਤੋਂ ਦਾਦਾ ਅੱਕੀ ਅਤੇ ਕੁੰਭੜਵਾਲ ਤੋਂ ਕੱਟੂ ਨੂੰ ਜਾਣ ਵਾਲੀਆਂ ਸੜਕਾਂ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਹਨਾਂ ਸੜਕਾਂ ਨੂੰ ਬਣਾਉਣ ਉੱਤੇ 12 ਕਰੋੜ 89 ਲੱਖ 73 ਹਜ਼ਾਰ ਰੁਪਏ ਦੀ ਲਾਗਤ ਆਵੇਗੀ। ਅਤੇ ਇਹ ਸਾਰੇ ਕੰਮ ਅਗਲੇ 4 ਮਹੀਨੇ ਵਿੱਚ ਮੁਕੰਮਲ ਕਰਨ ਦਾ ਟੀਚਾ ਹੈ।

# ਵਿਵੇਕ ਆਸ਼ਰਮ ਧਾਰਮਿਕ ਸਮਾਗਮ ਭਲਕੇ

ਭਗਤਾ ਭਾਈ ਕਾ 8 ਜੁਲਾਈ (ਸਵਰਨ ਸਿੰਘ ਭਗਤਾ) ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਜਲਾਲ ਵਿਖੇ ਬ੍ਰਹਮਲੀਨ ਸੰਤ ਬਾਬਾ ਕਰਨੈਲ ਦਾਸ ਅਤੇ ਮੌਜੂਦਾ ਗੱਦੀ ਨਸ਼ੀਨ ਸੁਆਮੀ ਬ੍ਰਹਮਮੁਨੀ ਦੇ ਅਸ਼ੀਰਵਾਦ ਸਦਕਾ ਅਤੇ ਸੰਸਥਾ ਦੇ ਮੁੱਖ ਪ੍ਰਬੰਧਕ ਬਾਬਾ ਗੰਗਾ ਰਾਮ ਦੇ ਯਤਨਾਂ ਸਦਕਾ ਵਿਵੇਕ ਆਸ਼ਰਮ ਜਲਾਲ (ਬਠਿੰਡਾ) ਜੋ ਕਿ ਗੁਰੂਸਰ ਬਸ ਸਟੈਂਡ ਉੱਪਰ ਸਥਿਤ ਹੈ ਵਿਖੇ ਗੁਰੂ ਪੁੰਨਿਆ ਦਿਹਾੜਾ ਭਲਕੇ 10 ਜੁਲਾਈ ਦਿਨ ਵੀਰਵਾਰ ਨੂੰ ਬੜਾ ਹੀ ਸ਼ਰਧਾ ਪੂਰਵਕ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆ ਬਾਬਾ ਗੰਗਾ ਰਾਮ ਨੇ ਦੱਸਿਆ ਕਿ ਵਿਸ਼ੇਸ਼ ਤੌਰ 'ਤੇ ਸਾਧੂ ਸੰਤ ਪਹੁੰਚ ਕੇ ਸਵੇਰ 10 ਤੋ ਦੁਪਹਿਰ 12 ਵਜੇ ਤੱਕ ਸੰਗਤਾ ਨੂੰ ਅਪਣੇ ਪ੍ਰਵਚਨਾਂ ਨਾਲ ਨਿਹਾਲ ਕਰਨਗੇ ਅਤੇ ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ।ਬਾਬਾ ਗੰਗਾ ਰਾਮ ਨੇ ਸੰਗਤਾਂ ਨੂੰ ਵੱਧ ਤੋ ਵੱਧ ਪਹੁੰਚ ਕੇ ਸੰਤਾ ਦੇ ਪ੍ਰਵਚਨ ਸੁਣਕੇ ਜੀਵਨ ਸਫਲ ਬਣਾਉਣ ਲਈ ਬੇਨਤੀ ਕੀਤੀ।ਇਸ ਮੌਕੇ ਸਰਬਾਨੰਦ ਹਰਿਦੁਆਰ,ਰਾਮਾ ,ਯੋਗੇਸ਼ਵਰ ਤੀਰਥ,ਅਮਰ ਦਾਸ ,ਸ਼ੀਤਲ ਦਾਸ,ਹਰੀ ਕ੍ਰਿਸ਼ਨ,ਗੁਲਾਬ ਚੰਦ ਸਿੰਗਲਾ ਜਲਾਲ ਆਦਿ ਹਾਜਰ ਸਨ।

# ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਬੀ.ਐਲ.ਓ ਨੂੰ ਕਰਵਾਈ ਟਰੇਨੰਗ



ਫਤਹਿਗੜ੍ਹ ਸਾਹਿਬ, 8 ਜੁਲਾਈ (ਹਰਪ੍ਰੀਤ ਕੌਰ ਟਿਵਾਣਾ) ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ, ਫਤਹਿਗੜ੍ਹ ਸਾਹਿਬ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਅਤੇ ਸ੍ਰੀ ਅਰਵਿੰਦ ਕੁਮਾਰ ਪੀ.ਸੀ.ਐਸ., ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟ$ਰੇਸ਼ਨ ਅਫਸਰ, 55-ਫਤਹਿਗੜ੍ਹ ਸਾਹਿਬ ਵਿਧਾਨ ਸਭਾ ਚੋਣ ਹਲਕਾ ਦੀ ਅਗਵਾਈ ਵਿੱਚ ਹਲਕੇ ਦੇ 50 ਬੂਥਾਂ ਦੇ ਬੀ.ਐਲ.ਓਜ਼ ਦੇ ਦੂਜੇ ਬੈਚ ਦਾ ਸਿਖਲਾਈ ਪ੍ਰੋਗਰਾਮ ਬਚਤ ਭਵਨ,ਫਤਹਿਗੜ੍ਹ ਸਾਹਿਬ ਵਿਖੇ ਕਰਵਾਇਆ ਗਿਆ।ਇਹ ਪ੍ਰੋਗਰਾਮ ਵੋਟਰ ਸੂਚੀਆਂ ਨੂੰ ਅੱਪਡੇਟ ਕਰਨ, ਖੇਤਰੀ ਦੌਰੇ ਕਰਨ ਅਤੇ ਵੋਟਰ ਜਾਣਕਾਰੀ ਦੀ ਪੁਸ਼ਟੀ ਕਰਨ ਵਿੱਚ ਬੀ.ਐਲ.ਓ. ਦੀਆਂ ਜ਼ਿੰਮੇਵਾਰੀਆਂ ਨੂੰ ਕਵਰ ਕਰਦਾ ਹੈ। ਇਹ ਪ੍ਰੋਗਰਾਮ ਦੌਰਾਨ ਮਾਸਟਰ ਟ$ਰੇਨਰ ਤੇਜਿੰਦਰ ਸਿੰਘ, ਖੁਸ਼ਵੰਤ ਸਿੰਘ ਅਤੇ ਅਮਨਦੀਪ ਸਰਵਨ ਵਲੋ ਬੀ.ਐਲ.ਓ. ਦੇ ਆਮ ਕਰਤੱਵਾਂ ਅਤੇ ਸ਼ਿਸ਼ਟਾਚਾਰ ਜਿਵੇਂ ਕਿ ਘਰ-ਘਰ ਸਰਵੇਖਣ ਕਰਨਾ, ਮ੍ਰਿਤਕ, ਸ਼ਿਫਟ ਕੀਤੇ ਗਏ, ਜਾਂ ਡੁਪਲੀਕੇਟ ਵੋਟਰਾਂ ਦੀ ਪਛਾਣ ਕਰਨਾ, ਅਤੇ ਰਾਜਨੀਤਿਕ ਪਾਰਟੀ ਦੇ ਨੁਮਾਇੰਦਿਆਂ ਨਾਲ ਤਾਲਮੇਲ ਕਰਨਾ ਆਦਿ ਬਾਰੇ ਦੱਸਿਆ ਗਿਆ। ਸਿਖਲਾਈ ਦੇ ਦੌਰਾਨ ਵੋਟਰ ਜਾਣਕਾਰੀ ਨੂੰ ਸ਼ਾਮਲ ਕਰਨ, ਮਿਟਾਉਣ ਅਤੇ ਸੁਧਾਰ ਲਈ ਵੱਖ-ਵੱਖ ਫਾਰਮਾਂ ਨੂੰ ਸਮਝਣਾ ਅਤੇ ਵਰਤਣਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਿਖਲਾਈ ਪ੍ਰੋਗਰਾਮ ਦੌਰਾਨ ਪੁਰਾਣੇ ਅਤੇ ਨਵ-ਨਿਯੁਕਤ ਬੀ.ਐਲ.ਓਜ਼. ਨੂੰ ਟਰੇਨਿੰਗ ਮੁਹੱਈਆ ਕਰਵਾਈ । ਇਸ ਮੌਕੇ ਤੇ ਪੁਰਾਣੇ ਬੀ.ਐਲ.ਓਜ਼. ਦੀ ਕਾਰਗੁਜਾਰੀ ਨੂੰ ਹੋਰ ਬਿਹਤਰ ਕਰਨ ਦੇ ਮੰਤਵ ਨਾਲ ਅਤੇ ਨਵੇ ਨਿਯੁਕਤ ਬੀ.ਐਲ.ਓਜ਼. ਨੂੰ ਉਨ੍ਹਾਂ ਵੱਲੋਂ ਨਿਭਾਈ ਜਾਣ ਵਾਲੀ ਡਿਊਟੀ ਪ੍ਰਤੀ ਜਾਗੂਰਕ ਕੀਤਾ ਗਿਆ ਅਤੇ ਟ$ਰੇਨਿੰਗ ਮੁਕੰਮਲ ਹੋਣ ਉਪਰੰਤ ਬੀ.ਐਲ. ਓਜ ਨੂੰ ਸਰਟੀਫਿਕੇਟ ਦਿੱਤੇ ਗਏ । ਇਸ ਟ$ਰੇਨਿੰਗ ਦੌਰਾਨ ਸੁਪਰਵਾਈਜ਼ਰਾ ਸਮੇਤ ਉਪ ਮੰਡਲ ਮੈਜਿਸਟਰੇਟ, ਫਤਹਿਗੜ੍ਹ ਸਾਹਿਬ ਦਾ ਇਲੈਕਸ਼ਨ ਸਟਾਫ ਵੀ ਮੌਜੂਦ ਸੀ ।

# ਏ.ਐਸ.ਆਈ ਜਸਵਿੰਦਰ ਸਿੰਘ ਚੌਕੀ ਪੰਨੀਵਾਲਾ ਦੇ ਇੰਚਾਰਜ ਨਿਯੁਕਤ



ਮਲੋਟ 8 ਜੁਲਾਈ( ਅਮਨਦੀਪ ਸਿੰਘ ਮਹਿਰਾ )ਸਹਾਇਕ ਸਬ-ਇੰਸਪੈਕਟਰ ਜਸਵਿੰਦਰ ਸਿੰਘ ਜੋ ਕਿ ਥਾਣਾ ਸਿਟੀ ਮਲੋਟ ਸਮੇਤ ਵੱਖ-ਵੱਖ ਥਾਣਿਆਂ ਵਿੱਚ ਆਪਣੀ ਡਿਊਟੀ ਨਿਭਾ ਚੁੱਕੇ ਹਨ ਨੂੰ ਅੱਜ ਚੌਂਕੀ ਪੰਨੀਵਾਲਾ ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਮੌਕੇ ਓਨ੍ਹਾਂ ਦੇ ਇੰਚਾਰਜ ਲੱਗਣ ਤੇ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਸਮੂਹ ਪੁਲਿਸ ਪਰਿਵਾਰ ਮੁਲਾਜ਼ਮਾਂ ਅਤੇ ਹੋਰ ਦੋਸਤਾਂ-ਮਿੱਤਰਾਂ ਵੱਲੋਂ ਉਨ੍ਹਾਂ ਨੂੰ ਮੁਬਾਰਕਬਾਦ ਦੇ ਕੇ ਖੁਸ਼ੀ ਜਾਹਿਰ ਕੀਤੀ। ਉਹਨਾਂ ਥਾਣੇ ਆਉਣ ਵਾਲੇ ਹਰੇਕ ਆਮ ਪਬਲਿਕ ਨੂੰ ਅਪੀਲ ਕੀਤੀ ਹੈ ਕਿ ਸਿੱਧਾ ਉਹਨਾਂ ਨਾਲ ਰਾਬਤਾ ਕਾਇਮ ਕੀਤਾ ਜਾਵੇ ਤਾਂ ਜੋ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖੀ ਜਾਵੇ

# ਗੁਰਪ੍ਰੀਤ ਮਲੂਕਾ ਤੇ ਪਰਮਪਾਲ ਕੌਰ ਸਿੱਧੂ ਵੱਲੋ ਅਸ਼ਵਨੀ ਸ਼ਰਮਾ ਦੀ ਨਿਯੁਕਤੀ ਦਾ ਸਵਾਗਤ

## ਅਸ਼ਵਨੀ ਸ਼ਰਮਾਂ ਦਾ ਤਜ਼ਰਬਾ ਭਾਜਪਾ ਨੂੰ ਕੇਰੇਗਾ ਮਜ਼ਬੂਤ





ਭਗਤਾ ਭਾਈ ਕਾ 8 ਜੁਲਾਈ (ਸਵਰਨ ਸਿੰਘ ਭਗਤਾ)ਭਾਜਪਾ ਵੱਲੋ ਪੰਜਾਬ ਸੰਗਠਨ ਲਈ ਅਹਿਮ ਫੈਸਲਾ ਕਰਦਿਆਂ ਪਠਾਨਕੋਟ ਤੋਂ ਮੌਜੂਦਾ ਵਿਧਾਇਕ ਤੇ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਨੂੰ ਮੁੜ ਵੱਡੀ ਜ਼ਿੰਮੇਵਾਰੀ ਦਿੱਤੀ ਤੇ ਉਨ੍ਹਾਂ ਨੂੰ ਪੰਜਾਬ ਪ੍ਰਦੇਸ਼ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਉਨ੍ਹਾਂ ਦੀ ਨਿਯੁਕਤੀ ਦਾ ਸੂਬੇ ਦੇ ਸਾਰੇ ਹੀ ਆਗੂਆਂ ਤੇ ਵਰਕਰਾਂ ਨੇ ਸਵਾਗਤ ਕੀਤਾ ਹੈ ਭਾਜਪਾ ਦੇ ਸੀਨਿਅਰ ਆਗੂ ਲੋਕ ਸਭਾ ਹਲਕਾ ਬਠਿੰਡਾ ਦੇ ਇੰਚਾਰਜ ਸੇਵਾ ਮੁਕਤ ਆਈਏਐਸ ਪਰਮਪਾਲ ਕੌਰ ਸਿੱਧੂ ਅਤੇ ਸਾਬਕਾ ਚੇਅਰਮੈਨ ਗੁਰਪ੍ਰੀਤ ਸਿੰਘ ਮਲੂਕਾ ਨੇ ਵੀ ਅਸ਼ਵਨੀ ਸ਼ਰਮਾ ਨੂੰ ਸੂਬੇ ਦਾ ਕਾਰਜਕਾਰੀ ਪ੍ਰਧਾਨ ਬਣਾਏ ਜਾਣ ਦਾ ਸਵਾਗਤ ਕੀਤਾ ਤੇ ਅਸ਼ਵਨੀ ਸ਼ਰਮਾ ਨੂੰ ਵਧਾਈ ਦਿੰਦਿਆਂ ਪਰਮਪਾਲ ਕੌਰ ਸਿੱਧੂ ਨੇ ਕਿਹਾ ਕੇ ਅਸ਼ਵਨੀ ਸ਼ਰਮਾ ਕੋਲ ਲੰਬਾ ਸੰਗਠਨ ਅਤੇ ਪ੍ਰਸ਼ਾਸਨਿਕ ਤਜ਼ਰਬਾ ਹੈ ਉਹ ਸਰਕਾਰ ਅਤੇ ਸੰਗਠਨ 'ਚ ਕਈ ਅਹਿਮ ਅਹੁਦਿਆਂ ਤੇ ਰਹਿ ਚੁੱਕੇ ਹਨ, ਉਨ੍ਹਾਂ ਦੇ ਸੂਬਾ ਪ੍ਰਧਾਨ ਹੁੰਦਿਆਂ ਭਾਜਪਾ ਪੰਜਾਬ 'ਚ ਮਜ਼ਬੂਤ ਹੋਈ ਹੈ ਅਤੇ ਉਨ੍ਹਾਂ ਦਾ ਪੰਜਾਬ ਦੇ ਸਾਰੇ ਖਿਤਿਆਂ ਚ ਚੰਗਾ ਅਧਾਰ ਹੈ।ਗੁਰਪ੍ਰੀਤ ਸਿੰਘ ਮਲੂਕਾ ਨੇ ਕਿਹਾ ਕੇ ਅਸਵਨੀ ਸ਼ਰਮਾਂ ਜਮੀਨ ਨਾਲ ਜੁੜੇ ਹੋਏ ਲੀਡਰ ਹਨ ਉਨ੍ਹਾਂ ਦੀ ਪੰਜਾਬ ਦੇ ਮੁੱਦਿਆਂ ਤੇ ਚੰਗੀ ਪਕੜ ਹੈ ਕੇਂਦਰੀ ਲੀਡਰਸ਼ਿੱਪ ਨਾਲ ਉਨ੍ਹਾਂ ਦੀ ਨੇੜਤਾ ਪੰਜਾਬ 'ਚ ਪਾਰਟੀ ਨੂੰ ਅੱਗੇ ਵਧਾਉਣ 'ਚ ਸਹਾਈ ਹੋਵੇਗੀ ਉਹਨਾਂ ਦੀ ਅਗਵਾਈ ਚ ਭਾਜਪਾ ਹੋਰ ਵੀ ਮਜ਼ਬੂਤ ਹੋਵੇਗੀ। ਇਸ ਮੌਕੇ ਸੁਨੀਲ ਸਿੰਗਲਾ ਵਿਜੈ ਸਿੰਗਲਾ ਅਨੰਦ ਗੁਪਤਾ ਸੁਖਵਿੰਦਰ ਕੌਰ ਤਲਵੰਡੀ, ਕਮਲ ਦੁੱਲੇਵਾਲਾ, ਨੀਰਜ ਸਿੰਗਲਾ, ਜੱਸਾ ਭੁੱਚੋ, ਜਸਵੀਰ ਸਿੰਘ ਮਹਿਰਾਜ, ਮੋਹਿਤ ਕੋਹਲੀ, ਕਾਲਾ ਗਰਗ, ਕੁਲਵਿੰਦਰ ਸਿੰਘ ਸਿੱਧੂ, ਬੂਟਾ ਭਾਈਰੂਪਾ,ਗੁਰਜੀਤ ਗੋਰਾ ਦਿਉਣ, ਨਵਲ ਗੋਇਲ, ਚਰਨਜੀਤ ਬਰਾੜ ਅਤੇ ਮੀਡੀਆ ਇੰਚਾਰਜ ਰਤਨ ਸ਼ਰਮਾ ਮਲੂਕਾ ਨੇ ਵੀ ਅਸ਼ਵਨੀ ਸ਼ਰਮਾ ਦੀ ਨਿਯੁਕਤੀ ਦਾ ਸਵਾਗਤ ਕੀਤਾ।

# ਕਾਸੋ ਆਪਰੇਸ਼ਨ ਤਹਿਤ ਪੁਲਿਸ ਨੇ ਨਾਕਾ ਲਗਾ ਕੇ ਵਾਹਨਾਂ ਦੀ ਕੀਤੀ ਚੈਕਿੰਗ



ਸ਼੍ਰੀ ਕੀਰਤਪੁਰ ਸਾਹਿਬ 8 ਜੁਲਾਈ (ਬੀ ਐਸ ਰਾਣਾ) ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨ ਲਈ ਅਤੇ ਸਮਾਜ ਵਿਰੋਧੀ ਅਨਸਰਾਂ ਦੀ ਧਰ ਪਕੜ ਕਰਨ ਲਈ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੇ ਕਾਸੋ ਆਪਰੇਸ਼ਨ ਦੇ ਤਹਿਤ ਅੱਜ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਿਸ ਵੱਲੋਂ ਪਤਾਲਪੁਰੀ ਸਾਹਿਬ ਚੌਂਕ ਵਿਖੇ ਨਾਕਾ ਲਗਾ ਕੇ ਬਰੀਕੀ ਨਾਲ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏਡੀਐਸਪੀ ਗੁਰਮੀਤ ਸਿੰਘ ਐਨਡੀਪੀਐਸ ਐਕਟ ਅਤੇਥਾਣਾ ਮੁਖੀ ਸ੍ਰੀ ਕੀਰਤਪੁਰ ਸਾਹਿਬ ਇੰਸਪੈਕਟਰ ਜਤਿਨ ਕਪੂਰ ਨੇ ਸਾਂਝੇ ਤੌਰ ਤੇ ਦੱਸਿਆ ਕਿ ਅੱਜ ਜ਼ਿਲ$ਾ ਪੁਲਿਸ ਮੁਖੀ ਰੂਪਨਗਰ ਡਾਕਟਰ ਗੁਲਨੀਤ ਸਿੰਘ ਖੁਰਾਣਾ ਆਈਪੀਐਸ ਦੀ ਯੋਗ ਅਗਵਾਈ ਹੇਠ ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ ਕਾਸੋ ਆਪਰੇਸ਼ਨ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਉਨਾਂ ਵੱਲੋਂ ਪਤਾਲਪੁਰੀ ਚੌਂਕ ਵਿਖੇ ਨਾਕਾ ਲਗਾ ਕੇ ਆਉਣ ਜਾਣ ਵਾਲੇ ਵਾਹਨਾਂ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉਹਨਾਂ ਵੱਲੋਂ ਵਾਹਨਾਂ ਦੇ ਕਾਗਜ ਪੱਤਰ ਵੀ ਚੈੱਕ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਵਾਹਨ ਚਲਾਉਣ ਵਾਲੇ ਨੌਜਵਾਨ ਜਿਨਾਂ ਦੀ ਉਮਰ 18 ਸਾਲ ਤੋਂ ਘੱਟ ਲੱਗਦੀ ਹੈ ਉਹਨਾਂ ਨੂੰ ਰੋਕ ਕੇ ਉਨਾਂ ਦੀ ਉਮਰ ਅਤੇ ਵਾਹਨ ਦੇ ਕਾਗਜ਼ ਪੱਤਰ ਚੈੱਕ ਕੀਤੇ ਜਾ ਰਹੇ ਹਨ।ਉਹਨਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਾਸੋ ਆਪਰੇਸ਼ਨ ਤਹਿਤ ਪੁਰਾਣੇ ਬੱਸ ਅੱਡੇ, ਨਵੇਂ ਬੱਸ ਅੱਡੇ, ਨਹਿਰ ਦੀਆਂ ਪਟੜੀਆਂ ਅਤੇ ਸ਼ੱਕੀ ਥਾਵਾਂ ਦੀ ਵੀ ਚੈਕਿੰਗ ਕੀਤੀ ਗਈ।ਉਹਨਾਂ ਦੱਸਿਆ ਕਿ ਕਾਸੋ ਆਪਰੇਸ਼ਨ ਦਾ ਮੁੱਖ ਮਕਸਦ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਨਾ ਹੈ, ਜੋ ਕਿ ਦੂਸਰੇ ਰਾਜ ਤੋਂ ਪੰਜਾਬ ਵਿੱਚ ਨਸ਼ਾ ਲਿਆ ਕੇ ਸਪਲਾਈ ਕਰਦੇ ਹਨ। ਇਸ ਮੌਕੇ ਉਹਨਾਂ ਦੇ ਨਾਲ ਸਬ ਇੰਸਪੈਕਟਰ ਨਵਦੀਪ ਕੌਰ , ਏਐਸਆਈ ਅਮਰਜੀਤ ਸਿੰਘ ਅਤੇ ਪੁਲਿਸ ਮੁਲਾਜ਼ਮ ਹਾਜ਼ਰ ਸਨ।

# ਚਿੱਟੇ ਖਿਲਾਫ ਪੋਸਟ ਪਾਉਣ ਤੇ ਪੱਤਰਕਾਰ 'ਤੇ ਹਮਲਾ





ਭਵਾਨੀਗੜ੍ਹ, 8 ਜੁਲਾਈ (ਅਮਨਦੀਪ ਸਿੰਘ ਮਾਝਾ ) : ਅੱਜ ਇੱਥੇ ਬਲਿਆਲ ਰੋਡ ਤੇ ਦੁਪਹਿਰ ਵੇਲੇ ਪੱਤਰਕਾਰ ਹਰਵਿੰਦਰ ਕੁਮਾਰ (ਹੈਪੀ ਸ਼ਰਮਾਂ) ਉਪਰ 8-10 ਅਣਪਛਾਤੇ ਵਿਅਕਤੀਆਂ ਵੱਲੋਂ ਹਮਲਾ ਕਰ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ। ਇੱਥੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਪੱਤਰਕਾਰ ਹੈਪੀ ਸ਼ਰਮਾ ਨੇ ਦੱਸਿਆ ਕਿ ਉਹ ਆਪਣੀ ਦੁਕਾਨ ਉਤੇ ਬੈਠਾ ਸੀ ਕਿ ਅਚਾਨਕ 8-10 ਅਣਪਛਾਤੇ ਵਿਅਕਤੀਆਂ ਵੱਲੋਂ ਉਸ ਉੱਤੇ ਬੇਸਬਾਲਾਂ ਵਗੈਰਾ ਨਾਲ ਜਾਨਲੇਵਾ ਹਮਲਾ ਕਰ ਦਿੱਤਾ। ਹਮਲਾਵਰਾਂ ਵੱਲੋਂ ਉਸ ਦੀ ਬਾਂਹ ਤੋੜ ਦਿੱਤੀ ਅਤੇ ਸਿਰ ਪਾੜ ਦਿੱਤਾ ਗਿਆ। ਹਮਲਾਵਰਾਂ ਨੇ ਕੁੱਟਮਾਰ ਦੌਰਾਨ ਹੈਪੀ ਸ਼ਰਮਾ ਨੂੰ ਚਿੱਟੇ ਖਿਲਾਫ ਨਾ ਬੋਲਣ ਦੀ ਤਾੜਨਾ ਕੀਤੀ। ਇਸੇ ਦੌਰਾਨ ਪਤਾ ਲੱਗਦਿਆਂ ਹੀ ਸ਼ਹਿਰ ਦੇ ਸਾਰੇ ਪੱਤਰਕਾਰ, ਕਿਸਾਨ ਆਗੂ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਵੀ ਹਸਪਤਾਲ ਵਿੱਚ ਪਹੁੰਚ ਗਏ। ਸੰਯੁਕਤ ਪ੍ਰੈਸ ਕਲੱਬ ਭਵਾਨੀਗੜ੍ਹ ਦੇ ਪ੍ਰਧਾਨ ਰਣਧੀਰ ਸਿੰਘ ਫੱਗੂਵਾਲਾ, ਪ੍ਰੈਸ ਕਲੱਬ ਭਵਾਨੀਗੜ੍ਹ ਦੇ ਪ੍ਰਧਾਨ ਗੁਰਵਿੰਦਰ ਸਿੰਘ ਰੋਮੀ, ਸਰਪ੍ਰਸਤ ਮੇਜਰ ਸਿੰਘ ਮੱਟਰਾਂ, ਗੁਰਦਰਸ਼ਨ ਸਿੰਘ ਸਿੱਧੂ ਸਮੇਤ ਸਮੂਹ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਅਲਟੀਮੇਟਮ ਦਿੱਤਾ ਕਿ ਜੇਕਰ ਹਮਲਾਵਰਾਂ ਖਿਲਾਫ ਸ਼ਾਮ ਤੱਕ ਕਾਰਵਾਈ ਨਾ ਕੀਤੀ ਗਈ ਤਾਂ ਉਹ ਤਿੱਖਾ ਸੰਘਰਸ਼ ਕਰਨਗੇ।ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਗੁਰਚੇਤ ਸਿੰਘ ਭੱਟੀਵਾਲ, ਲਾਡੀ ਬਖੋਪੀਰ ਅਤੇ ਬ੍ਰਾਹਮਣ ਸਭਾ ਦੇ ਆਗੂ ਡਾ. ਰਿੰਪੀ ਨੇ ਕਿਹਾ ਕਿ ਜੇਕਰ ਇੱਥੇ ਪੱਤਰਕਾਰ ਹੀ ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕਾਂ ਦਾ ਕੀ ਹਾਲ ਹੋਵੇਗਾ। ਇਸੇ ਦੌਰਾਨ ਡਾ. ਵਿਕਰਮ ਪਾਲ ਸਿੰਘ ਨੇ ਦੱਸਿਆ ਕਿ ਗੰਭੀਰ ਸੱਟਾਂ ਕਾਰਨ ਹੈਪੀ ਸ਼ਰਮਾ ਨੂੰ ਸੰਗਰੂਰ ਰੈਫ਼ਰ ਕਰ ਦਿੱਤਾ ਹੈ।ਘਟਨਾ ਸਥਾਨ ਦਾ ਜਾਇਜ਼ਾ ਲੈਣ ਉਪਰੰਤ ਥਾਣਾ ਮੁਖੀ ਇੰਸਪੈਕਟਰ ਮਾਲਵਿੰਦਰ ਸਿੰਘ ਨੇ ਭਰੋਸਾ ਦਿੱਤਾ ਕਿ ਹਮਲਾਵਰਾਂ ਨੂੰ ਜਲਦੀ ਹੀ ਕਾਬੂ ਕਰ ਕੇ ਸਲਾਖਾਂ ਪਿੱਛੇ ਸੁੱਟਿਆ ਜਾਵੇਗਾ।

# ਬਠਿੰਡਾ ਪੁਲਿਸ ਨੇ ਵਿਦੇਸ਼ ਬੈਠੇ ਨਸ਼ਾ ਤਸਕਰੀ ਦੇ ਨੈਟਵਰਕ ਦਾ ਕੀਤਾ ਪਰਦਾਫਾਸ਼

# ਪਾਕਿਸਤਾਨ ਤੋਂ ਆਈ 40 ਕਿਲੋ ਹੈਰੋਇਨ ਸਮੇਤ ਛੇ ਜਣੇ ਗ੍ਰਿਫਤਾਰ।



ਬਠਿੰਡਾ, 8 ਜੁਲਾਈ (ਦੀਪਕ ਸ਼ਰਮਾ) :ਬਠਿੰਡਾ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਹੱਥ ਲੱਗੀ ਜਦੋਂ ਵਿਦੇਸ਼ ਬੈਠੇ ਇੱਕ ਨਸ਼ਾ ਤਸਕਰ ਦੇ ਛੇ ਗੁਰਗਿਆਂ ਨੂੰ ਗ੍ਰਿਫਤਾਰ ਕਰਕੇ 40 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਮੁੱਢਲੀ ਪੁੱਛ ਪੜਤਾਲ ਦੌਰਾਨ ਖੁਲਾਸਾ ਹੋਇਆ ਹੈ ਕੀ ਹੈਰੋਇਨ ਦੀ ਇਹ ਖੇਪ ਪਾਕਿਸਤਾਨ ਤੋਂ ਭਾਰਤ ਵਿੱਚ ਆਈ ਸੀ ਅਤੇ ਇਸ ਨੂੰ ਅੱਗੇ ਛੋਟੇ ਤਸਕਰਾਂ ਕੋਲ ਵੰਡਿਆ ਜਾਣਾ ਸੀ, ਪਰ ਇਸ ਤੋਂ ਪਹਿਲਾਂ ਹੀ ਬਠਿੰਡਾ ਦੇ ਸੀਆਈਏ 1 ਨੇ ਇੱਕ ਸੂਚਨਾ ਦੇ ਅਧਾਰ ਤੇ ਕਾਰਵਾਈ ਕਰਦਿਆਂ ਹੋਇਆਂ ਫਾਰਚੂਨਰ ਗੱਡੀ ਸਵਾਰ ਮਲੋਟ ਦੇ ਰਹਿਣ ਵਾਲੇ ਛੇ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਚਾਲੀ ਕਿਲੋ ਹੈਰੋਇਨ ਬਰਾਮਦ ਕੀਤੀ। ਕਥਿਤ ਦੋਸ਼ੀਆਂ ਖਿਲਾਫ ਥਾਣਾ ਕੋਤਵਾਲੀ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਪੁੱਛ ਗਿੱਛ ਕੀਤੀ ਜਾਵੇਗੀ। ਤਾਂ ਕਿ ਇਹਨਾਂ ਦੇ ਪੰਜਾਬ ਅਤੇ ਬਠਿੰਡਾ ਜ਼ਿਲ੍ਹੇ ਵਿੱਚ ਕੰਮ ਕਰਦੇ ਸੋਰਸਾਂ ਦਾ ਪਤਾ ਲਗਾਇਆ ਜਾ ਸਕੇ। ਪੁਲਿਸ ਦੀ ਇਸ ਕਾਰਵਾਈ ਨੇ ਨਸ਼ਾ ਤਸਕਰਾਂ ਦੇ ਨਾਪਾਕ ਇਰਾਦਿਆਂ ਤੇ ਪਾਣੀ ਫੇਰ ਦਿੱਤਾ ਹੈ। ਦੱਸਣਾ ਬਣਦਾ ਹੈ ਕਿ ਬਠਿੰਡਾ ਜ਼ਿਲ੍ਹੇ ਵਿੱਚ ਇੰਨੀ ਵੱਡੀ ਮਾਤਰਾ ਵਿੱਚ ਹੈਰੋਇਨ ਫੜੇ ਜਾਣ ਦਾ ਇਹ ਪਹਿਲਾ ਮਾਮਲਾ ਹੈ।ਇਸ ਸਬੰਧੀ ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈਸ ਵਾਰਤਾ ਦੌਰਨ ਐਸਐਸਪੀ ਅਮਨੀਤ ਕੌਂਡਲ ਨੇ ਦੱਸਿਆ ਹੈ ਕਿਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਤੇ ਬਠਿੰਡਾ ਰੇਂਜ ਦੇ ਡੀ.ਆਈ.ਜੀ. ਹਰਜੀਤ ਸਿੰਘ ਦੀ ਅਗਵਾਈ ਹੇਠ ਪੁਲਿਸ ਵਿਭਾਗ ਨੇ ਸੂਬੇ ਵਿੱਚੋਂ ਨਸ਼ਿਆਂ ਦਾ ਲੱਕ ਤੋੜਨ ਲਈ ਆਪਣੀ ਵਚਨਬੱਧਤਾ ਨੂੰ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ। ਉਨਾਂ ਦੱਸਿਆ ਕਿ ਸਥਾਨਕ ਸੀਆਈਏ ਵਿੰਗ 1 ਰੋਜਾਨਾ ਦੀ ਤਰ੍ਹਾਂ ਸ਼ੱਕੀ ਵਾਹਨਾਂ ਅਤੇ ਵਿਅਕਤੀਆਂ ਦੀ ਜਾਂਚ ਪੜਤਾਲ ਕਰ ਰਿਹਾ ਸੀ। ਇਸ ਦੌਰਾਨ ਇੱਕ ਕਾਲੇ ਰੰਗ ਦੀ ਫਾਰਚੂਨਰ ਗੱਡੀ ਨੂੰ ਛੱਕਦੇ ਅਧਾਰ ਤੇ ਰੋਕ ਕੇ ਤਲਾਸ਼ੀ ਲਈ ਤਾਂ ਉਕਤ ਗੱਡੀ ਵਿੱਚੋਂ 40 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਜਿਸ ਅਧਾਰ ਤੇ ਗੱਡੀ ਸਵਾਰ ਛੇ ਨੌਜਵਾਨਾਂ ਨੂੰ ਮੌਕੇ ਤੇ ਹੀ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।**ਫਾਰਚੂਨਰ ਗੱਡੀ 'ਚੋਂ ਮਿਲੀ 40 ਕਿਲੋ ਹੈਰੋਇਨ**ਐਸਐਸਪੀ ਨੇ ਦੱਸਿਆ ਕਿ ਐਸ.ਪੀ. (ਸਿਟੀ) ਬਠਿੰਡਾ ਨਰਿੰਦਰ ਸਿੰਘ ਅਤੇ ਡੀ.ਐਸ.ਪੀ. (ਸਿਟੀ-1) ਸੰਦੀਪ ਸਿੰਘ ਭਾਟੀ ਦੀ ਯੋਗ ਅਗਵਾਈ ਹੇਠ ਸੀ.ਆਈ.ਏ. ਸਟਾਫ-1 ਦੀ ਪੁਲਿਸ ਪਾਰਟੀ ਨੇ ਇਹ ਕਾਰਨਾਮਾ ਅੰਜਾਮ ਦਿੱਤਾ। ਪੁਲਿਸ ਟੀਮ ਗਸ਼ਤ ਦੌਰਾਨ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ, ਜਦੋਂ ਉਨ੍ਹਾਂ ਨੇ ਕਾਲੇ ਰੰਗ ਦੀ ਇੱਕ ਫਾਰਚੂਨਰ ਗੱਡੀ ਨੰਬਰ ♦2-535-6771 ਨੂੰ ਰੋਕਿਆ। ਗੱਡੀ ਵਿੱਚ ਸਵਾਰ ਛੇ ਵਿਅਕਤੀਆਂ ਨੂੰ ਤੁਰੰਤ ਕਾਬੂ ਕਰ ਲਿਆ ਗਿਆ। ਤਲਾਸ਼ੀ ਦੌਰਾਨ, ਪੁਲਿਸ ਨੂੰ ਗੱਡੀ ਵਿੱਚੋਂ 40 ਕਿਲੋ ਹੈਰੋਇਨ ਬਰਾਮਦ ਹੋਈ, ਜੋ ਕਿ ਵਪਾਰਕ ਮਾਤਰਾ ਵਿੱਚ ਸੀ ਅਤੇ ਨਸ਼ਾ ਤਸਕਰਾਂ ਦੀ ਇੱਕ ਵੱਡੀ ਸਾਜ਼ਿਸ਼ ਦਾ ਪਰਦਾਫਾਸ਼ ਕਰਦੀ ਹੈ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਲਖਵੀਰ ਸਿੰਘ ਉਰਫ ਲੱਖਾ (33), ਪ੍ਰਭਜੀਤ ਸਿੰਘ ਉਰਫ ਪ੍ਰਭ (26), ਰਣਜੋਧ ਸਿੰਘ ਉਰਫ ਹਰਮਨ (27), ਅਕਾਸ਼ ਮਰਵਾਹ (21), ਰੋਹਿਤ ਕੁਮਾਰ (25) ਅਤੇ ਗੁਰਚਰਨ ਸਿੰਘ ਉਰਫ ਗੁਰੀ (27) ਵਜੋਂ ਹੋਈ ਹੈ। ਇਹ ਸਾਰੇ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਮਲੋਟ ਨਾਲ ਸਬੰਧਤ ਹਨ। ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਲਖਵੀਰ ਸਿੰਘ ਕਾਰ ਬਾਜ਼ਾਰ ਸੇਲ ਪਰਚੇਜ਼ ਦਾ ਕੰਮ ਕਰਦਾ ਹੈ, ਜਦਕਿ ਬਾਕੀ ਸਾਰੇ ਬੇਰੁਜ਼ਗਾਰ ਹਨ, ਜੋ ਨਸ਼ਿਆਂ ਦੇ ਇਸ ਜਾਲ ਵਿੱਚ ਫਸ ਗਏ।ਮੁਲਜ਼ਮਾਂ ਵਿੱਚੋਂ ਲਖਵੀਰ ਸਿੰਘ ਉਰਫ ਲੱਖਾ ਅਤੇ ਪ੍ਰਭਜੀਤ ਸਿੰਘ ਉਰਫ ਪ੍ਰਭ ਦਾ ਪਹਿਲਾਂ ਵੀ ਅਪਰਾਧਿਕ ਰਿਕਾਰਡ ਹੈ। ਲਖਵੀਰ ਸਿੰਘ 'ਤੇ 11.6.2022 ਨੂੰ ਥਾਣਾ ਸਿਟੀ ਮਲੋਟ ਵਿਖੇ ਧਾਰਾ 308, 365, 342, 506, 148, 149 ਆਈ.ਪੀ.ਸੀ. ਤਹਿਤ ਮਾਮਲਾ ਦਰਜ ਹੈ, ਜਦਕਿ ਪ੍ਰਭਜੀਤ ਸਿੰਘ 'ਤੇ 1.11.2020 ਨੂੰ ਥਾਣਾ ਸਿਟੀ ਮਲੋਟ ਵਿਖੇ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਹੋਇਆ ਸੀ। ਬਾਕੀ ਨੌਜਵਾਨਾਂ ਦਾ ਹਾਲੇ ਤੱਕ ਕੋਈ ਪੁਰਾਣਾ ਰਿਕਾਰਡ ਨਹੀਂ ਮਿਲਿਆ ਹੈ।**ਪਾਕਿਸਤਾਨੀ ਸਰਹੱਦ ਰਾਹੀਂ ਆਈ ਖੇਪ ਦਾ ਖੁਲਾਸਾ**ਮੁੱਢਲੀ ਪੁੱਛਗਿੱਛ ਤੋਂ ਹੈਰਾਨੀਜਨਕ ਖੁਲਾਸਾ ਹੋਇਆ ਹੈ ਕਿ ਹੈਰੋਇਨ ਦੀ ਇਹ ਵੱਡੀ ਖੇਪ ਵਿਦੇਸ਼ ਵਿੱਚ ਬੈਠੇ ਕਿਸੇ ਨਸ਼ਾ ਤਸਕਰ ਦੁਆਰਾ ਪਾਕਿਸਤਾਨੀ ਸਰਹੱਦ ਰਾਹੀਂ ਪੰਜਾਬ ਪਹੁੰਚਾਈ ਗਈ ਸੀ। ਇਹ ਘਟਨਾਕ੍ਰਮ ਨਸ਼ਾ ਤਸਕਰੀ ਦੇ ਅੰਤਰਰਾਸ਼ਟਰੀ ਲਿੰਕਾਂ ਨੂੰ ਉਜਾਗਰ ਕਰਦਾ ਹੈ। ਪੁਲਿਸ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤਾਂ ਜੋ ਇਸ ਨੈੱਟਵਰਕ ਦੇ ਹੋਰ ਸਿਰਿਆਂ ਤੱਕ ਪਹੁੰਚਿਆ ਜਾ ਸਕੇ ਅਤੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾ ਸਕੇ। ਬਠਿੰਡਾ ਪੁਲਿਸ ਦੀ ਇਸ ਵੱਡੀ ਸਫਲਤਾ ਨੇ ਨਸ਼ਾ ਤਸਕਰਾਂ ਨੂੰ ਸਖ਼ਤ ਸੁਨੇਹਾ ਦਿੱਤਾ ਹੈ ਕਿ ਪੰਜਾਬ ਵਿੱਚ ਉਨ੍ਹਾਂ ਦੇ ਨਾਪਾਕ ਮਨਸੂਬੇ ਕਦੇ ਕਾਮਯਾਬ ਨਹੀਂ ਹੋਣਗੇ।**ਅੱਜ ਸਵੇਰ ਤੋਂ ਹੀ ਹੈਰੋਇਨ ਦੀ ਵੱਡੀ ਖੇਪ ਫੜੇ ਜਾਣ ਦੀ ਚਰਚਾ ਜ਼ੋਰਾਂ 'ਤੇ ਚੱਲ ਰਹੀ ਸੀ**। ਬਠਿੰਡਾ ਪੁਲਿਸ ਨੇ ਮਹਿਣਾ ਚੌਂਕ ਦੀ ਇਕ ਗਲੀ ਨੂੰ ਪੂਰੀ ਤਰ੍ਹਾਂ ਸੀਲ ਕਰ ਰੱਖਿਆ ਸੀ, ਜਿੱਥੋਂ ਦੱਸਿਆ ਜਾ ਰਿਹਾ ਸੀ ਕਿ ਇਹ ਹੈਰੋਇਨ ਫੜੀ ਗਈ ਹੈ। ਇਸ ਗਲੀ ਵਿੱਚ ਨਾ ਤਾਂ ਕਿਸੇ ਨੂੰ ਘਰੋਂ ਬਾਹਰ ਨਿਕਲਣ ਦਿੱਤਾ ਗਿਆ ਤੇ ਨਾ ਹੀ ਕਿਸੇ ਨੂੰ ਘਰ ਆਉਣ ਦੀ ਇਜਾਜ਼ਤ ਦਿੱਤੀ ਗਈ। ਪੁਲਿਸ ਨੇ ਉਕਤ ਗਲੀ ਵਿੱਚ ਕਰਫਿਊ ਵਰਗੀ ਸਥਿਤੀ ਪੈਦਾ ਕਰ ਦਿੱਤੀ ਜਿਸ ਕਾਰਨ ਲੋਕਾਂ ਨੂੰ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇੱਥੇ ਸਥਿਤ ਇੱਕ ਮਕਾਨ ਦੀ ਪੁਲਿਸ ਨੇ ਲੰਬਾ ਸਮਾਂ ਤਲਾਸ਼ੀ ਕੀਤੀ। ਹਾਲਾਂਕਿ ਐਸਐਸਪੀ ਅਮਨੀਤ ਕੌਂਡਲ ਦਾ ਕਹਿਣਾ ਸੀ ਕਿ ਤਸਕਰਾਂ ਤੋਂ ਇਹ ਹੈਰੋਇਨ ਨਾਕੇ ਦੌਰਾਨ ਫਾਰਚੂਨਰ ਗੱਡੀ ਵਿੱਚੋਂ ਫੜੀ ਗਈ ਹੈ। ਉਨ੍ਹਾਂ ਦੱਸਿਆ ਕਿ ਉਕਤ ਮਕਾਨ ਬਾਰੇ ਵੀ ਜਾਂਚ ਚੱਲ ਰਹੀ ਹੈ ਕਿ ਇਹ ਤਸਕਰਾਂ ਦਾ ਆਪਣਾ ਸੀ ਜਾਂ ਕਿਰਾਏ 'ਤੇ ਲਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਮੁਲਜਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ। ਫੜੀ ਗਈ ਹੈਰੋਇਨ ਦੀ ਕੀਮਤ ਕਰੋੜਾਂ ਰੁਪਏ ਦੱਸੀ ਜਾ ਰਹੀ ਹੈ।ਨਸ਼ਾ ਤਸਕਰੀ ਦਾ ਮੁੱਖ ਸਰਗਨਾਂ ਲਖਬੀਰ ਸਿੰਘ ਉਰਫ ਲੱਖਾ ਮਲੋਟ ਵਿੱਚ ਹੀ ਕਾਰ ਬਾਜ਼ਾਰ ਲਾਉਂਦਾ ਹੈ। ਉਹ ਕਾਰਾਂ ਦੀ ਖਰੀਦੋ ਫਰੋਖਤ ਦਾ ਕੰਮ ਕਰਦਾ ਹੈ ਜਦੋਂ ਕਿ ਬਾਕੀ ਦੇ ਉਸਦੇ ਸਾਥੀ ਬੇਰੁਜ਼ਗਾਰ ਦੱਸੇ ਜਾਂਦੇ ਹਨ। ਪੁਲਿਸ ਅਧਿਕਾਰੀਆਂ ਅਨੁਸਾਰ ਲਖਬੀਰ ਸਿੰਘ ਲੱਖਾ ਖਿਲਾਫ ਇਸ ਤੋਂ ਪਹਿਲਾਂ ਵੀ ਸਾਲ 2022 ਵਿੱਚ ਅਸਲਾ ਐਕਟ, ਇਰਾਦਾ ਕਤਲ ਅਤੇ ਅਗਵਾ ਵਰਗੀਆਂ ਸਖਤ ਧਰਾਵਾਂ ਤਹਿਤ ਥਾਣਾ ਸਿਟੀ ਮਲੋਟ ਵਿੱਚ ਕੇਸ ਦਰਜ ਹੈ। ਇਸ ਤਰ੍ਹਾਂ ਹੀ ਦੂਜੇ ਨਸ਼ਾ ਤਸਕਰ ਪ੍ਰਭਜੀਤ ਸਿੰਘ ਉਰਫ ਪ੍ਰਪ ਖਿਲਾਫ ਵੀ ਸਾਲ 2020 ਦੌਰਾਨ ਥਾਣਾ ਸ੍ਰਿਸ਼ਟੀ ਮਲੋਟ ਵਿੱਚ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਹੈ ਜਦੋਂ ਕਿ ਬਾਕੀ ਚਾਰ ਮੁਲਜ਼ਮਾਂ ਖਿਲਾਫ ਅਜੇ ਕੋਈ ਕੇਸ ਸਾਹਮਣੇ ਨਹੀਂ ਆਇਆ।

# ਭੇਦ ਭਰੇ ਹਾਲਾਤਾਂ ਵਿੱਚ ਦੋ ਸਕੇ ਭਰਾਵਾਂ ਦੀ ਮੌਤ, ਖੁਦਕਸ਼ੀ ਦਾ ਖਦਸ਼ਾ

ਬਠਿੰਡਾ, 8 ਜੁਲਾਈ (ਦੀਪਕ ਸ਼ਰਮਾ) :ਸ਼ਹਿਰ ਦੇ ਜੁਝਾਰ ਸਿੰਘ ਨਗਰ ਵਿੱਚ ਦੋ ਸਕੇ ਭਰਾਵਾਂ ਦੀ ਭੇਦ ਭਰੇ ਹਾਲਾਤਾਂ ਵਿੱਚ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਪੂਰੇ ਜੁਝਾਰ ਸਿੰਘ ਨਗਰ ਖੇਤਰ ਵਿੱਚ ਜਿੱਥੇ ਸੋਗ ਦੀ ਲਹਿਰ ਹੈ, ਉੱਥੇ ਹੀ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਅਜੇ ਤਕ ਇਹ ਸਾਫ ਨਹੀਂ ਹੋ ਸਕਿਆ ਕਿ ਦੋਵਾਂ ਭਰਾਵਾਂ ਨੇ ਖੁਦਕਸ਼ੀ ਕੀਤੀ ਹੈ ਜਾਂ ਕੋਈ ਹੋਰ ਘਟਨਾ ਵਾਪਰੀ ਹੈ। ਦੋਵਾਂ ਵਿੱਚੋਂ ਇੱਕ ਭਰਾ ਨੇ ਫਾਹਾ ਲਗਾਇਆ ਹੋਇਆ ਸੀ, ਜਿਸ ਕਾਰਨ ਉਸਦੀ ਲਾਸ਼ ਲਟਕ ਰਹੀ ਸੀ, ਜਦੋਂ ਕਿ ਦੂਜੇ ਭਰਾ ਦੀ ਲਾਸ਼ ਬੈਡ ਉੱਪਰ ਪਈ ਹੋਈ ਸੀ। ਘਟਨਾ ਦਾ ਪਤਾ ਲੱਗਦਿਆਂ ਹੀ ਡੀਐਸਪੀ ਸਿਟੀ ਸਰਬਜੀਤ ਸਿੰਘ ਭਾਰੀ ਪੁਲਿਸ ਫੋਰਸ ਸਮੇਤ ਮੌਕੇ 'ਤੇ ਪੁੱਜੇ। ਪ੍ਰਾਪਤ ਜਾਣਕਾਰੀ ਅਨੁਸਾਰ ਨਗਰ ਸੁਧਾਰ ਟਰਸਟ ਵਿੱਚ ਅਕਾਊਂਟੈਂਟ ਰਮਨ ਕੁਮਾਰ ਮਿੱਤਲ 40 ਸਾਲ ਅਤੇ ਉਸਦੇ ਭਰਾ ਅਜੇ ਮਿੱਤਲ 35 ਸਾਲ ਦੀ ਆਪਣੇ ਘਰ ਵਿੱਚ ਹੀ ਭੇਦ ਭਰੇ ਢੰਗ ਨਾਲ ਮੌਤ ਹੋਈ ਹੈ। ਉਨ੍ਹਾਂ ਦੇ ਮਾਤਾ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਜਦੋਂ ਕਿ ਰਮਨ ਕੁਮਾਰ ਦਾ ਆਪਣੀ ਪਤਨੀ ਨਾਲ ਘਰੇਲੂ ਝਗੜਾ ਚੱਲਦਿਆਂ ਉਹ ਅਲੱਗ ਰਹਿ ਰਹੀ ਸੀ। ਇਹ ਦੋਵੇਂ ਭਰਾ ਆਪਣੇ ਜੱਦੀ ਮਕਾਨ ਜੁਝਾਰ ਸਿੰਘ ਨਗਰ ਦੀ ਗਲੀ ਨੰਬਰ ਸੱਤ ਵਿੱਚ ਇਕੱਲੇ ਰਹਿ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਛੋਟਾ ਭਰਾ ਅਜੇ ਮਿੱਤਲ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਿਹਾ ਸੀ। ਅਜੇ ਇਹ ਜਾਂਚ ਦਾ ਵਿਸ਼ਾ ਹੈ ਇਹ ਇਕ ਭਰਾ ਨੇ ਪਹਿਲਾਂ ਦੂਜੇ ਦਾ ਕਤਲ ਕਰਕੇ ਫਿਰ ਖੁਦਕੁਸ਼ੀ ਕੀਤੀ ਹੈ ਜਾਂ ਕੋਈ ਹੋਰ ਭਾਣਾ ਵਾਪਰਿਆ ਹੈ। ਇਹ ਸਥਿਤੀ ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਸਪਸ਼ਟ ਹੋ ਸਕੇਗੀ। ਦੋਵਾਂ ਭਰਾਵਾਂ ਦੇ ਘਰ ਵਿੱਚ ਕੰਮ ਕਰਨ ਵਾਲੀ ਦੇਵੀ ਦਾ ਕਹਿਣਾ ਸੀ ਕਿ ਉਹ ਸ਼ਨੀਵਾਰ ਨੂੰ ਕੰਮ ਕਰਨ ਲਈ ਘਰ ਆਈ ਸੀ, ਪਰ ਤਾਲਾ ਲੱਗਿਆ ਹੁਣ ਕਾਰਨ ਉਹ ਵਾਪਸ ਚਲੀ ਗਈ। ਉਸ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਹੀ ਰਮਨ ਕੁਮਾਰ ਨੇ ਕੰਮ ਵਾਲੀ ਨੂੰ ਕਿਹਾ ਸੀ ਕਿ ਉਸ ਨੇ ਆਪਣੇ ਭਰਾ ਦਾ ਇਲਾਜ ਕਰਵਾਉਣ ਲਈ ਉਸਨੂੰ ਦਿੱਲੀ ਲੈ ਕੇ ਜਾਣਾ ਹੈ ਇਸ ਲਈ ਉਹ ਇੱਕ ਵਾਰ ਪੈਸਿਆਂ ਦਾ ਕਿਸੇ ਪਾਸੇ ਤੋਂ ਹੋਰ ਪ੍ਰਬੰਧ ਕਰ ਲਵੇ। ਉਸ ਨੇ ਦੱਸਿਆ ਕਿ ਸ਼ਨੀਵਾਰ ਤੋਂ ਬਾਅਦ ਉਹ ਐਤਵਾਰ ਨੂੰ ਵੀ ਕੰਮ ਕਰਨ ਲਈ ਆਈ ਪਰ ਗੇਟ ਬੰਦ ਹੋਣ ਕਾਰਨ ਉਸ ਨੂੰ ਲੱਗਾ ਕਿ ਸ਼ਾਇਦ ਦੋਵੇਂ ਭਰਾ ਦਿੱਲੀ ਚਲੇ ਗਏ ਹਨ। ਇਸ ਤੋਂ ਬਾਅਦ ਸੋਮਵਾਰ ਨੂੰ ਉਸਨੇ ਆਪਣੇ ਪਤੀ ਤੋਂ ਵੀ ਫੋਨ ਕਰਵਾਇਆ ਅਤੇ ਹੋਰ ਗਵਾਂਢੀਆਂ ਤੋਂ ਵੀ ਫੋਨ ਕਰਵਾਏ ਪਰ ਦੋਵਾਂ ਨੇ ਫੋਨ ਨਹੀਂ ਚੁੱਕਿਆ। ਨਗਰ ਸੁਧਾਰ ਟਰੱਸਟ ਦੇ ਦਫਤਰ ਵਿੱਚੋਂ ਲਗਾਤਾਰ ਗੈਰ ਹਾਜ਼ਰ ਰਹਿਣ ਕਾਰਨ ਉਥੋਂ ਦੇ ਮੁਲਾਜ਼ਮ ਵੀ ਰਮਨ ਕੁਮਾਰ ਦੇ ਘਰ ਪੁੱਜੇ, ਪਰ ਘਰ ਦਾ ਦਰਵਾਜ਼ਾ ਬੰਦ ਸੀ। ਜਦੋਂ ਉਨ੍ਹਾਂ ਦਰਵਾਜ਼ਾ ਤੋੜ ਕੇ ਅੰਦਰ ਦੇਖਿਆ ਤਾਂ ਇੱਕ ਭਰਾ ਦੀ ਲਾਸ਼ ਪੱਖੇ ਨਾ ਲਟਕ ਰਹੀ ਸੀ ਜਦੋਂ ਕਿ ਦੂਸਰੇ ਦੀ ਲਾਸ਼ ਬੈਡ ਉੱਪਰ ਪਈ ਸੀ। ਡੀਐਸਪੀ ਸਿਟੀ ਦੋ ਸਰਬਜੀਤ ਸਿੰਘ ਵੀ ਮੌਕੇ 'ਤੇ ਪੁੱਜੇ ਅਤੇ ਉਨ੍ਹਾਂ ਘਟਨਾ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਿਸ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਹੋਈ ਵਿਸ਼ੇਸ਼ ਮੀਟਿੰਗ



ਬਟਾਲਾ, 8 ਜੁਲਾਈ, ਬਲਵਿੰਦਰ ਸਿੰਘ ਪੰਜਗਰਾਈਂ, ਧੰਨਪਾਲ ਸਿੰਘ ਕਲਸੀ।ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਜਿਲਾ ਗੁਰਦਾਸਪੁਰ ਦੀ ਮੀਟਿੰਗ ਜਿਲਾ ਪ੍ਰਧਾਨ ਕੁਲਦੀਪ ਸਿੰਘ ਦਾਦੂਜੋਧ ਦੀ ਪ੍ਰਧਾਨਗੀ ਹੇਠ ਬਟਾਲਾ ( ਗੁਰਦੁਆਰਾ ਮੜੀਆਂ ਵਾਲਾ) ਵਿਖੇ ਹੋਈ। ਵੱਖ ਵੱਖ ਬਲਾਕਾਂ ਤੋਂ ਇਕੱਤਰ ਹੋਏ ਕਿਸਾਨ ਆਗੂਆਂ ਨੇ ਸਭ ਤੋਂ ਪਹਿਲਾਂ ਇਨਕਲਾਬੀ ਅਤੇ ਕਿਸਾਨ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮੀਟਿੰਗ ਦੌਰਾਨ ਪੰਜਾਬ ਵਿਚ ਚੱਲੇ ਅਤੇ ਚੱਲ ਰਹੇ ਕਿਸਾਨ ਸੰਘਰਸ਼ਾਂ ਬਾਰੇ ਵਿਸਥਾਰਪੂਰਵਕ ਚਰਚਾ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਦਾਦੂਜੋਧ ਅਤੇ ਜਿਲ੍ਹਾ ਸਕੱਤਰ ਕੁਲਵਿੰਦਰ ਜੀਤ ਸਿੰਘ ਅਠਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਲੈਂਡ ਪੂਲਿੰਗ ਪਾਲਿਸੀ ( ਜੋ ਕਿ ਤੱਤਰੂਪ ਵਿੱਚ ਕੇਜਰੀਵਾਲ ਪਾਲਿਸੀ ਹੈ) ਦੇ ਤਹਿਤ ਕਿਸਾਨਾਂ ਦੀ ਹਜ਼ਾਰਾਂ ਏਕੜ ਉਪਜਾਊ ਜਮੀਨ ਖੋਹ ਕੇ ਵਪਾਰਕ ਹਿੱਤਾਂ ਲਈ ਵਰਤਣ ਦੀਆਂ ਸਕੀਮਾਂ ਦੇ ਨਾਲ-ਨਾਲ ਪੰਜਾਬ ਸਰਕਾਰ ਵਲੋਂ ਲਗਾਤਾਰ ਕਿਸਾਨ ਜਥੇਬੰਦੀਆਂ ਉੱਤੇ ਬੋਲੇ ਹਮਲਿਆਂ, ਕਿਸਾਨ ਜਥੇਬੰਦੀਆਂ ਨੂੰ ਬਦਨਾਮ ਕਰਨ ਦੇ ਯਤਨਾਂ ਦਾ ਤਿੱਖਾ ਵਿਰੋਧ ਕੀਤਾ ਗਿਆ। ਇਸ ਮੌਕੇ ਭਾਰਤ ਮਾਲਾ ਦੇ ਤਹਿਤ ਕਿਸਾਨਾਂ ਨੂੰ ਬਿਨਾਂ ਮੁਆਵਜ਼ਾ ਦਿੱਤੇ ਧੱਕੇ ਨਾਲ਼ ਜ਼ਮੀਨਾਂ ਐਕੁਆਇਰ ਕਰਨ ਅਤੇ ਕਿਸਾਨਾਂ ਤੇ ਕੀਤੇ ਜਾ ਰਹੇ ਜਬਰ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਮਜਦੂਰ ਅਤੇ ਟ$ਰੇਡ ਯੂਨੀਅਨਾਂ ਦੇ ਕੇਂਦਰੀ ਮੰਚਾਂ ਵਲੋਂ 9 ਜੁਲਾਈ ਦੀ ਹੜਤਾਲ ਅਤੇ ਰੋਸ ਪ੍ਰਦਰਸ਼ਨਾਂ ਵਿੱਚ ਜੋਰਦਾਰ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰੈਸ ਸਕੱਤਰ ਡਾ ਅਸ਼ੋਕ ਭਾਰਤੀ ਨੇ ਕਿਹਾ ਕਿ ਅਮਰੀਕਨ ਸਾਮਰਾਜ ਆਪਣੇ ਚਹੇਤੇ ਇਜ਼ਰਾਇਲ ਨੂੰ ਸ਼ਿਸ਼ਕਾਰ ਕੇ ਫਲਸਤੀਨ ਗਾਜ਼ਾ ਤੇ ਲਗਾਤਾਰ ਭਿਆਨਕ ਹਮਲੇ ਕਰਵਾ ਰਿਹਾ ਹੈ, ਇਨ੍ਹਾਂ ਅਣਮਨੁੱਖੀ ਹਮਲਿਆਂ ਅਤੇ ਕਤਲੇਆਮ ਦੇ ਵਿਰੋਧ ਵਿੱਚ ਅਤੇ ਫਲਸਤੀਨੀ ਲੋਕਾਂ ਦੇ ਹੱਕ ਵਿੱਚ ਭਾਰਤੀ ਹਾਕਮ ਇੱਕ ਵੀ ਸ਼ਬਦ ਨਹੀਂ ਬੋਲ ਰਹੇ, ਸਗੋਂ ਅਮਰੀਕੀ ਰਾਟਰਪਤੀ ਡੋਨਾਲਡ ਟਰੰਪ ਅੱਗੇ ਨਤਮਸਤਕ ਹੁੰਦਿਆਂ, ਉਸ ਨਾਲ਼ ਮੁਕਤ ਵਪਾਰ ਸਮਝੌਤਿਆਂ ਨੂੰ ਸਿਰੇ ਚੜ੍ਹਾਉਣ ਲਈ ਤਰਲੋ ਮੱਛੀ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤੀ ਹਾਕਮਾਂ ਨੇ ਮੱਧ ਭਾਰਤ, ਛੱਤੀਸਗੜ੍ਹ ਵਿੱਚ ਆਦਿਵਾਸੀਆਂ ਤੋਂ ਬਾਅਦ ਉਨ੍ਹਾਂ ਦੇ ਵਸੀਲੇ ਜਲ, ਜੰਗਲ, ਜਮੀਨ ਅਤੇ ਪਹਾੜ ਖੋਹ ਕੇ, ਕੀਮਤੀ ਧਾਤਾਂ ਅਤੇ ਖਜਾਨੇ ਸਾਮਰਾਜੀਆਂ ਅਤੇ ਕਾਰਪੋਰੇਟਾਂ ਦੇ ਹਵਾਲੇ ਕਰਨ ਦੇ ਮਕਸਦ ਨਾਲ ਆਦਿਵਾਸੀਆਂ ਤੇ ਵੱਡਾ ਹਮਲਾ ਵਿੱਢਿਆ ਹੋਇਆ ਹੈ। ਉਨ੍ਹਾਂ ਦੀ ਅਗਵਾਈ ਕਰ ਰਹੀ ਭਾਰਤੀ ਕਮਿਊਨਿਸਟ ਪਾਰਟੀ ਮਾਓਵਾਦੀ ਦੇ ਇਨਕਲਾਬੀਆਂ ਨੂੰ ਖਤਮ ਕਰਨ ਲਈ ਝੂਠੇ ਪੁਲਿਸ ਮੁਕਾਬਲਿਆਂ ਰਾਹੀ ਕਤਲੇਆਮ ਕੀਤਾ ਜਾ ਰਿਹਾ ਹੈ ਭਾਰਤ ਅਤੇ ਦੁਨੀਆ ਭਰ ਦੇ ਬੁੱਧੀਜੀਵੀਆਂ ਅਤੇ ਜਮਹੂਰੀਅਤ ਪਸੰਦ ਕਾਰਕੁੰਨਾਂ ਆਗੂਆਂ ਵਲੋਂ ਜੰਗਬੰਦੀ ਕਰਕੇ ਗੱਲਬਾਤ ਸ਼ੁਰੂ ਕਰਨ ਲਈ ਕੀਤੀਆਂ ਅਪੀਲਾਂ ਨੂੰ ਨਜਰ ਅੰਦਾਜ ਕੀਤਾ ਜਾ ਰਿਹਾ ਹੈ। ਮੀਟਿੰਗ ਦੌਰਾਨ ਇਹ ਵੀ ਮੰਗ ਕੀਤੀ ਗਈ ਕਿ ਆਦਿਵਾਸੀਆਂ ਅਤੇ ਇਨਕਲਾਬੀਆਂ ਤੇ ਹਮਲੇ ਬੰਦ ਕੀਤੇ ਜਾਣ।ਇਸ ਮੌਕੇ ਬਲਾਕ ਸ਼$ਰੀ ਹਰ ਗੋਬਿੰਦ ਪੁਰ ਦੇ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਂਵਾਲ, ਬਲਾਕ ਸਕੱਤਰ ਕੁਲਦੀਪ ਸਿੰਘ ਸੈਂਵਾਲ, ਜਿਲ੍ਹਾ ਖਜਾਨਚੀ ਸਿਕੰਦਰ ਸਿੰਘ ਚੀਮਾ ਖੁੱਡੀ, ਬਲਾਕ ਫਤਿਹਗੜ੍ਹ ਚੂੜੀਆਂ ਤੋਂ ਰਣਜੀਤ ਸਿੰਘ ਖਜਾਨੇ ਕੋਟ, ਬਲਾਕ ਸਕੱਤਰ ਹਰਦੇਵ ਸਿੰਘ ਕਨੈਈਆ, ਬਲਾਕ ਡੇਰਾ ਬਾਬਾ ਨਾਨਕ ਦੇ ਦਿਲਬਾਗ ਸਿੰਘ ਪੱਬਾਂਰਾਲੀ, ਕੁਲਵਿੰਦਰ ਸਿੰਘ ਬਸਰਾਵਾਂ, ਦਿਲਬਾਗ ਸਿੰਘ ਕੋਟਲਾ ਬਾਮਾ, ਜਗੀਰ ਸਿੰਘ ਅਤੇਪੁਰ ਆਦਿ ਹਾਜ਼ਰ ਸਨ।

# ਅਸ਼ਵਨੀ ਸ਼ਰਮਾ ਦੇ ਕਾਰਜਕਾਰੀ ਪ੍ਰਧਾਨ ਬਨਣ ਨਾਲ ਭਾਜਪਾ ਹੋਰ ਮਜ਼ਬੂਤ ਹੋਵੇਗੀ : ਗਗਨਦੀਪ ਸ਼ਰਮਾ



ਬਰੇਟਾ, 8 ਜੁਲਾਈ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ): ਵਿਧਾਇਕ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਸ਼ਵਨੀ ਕੁਮਾਰ ਸ਼ਰਮਾ ਦੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਵਜੋਂ ਨਿਯੁਕਤੀ ਦਾ ਸਵਾਗਤ ਕਰਦੇ ਹੋਏ ਮੰਡਲ ਬਰੇਟਾ ਦੇ ਪ੍ਰਧਾਨ ਗਗਨਦੀਪ ਸ਼ਰਮਾ ਨੇ ਕਿਹਾ ਕਿ ਇਸ ਨਾਲ ਭਾਜਪਾ ਸੂਬੇ ਵਿੱਚ ਹੋਰ ਮਜਬੂਤ ਹੋ ਕੇ ਉਭਰੇਗੀ, ਕਿਉਂਕਿ ਅਸ਼ਵਨੀ ਸ਼ਰਮਾ ਨੂੰ ਸੰਗਠਨ ਵਿੱਚ ਕੰਮ ਕਰਨ ਦਾ ਲੰਮੇ ਸਮੇਂ ਦਾ ਤਜਰਬਾ ਹੈ।ਉਹਨਾਂ ਕਿਹਾ ਕਿ ਭਾਜਪਾ ਪੰਜਾਬ ਦਾ ਕੇਡਰ ਇਸ ਫੈਸਲੇ 'ਤੇ ਬਹੁਤ ਉਤਸ਼ਾਹਿਤ ਹੈ, ਕਿਉਂਕਿ ਅਸ਼ਵਨੀ ਕੁਮਾਰ ਸ਼ਰਮਾ ਕੋਲ ਹਰ ਇੱਕ ਨੂੰ ਇੱਕ ਮਜ਼ਬੂਤ ਸ਼ਕਤੀ ਵਜੋਂ ਲੈਣ ਦੀ ਸਹੀ ਯੋਗਤਾ ਹੈ।ਉਨ੍ਹਾਂ ਦੀ ਅਗਵਾਈ ਹੇਠ ਭਾਜਪਾ ਮਜ਼ਬੂਤ ਹੋਵੇਗੀ, ਕਿਉਂਕਿ ਉਹ ਸੂਬੇ ਦੇ ਮੁੱਖ ਮੁੱਦਿਆਂ ਨੂੰ ਸਮਝਦੇ ਹਨ। ਇਸ ਮੌਕੇ ਜ਼ਿਲ੍ਹਾ ਉਪ ਪ੍ਰਧਾਨ ਸੂਰਜ ਗੋਇਲ, ਅਸ਼ੋਕ ਕੁਮਾਰ ਗੋਰਾ, ਹਰੀਸ਼ ਕੁਮਾਰ, ਓਮ ਲਾਲ, ਰਾਜ ਕੁਮਾਰ, ਪੁਨੀਤ ਮਿੱਤਲ, ਮੋਹਿਤ ਜਾਗੜਾਂ, ਡਿੰਪਲ ਸ਼ਰਮਾਂ, ਗੋਬਿੰਦ ਸ਼ਰਮਾਂ ਹਾਜ਼ਰ ਸਨ।

# ਗੁਰਮੀਤ ਸਿੰਘ ਖੁੱਡੀਆਂ ਨੇ ਲੰਬੀ ਹਲਕੇ 'ਚ 6.44 ਕਰੋੜ ਦੀ ਲਾਗਤ ਨਾਲ ਵੱਖ-ਵੱਖ ਸੜਕਾਂ ਦੇ ਨਵੀਨੀਕਰਨ ਦੇ ਰੱਖੇ ਨੀਂਹ ਪੱਥਰ

## ਪਿੰਡਾਂ ਨੂੰ ਆਪਸ ਵਿੱਚ ਜੋੜਨ ਵਾਲੀਆਂ ਸੜਕਾਂ ਨੂੰ ਲੋਕਾਂ ਦੀਆਂ ਜ਼ੂਰਰਤਾਂ ਦੇ ਅਨੁਕੂਲ ਬਣਾਇਆ ਜਾ ਰਿਹੈ : ਖੁੱਡੀਆਂ



ਮਲੋਟ,/ਲੰਬੀ/ਸ੍ਰੀ ਮਕਤਸਰ ਸਾਹਿਬ, 8 ਜੁਲਾਈ: (ਅਮਨਦੀਪ ਸਿੰਘ ਮਹਿਰਾ): ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਲੰਬੀ ਹਲਕੇ 'ਚ 6.44 ਕਰੋੜ ਦੀ ਲਾਗਤ ਨਾਲ ਹੋਣ ਵਾਲੀ ਵੱਖ-ਵੱਖ ਸੜਕਾਂ ਦੀ ਅਪਗ੍ਰੇਡੇਸ਼ਨ ਦੇ ਨੀਂਹ ਪੱਥਰ ਰੱਖੇ। ਇਸ ਮੌਕੇ ਕੈਬਨਿਟ ਮੰਤਰੀ ਖੁੱਡੀਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਸੂਬੇ ਦੇ ਹਰ ਪਿੰਡ, ਕਸਬੇ ਅਤੇ ਸ਼ਹਿਰ ਦੇ ਨਿਵਾਸੀਆਂ ਦੀਆਂ ਜ਼ਰੂਰਤਾਂ ਤੋਂ ਭਲੀ ਭਾਂਤ ਜਾਣੂ ਹੈ ਅਤੇ ਸਰਕਾਰ ਬਣਾਉਣ ਦੇ ਪਹਿਲੇ ਦਿਨ ਤੋਂ ਸੂਬੇ ਦੇ ਹਰ ਹਿੱਸੇ ਵਿੱਚ ਵਿਕਾਸ ਕਾਰਜ ਪੂਰੇ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਲੰਬੀ ਅਧੀਨ ਆਉਂਦੇ ਹਰ ਖੇਤਰ ਦੀ ਦਿੱਖ ਨੂੰ ਸੰਵਾਰਨ ਅਤੇ ਇੱਥੇ ਵਸਦੇ ਨਾਗਰਿਕਾਂ ਦੀ ਹਰ ਜ਼ਰੂਰਤ ਨੂੰ ਤਰਜ਼ੀਹ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ ਜਿਸ ਦੇ ਚਲਦਿਆਂ ਪਿੰਡਾਂ ਨੂੰ ਆਪਸ ਵਿੱਚ ਜੋੜਨ ਵਾਲੀਆਂ ਸੜਕਾਂ ਨੂੰ ਲੋਕਾਂ ਦੀਆਂ ਜ਼ਰੂਰਤਾਂ ਦੇ ਅਨੁਕੂਲ ਬਣਾਇਆ ਜਾ ਰਿਹਾ ਹੈ।

ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਖੁੱਡੀਆਂ ਤੋਂ ਮੇਨ ਰੋਡ (ਐਪਲ ਸਕੂਲ) ਵਾਇਆ ਢਾਣੀ ਪਾਣੀਪਤ ਵਾਲਿਆਂ ਦੀ ਵਾਲੀ ਸੜਕ, ਜਿਸਦੀ ਲੰਬਾਈ 3.15 ਕਿੱਲੋਮੀਟਰ ਹੈ ਨੂੰ 1 ਕਰੋੜ 18 ਲੱਖ ਰੁਪਏ ਨਾਲ ਤਿਆਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਲੰਬੀ ਤੋਂ ਖੁੱਡੀਆਂ ਮਹਾਂ ਸਿੰਘ ਸੜਕ, ਜਿਸਦੀ ਲੰਬਾਈ 3.20 ਕਿਲੋਮੀਟਰ ਹੈ ਦਾ 1 ਕਰੋੜ 67 ਲੱਖ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼ਹਿਣਾ ਖੇੜਾ ਤੋਂ ਟੀ.ਆਰ.-01 ਤੋਂ ਐਨ.ਐਚ. 09 ਤੱਕ 4.71 ਲੰਬਾਈ ਵਾਲੀ ਸੜਕ 2 ਕਰੋੜ 02 ਲੱਖ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤੀ ਜਾਵੇਗੀ ਅਤੇ ਗੁਰੂਸਰ ਯੋਧਾ ਤੋਂ ਸ਼ਾਮ ਖੇੜਾ ਤੱਕ 2.54 ਕਿਲੋਮੀਟਰ ਲੰਬੀ ਸੜਕ ਦਾ 1 ਕਰੋੜ 23 ਲੱਖ ਰੁਪਏ ਨਾਲ ਨਵੀਨੀਕਰਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸ਼ਾਮ ਖੇੜਾ ਤੋਂ ਬਲੋਚ ਕੇਰਾਂ ਰੋਡ ਤੋਂ ਢਾਣੀ ਜਰਮਨ ਸਿੰਘ/ਉਦੈਪਾਲ ਸਿੰਘ ਸੜਕ, ਜਿਸਦੀ ਲੰਬਾਈ 1.09 ਕਿਲੋਮੀਟਰ ਹੈ ਨੂੰ 34 ਲੱਖ ਰੁਪਏ ਦੀ ਲਾਗਤ ਨਵੇਂ ਸਿਰੇ ਤੋਂ ਤਿਆਰ ਕੀਤਾ ਜਾਵੇਗਾ।ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਨਿਰਧਾਰਿਤ ਪ੍ਰੋਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਨ ਤਾਂ ਜੋ ਲੋਕਾਂ ਨੂੰ ਸੜਕਾਂ ਨਾਲ ਸੰਬੰਧਿਤ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰ ਵਿਕਾਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਮੌਕੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਲੋਕਾਂ ਦੇ ਪੈਸੇ ਦੀ ਪੂਰੇ ਸਹੀ ਢੰਗ ਨਾਲ ਵਰਤਿਆ ਜਾਵੇ ਅਤੇ ਕਿਸੇ ਵੀ ਪੱਧਰ 'ਤੇ ਕਿਸੇ ਵੀ ਤਰ੍ਹਾਂ ਦੀ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਂਦਾ।ਇਸ ਮੌਕੇ ਰਛਪਾਲ ਸਿੰਘ ਚੇਅਰਮੈਨ, ਕੈਬਨਿਟ ਮੰਤਰੀ ਦੇ ਨਿੱਜੀ ਸਹਾਇਕ ਗੁਰਬਾਜ ਸਿੰਘ ਖੁੱਡੀਆਂ, ਮੰਡੀ ਬੋਰਡ ਤੋਂ ਵੀਨਸ ਗਰਗ, ਰੁਪਿੰਦਰ ਸਿੰਘ ਸਿੱਧੂ ਸਰਪੰਚ ਖੁੱਡੀਆਂ ਗੁਲਾਬ ਸਿੰਘ, ਹਰਮੇਲ ਸਿੰਘ ਸਰਪੰਚ ਖੁੱਡੀਆਂ ਮਹਾਂ ਸਿੰਘ, ਤੋਜੀ ਲੰਬੀ, ਸ਼ਿਵਰਾਜ ਸਿੰਘ ਲੰਬੀ, ਦਿਲਪ੍ਰੀਤ ਸਿੰਘ, ਸੁਖਵਿੰਦਰ ਸਿੰਘ ਗੁਰੂਸਰ, ਰਛਪਾਲ ਸਿੰਘ ਸਰਪੰਚ ਗੁਰੂਸਰ, ਕਾਰਜ ਸਿੰਘ ਗੜੀਆ, ਕਰਨਬੀਰ ਸਿੰਘ ਸਰਾਵਾਂ, ਦਰੋਗਾ ਸਿੰਘ, ਗੋਗੀ ਜੈਦ, ਸੁਖਦੀਪ ਸਿੰਘ ਸ਼ਾਮਖੇੜਾ, ਰਾਜ ਭੀਟੀ ਵਾਲਾ, ਸਰਪੰਚ ਕਾਲਾ ਸਿੰਘ ਭੀਟੀ ਵਾਲਾ, ਸੰਗਤ ਸਿੰਘ ਸ਼ਾਮ ਖੇੜਾ, ਰਾਜਾ ਮਾਹੂਆਣਾ, ਜੋਧਾ ਲੰਬੀ, ਗੁਰਸੇਵਕ ਲੰਬੀ, ਗੁਰਦਾਸ ਲੰਬੀ, ਜਰਮਲ ਸਰਪੰਚ ਢਾਣੀ ਬਰਕੀ, ਗੁਰਦਿਆਲ ਸਿੰਘ ਤੋਂ ਇਲਾਵਾ ਸੰਬੰਧਿਤ ਵੱਖ-ਵੱਖ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦੇ ਸਰਪੰਚ, ਪੰਚ ਅਤੇ ਹੋਰ ਮੋਹਤਬਰ ਵੀ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ" ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿੱਚ ਨਸ਼ਾ ਤਸਕਰ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਇਮਾਰਤ 'ਤੇ ਚੱਲਿਆ ਬੁਲਡੋਜ਼ਰ




ਸ੍ਰੀ ਮੁਕਤਸਰ ਸਾਹਿਬ, 8 ਜੁਲਾਈ: ( ਐਚ ਐਸ ਕਪੂਰ): ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਦੇ ਖ਼ਿਲਾਫ ਕਾਰਵਾਈ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਅੱਜ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿੱਚ ਇੱਕ ਨਸ਼ਾ ਤਸਕਰ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਗਈ ਇਮਾਰਤ ਨੂੰ ਢਾਹਿਆ ਗਿਆ।ਇਸ ਮੌਕੇ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਵਰੁਣ ਕੁਮਾਰ ਸਹੋਤਾ ਨੇ ਦੱਸਿਆ ਕਿ ਪੁਲਿਸ ਥਾਣਾ ਸਿਟੀ ਤਹਿਤ ਆਉਂਦੇ ਇਲਾਕੇ ਵਿੱਚ ਮੰਨਜੂਰਾ ਦੇਵੀ ਪਤਨੀ ਰਸੀਦ ਖਾਨ ਵਾਸੀ ਆਦਰਸ਼ ਨਗਰ ਗਲੀ ਨੰਬਰ 04 ਸ੍ਰੀ ਮੁਕਤਸਰ ਸਾਹਿਬ ਵੱਲੋਂ ਕਬਰਾਂ ਦੇ ਨਜ਼ਦੀਕ ਗੈਰ ਕਾਨੂੰਨੀ ਤਰੀਕੇ ਨਾਲ ਇੱਕ ਇਮਾਰਤ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਉਣ ਦੀਆਂ ਹਦਾਇਤਾਂ ਪ੍ਰਾਪਤ ਕਰਕੇ ਪੁਲਿਸ ਵਿਭਾਗ ਤੋਂ ਮੌਕੇ 'ਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਮਦਦ ਲਈ ਗਈ ਸੀ। ਉਨ੍ਹਾਂ ਕਿਹਾ ਕਿ ਪੂਰੇ ਕਾਨੂੰਨੀ ਤਰੀਕੇ ਦੀ ਪਾਲਣਾ ਕਰਦਿਆਂ ਇਸ ਗੈਰ ਕਾਨੂੰਨੀ ਇਮਾਰਤ ਨੂੰ ਅੱਜ ਢਾਹਿਆ ਗਿਆ।ਇਸ ਮਾਮਲੇ ਵਿੱਚ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਮੰਨਜੂਰਾ ਦੇਵੀ ਉੱਪਰ ਪਹਿਲਾਂ ਤੋਂ ਹੀ ਨਸ਼ਾ ਤਸਕਰੀ ਦੇ 03 ਮੁੱਕਦਮੇ ਤੇ ਹੋਰ ਧਰਾਵਾਂ ਤਹਿਤ 03 ਮੁਕਦਮੇ ਕੁੱਲ 06 ਮੁਕਦਮੇ ਦਰਜ ਹਨ ।ਡਾ. ਅਖਿਲ ਚੌਧਰੀ ਆਈ.ਪੀ.ਐਸ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮਿਸ਼ਨ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਜ਼ਿਲ੍ਹੇ ਵਿੱਚ ਵਿਆਪਕ ਪੱਧਰ ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਜੋ ਕੋਈ ਵੀ ਨਸ਼ੇ ਵੇਚ ਕੇ ਜਾਇਦਾਦ ਬਣਾਏਗਾ ਉਸ ਨੂੰ ਅਟੈਚ ਕਰਵਾਇਆ ਜਾਵੇਗਾ। ਉਹਨਾਂ ਨੇ ਇਸ ਮੌਕੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕੋਈ ਨਸ਼ੇ ਵੇਚਦਾ ਹੈ ਤਾਂ ਇਸ ਦੀ ਸੂਚਨਾ ਪੁਲਿਸ ਨੂੰ ਨਿਡਰ ਹੋ ਕੇ ਦਿੱਤੀ ਜਾਵੇ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖਦੇ ਹੋਏ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਸ੍ਰੀ ਮਨਮੀਤ ਸਿੰਘ ਐਸ.ਪੀ (ਡੀ), ਸ. ਨਵੀਨ ਕੁਮਾਰ ਡੀ.ਐਸ.ਪੀ (31➡×3) ਸ੍ਰੀ ਮੁਕਤਸਰ ਸਾਹਿਬ, ਸੈਨਟਰੀ ਇੰਸਪੈਕਟਰ ਪਰਮਜੀਤ ਸਿੰਘ, ਵਿਜੇ ਕੁਮਾਰ ਜੂਨੀਅਰ ਇੰਜੀਨੀਅਰ ਅਤੇ ਇੰਸਪੈਕਟਰ ਜਸਕਰਨਦੀਪ ਸਿੰਘ ਐਸ.ਐਚ.ਓ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵੀ ਹਾਜ਼ਰ ਸਨ।

# ਭਾਜਪਾ ਅਤੇ 'ਆਪ' ਦੇ ਮਾੜੇ ਰਾਜ ਨੇ ਲੋਕਾਂ ਨੂੰ ਕਾਂਗਰਸ ਦੇ ਸੁਨਹਿਰੀ ਦੌਰ ਦੀ ਯਾਦ ਦਿਵਾਈ : ਸਮਿਤ ਮਾਨ

ਧੂਰੀ, 8 ਜੁਲਾਈ (ਰਾਜੇਸ਼ਵਰ ਪਿੰਟੂ) : ਆਲ ਇੰਡੀਆ ਕਾਂਗਰਸ ਦੇ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਸਲਾਹਕਾਰ ਸਮਿਤ ਸਿੰਘ ਮਾਨ ਨੇ ਅੱਜ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਕੇਂਦਰ ਵਿੱਚ ਬੈਠੀ ਮੋਦੀ ਸਰਕਾਰ ਖਿਲਾਫ ਗੰਭੀਰ ਇਲਜ਼ਾਮ ਲਗਾਏ ਹਨ। ਉਨ੍ਹਾਂ ਦੋਹਾਂ ਸਰਕਾਰਾਂ ਨੂੰ ਸੂਬਾ ਤੇ ਦੇਸ਼ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਇਹ ਹਕੂਮਤਾਂ ਲੋਕਾਂ ਦੀ ਹਿਤੈਸ਼ੀ ਨਹੀਂ, ਬਲਕਿ ਉਨ੍ਹਾਂ ਨੂੰ ਲੁੱਟਣ ਅਤੇ ਦੁੱਖ ਕਰਨ ਵਾਲੀਆਂ ਨੀਤੀਆਂ ਅਪਣਾ ਰਹੀਆਂ ਹਨ।ਸਮਿਤ ਸਿੰਘ ਮਾਨ ਨੇ ਦਾਅਵਾ ਕੀਤਾ ਕਿ ਅੱਜ ਦੇਸ਼ ਦੇ ਲੋਕ ਮੁੜ ਕਾਂਗਰਸ ਦੀ ਸਰਕਾਰ ਨੂੰ ਯਾਦ ਕਰ ਰਹੇ ਹਨ, ਜਿਸ ਦੇ ਦੌਰਾਨ ਲੋਕਾਂ ਨੂੰ ਸਹੂਲਤਾਂ, ਰਿਆਇਤਾਂ ਅਤੇ ਵਿਕਾਸ ਦੇ ਰਾਹ ਮਿਲੇ ਸਨ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਚਾਹੇ ਖੇਤੀ ਹੋਵੇ, ਸਿੱਖਿਆ ਜਾਂ ਸਿਹਤ - ਹਰ ਖੇਤਰ ਵਿੱਚ ਕਾਂਗਰਸ ਦੇ ਦੌਰ ਵਿੱਚ ਹੀ ਆਮ ਆਦਮੀ ਨੂੰ ਅਸਲੀ ਰਾਹਤ ਮਿਲੀ ਸੀ। ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਮਾਨ ਨੇ ਕਿਹਾ ਕਿ ਇਹ ਹਕੂਮਤ ਸਿਰਫ਼ ਵਾਅਦੇ ਤੇ ਝੂਠੇ ਸਬਜਬਾਗ ਦਿਖਾਉਂਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੀ ਆਮ ਜਨਤਾ ਮਹਿੰਗਾਈ ਦੀ ਚੱਕੀ 'ਚ ਪਿਸ ਰਹੀ ਹੈ, ਪੈਟਰੋਲ, ਡੀਜ਼ਲ, ਰਸੋਈ ਗੈਸ ਅਤੇ ਰੋਜ਼ਾਨਾ ਵਰਤੋਂ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਨੇ ਆਮ ਆਦਮੀ ਦੀ ਜ਼ਿੰਦਗੀ ਮੁਸ਼ਕਲ ਕਰ ਦਿੱਤੀ ਹੈ।

# ਰੋਟਰੀ ਕਲੱਬ ਵੱਲੋਂ 13 ਨੂੰ ਟਰੱਕ ਯੂਨੀਅਨ 'ਚ ਖ਼ੂਨਦਾਨ ਕੈਂਪ



ਭਵਾਨੀਗੜ੍ਹ, 8 ਜੁਲਾਈ (ਅਮਨਦੀਪ ਸਿੰਘ ਮਾਝਾ): ਰੋਟਰੀ ਕਲੱਬ ਸਿਟੀ ਭਵਾਨੀਗੜ੍ਹ ਵੱਲੋਂ ਪੁਰਾਣੀ ਟਰੱਕ ਯੂਨੀਅਨ ਭਵਾਨੀਗੜ੍ਹ ਵਿਖੇ 13 ਜੁਲਾਈ ਨੂੰ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ। ਰੋਟਰੀ ਕਲੱਬ ਭਵਾਨੀਗੜ੍ਹ ਦੇ ਪ੍ਰਧਾਨ ਐਡਵੋਕੇਟ ਈਸ਼ਵਰ ਬਾਂਸਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੀਡੀਜੀ ਸਵ. ਡਾਕਟਰ ਹਰਬੰਸ ਪਾਠਕ ਦੀ ਯਾਦ ਵਿੱਚ 71ਵਾਂ ਵਿਸ਼ਾਲ ਖ਼ੂਨਦਾਨ ਕੈਂਪਸ੍ਰੀ ਗੁਰੂ ਤੇਗ ਬਹਾਦਰ ਟਰੱਕ ਯੂਨੀਅਨ ਭਵਾਨੀਗੜ੍ਹ ਅਤੇ ਬਲੱਡ ਬੈਂਕ ਰਜਿੰਦਰ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ ਰੋਟਰੀ ਕਲੱਬ ਸਿਟੀ ਭਵਾਨੀਗੜ੍ਹ ਵੱਲੋਂ 13 ਜੁਲਾਈ ਨੂੰ ਸ੍ਰੀ ਗੁਰੂ ਤੇਗ ਬਹਾਦਰ ਟਰੱਕ ਯੂਨੀਅਨ ਭਵਾਨੀਗੜ੍ਹ ਵਿਖੇ ਖ਼ੂਨ ਦਾਨ ਕੈਂਪ ਲਗਾਇਆ ਜਾਵੇਗਾ। ਪ ?ਧਾਨ ਐਡਵੋਕੇਟ ਬਾਂਸਲ ਨੇ ਕਿਹਾ ਕਿ ਖ਼ੂਨ ਦਾਨ ਕਰਨਾ ਬਹੁਤ ਵੱਡਾ ਦਾਨ ਹੈ ਕਿਉਂਕਿ ਆਪਣਾ ਖ਼ੂਨ ਲੋੜਵੰਦ ਮਨੁੱਖੀ ਜਾਨਾਂ ਬਚਾਉਣ ਵਿੱਚ ਅਹਿਮ ਰੋਲ ਨਿਭਾਉਂਦਾ ਹੈ। ਇਸ ਲਈ ਇਸ ਕੈਂਪ ਵਿੱਚ ਵੱਧ ਤੋਂ ਵੱਧ ਖ਼ੂਨ ਦਾਨ ਕੀਤਾ ਜਾਵੇ।

# ਬਠਿੰਡਾ 'ਚ ਦਹਿਸ਼ਤ ਦਾ ਨੰਗਾ ਨਾਚ: ਪਰਸਰਾਮ ਨਗਰ 'ਚ ਸ਼ਰੇਆਮ ਪੱਥਰਬਾਜ਼ੀ



ਬਠਿੰਡਾ, 8 ਜੁਲਾਈ (ਦੀਪਕ ਸ਼ਰਮਾ ) ਲੰਘੇ ਸੋਮਵਾਰ ਦੇਰ ਸ਼ਾਮ ਬਠਿੰਡਾ ਦੇ ਪਰਸਰਾਮ ਨਗਰ ਮੇਨ ਰੋਡ 'ਤੇ ਕੁਝ ਨੌਜਵਾਨਾਂ ਵੱਲੋਂ ਲੋਕਾਂ ਵਿੱਚ ਦਹਿਸ਼ਤ ਪਾਉਣ ਲਈ ਇੱਟਾਂ-ਪੱਥਰਾਂ ਦੀ ਜ਼ਬਰਦਸਤ ਬਰਸਾਤ ਕੀਤੀ ਗਈ।

ਜ਼ਿਕਰਯੋਗ ਹੈ ਕਿ ਉਕਤ ਨੌਜਵਾਨਾਂ ਨੇ ਲਗਭਗ ਤਿੰਨ ਘੰਟੇ ਤੱਕ ਹੰਗਾਮਾ ਕੀਤਾ ਪਰ ਇਸ ਦੌਰਾਨ ਕੋਈ ਵੀ ਪੁਲਿਸ ਮੁਲਾਜ਼ਮ ਮੌਕੇ 'ਤੇ ਨਹੀਂ ਪਹੁੰਚਿਆ, ਜਿਸ ਕਾਰਨ ਉਕਤ ਇਲਾਕੇ ਦੇ ਲੋਕਾਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ।

ਸਥਾਨਕ ਲੋਕਾਂ ਅਨੁਸਾਰ, ਲੰਘੀ ਸ਼ਾਮ 9 ਵਜੇ ਤੋਂ 11 ਵਜੇ ਤੱਕ ਪੂਰੇ ਇਲਾਕੇ ਵਿੱਚ ਗੁੰਡਾਗਰਦੀ ਹੁੰਦੀ ਰਹੀ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪੁਲਿਸ ਦਾ ਕੋਈ ਵੀ ਕਰਮਚਾਰੀ ਮੌਕੇ 'ਤੇ ਨਹੀਂ ਪਹੁੰਚਿਆ। ਇਸ ਕਾਰਨ ਦਹਿਸ਼ਤ ਵਿੱਚ ਆਏ ਲੋਕਾਂ ਨੇ ਜਿੱਥੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ, ਉੱਥੇ ਹੀ ਉੱਥੇ ਰਹਿਣ ਵਾਲੇ ਲੋਕ ਆਪਣੇ ਘਰਾਂ ਵਿੱਚ ਕੈਦ ਹੋ ਕੇ ਰਹਿ ਗਏ।ਇਲਾਕੇ ਦੇ ਦੁਕਾਨਦਾਰਾਂ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਗੁੰਡਾਗਰਦੀ ਇਸ ਸੜਕ 'ਤੇ ਆਏ ਦਿਨ ਹੋ ਰਹੀ ਹੈ। ਨਸ਼ੇੜੀ ਕਿਸਮ ਦੇ ਕਰੀਬ ਸੱਤ ਤੋਂ ਅੱਠ ਨੌਜਵਾਨ ਇਲਾਕੇ ਵਿੱਚ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ, ਉਕਤ ਨੌਜਵਾਨਾਂ ਨੇ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ ਪਰ ਪੁਲਿਸ ਦੀ ਪੀ.ਸੀ.ਆਰ. ਜਾਂ ਸੁਰੱਖਿਆ ਦਾ ਇੱਥੇ ਕੋਈ ਪ੍ਰਬੰਧ ਨਹੀਂ ਹੈ। ਲੰਘੀ ਸ਼ਾਮ ਵਾਪਰੀ ਵਾਰਦਾਤ ਦੇ ਸੰਬੰਧ ਵਿੱਚ ਲੋਕਾਂ ਨੇ ਦੱਸਿਆ ਕਿ ਸ਼ਾਮ 9 ਵਜੇ ਮੇਨ ਰੋਡ ਪਰਸਰਾਮ ਨਗਰ ਦੇ ਬਾਜ਼ਾਰ ਵਿੱਚ ਅੱਠ ਦੇ ਕਰੀਬ ਨੌਜਵਾਨ ਇੱਟ-ਪੱਥਰ ਲੈ ਕੇ ਦਾਖਲ ਹੋਏ ਅਤੇ ਉੱਥੇ ਖੁੱਲ੍ਹੀਆਂ ਦੁਕਾਨਾਂ 'ਤੇ ਘਰਾਂ ਵਿੱਚ ਇੱਟਾਂ-ਪੱਥਰ ਬਰਸਾਉਣ ਲੱਗੇ। ਇਸ ਦੌਰਾਨ ਲੋਕਾਂ ਦੇ ਗੇਟਾਂ, ਬਿਜਲੀ ਦੇ ਮੀਟਰਾਂ ਅਤੇ ਦੁਕਾਨਾਂ ਦੇ ਸ਼ੀਸ਼ਿਆਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਅਚਾਨਕ ਪੱਥਰ ਅਤੇ ਇੱਟਾਂ ਵੱਜਦੇ ਦੇਖ ਦੁਕਾਨਦਾਰ ਦਹਿਸ਼ਤ ਵਿੱਚ ਆ ਕੇ ਆਪਣੇ ਕੰਮ ਕਾਰ ਬੰਦ ਕਰਕੇ ਉੱਥੋਂ ਚਲੇ ਗਏ, ਜਦੋਂਕਿ ਪੂਰੇ ਇਲਾਕੇ ਵਿੱਚ ਸੁੰਨਸਾਨ ਪਸਰ ਗਈ। ਲੋਕਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਦਰਜਨਾਂ ਘਟਨਾਵਾਂ ਇਲਾਕੇ ਵਿੱਚ ਹੋ ਚੁੱਕੀਆਂ ਹਨ। ਦੁਕਾਨਦਾਰ ਆਪਣੇ ਕੰਮਕਾਜ ਵਿੱਚ ਰੁੱਝੇ ਰਹਿਣ ਕਾਰਨ ਪੁਲਿਸ ਕੋਲ ਸ਼ਿਕਾਇਤ ਕਰਨ ਤੋਂ ਵੀ ਡਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇੱਕ ਵਾਰ ਸ਼ਿਕਾਇਤਕਰਤਾ ਬਣਨ ਤੋਂ ਬਾਅਦ ਜਿੱਥੇ ਕੰਮ ਛੱਡ ਕੇ ਥਾਣਿਆਂ ਦੇ ਚੱਕਰ ਲਗਾਉਣੇ ਪੈਂਦੇ ਹਨ ਅਤੇ ਕੋਰਟ ਵਿੱਚ ਜਾਣਾ ਪੈਂਦਾ ਹੈ, ਉੱਥੇ ਹੀ ਗੁੰਡਿਆਂ ਨਾਲ ਵੀ ਦੁਸ਼ਮਣੀ ਪੈ ਜਾਂਦੀ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੀ ਜਾਨ ਤੇ ਮਾਲ ਦਾ ਖਤਰਾ ਰਹਿੰਦਾ ਹੈ। ਇਸ ਮਾਮਲੇ ਦਾ ਦੁਖਦ ਪਹਿਲੂ ਇਹ ਹੈ ਕਿ ਇਲਾਕੇ ਦੇ ਲੋਕ ਇੰਨੀ ਵੱਡੀ ਵਾਰਦਾਤ ਹੋਣ ਦੇ ਬਾਵਜੂਦ ਆਪਣਾ ਨਾਮ ਤੱਕ ਉਜਾਗਰ ਕਰਨ ਤੋਂ ਡਰ ਰਹੇ ਹਨ।

# ਪੰਜਾਬ ਦੀ ਨੌਜਵਾਨੀ ਨੂੰ ਨਸ਼ੇ ਤੋਂ ਰਹਿਤ ਕੀਤਾ ਜਾਵੇਗਾ ਨਸ਼ੇ ਵੇਚਣ ਵਾਲਿਆਂ 'ਤੇ ਸਖ਼ਤ ਕਾਰਵਾਈ ਹੋਵੇਗੀ

ਅਰਨੋ,8 ਜੁਲਾਈ ( ਕਰਮਵੀਰ ਸਿੰਘ ): ਪੰਜਾਬ ਦੇ ਮੁੱਖ ਮੰਤਰੀ ਨੇ ਲੋਕਾਂ ਨੂੰ ਯਕੀਨ ਦਿਵਾਇਆ ਹੈ ਕਿ ਪੰਜਾਬ ਦੇ ਲੋਕਾ ਨੂੰ ਅਤੇ ਨੌਜਵਾਨੀ ਨੂੰ ਨਸ਼ੇ ਤੋਂ ਰਹਿਤ ਕੀਤਾ ਜਾਵੇਗਾ। ਨਸ਼ੇ ਵੇਚਣ ਵਾਲਿਆਂ ਤੇ ਸਖ਼ਤ ਕਾਰਵਾਈ ਕਿਤੀ ਜਾਵੇਗੀ ਅੱਜ ਜੇ ਗੱਲ ਕੀਤੀ ਜਾਵੇ ਪਿੰਡ ਸ਼ੇਰਗੜ ਦੀ ਤਾਂ ਇਹ ਕਹਿਣਾ ਗ਼ਲਤ ਸਾਬਿਤ ਨਹੀਂ ਹੋਵੇਗਾ ਕਿ ਇਸ ਪਿੰਡ ਦੇ ਕਈ ਨੌਜਵਾਨ ਮੁੰਡੇ ਚਿੱਟੇ ਦੇ ਅਦੀ ਹੋ ਚੁੱਕੇ ਹਨ ਅਤੇ ਕਈ ਨੌਜਵਾਨ ਇਸ ਚਿੱਟੇ ਸਮੈਕ ਦੇ ਵਪਾਰੀ ਬਣ ਚੁੱਕੇ ਹਨ। ਗਰੀਬ ਘਰਾਂ ਦੇ ਨੌਜਵਾਨ ਬੱਚੇ ਇਸ ਨਾਮੁਰਾਦ ਨਸ਼ੇ ਦੇ ਆਦੀ ਹੋ ਚੁੱਕੇ ਹਨ। ਜੈ ਗੱਲ ਕਰੀਏ ਕਿ ਇਹ ਜੋ ਨੌਜਵਾਨ ਪਿੰਡ ਵਿੱਚ ਨਸ਼ੇ ਵੇਚਦੇ ਹਨ ਉਹੋ ਨਸ਼ਾ ਲਿਆ ਕਿੱਥੋ ਰਹੇ ਹਨ, ਸੂਤਰਾਂ ਮੁਤਾਬਕ ਨਸ਼ਾ ਦਿੱਲੀ, ਨਰਵਾਨਾ ,ਰੇਵਾਰ ,ਰਸੀਦਾਂ ਇਹਨਾਂ ਪਿੰਡਾਂ ਤੋ ਆ ਰਿਹਾਂ ,ਪਰ ਬਹੁਤ ਵਾਰ ਇਹ ਪਤਾ ਨਹੀਂ ਲੱਗਦਾ ਕਿ ਨਸ਼ਾ ਮੰਗਵਾਉਣ ਜਾਂ ਭੇਜਣ ਵਾਲੇ ਵਿਅਕਤੀ ਕੌਣ ਹਨ, ਤਾਂ ਪਿਛਲੇ ਦਿਨੀਂ ਪਿੰਡ ਦੇ ਕੁਝ ਨੌਜਵਾਨਾਂ ਨੇ ਪਿੰਡ ਵਿੱਚ ਸਮੈਕ ਚਿੱਟਾ ਵੇਚਣ ਅਤੇ ਪੀਣ ਵਾਲਿਆਂ 'ਤੇ ਸ਼ਿਕੰਜਾ ਕਸਿਆ ਪਿੰਡ ਵਿੱਚ ਚਿੱਟਾ ਵੇਚਣ ਵਾਲਾ ਸਮਗਲਾਰ ਮੌਕੇ 'ਤੇ ਕਾਬੂ ਕੀਤਾ ਅਤੇ ਉਸ ਤੋਂ ਜੋ ਖੁਲਾਸੇ ਹੋਏ ਉਹ ਪੁਲਸ ਅਤੇ ਪਿੰਡ ਵਾਸੀਆਂ ਨੂੰ ਪਤਾ ਲੱਗਿਆ ਕਿ ਸ਼ੇਰਗੜ ਪਿੰਡ ਵਿੱਚ ਬਹੁਤ ਸਾਰੇ ਨੌਜਵਾਨ ਇਸ ਦੀ ਲਪੇਟ ਵਿੱਚ ਆ ਚੁੱਕੇ ਹਨ ਪਰ ਇਕ ਕਹਾਵਤ ਹੈ ਕਿ ਸੱਚ ਨੂੰ ਕੰਡੇ ਹੁੰਦੇ ਹਨ ਉਸੇ ਤਰ੍ਹਾ ਨਸ਼ੇ ਦਾ ਵਿਰੋਧ ਕਰਨ ਵਾਲੇ ਨੌਜਵਾਨਾਂ ਦਾ ਹੀ ਕੁਝ ਪਿੰਡ ਵਾਸੀਆਂ ਵੱਲੋਂ ਵਿਰੋਧ ਕੀਤਾ ਗਿਆ, ਪਿੰਡ ਸ਼ੇਰਗੜ (ਪਟਿਆਲਾ) ਪੰਜਾਬ ਹਰਿਆਣਾ ਬਾਰਡਰ 'ਤੇ ਹੋਣ ਕਾਰਨ ਇਹ ਪਿੰਡ ਲੰਮੇ ਸਮੇਂ ਤੋਂ ਨਸ਼ਿਆਂ ਦੀ ਤਸਕਰੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ। । ਇਸ ਵੇਲੇ ਸਿੰਥੈਟਿਕ ਨਸ਼ਿਆਂ ਦੀ ਤਸਕਰੀ ਵਧੇਰੇ ਚਿੰਤਾ ਵਾਲੀ ਗੱਲ ਹੈ; ਜਿਹੜਾ ਵਿਅਕਤੀ ਇਕ ਵਾਰ ਅਜਿਹਾ ਨਸ਼ਾ ਕਰ ਲੈਂਦਾ ਹੈ ਫਿਰ ਉਹ, ਇਨ੍ਹਾਂ ਦਾ ਗ਼ੁਲਾਮ ਹੋ ਕੇ ਰਹਿ ਜਾਂਦਾ ਹੈ ਤੇ ਨਸ਼ੇ ਦੀ ਪੂਰਤੀ ਲਈ ਗੁਨਾਹਾਂ ਦੇ ਰਸਤੇ 'ਤੇ ਚੱਲਣ ਤੋਂ ਵੀ ਨਹੀਂ ਝਿਜਕਦਾ। ਸੂਤਰ ਦੱਸਦੇ ਨੇ ਕਿ ਪਿੰਡ ਸ਼ੇਰਗੜ 'ਚ ਨਸ਼ਾ ਕੇਵਲ ਨਰਵਾਨਾ,ਦਿੱਲੀ ਖਨੌਰੀ,ਰਸੀਦਾਂ ,ਰੇਵਰ ਤੋਂ ਹੀ ਨਹੀਂ ਆਉਂਦਾ ਸਗੋਂ ਖਰਕਾ ਚੀਕ;ਾ ਪਿਛਲੇ ਦੋ ਸਾਲਾਂ ਦੌਰਾਨ ਇਸ ਸਬੰਧ ਵਿਚ ਕੁਝ ਗ੍ਰਿਫ਼ਤਾਰੀਆਂ ਹੋਈਆਂ ਹਨ ਅਤੇ ਬਹੁਤ ਸੌਖੇ ਤਰੀਕੇ ਨਾਲ਼ ਨਸ਼ਾ ਵੇਚਣ ਵਾਲੇ ਛੁੱਟ ਜਾਂਦੇ ਹਨ ਪਰ ਲੋਕਾਂ ਦੇ ਮਨਾਂ ਵਿਚ ਇਹ ਗੱਲ ਹੈ ਕਿ 'ਅਸਲ ਮੁਲਜ਼ਮ' ਪਰਦੇ ਪਿੱਛੇ ਹੀ ਰਹਿ ਜਾਂਦੇ ਹਨ। ਇਸ ਦਾ ਕਾਰਨ ਇਹ ਹੈ ਕਿ ਪਿੰਡਾਂ ਤਕ ਨਸ਼ੇ ਪਹੁੰਚਾਉਣ ਦਾ ਤੰਤਰ ਅਜੇ ਤਕ ਕਾਇਮ ਹੈ ਅਤੇ ਨੌਜਵਾਨ ਨਸ਼ਿਆਂ ਦੀ ਓਵਰਡੋਜ਼ ਨਾਲ ਮਰ ਰਹੇ ਹਨ। ਨਸ਼ੇ ਉਹ ਹਿੰਸਾ ਹਨ ਜੋ ਮਨੁੱਖ ਖ਼ੁਦ ਆਪਣੇ ਸਰੀਰ ਨਾਲ ਕਰਦਾ ਹੈ।

# ਖਾਣ-ਪੀਣ ਤੇ ਰਹਿਣ ਸਹਿਣ ਨੂੰ ਤਬਦੀਲ ਕਰਕੇ ਪੁਰਾਤਨ ਤਰੀਕੇ ਅਪਣਾਉਣ ਦੀ ਲੋੜ : ਭਾਈ ਭੁਪਿੰਦਰ ਸਿੰਘ



ਜੰਮੂ, 8 ਜੁਲਾਈ (ਚ.ਨ.ਸ.) : ਗੁਰਸ਼ਬਦ ਪ੍ਰਚਾਰ ਸਭਾ ਜੰਮੂ ਦੇ ਆਗੂ ਭਾਈ ਭੁਪਿੰਦਰ ਸਿੰਘ ਵੱਲੋਂ ਜੰਮੂ 'ਚ ਪ੍ਰੈੱਸ ਕਾਨਫਰੰਸ ਕੀਤੀ। ਜਿਸ ਦੌਰਾਨ ਉਨ੍ਹਾਂ ਕਿਹਾ ਕਿ ਅੱਜ ਮਾਡਰਨ ਲਾਈਫ ਸਟਾਈਲ ਕਾਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਹੋ ਰਹੀਆਂ ਹਨ।ਉਨ੍ਹਾਂ ਕਿਹਾ ਕਿ ਖਾਣ ਪੀਣ ਤੇ ਰਹਿਣ ਸਹਿਣ ਨੂੰ ਤਬਦੀਲ ਕਰਨ ਤੇ ਪੁਰਾਤਨ ਤਰੀਕੇ ਅਪਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਡਾ. ਪ੍ਰੀਤਮ ਸਿੰਘ ਐਕਯੂਪ੍ਰੈਸ਼ਰ ਟਵਿੱਸਟ ਮੈਥਡ ਨਾਲ ਸੰਤ ਭਾਈ ਮੇਲਾ ਸਿੰਘ ਦਸਤਕਾਰੀ ਆਸ਼ਰਮ 'ਚ ਬਿਨਾ ਦਵਾਈਆਂ ਤੋਂ ਮਾਨਸਿਕ ਤੇ ਸਰੀਰਕ ਤੌਰ 'ਤੇ ਲੋਕਾਂ ਦਾ ਇਲਾਜ ਕਰ ਰਹੇ ਨੇ।ਉਨ੍ਹਾਂ ਕਿਹਾ ਕਿ ਗੁਰਸ਼ਬਦ ਪ੍ਰਚਾਰ ਸਭਾ ਜੰਮੂ ਨੇ ਉਨ੍ਹਾਂ ਤੱਕ ਪਹੁੰਚ ਕੀਤੀ ਹੈ ਤਾਂ ਜੋ ਨੌਜਵਾਨਾਂ ਨੂੰ ਨਸ਼ਾ ਮੁਕਤ ਕੀਤਾ ਜਾਵੇ ਤੇ ਸਮਾਜ ਨੂੰ ਚੰਗੀ ਸੇਧ ਦਿੱਤੀ ਜਾ ਸਕੇ। ਉਨ੍ਹਾਂ ਸਾਰੇ ਪ੍ਰਭਾਵਸ਼ਾਲੀ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਇਲਾਕਿਆਂ 'ਚ ਡਾਕਟਰ ਪ੍ਰੀਤਮ ਸਿੰਘ ਦੇ ਕੈਂਪ ਲਗਾਉਣ।

# ਇੰਸਪੈਕਟਰ ਕਮਲਦੀਪ ਸਿੰਘ ਨੇ ਸੰਭਾਲਿਆ ਥਾਣਾ ਦਿੜ੍ਹਬਾ ਦਾ ਚਾਰਜ



ਦਿੜ੍ਹਬਾ ਮੰਡੀ , 8 ਜੁਲਾਈ (ਹੈਪੀ) : ਪੂਰੀ ਤਨਦੇਹੀ, ਪਾਰਦਰਸ਼ਤਾ ਅਤੇ ਸਚਾਰੂ ਰੂਪ ਚ ਆਪਣੀ ਡਿਊਟੀ ਨਿਭਾਉਣ ਵਾਲੇ ਇੰਸਪੈਕਟਰ ਕਮਲਦੀਪ ਸਿੰਘ ਵੱਲੋਂ ਮੁੜ ਦੁਆਰਾ ਪੁਲਿਸ ਥਾਣਾ ਦਿੜ੍ਹਬਾ ਦਾ ਬਤੌਰ ਐਸ ਐਚ ਓ ਦਾ ਚਾਰਜ ਸੰਭਾਲਣ 'ਤੇ ਸ਼ਹਿਰ ਅਤੇ ਇਲਾਕਾ ਵਾਸੀਆਂ 'ਚ ਖੁਸ਼ੀ ਦੀ ਲਹਿਰ ਪਾਈ ਗਈ। ਇਸ ਤਹਿਤ ਸ਼ਹਿਰ ਦੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਦੇ ਆਗੂਆਂ, ਨੁਮਾਇੰਦਿਆਂ ਅਤੇ ਇਲਾਕੇ ਦੇ ਪਤਵੰਤਿਆਂ ਵੱਲੋਂ ਇੰਸਪੈਕਟਰ ਕਮਲਦੀਪ ਸਿੰਘ ਨੂੰ ਫੁੱਲਾਂ ਦੇ ਹਾਰ ਪਹਿਨਾਕੇ ਅਤੇ ਗੁਲਦਸਤੇ ਭੇਟ ਕਰਕੇ ਜੀ ਆਇਆਂ ਕਹਿੰਦੇ ਹੋਏ ਭਰਵਾਂ ਸਵਾਗਤ ਕੀਤਾ ਗਿਆ। ਇੰਸਪੈਕਟਰ ਕਮਲਦੀਪ ਸਿੰਘ ਨੇ ਪੁਲਿਸ ਥਾਣਾ ਦਿੜ੍ਹਬਾ ਦਾ ਚਾਰਜ ਸੰਭਾਲਦਿਆਂ ਹੀ ਪੂਰੀ ਮੁਸਤੈਦੀ ਨਾਲ ਆਪਣੀ ਡਿਊਟੀ ਸ਼ੁਰੂ ਕਰ ਦਿੱਤੀ। ਇਸ ਤਹਿਤ ਉਨ੍ਹਾਂ ਵੱਲੋਂ ' ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਤਲਾਸ਼ੀ ਮੁਹਿੰਮ ਚਲਾਈ ਗਈ । ਇਸ ਮੌਕੇ ਇੰਸਪੈਕਟਰ ਕਮਲਦੀਪ ਸਿੰਘ ਨੇ ਪ੍ਰੈੱਸ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰ ਅੰਦਰ ਟ੍ਰੈਫਿਕ ਸਮਸਿਆ ਆਦਿ ਹੋਰ ਸਮਸਿਆਵਾਂ ਨੂੰ ਦੂਰ ਕੀਤੇ ਜਾਣ ਦੀ ਪਹਿਲੀ ਕਦਮੀ ਸੋਚ ਹੋਵੇਗੀ।

# ਨਸ਼ਿਆਂ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਪੁਲਸ ਨੇ ਸਖ਼ਤ ਰਵੱਈਆ ਕੀਤਾ ਅਖ਼ਤਿਆਰ, ਥਾਂ-ਥਾਂ 'ਤੇ ਨਾਕੇ ਲਗਾ ਕੇ ਵਹੀਕਲਾਂ ਦੀ ਕੀਤੀ




ਰਾਮਪੁਰਾ ਫੂਲ, 8 ਜੁਲਾਈ (ਮਨਪ੍ਰੀਤ ਮਿੰਟੂ) : ਸਥਾਨਕ ਥਾਣਾ ਇੰਚਾਰਜ ਬੂਟਾ ਸਿੰਘ ਦੀ ਅਗਵਾਈ ਵਿੱਚ ਰਾਮਪੁਰਾ ਸਿਟੀ ਪੁਲਸ ਨੇ ਨਸ਼ਿਆਂ ਦੀ ਗੰਭੀਰ ਸਮੱਸਿਆ ਅਤੇ ਸਮਾਜ ਵਿਰੋਧੀ ਗਤੀਵਿਧੀਆਂ 'ਤੇ ਨਕੇਲ ਕੱਸਣ ਲਈ ਇੱਕਿ ਸ਼ੇਸ਼ ਮੁਹਿੰਮ ਚਲਾਈ । ਇਸ ਮੁਹਿੰਮ ਦੇ ਤਹਿਤ ਪੁਲਸ ਪਾਰਟੀ ਨੇ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਨਾਕੇਬੰਦੀ ਕਰਕੇ ਵਾਹਨਾਂ ਦੀ ਤਲਾਸ਼ੀ ਅਤੇ ਚੈਕਿੰਗ ਦਾ ਵਿਸ਼ੇਸ਼ ਆਪ੍ਰੇਸ਼ਨ ਸ਼ੁਰੂ ਕੀਤਾ।

ਇਸ ਮੌਕੇ ਐਸ.ਐਚ.ਓ. ਸ. ਬੂਟਾ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਲਸ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ, ਨਸ਼ਿਆਂ ਦੀ ਲਾਹਣਤ ਅਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਗਤੀਵਿਧੀਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਡੀ ਟੀਮ ਨਿਰੰਤਰ ਅਤੇ ਅਣਥੱਕ ਯਤਨ ਕਰ ਰਹੀ ਹੈ। ਸਾਡਾ ਉਦੇਸ਼ ਸ਼ਹਿਰ ਵਿੱਚ ਸ਼ਾਂਤੀ, ਸੁਰੱਖਿਆ ਅਤੇ ਸਮਾਜਿਕ ਸਦਭਾਵਨਾ ਨੂੰ ਬਰਕਰਾਰ ਰੱਖਣਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਮੁਹਿੰਮ ਸਿਰਫ਼ ਪੁਲਸ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸਾਂਝੀ ਲੜਾਈ ਹੈ। ਸ਼ਹਿਰ ਨਿਵਾਸੀਆਂ ਨੂੰ ਅਪੀਲ ਕਰਦਿਆਂ ਉਨ੍ਹਾਂ ਜ਼ੋਰ ਦੇ ਕੇ ਕਿਹਾ, ਜੇਕਰ ਕਿਤੇ ਵੀ ਕੋਈ ਸ਼ੱਕੀ ਜਾਂ ਅਸਮਾਜਿਕ ਗਤੀਵਿਧੀ ਨਜ਼ਰ ਆਉਂਦੀ ਹੈ, ਤਾਂ ਬਿਨਾਂ ਦੇਰੀ ਪੁਲਸ ਨੂੰ ਸੂਚਿਤ ਕਰੋ। ਤੁਹਾਡਾ ਸਹਿਯੋਗ ਸਾਡੇ ਲਈ ਅਤਿ ਮਹੱਤਵਪੂਰਨ ਹੈ।

ਇਸ ਦੌਰਾਨ ਪੁਲਸ ਨੇ ਸ਼ਹਿਰ ਦੇ ਪ੍ਰਮੁੱਖ ਮਾਰਗਾਂ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਨਾਕੇ ਲਗਾਏ। ਵਾਹਨਾਂ ਦੀ ਸਖ਼ਤੀ ਨਾਲ ਜਾਂਚ ਕੀਤੀ ਗਈ ਅਤੇ ਸ਼ੱਕੀ ਵਿਅਕਤੀਆਂ 'ਤੇ ਵਿਸ਼ੇਸ਼ ਨਜ਼ਰ ਰੱਖੀ ਗਈ। ਇਸ ਦੌਰਾਨ ਪੁਲਸ ਨੇ ਆਮ ਜਨਤਾ ਨੂੰ ਵੀ ਸੁਰੱਖਿਆ ਪ੍ਰਤੀ ਜਾਗਰੂਕ ਕੀਤਾ ਅਤੇ ਨਸ਼ਿਆਂ ਦੀ ਰੋਕਥਾਮ ਲਈ ਸਮਾਜਿਕ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਸਥਾਨਕ ਲੋਕਾਂ ਨੇ ਪੁਲਸ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਸਮਾਜ ਨੂੰ ਨਸ਼ਾ ਮੁਕਤ ਅਤੇ ਸੁਰੱਖਿਅਤ ਬਣਾਉਣ ਲਈ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

# ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਬਣਾਉਣ ਦੀ ਖ਼ੁਸ਼ੀ 'ਚ ਲੱਡੂ ਵੰਡੇ



ਧੂਰੀ, 8 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ, ਰਣਜੀਤ ਸਿੰਘ ਧੇਧਨੀ): ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਦਾ ਨਵਾਂ ਸੂਬਾ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ 'ਤੇ ਪਾਰਟੀ ਵਰਕਰਾਂ 'ਚ ਖੁਸ਼ੀ ਦੀ ਲਹਿਰ ਵੇਖੀ ਗਈ। ਇਸ ਖੁਸ਼ੀ ਨੂੰ ਮਨਾਉਂਦਿਆਂ ਅੱਜ ਧੂਰੀ ਵਿਖੇ ਕੱਕੜਵਾਲ ਪੁਲ 'ਤੇ ਭਾਜਪਾ ਆਗੂ ਰਣਦੀਪ ਦਿਓਲ ਦੀ ਅਗਵਾਈ ਹੇਠ ਲੱਡੂ ਵੰਡ ਕੇ ਜਸ਼ਨ ਮਨਾਇਆ ਗਿਆ।ਭਾਜਪਾ ਆਗੂ ਰਣਦੀਪ ਦਿਓਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸ਼ਵਨੀ ਸ਼ਰਮਾ ਦੇ ਲੰਮੇ ਰਾਜਨੀਤਿਕ ਤਜਰਬੇ ਅਤੇ ਨਿੱਜੀ ਇਮਾਨਦਾਰੀ ਕਾਰਨ ਉਨ੍ਹਾਂ ਨੂੰ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਸ਼ਰਮਾ ਦੀ ਨੇਤ੍ਰਤਾ ਹੇਠ ਪੰਜਾਬ ਭਾਜਪਾ ਹੋਰ ਮਜ਼ਬੂਤੀ ਨਾਲ ਲੋਕਾਂ ਤੱਕ ਪਹੁੰਚੇਗੀ ਅਤੇ ਰਾਜ 'ਚ ਪਾਰਟੀ ਨੂੰ ਨਵੀਂ ਦਿਸ਼ਾ ਮਿਲੇਗੀ। ਉਨ੍ਹਾਂ ਇਹ ਵੀ ਜੋੜਿਆ ਕਿ ਅਸ਼ਵਨੀ ਸ਼ਰਮਾ ਨੇ ਸਦੀਵ ਲੋਕਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਭਾਰਿਆ ਹੈ ਅਤੇ ਪਾਰਟੀ ਪ੍ਰਤੀ ਵਫਾਦਾਰੀ ਨਾਲ ਕੰਮ ਕੀਤਾ ਹੈ।ਇਸ ਮੌਕੇ ਜਗਦੇਵ ਜਿੰਦਲ, ਭੂਪੇਸ਼ ਜਿੰਦਲ, ਨਰਪਿੰਦਰ ਕੁਮਾਰ, ਨੀਲੂ ਮਿੱਤਲ, ਆਦਿ ਨੇ ਵੀ ਅਸ਼ਵਨੀ ਸ਼ਰਮਾ ਦੀ ਨਿਯੁਕਤੀ ਨੂੰ ਸਰਾਹਦੇ ਹੋਏ ਲੱਡੂ ਵੰਡ ਕੇ ਖ਼ੁਸ਼ੀ ਜਤਾਈ। ਉਨ੍ਹਾਂ ਕਿਹਾ ਕਿ ਪਾਰਟੀ ਵਿਚ ਜੋਸ਼ ਅਤੇ ਉਤਸ਼ਾਹ ਦਾ ਨਵਾਂ ਮਾਹੌਲ ਬਣਿਆ ਹੈ ਅਤੇ ਇਹ ਨਿਯੁਕਤੀ ਆਉਣ ਵਾਲੇ ਚੋਣੀ ਸਮੇਂ 'ਚ ਭਾਜਪਾ ਲਈ ਫਾਇਦਮੰਦ ਸਾਬਤ ਹੋਵੇਗੀ।ਇਸ ਮੌਕੇ ਰਮਨ ਬਾਂਸਲ, ਨਵਦੀਪ ਗੋਇਲ, ਹਰੀਸ਼ ਸ਼ਰਮਾ ਅਤੇ ਲਖਵਿੰਦਰ ਸਿੰਘ ਹਾਜ਼ਰ ਸਨ।

# ਤਿੰਨ ਦਿਨ ਪੀਆਰਟੀਸੀ ਦੀਆਂ ਬੱਸਾਂ ਨੂੰ ਲੱਗਣਗੀਆਂ ਪੱਕੀਆਂ ਬਰੇਕਾਂ, ਕੱਚੇ ਕਰਮਚਾਰੀਆਂ ਵੱਲੋਂ ਹੜਤਾਲ ਦਾ ਐਲਾਨ

# 9 ਤੋਂ 11 ਜੁਲਾਈ ਤੱਕ ਨਹੀਂ ਚੱਲਣਗੀਆਂ ਸਰਕਾਰੀ ਬੱਸਾਂ




ਬਠਿੰਡਾ, 8 ਜੁਲਾਈ (ਦੀਪਕ ਸ਼ਰਮਾ):

ਜੇਕਰ ਤੁਸੀਂ ਅੱਜ ਕਿਸੇ ਕੰਮ ਲਈ ਬੱਸ ਰਾਹੀਂ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ ਤਾਂ ਆਵਾਜਾਈ ਲਈ ਬੱਸ ਨਹੀਂ ਸਗੋਂ ਕਿਸੇ ਹੋਰ ਸਾਧਨ ਦਾ ਪ੍ਰਬੰਧ ਕਰੋ ਕਿਉਂਕਿ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੇ ਕੱਚੇ ਕਰਮਚਾਰੀ ਬੁੱਧਵਾਰ ਤੋਂ ਹੜਤਾਲ 'ਤੇ ਚਲੇ ਜਾਣਗੇ। ਇਸ ਦੌਰਾਨ ਉਹ ਬੱਸਾਂ ਦਾ ਪੂਰੀ ਤਰ੍ਹਾਂ ਚੱਕਾ ਜਾਮ ਕਰਨਗੇ। ਹਾਲਾਂਕਿ ਪੀਆਰਟੀਸੀ ਦੇ ਪੱਕੇ ਕਰਮਚਾਰੀਆਂ ਨੇ ਬੱਸਾਂ ਆਮ ਵਾਂਗ ਚਲਾਉਣ ਦਾ ਭਰੋਸਾ ਦਿੱਤਾ ਹੈ ਪਰ ਕੱਚੇ ਕਰਮਚਾਰੀਆਂ ਵੱਲੋਂ ਸੰਭਾਵਿਤ ਕਿਸੇ ਕਿਸਮ ਦੇ ਹੰਗਾਮੇ ਨੂੰ ਰੋਕਣ ਲਈ ਡਿਪੂ ਦੇ ਅਧਿਕਾਰੀਆਂ ਵੱਲੋਂ ਪੁਲਿਸ ਦੀ ਮਦਦ ਵੀ ਲਈ ਜਾਵੇਗੀ। ਕੱਚੇ ਕਰਮਚਾਰੀ ਪੱਕੀਆਂ ਨੌਕਰੀਆਂ ਦੀ ਮੰਗ ਨੂੰ ਲੈ ਕੇ ਹੜਤਾਲ ਕਰ ਰਹੇ ਹਨ। 9 ਤੋਂ 11 ਜੁਲਾਈ ਨੂੰ ਤਿੰਨ ਦਿਨ ਸਰਕਾਰੀ ਬੱਸਾਂ ਬੰਦ ਰਹਿਣਗੀਆਂ। ਜੇਕਰ ਅਸੀਂ ਬਠਿੰਡਾ ਦੇ ਪੀਆਰਟੀਸੀ ਡਿਪੂ ਦੀ ਗੱਲ ਕਰੀਏ ਤਾਂ ਇੱਥੇ 204 ਬੱਸਾਂ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕੱਚੇ ਕਰਮਚਾਰੀ ਚਲਾਉਂਦੇ ਹਨ। ਇਸ ਵੇਲੇ ਬਠਿੰਡਾ ਡਿਪੂ ਵਿਚ 305 ਕੰਡਕਟਰ ਅਤੇ 251 ਡਰਾਈਵਰ ਹਨ। ਜਿਨ੍ਹਾਂ ਵਿੱਚੋਂ ਸਿਰਫ਼ 18 ਡਰਾਈਵਰ ਅਤੇ 13 ਕੰਡਕਟਰ ਹੀ ਪੱਕੇ ਤੌਰ 'ਤੇ ਕੰਮ ਕਰ ਰਹੇ ਹਨ ਪਰ ਹੁਣ ਠੇਕੇਦਾਰ ਅਧੀਨ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਨੇ ਹੜਤਾਲ 'ਤੇ ਜਾਣ ਦੀ ਧਮਕੀ ਦਿੱਤੀ ਹੈ। ਅਜਿਹੀ ਸਥਿਤੀ ਵਿਚ ਬਠਿੰਡਾ ਵਿਚ 80 ਫ਼ੀਸਦੀ ਸਟਾਫ ਠੇਕੇਦਾਰ ਅਧੀਨ ਕੰਮ ਕਰਦਾ ਹੈ, ਜਿਸ ਕਾਰਨ ਬੱਸਾਂ ਦਾ ਸੰਚਾਲਨ ਕਾਫ਼ੀ ਹੱਦ ਤਕ ਪ੍ਰਭਾਵਿਤ ਹੋ ਸਕਦਾ ਹੈ। ਹਾਲਾਂਕਿ ਅਧਿਕਾਰੀ ਦਾਅਵਾ ਕਰ ਰਹੇ ਹਨ ਕਿ ਉਹ ਕਿਸੇ ਵੀ ਬੱਸ ਸੇਵਾ ਨੂੰ ਪ੍ਰਭਾਵਿਤ ਨਹੀਂ ਹੋਣ ਦੇਣਗੇ। ਦੂਜੇ ਪਾਸੇ ਹੜਤਾਲੀ ਕਰਮਚਾਰੀਆਂ ਨੇ ਪੱਕੇ ਕਰਮਚਾਰੀਆਂ ਅਤੇ ਵਿਭਾਗ ਅਧੀਨ ਕੰਮ ਕਰਨ ਵਾਲਿਆਂ ਨੂੰ ਉਨ੍ਹਾਂ ਦਾ ਸਮਰਥਨ ਕਰਨ ਦੀ ਅਪੀਲ ਵੀ ਕੀਤੀ ਹੈ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਹੜਤਾਲ ਦੌਰਾਨ ਉਹ ਬੱਸਾਂ ਚਲਾਉਂਦੇ ਹਨ ਤਾਂ ਭਵਿੱਖ ਵਿਚ ਵੀ ਉਨ੍ਹਾਂ ਦੁਆਰਾ ਬੱਸਾਂ ਚਲਾਈਆਂ ਜਾਣ ਕਿਉਂਕਿ ਬਾਕੀ ਦਿਨਾਂ ਵਿਚ ਉਹ ਵਿਹਲੇ ਬੈਠਦੇ ਹਨ, ਜਦੋਂ ਕਿ ਜ਼ਿਆਦਾਤਰ ਕੰਮ ਕੱਚੇ ਕਰਮਚਾਰੀਆਂ ਦੁਆਰਾ ਕੀਤਾ ਜਾਂਦਾ ਹੈ। ਪਰ ਇਸ ਤੋਂ ਬਾਅਦ ਵੀ ਵਿਭਾਗ ਉਨ੍ਹਾਂ ਨੂੰ ਪੱਕੇ ਕਰਨ ਬਾਰੇ ਨਹੀਂ ਸੋਚ ਰਿਹਾ ਹੈ।

ਬਾਕਸ

ਨੌਕਰੀ ਪੇਸ਼ਾ ਅਤੇ ਔਰਤਾਂ ਨੂੰ ਮੁਸ਼ਕਿਲ ਜ਼ਿਆਦਾਤਰ ਸਵੇਰੇ ਅਤੇ ਸ਼ਾਮ ਨੂੰ ਬਠਿੰਡਾ ਡਿਪੂ ਦੀਆਂ ਸਰਕਾਰੀ ਬੱਸਾਂ ਵਿਚ ਲੋਕ ਯਾਤਰਾ ਕਰਦੇ ਹਨ ਪਰ ਬੱਸਾਂ ਦੀ ਹੜਤਾਲ ਕਾਰਨ ਉਨ੍ਹਾਂ ਨੂੰ ਨਿੱਜੀ ਬੱਸਾਂ ਦਾ ਸਹਾਰਾ ਲੈਣਾ ਪਵੇਗਾ। ਇਸ ਦੇ ਨਾਲ ਹੀ ਦਿਨ ਭਰ ਬੱਸਾਂ ਵਿਚ ਮੁਫ਼ਤ ਯਾਤਰਾ ਕਰਨ ਵਾਲੀਆਂ ਔਰਤਾਂ ਨੂੰ ਵੀ ਨਿੱਜੀ ਬੱਸਾਂ ਰਾਹੀਂ ਯਾਤਰਾ ਕਰਨੀ ਪਵੇਗੀ, ਜਦੋਂ ਕਿ ਸਰਕਾਰ ਨੇ ਬੱਸਾਂ ਵਿਚ ਔਰਤਾਂ ਲਈ ਕਿਰਾਇਆ ਮੁਆਫ਼ ਕੀਤਾ ਹੋਇਆ ਹੈ, ਪਰ ਹੜਤਾਲ ਕਾਰਨ ਔਰਤਾਂ ਨੂੰ ਕਿਰਾਇਆ ਦੇ ਕੇ ਪ੍ਰਾਈਵੇਟ ਬੱਸਾਂ ਵਿਚ ਸਫ਼ਰ ਕਰਨਾ ਪਵੇਗਾ। ਦੂਜੇ ਪਾਸੇ ਪੀਆਰਟੀਸੀ ਦੇ ਬਠਿੰਡਾ ਡਿਪੂ ਦੀ ਰੋਜ਼ਾਨਾ ਆਮਦਨ ਵੀ ਲਗਭਗ 40 ਲੱਖ ਰੁਪਏ ਹੈ, ਜਿਸ 'ਤੇ ਵੀ ਅਸਰ ਪੈਣ ਦੀ ਉਮੀਦ ਹੈ। ਇਸ ਤੋਂ ਇਲਾਵਾ ਯੂਨੀਅਨ ਦੇ ਬਠਿੰਡਾ ਡਿਪੂ ਮੁਖੀ ਕੁਲਵੰਤ ਮਨੇਸ਼ ਨੇ ਕਿਹਾ ਕਿ ਉਹ ਸਰਕਾਰ ਤੋਂ ਲੰਬੇ ਸਮੇਂ ਤੋਂ ਆਰਜ਼ੀ ਕਰਮਚਾਰੀਆਂ ਨੂੰ ਪੱਕੇ ਕਰਨ ਦੀ ਮੰਗ ਕਰ ਰਹੇ ਹਨ ਪਰ ਹਰ ਵਾਰ ਉਨ੍ਹਾਂ ਨੂੰ ਅਣਦੇਖਾ ਕੀਤਾ ਗਿਆ ਹੈ, ਜਿਸ ਕਾਰਨ ਉਹ ਹੜਤਾਲ 'ਤੇ ਜਾਣਗੇ, ਜਦੋਂਕਿ ਸਰਕਾਰ ਵਾਰ-ਵਾਰ ਕਰਮਚਾਰੀਆਂ ਨਾਲ ਮੀਟਿੰਗ ਕਰਨ ਦਾ ਸਮਾਂ ਦਿੰਦੀ ਹੈ ਪਰ ਹਰ ਵਾਰ ਮੀਟਿੰਗ ਮੁਲਤਵੀ ਕਰ ਦਿੱਤੀ ਜਾਂਦੀ ਹੈ, ਜਿਸ ਦੇ ਵਿਰੋਧ ਵਿਚ ਹੁਣ ਉਨ੍ਹਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

# ਆਨਲਾਈਨ ਠੱਗੀ : ਬਠਿੰਡਾ ਦੇ ਵਿਅਕਤੀ ਤੋਂ 11.22 ਲੱਖ ਰੁਪਏ ਠੱਗੇ

ਬਠਿੰਡਾ, 8 ਜੁਲਾਈ (ਦੀਪਕ ਸ਼ਰਮਾ): ਬਠਿੰਡਾ ਵਿੱਚ ਆਨਲਾਈਨ ਵੈੱਬਸਾਈਟ 'ਤੇ ਖਾਤਾ ਬਣਾਉਣ ਦੇ ਬਹਾਨੇ ਸਾਈਬਰ ਅਪਰਾਧੀਆਂ ਵੱਲੋਂ ਇੱਕ ਵਿਅਕਤੀ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜ਼ਿਲ੍ਹੇ ਵਿੱਚ ਵਾਪਰੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰਦਾਤਾਂ ਵਾਪਰ ਚੁੱਕੀਆਂ ਹਨ। ਇਸ ਘਟਨਾ ਨੇ ਆਨਲਾਈਨ ਸਾਵਧਾਨੀਆਂ ਦੀ ਲੋੜ ਨੂੰ ਇੱਕ ਵਾਰ ਫਿਰ ਉਜਾਗਰ ਕਰ ਦਿੱਤਾ ਹੈ।ਦੂਜੇ ਪਾਸੇ ਸਾਈਬਰ ਕ੍ਰਾਈਮ ਵਿਭਾਗ ਨੇ ਤੁਰੰਤ ਕਾਰਵਾਈ ਕਰਦੇ ਹੋਏ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ ਅਤੇ ਉਸਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।ਜਾਣਕਾਰੀ ਅਨੁਸਾਰ ਸੂਬੇ ਦੀ ਹੱਦ ਨਾਲ ਲੱਗਦੇ ਪਿੰਡ ਪਥਰਾਲਾ ਦੇ ਵਸਨੀਕ ਵਿਅਕਤੀ ਨੇ ਸਾਈਬਰ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ ਕਿ ਲੰਘੀ 25 ਜੂਨ ਨੂੰ ਉਸਦੇ ਵਟਸਐਪ ਨੰਬਰ 'ਤੇ ਇੱਕ ਅਣਪਛਾਤੇ ਵਿਅਕਤੀ ਦਾ ਸੁਨੇਹਾ ਆਇਆ ਸੀ। ਇਸ ਵਿਅਕਤੀ ਨੇ ਆਪਣੇ ਆਪ ਨੂੰ 'ਰੈਟ' ਨਾਮ ਦੀ ਕੰਪਨੀ ਦਾ ਨੁਮਾਇੰਦਾ ਦੱਸਿਆ ਅਤੇ ਪੀੜਤ ਨੂੰ ਇੱਕ ਵੈੱਬਸਾਈਟ 'ਤੇ ਜਾ ਕੇ ਆਪਣਾ ਖਾਤਾ ਬਣਾਉਣ ਲਈ ਪ੍ਰੇਰਿਤ ਕੀਤਾ। ਪੀੜਤ ਅਨੁਸਾਰ ਖਾਤਾ ਬਣਾਉਣ ਤੋਂ ਬਾਅਦ, ਉਸਨੂੰ ਇੱਕ ਯੂ ਆਰਐਲ ਲਿੰਕ ਭੇਜਿਆ ਗਿਆ ਅਤੇ ਉਸ ਲਿੰਕ 'ਤੇ ਜਾ ਕੇ ਕੰਮ ਕਰਨ ਲਈ ਰੀਚਾਰਜ ਕਰਨ ਲਈ ਕਿਹਾ ਗਿਆ।ਪੀੜਤ ਵਿਅਕਤੀ ਨੇ ਦੱਸਿਆ ਕਿ ਉਸਨੇ ਇਸ ਲਿੰਕ 'ਤੇ ਜਾ ਕੇ ਪਹਿਲਾਂ 10,000 ਰੁਪਏ ਦਾ ਰੀਚਾਰਜ ਕੀਤਾ। ਹੈਰਾਨੀ ਦੀ ਗੱਲ ਇਹ ਹੈ ਕਿ ਉਸ ਵੱਲੋਂ ਟਾਸਕ ਕਲੀਅਰ ਕਰਨ 'ਤੇ ਅਣਪਛਾਤੇ ਵਿਅਕਤੀ ਨੇ ਉਸਦੇ ਖਾਤੇ ਵਿੱਚ 15,380 ਰੁਪਏ ਟ੍ਰਾਂਸਫਰ ਕਰਵਾ ਦਿੱਤੇ, ਜਿਸ ਨਾਲ ਉਸਨੂੰ ਵਿਸ਼ਵਾਸ ਹੋ ਗਿਆ ਕਿ ਇਹ ਇੱਕ ਜਾਇਜ਼ ਕੰਮ ਹੈ। ਇਸ ਤੋਂ ਬਾਅਦ, ਠੱਗ ਦੇ ਕਹਿਣ 'ਤੇ, ਉਸ ਨੇ ਵੱਖ-ਵੱਖ ਟ੍ਰਾਂਜੈਕਸ਼ਨਾਂ ਰਾਹੀਂ ਕੁੱਲ 11,22,897 ਰੁਪਏ ਟ੍ਰਾਂਸਫਰ ਕਰ ਦਿੱਤੇ।ਪੀੜਤ ਨੇ ਦੱਸਿਆ ਕਿ ਸ਼ੱਕ ਪੈਣ 'ਤੇ ਜਦ ਉਸ ਨੇ ਇਸ ਸਬੰਧੀ ਜਾਂਚ ਕੀਤੀ ਤਾਂ ਉਸ ਨੂੰ ਪਤਾ ਲੱਗਿਆ ਕਿ ਉਹ ਠੱਗੀ ਦਾ ਸ਼ਿਕਾਰ ਹੋ ਚੁੱਕਾ ਹੈ।ਉਕਤ ਮਾਮਲੇ ਦੀ ਜਾਂਚ ਸਾਈਬਰ ਕ੍ਰਾਈਮ ਥਾਣੇ ਦੀ ਇੰਚਾਰਜ ਇੰਸਪੈਕਟਰ ਸੁਖਬੀਰ ਕੌਰ ਵੱਲੋਂ ਕੀਤੀ ਜਾ ਰਹੀ।ਪੁਲਿਸ ਨੇ ਮੁਦਈ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਸਾਈਬਰ ਸੁਰੱਖਿਆ ਪ੍ਰਤੀ ਜਾਗਰੂਕਤਾ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਲੋਕਾਂ ਨੂੰ ਅਜਿਹੇ ਅਣਪਛਾਤੇ ਲਿੰਕਾਂ ਅਤੇ ਸੁਨੇਹਿਆਂ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ, ਜੋ ਆਕਰਸ਼ਕ ਪੇਸ਼ਕਸ਼ਾਂ ਦੇ ਕੇ ਠੱਗੀ ਦਾ ਸ਼ਿਕਾਰ ਬਣਾ ਸਕਦੇ ਹਨ।

## ਬਿਨ੍ਹਾ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਣ ਵਾਲੇ ਵਿਰੁੱਧ ਕੀਤੀ ਜਾਵੇਗੀ ਕਾਨੂੰਨੀ ਕਾਰਵਾਈ : ਮੁੱਖ ਖੇਤੀਬਾੜੀ ਅਫ਼ਸਰ



ਮਾਨਸਾ, 8 ਜੁਲਾਈ( ਵਿਰੋਦਰਪਾਲ ਮੰਤਰੋ ):ਬਿਨ੍ਹਾਂ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਣ ਵਾਲੇ ਦੁਕਾਨਦਾਰ ਵਿਰੁੱਧ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਪ੍ਰੀਤ ਪਾਲ ਕੌਰ ਨੇ ਖਾਦ, ਕੀਟਨਾਸ਼ਕ, ਬੀਜਾਂ ਦੀਆਂ ਦੁਕਾਨਾਂ ਅਤੇ ਸਹਿਕਾਰੀ ਸਭਾਵਾਂ ਦੀ ਚੈਕਿੰਗ ਕਰਨ ਦੌਰਾਨ ਕੀਤਾ ।ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਕਿਸਾਨਾਂ ਨੂੰ ਸਰਕਾਰ ਵੱਲੋਂ ਨਿਰਧਾਰਤ ਮੁੱਲ 'ਤੇ ਖੇਤੀ ਸਮੱਗਰੀ, ਖਾਸ ਕਰਕੇ ਖਾਦਾਂ ਉਪਲੱਬਧ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਤੇ ਬਲਾਕ ਪੱਧਰੀ ਟੀਮਾਂ ਵੱਲੋਂ ਖਾਦ ਵਿਕਰੇਤਾਵਾਂ ਨਾਲ ਸਬੰਧਤ ਦੁਕਾਨਾਂ ਅਤੇ ਗੁਦਾਮਾਂ ਦੀ ਚੈਕਿੰਗ ਤੋਂ ਇਲਾਵਾ ਕਾਗਜ਼ਾਤ ਦੀ ਵੀ ਚੈਕਿੰਗ ਕੀਤੀ ਜਾ ਰਹੀ ਹੈ ।ਉਨ੍ਹਾਂ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੀ.ਓ.ਐਸ. ਮਸ਼ੀਨਾ ਵਿਚ ਵੇਚੀ ਗਈ ਖਾਦ ਦਾ ਸਟਾਕ ਨਿੱਲ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੀ.ਓ.ਐਸ. ਮਸ਼ੀਨਾਂ ਅਤੇ ਦੁਕਾਨ 'ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ, ਉਨ੍ਹਾਂ ਸਮੂਹ ਡੀਲਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ ਅਤੇ ਇਸ ਵਿਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ , ਸਟਾਕ ਬੋਰਡ 'ਤੇ ਰੋਜ਼ਾਨਾ ਖਾਦ ਦਾ ਸਟਾਕ ਅਤੇ ਰੇਟ ਲਿਖਿਆ ਜਾਵੇ ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਦੁਕਾਨਦਾਰ ਬਿੱਲ ਦੇਣ ਤੋਂ ਇਨਕਾਰ ਕਰਦਾ ਹੈ ਜਾਂ ਯੂਰੀਆ ਖਾਦ ਦੇ ਨਾਲ ਜ਼ਬਰੀ ਹੋਰ ਖੇਤੀ ਸਮੱਗਰੀ ਦਿੰਦਾ ਹੈ ਤਾਂ ਉਸ ਦੀ ਸ਼ਿਕਾਇਤ ਲਿਖ਼ਤੀ ਤੌਰ 'ਤੇ ਸਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫ਼ਸਰ ਨੂੰ ਕੀਤੀ ਜਾ ਸਕਦੀ ਹੈ। ਇਸ ਮੌਕੇ ਖੇਤੀਬਾੜੀ ਵਿਕਾਸ ਅਫ਼ਸਰ ਡਾ. ਗੁਰਪ੍ਰੀਤ ਸਿੰਘ ਅਤੇ ਡਾ. ਸ਼ਗਨਦੀਪ ਕੌਰ ਵੀ ਮੌਜੂਦ ਸਨ ।

## ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਦੀ ਮੀਟਿੰਗ ਸਬ ਕਮੇਟੀ ਨਾਲ ਹੋਈ



ਬਰਨਾਲਾ 8 ਜੁਲਾਈ (ਬਘੇਲ ਸਿੰਘ ਧਾਲੀਵਾਲ): ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਵੱਲੋਂ ਜੋ 10 ਜੂਨ ਤੋਂ ਅਣਮਿੱਥੇ ਸਮੇਂ ਦੀ ਹੜਤਾਲ ਅੱਜ ਉਨੱਤੀਵੇਂ ਦਿਨ 'ਚ ਸ਼ਾਮਲ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਜਥੇਬੰਦੀ ਦੇ ਉਲੀਕੇ ਪ੍ਰੋਗਰਾਮ ਤਹਿਤ 4 ਜੁਲਾਈ ਦੇ ਝੰਡਾ ਮਾਰਚ ਦੇ ਦਬਾਅ ਸਦਕਾ ਪ੍ਰਸ਼ਾਸਨ ਦੇ ਤਾਲਮੇਲ ਨਾਲ ਜਥੇਬੰਦੀ ਦੀ ਮੀਟਿੰਗ 8 ਜੁਲਾਈ ਨੂੰ ਸਬ ਕਮੇਟੀ ਵਿਤ ਮੰਤਰੀ ਹਰਪਾਲ ਸਿੰਘ ਚੀਮਾ ਜੀ ਲੋਕਲ ਬਾਡੀ ਮੰਤਰੀ ਡਾ ਰਵਜੋਤ ਸਿੰਘ ਜੀ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਸੀ ਈ ਓ ਮੈਡਮ ਦੀਪਤੀ ਉੱਪਲ , ਪ੍ਰਸੋਨਲ ਵਿਭਾਗ ਸੈਕਟਰੀ ਅਤੇ ਹੋਰ ਉੱਚ ਅਧਿਕਾਰੀਆਂ ਨਾਲ ਚੰਡੀਗੜ੍ਹ ਵਿਖੇ ਹੋਈ ।ਇਸ ਮੌਕੇ ਸੂਬਾ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਨੇ ਕਿਹਾ ਕਿ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਵਿੱਚ ਪਿਛਲੇ ਲੰਬੇ ਸਮੇਂ ਤੋਂ ਆਊਟਸੋਰਸ ਸਿਸਟਮ ਰਾਹੀਂ ਵੱਖ ਵੱਖ ਪੋਸਟਾਂ ਤੇ ਨਿਗੂਣੀਆਂ ਤਨਖਾਹਾਂ ਤੇ ਕੰਮ ਕਰਦੇ ਆ ਰਹੇ ਹਨ ਪਰ ਕਿਸੇ ਵੀ ਸਰਕਾਰ ਨੇ ਇਨ੍ਹਾਂ ਆਊਟਸੋਰਸ ਮੁਲਾਜ਼ਮਾਂ ਦੀ ਸਾਰ ਨਹੀਂ ਲਈ। ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬਹੁਤ ਹੀ ਜਲਦੀ ਸਰਕਾਰ ਵੱਲੋਂ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਆਊਟਸੋਰਸ ਕਾਮਿਆਂ ਦੀ ਪਾਲਿਸੀ ਲੈ ਕੇ ਆ ਰਹੇ ਤੁਹਾਡਾ ਕੰਮ ਜ਼ਰੂਰ ਕਰਾਂਗੇ। ਜਥੇਬੰਦੀ ਵੱਲੋਂ ਕਿਹਾ ਗਿਆ ਕਿ ਮੀਟਿੰਗ ਬਹੁਤ ਹੀ ਵਧੀਆ ਸੁਖਾਵੇਂ ਮਾਹੌਲ ਵਿਚ ਆਊਟਸੋਰਸ ਕਾਮਿਆਂ ਦੇ ਹੱਕ ਵਿੱਚ ਹੋਈ ਹੈ।

## ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਨਹੀਂ ਦਿੱਤੀਆਂ ਜਾਣਗੀਆਂ : ਕਿਸਾਨ ਆਗੂ



ਦਿੜ੍ਹਬਾ ਮੰਡੀ, 8 ਜੁਲਾਈ( ਸੁਖਵਿੰਦਰ ਸਿੰਘ ਵਿਰਕ): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੇ ਪਿੰਡ ਇਕਾਈਆਂ ਦੀ ਮੀਟਿੰਗ ਬਲਾਕ ਪ੍ਰਧਾਨ ਭਰਪੂਰ ਸਿੰਘ ਮੌੜਾਂ ਅਤੇ ਹਰਜੀਤ ਸਿੰਘ ਮਹਿਲਾਂ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਦਿੜ੍ਹਬਾ ਵਿਖੇ ਕੀਤੀ ਗਈ,ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਇਕਾਈਆਂ ਨੇ ਭਾਗ ਲਿਆ ।ਇਸ ਮੀਟਿੰਗ ਵਿੱਚ ਪਿੰਡ ਇਕਾਈਆਂ ਦੀ ਨਵੀਂ ਮੈਂਬਰਸ਼ਿਪ ਕੱਟਣ ਸਬੰਧੀ ਅਤੇ ਪਿੰਡ ਇਕਾਈਆਂ ਦੀ ਨਵੇਂ ਸਿਰੇ ਤੋਂ ਚੋਣ ਇਜਲਾਸ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ,ਹਰਜੀਤ ਸਿੰਘ ਮਹਿਲਾਂ ਅਤੇ ਅਮਨਦੀਪ ਸਿੰਘ ਮਹਿਲਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ 158 ਪਿੰਡਾਂ ਦੀ ਲਗਭੱਗ 40,000 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਅਕਵਾਇਰ ਕਰਨ ਜਾਂ ਰਹੀ ਹੈ,ਇਸ ਸਬੰਧ ਵਿੱਚ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਹੈ ।ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਨਹੀ ਦਿੱਤੀਆਂ ਜਾਣਗੀਆਂ,ਉਸ ਦੇ ਵਿਰੋਧ ਵਿੱਚ ਐਸ ਕੇ ਐਮ ਵੱਲੋਂ ਨੋਟਿਸ ਲੈਂਦਿਆਂ ਕਿਹਾ ਗਿਆ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਜ਼ਾਰੀ ਕੀਤਾ ਹੋਏ ਨੋਟੀਫਿਕੇਸ਼ਨ ਨੂੰ ਜਲਦ ਤੋਂ ਜਲਦ ਵਾਪਸ ਲਵੇ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣੀਆ ਤਰੁੰਤ ਬੰਦ ਕਰੇ ਨਹੀਂ ਤਾਂ ਪੰਜਾਬ ਸਰਕਾਰ ਖ਼ ?ਲਾਫ਼ ਤਿੱਖੇ ਸੰਘਰਸ਼ ਸ਼ੁਰੂ ਕੀਤੇ ਜਾਣਗੇ। ਅੱਜ ਦੀ ਇਸ ਮੀਟਿੰਗ ਵਿੱਚ ਚਰਨਜੀਤ ਸਿੰਘ ਘਨੌੜ ਸੰਤਪੁਰਾ,ਹਰਬੰਸ ਸਿੰਘ ਦਿੜ੍ਹਬਾ,ਮਿਸ਼ਰਾ ਸਿੰਘ ਨਿਹਾਲਗੜ੍ਹ,ਜੋਗਿੰਦਰ ਸਿੰਘ ਖੇੜੀ,ਜਸਵੰਤ ਸਿੰਘ ਸਮੂੰਰਾਂ, ਅਮਨਦੀਪ ਸਿੰਘ ਮਹਿਲਾਂ, ਮੇਜਰ ਸਿੰਘ ਕੌਹਰੀਆਂ,ਜਗਜੀਤ ਸਿੰਘ ਮਹਿਲਾਂ, ਸੁਖਵੀਰ ਸਿੰਘ ਮਹਿਲਾਂ, ਜਗਦੀਪ ਸਿੰਘ ਮਹਿਲਾਂ ਅਤੇ ਪਿੰਡ ਇਕਾਈਆਂ ਦੇ ਆਹੁਦੇਦਾਰ ਅਤੇ ਕਿਸਾਨ ਹਾਜ਼ਰ ਸਨ।

## ਅਣਚਾਹੇ ਬੱਚਿਆਂ ਨੂੰ ਪਾਲਣ ਤੋਂ ਅਸਮਰੱਥ ਮਾਪੇ ਬੱਚਿਆਂ ਨੂੰ ਪੰਘੂੜੇ ਵਿੱਚ ਰੱਖਣ: ਡੀ.ਸੀ.

ਬਰਨਾਲਾ, 8 ਜੁਲਾਈ (ਹਿਮਾਂਸ਼ੂ ਗਰਗ):ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ. ਬੈਨਿਥ ਨੇ ਦੱਸਿਆ ਕਿ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਜੁਵੇਨਾਇਲ ਜਸਟਿਸ ਕੇਅਰ ਐਂਡ ਪ੍ਰੋਟੈਕਸ਼ਨ ਆਫ਼ ਚਿਲਡਰਨ ਐਕਟ 2015 ਦੀ ਧਾਰਾ 35 ਸਬੰਧੀ ਬੱਚਿਆਂ ਨੂੰ ਸਰੰਡਰ ਕਰਨ ਵਾਸਤੇ ਮਾਪੇ ਆਪਣੀ ਇੱਛਾ ਅਨੁਸਾਰ ਬਾਲ ਭਲਾਈ ਕਮੇਟੀ ਕੋਲ ਹਾਜ਼ਰ ਹੋ ਕੇ ਸਰੰਡਰ ਡੀਡ ਰਾਹੀਂ ਬੱਚਾ ਬਾਲ ਭਲਾਈ ਕਮੇਟੀ ਨੂੰ ਸੌਂਪ ਸਕਦੇ ਹਨ। ਉਨ੍ਹਾਂ ਕਿਹਾ ਕਿ ਕਈ ਵਾਰ ਨਵ-ਜਨਮੇਂ ਬੱਚਿਆਂ ਨੂੰ ਨਾਲਿਆਂ, ਝਾੜੀਆਂ, ਖਾਲੀ ਪਲਾਟਾਂ ਵਿੱਚ ਸੁੱਟਣ ਦੀਆਂ ਘਟਨਾਵਾਂ ਸੁਣਨ ਤੇ ਪੜ੍ਹਨ ਵਿਚ ਆਉਂਦੀਆਂ ਹਨ। ਅਜਿਹਾ ਅਕਸਰ ਉਨ੍ਹਾਂ ਮਾਪਿਆਂ ਵੱਲੋਂ ਕੀਤਾ ਜਾਂਦਾ ਹੈ ਜਿਨ੍ਹਾਂ ਦੇ ਅਣਚਾਹੀ ਸੰਤਾਨ ਪੈਦਾ ਹੋਵੇ ਜਾਂ ਉਹ ਬੱਚਿਆਂ ਨੂੰ ਪਾਲਣ ਤੋਂ ਅਸਮਰੱਥ ਹੋਣ। ਪੁਲਿਸ ਵੱਲੋਂ ਕਈ ਵਾਰ ਅਜਿਹੇ ਬੱਚਿਆਂ ਦੇ ਮਾਪਿਆਂ ਦੀ ਪਛਾਣ ਕਰਕੇ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਆਰਥਿਕ ਮਜਬੂਰੀ ਕਰਕੇ ਵੀ ਉਨ੍ਹਾਂ ਵੱਲੋਂ ਆਪਣੇ ਅਣਚਾਹੇ ਬੱਚੇ ਨੂੰ ਨਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਮਾਮਲਿਆਂ ਵਿਚ ਕਮਿਸ਼ਨ ਵੱਲੋਂ ਜੁਵੇਨਾਇਲ ਜਸਟਿਸ ਕੇਅਰ ਐਂਡ ਪ੍ਰੋਟੈਕਸ਼ਨ ਆਫ਼ ਚਿਲਡਰਨ ਐਕਟ 2015 ਦੀ ਧਾਰਾ 35 ਸਬੰਧੀ ਬੱਚਿਆਂ ਨੂੰ ਸਰੰਡਰ ਕਰਨ ਵਾਸਤੇ ਮਾਪੇ ਆਪਣੀ ਇੱਛਾ ਅਨੁਸਾਰ ਬਾਲ ਭਲਾਈ ਕਮੇਟੀ ਪਾਸ ਹਾਜ਼ਰ ਹੋ ਕੇ ਸਰੰਡਰ ਡੀਡ ਰਾਹੀਂ ਬੱਚਾ ਬਾਲ ਭਲਾਈ ਕਮੇਟੀ ਨੂੰ ਸੌਂਪ ਸਕਦੇ ਹਨ। ਜ਼ਿਲ੍ਹੇ ਨਾਲ ਸਬੰਧਤ ਬਾਲ ਭਲਾਈ ਕਮੇਟੀ ਵੱਲੋਂਮਾਪਿਆਂ ਨੂੰਦੋਮਹੀਨਿਆਂ ਦਾ ਸਮਾਂ ਦਿੱਤਾ ਜਾਂਦਾ ਹੈ ਕਿ ਉਹ ਬੱਚੇ ਨੂੰ ਸਰੰਡਰ ਕਰਨ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰ ਸਕਦੇ ਹਨ।

## ਮਹਾਰਾਜਾ ਅਗਰਸੇਨ ਜੈਅੰਤੀ ਰਾਜ ਪੱਧਰੀ ਸਮਾਗਮ ਵਜੋਂ ਮਨਾਈ ਜਾਵੇਗੀ: ਸਿੰਗਲਾ



ਤਪਾ ਮੰਡੀ, 8 ਜੁਲਾਈ (ਚ.ਨ.ਸ.) : ਅਗਰਵਾਲ ਸਭਾ ਪੰਜਾਬ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਸੰਸਦੀ ਸਕੱਤਰ ਸਰੂਪ ਚੰਦ ਸਿੰਗਲਾ ਨੇ ਐਲਾਨ ਕੀਤਾ ਹੈ ਕਿ ਇਸ ਸਾਲ ਮਹਾਰਾਜਾ ਅਗਰਸੇਨ ਜੈਅੰਤੀ ਰਾਜ ਪੱਧਰ 'ਤੇ ਬਹੁਤ ਹੀ ਧੂਮਧਾਮ, ਸ਼ਰਧਾ ਅਤੇ ਮਾਣ ਨਾਲ ਮਨਾਈ ਜਾਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਹਾਰਾਜਾ ਅਗਰਸੇਨ ਦੇ ਸਿਧਾਂਤ ਅਜੇ ਵੀ ਸਮਾਜ ਵਿੱਚ ਸਮਾਨਤਾ, ਉੱਦਮ ਅਤੇ ਸੇਵਾ ਦੀ ਭਾਵਨਾ ਨੂੰ ਪ੍ਰੇਰਿਤ ਕਰਦੇ ਹਨ, ਇਸ ਜੈਅੰਤੀ ਨੂੰ ਸਿਰਫ਼ ਇੱਕ ਸਮਾਗਮ ਹੀ ਨਹੀਂ ਨਹੀਂ ਸਗੋਂ ਸਮਾਜਿਕ ਚੇਤਨਾ ਅਤੇ ਏਕਤਾ ਦਾ ਇੱਕ ਪ੍ਰਤੀਕ ਬਣਾਉਂਦੇ ਹਨ। ਸ਼੍ਰੀ ਸਿੰਗਲਾ ਨੇ ਇਹ ਐਲਾਨ ਉਸ ਸਮੇਂ ਕੀਤਾ ਜਦੋਂ ਉਹ ਅਗਰਵਾਲ ਸਭਾ ਪੰਜਾਬ ਦੇ ਸੂਬਾ ਸਕੱਤਰ- ਜਨਰਲ ਅਤੇ ਪ੍ਰਸਿੱਧ ਸਮਾਜ ਸੇਵਕ ਮੋਹਿਤ ਸਿੰਗਲਾ ਨੂੰ ਉਨ੍ਹਾਂ ਦੇ ਨਿਵਾਸ ਸਿੰਗਲਾ ਹਾਊਸ ਵਿਖੇ ਮਿਲਣ ਆਏ ਸਨ। ਮੋਹਿਤ ਸਿੰਗਲਾ ਹਾਲ ਹੀ ਵਿੱਚ ਲੱਤ ਦੇ ਸਫਲ ਆਪ੍ਰੇਸ਼ਨ ਤੋਂ ਬਾਅਦ ਹਸਪਤਾਲ ਤੋਂ ਘਰ ਪਰਤੇ ਹਨ। ਸਰੂਪ ਚੰਦ ਸਿੰਗਲਾ ਨੇ ਉਨ੍ਹਾਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ ਅਤੇ ਸਮਾਜ ਸੇਵਾ ਵਿੱਚ ਮੋਹਿਤ ਸਿੰਗਲਾ ਦੇ ਅਦੁੱਤੀ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮੋਹਿਤ ਸਿੰਗਲਾ ਅਤੇ ਉਨ੍ਹਾਂ ਦਾ ਪਰਿਵਾਰ ਨਾ ਸਿਰਫ਼ ਅਗਰਵਾਲ ਭਾਈਚਾਰੇ ਲਈ ਸਗੋਂ ਪੂਰੇ ਸਮਾਜ ਲਈ ਪ੍ਰੇਰਨਾ ਸਰੋਤ ਹਨ। ਸਰੂਪ ਚੰਦ ਸਿੰਗਲਾ ਨੇ ਮੋਹਿਤ ਸਿੰਗਲਾ ਦੀ ਕਲਮ, ਕਰਮ ਅਤੇ ਦਇਆ ਨੂੰ ਸਮਾਜ ਦੀ ਤਰੱਕੀ ਪ੍ਰਤੀ ਉਨ੍ਹਾਂ ਦੀ ਸਮਰਪਣਤਾ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਿਹਤਯਾਬੀ ਦੌਰਾਨ ਵੀ ਮੋਹਿਤ ਸਿੰਗਲਾ ਦੀ ਸਮਾਜ ਸੇਵਾ ਪ੍ਰਤੀ ਚਿੰਤਾ ਅਤੇ ਆਉਣ ਵਾਲੇ ਜੈਅੰਤੀ ਸਮਾਗਮ ਪ੍ਰਤੀ ਉਨ੍ਹਾਂ ਦੇ ਸਮਰਪਣ ਨੂੰ ਦਰਸਾਉਂਦੇ ਹਨ। ਦੋਵਾਂ ਸਮਾਜ ਸੇਵਕਾਂ ਨੇ ਆਉਣ ਵਾਲੀ ਜੈਅੰਤੀ ਦਿਵਸ ਦੇ ਦੀ ਰੂਪ-ਰੇਖਾ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ, ਜਿਸ ਵਿੱਚ ਸਥਾਨ, ਮੁੱਖ ਮਹਿਮਾਨ, ਸਮਾਜ ਦੇ ਵੱਖ-ਵੱਖ ਵਰਗਾਂ ਦੀ ਭਾਗੀਦਾਰੀ ਅਤੇ ਨੌਜਵਾਨਾਂ ਦੀ ਸਰਗਰਮੀ ਸ਼ਾਮਲ ਹੈ। ਸਰੂਪ ਚੰਦ ਸਿੰਗਲਾ ਨੇ ਦੱਸਿਆ ਕਿ ਸਮਾਗਮ ਵਿੱਚ ਸੱਭਿਆਚਾਰਕ ਪ੍ਰੋਗਰਾਮ, ਸਮਾਜਿਕ ਸੰਵਾਦ, ਪ੍ਰੀਤੀ - ਭੋਜ ਅਤੇ ਪ੍ਰੇਰਨਾਦਾਇਕ ਬੁਲਾਰਿਆਂ ਦੇ ਭਾਸ਼ਣ ਸ਼ਾਮਲ ਹੋਣਗੇ ਜਿਸਦਾ ਉਦੇਸ਼ ਨਵੀਂ ਪੀੜ੍ਹੀ ਨੂੰ ਮਹਾਰਾਜਾ ਅਗਰਸੇਨ ਜੀ ਦੇ ਆਦਰਸ਼ਾਂ ਨਾਲ ਜੋੜਨਾ ਹੈ। ਇਸ ਮੌਕੇ ਮੌਜੂਦ ਹੋਰ ਪ੍ਰਮੁੱਖ ਅਗਰਵਾਲ ਭਾਈਚਾਰੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸੰਕਲਪ ਲਿਆ ਕਿ ਮਹਾਰਾਜਾ ਅਗਰਸੇਨ ਜੈਅੰਤੀ ਨੂੰ ਸਿਰਫ਼ ਰਸਮੀ ਤੌਰ 'ਤੇ ਸੀਮਤ ਨਹੀਂ ਰੱਖਣਾ ਚਾਹੀਦਾ, ਸਗੋਂ ਇਸਨੂੰ ਸਮਾਜਿਕ ਸੁਧਾਰ ਅਤੇ ਏਕਤਾ ਦੀ ਇੱਕ ਵੱਡੀ ਮੁਹਿੰਮ ਵਜੋਂ ਲਿਆ ਜਾਣਾ ਚਾਹੀਦਾ ਹੈ। ਸਰੂਪ ਚੰਦ ਸਿੰਗਲਾ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਅਗਰਵਾਲ ਭਾਈਚਾਰੇ ਦੇ ਨੁਮਾਇੰਦਿਆਂ ਨੂੰ ਸਿੱਖਿਆ, ਸਿਹਤ, ਕਾਰੋਬਾਰ ਅਤੇ ਸੱਭਿਆਚਾਰਕ ਚੇਤਨਾ ਨੂੰ ਸਸ਼ਕਤ ਬਣਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਮੋਹਿਤ ਸਿੰਗਲਾ ਨੇ ਸਰੂਪ ਚੰਦ ਸਿੰਗਲਾ ਅਤੇ ਨਾਲ ਆਏ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪਿਆਰ ਅਤੇ ਸਮਰਥਨ ਸਮਾਜ ਵਿੱਚ ਊਰਜਾ ਲਿਆਉਂਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਜਲਦੀ ਹੀ ਠੀਕ ਹੋ ਕੇ ਸਮਾਜ ਸੇਵਾ ਵਿੱਚ ਪੂਰੀ ਤਰ੍ਹਾਂ ਸਰਗਰਮ ਰਹਿਣਗੇ ਅਤੇ ਮਹਾਰਾਜਾ ਅਗਰਸੈਨ ਜਯੰਤੀ ਦੇ ਜਸ਼ਨਾਂ ਨੂੰ ਵਿਸ਼ੇਸ਼ ਬਣਾਉਣ ਵਿੱਚ ਆਪਣਾ ਪੂਰਾ ਯੋਗਦਾਨ ਪਾਉਣਗੇ। ਇਸ ਮੌਕੇ ਕ੍ਰਿਸ਼ਨ ਚੰਦ ਸਿੰਗਲਾ, ਅਮੋਲ, ਅਕਸ਼ਤ ਅਤੇ ਆਰਤੀ ਸਿੰਗਲਾ ਵੀ ਮੌਜੂਦ ਸਨ।

## ਲੈਂਡ ਪੂਲਿੰਗ ਪਾਲਿਸੀ ਤੇ ਮਾਨ ਸਰਕਾਰ ਮੁੜ ਗੌਰ ਕਰੇ: ਸੈਨਿਕ ਵਿੰਗ



ਬਰਨਾਲਾ, 8 ਜੁਲਾਈ (ਅਮਨਦੀਪ ਸਿੰਘ)- ਮੌਜੂਦਾ ਸਰਕਾਰ ਵੱਲੋਂ ਸੂਬੇ ਵਿੱਚ ਲੈਂਡ ਪੂਲਿੰਗ ਪਾਲਿਸੀ ਰਾਹੀਂ 24 ਹਜਾਰ ਏਕੜ ਵਾਹੀ ਯੋਗ ਜ਼ਮੀਨ ਨੂੰ ਕਿਸਾਨਾਂ ਤੋ ਖੋਹ ਕੇ ਸਿੱਧਾ ਸਿੱਧਾ ਭੂਅ ਮਾਫੀਆ ਨੂੰ ਫਾਇਦਾ ਪਹੁਚਾਉਣ ਲਈ ਹੱਥ ਕੰਡੇ ਅਪਨਾ ਰਹੀ ਹੈ ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਇਸ ਦੇ ਇਸ ਅਕਸ ਨੂੰ ਖਰਾਬ ਕਰਨ ਦੀ ਬਿਲਕੁਲ ਭੀ ਇਜਾਜਤ ਨਹੀਂ ਦਿੱਤੀ ਜਾ ਸਕਦੀ ਅਤੇ ਲੱਖਾਂ ਦੀ ਗਿਣਤੀ ਵਿੱਚ ਕਿਸਾਨਾਂ ਨੂੰ ਬੇਜ਼ਮੀਨੇ ਕਰਨ ਦੀ ਸਰਕਾਰ ਦੀ ਇਸ ਕੋਝੀ ਸ਼ਰਾਰਤ ਨੂੰ ਕਿਸੇ ਭੀ ਕੀਮਤ ਤੇ ਬਰਦਾਸਤ ਨਹੀਂ ਕੀਤਾ ਜਾ ਸਕਦਾ ਇਹ ਵਿਚਾਰ ਸਾਬਕਾ ਸੈਨਿਕਾ ਦੀ ਮੀਟਿੰਗ ਉਪਰੰਤ ਇਕ ਪ੍ਰੈਸ ਨੋਟ ਜਾਰੀ ਕਰਦਿਆ ਭਾਜਪਾ ਹਲਕਾ ਇੰਚਾਰਜ ਭਦੌੜ ਅਤੇ ਭਾਜਪਾ ਸੈਨਿਕ ਸੈੱਲ ਦੇ ਸੂਬਾ ਕੋ ਕਨਵੀਨਰ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਰਕਾਰ ਕਿਸਾਨਾਂ ਨੂੰ ਨਿਗੂਣੀ 30 ਹਜਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਸਾਲ ਲਈ ਗਰੰਟੀ ਦੀ ਗੱਲ ਕਰਦੀ ਹੈ ਪ੍ਰੰਤੂ ਠੇਕਾ ਜਾ ਵੈਸੇ ਫ਼ਸਲ ਦੀ ਪ੍ਰਤੀ ਏਕੜ ਆਮਦਨੀ 70 ਹਜਾਰ ਤੋਂ ਲੈਕੇ ਸਵਾ ਲੱਖ ਰੁਪਏ ਤੱਕ ਹੈ ਇਸ ਨਾਲ ਹਰ ਇਕ ਕਿਸਾਨ ਨੂੰ ਪ੍ਰਤੀ ਏਕੜ ਘਾਟਾ ਪਵੇਗਾ ਉਸ ਨਾਲ ਤਾਂ ਕਿਸਾਨਾਂ ਦਾ ਬੁਰਾ ਹਾਲ ਹੋ ਜਾਵੇਗਾ ਕਿਉਕਿ ਬਹੁਤ ਸਾਰੇ ਕਿਸਾਨਾਂ ਨੇ ਆਪਣੇ ਕੰਮਾਂ ਕਾਰਾਂ ਲਈ ਕਰਜ਼ੇ ਭੀ ਚੁੱਕ ਰੱਖੇ ਹਨ। ਜਿਹੜਾ ਸਰਕਾਰ ਪ੍ਰਤੀ ਏਕੜ ਹਜਾਰ ਗਜ ਦਾ ਪਲਾਟ ਤੇ 200 ਗਜ ਦੀ ਦੁਕਾਨ ਦੀ ਗੱਲ ਕਰ ਰਹੀ ਹੈ ਉਸ ਦੀ ਕੀਮਤ ਪਤਾ ਨਹੀਂ ਕਿੰਨੇ ਸਾਲਾਂ ਬਾਦ ਵਧੇਗੀ ਤੇ ਲੱਖਾਂ ਕਿਸਾਨਾਂ ਦੀ ਰੋਟੀ ਤਾਂ ਅੱਜ ਖੋਹਣ ਦੀ ਗੱਲ ਕਰ ਰਹੀ ਹੈ ਵੱਡੀ ਗੱਲ ਇਹ ਭੀ ਪਤਾ ਨਹੀਂ ਕੇ ਮੌਜੂਦਾ ਸਰਕਾਰ 27 ਵਿੱਚ ਦੁਬਾਰਾ ਆਵੇਗੀ ਜਾ ਨਹੀ ਇਹ ਸਬਜ਼ਬਾਗ ਤੋਂ ਸਿਵਾਏ ਕੁੱਝ ਨਹੀਂ ਕਿਸਾਨਾਂ ਨੂੰ ਸਰਕਾਰ ਦੇ ਸਬਜ਼ਬਾਗ ਵਿੱਚ ਨਹੀਂ ਫਸਣ ਦੇਵਾਂਗੇ ਪਿੰਡ ਪਿੰਡ ਸਾਬਕਾ ਫੌਜੀ ਵੀਰ ਕਿਸਾਨਾਂ ਨੂੰ ਸਰਕਾਰ ਦੀਆਂ ਸੌੜੀਆਂ ਨੀਤੀਆਂ ਤੋਂ ਜਾਣੂ ਕਰਵਾਉਣ ਜੇਕਰ ਲੋੜ ਪਈ ਤਾਂ ਸਾਬਕਾ ਫੋਜੀ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਖਿਲਾਫ ਜਿਲਾ ਪੱਧਰ ਤੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦੇਣਗੇ ਉਹਨਾਂ ਕੇਂਦਰ ਦੀ ਮੋਦੀ ਸਰਕਾਰ ਤੋ ਪੁਰਜੋਰ ਮੰਗ ਕੀਤੀ ਕੇ ਆਉਣ ਵਾਲੇ ਪਾਰਲੀਮੈਂਟ ਸੈਸ਼ਨ ਵਿੱਚ ਪੰਜਾਬ ਸਰਕਾਰ ਦੀ ਇਸ ਲੈਂਡ ਪੂਲਿੰਗ ਪਾਲਿਸੀ ਨੂੰ ਖਤਮ ਕਰਨ ਲਈ ਕਾਨੂੰਨ ਲੈਕੇ ਆਉਣ ਅਤੇ ਲੱਖਾਂ ਕਿਸਾਨਾਂ ਨੂੰ ਉਜੜਨ ਤੋਂ ਬਚਾਇਆ ਜਾਵੇ ਅਤੇ ਪੰਜਾਬ ਰਾਜ ਦੀ ਖੇਤੀ ਪ੍ਰਧਾਨ ਸੂਬੇ ਦੀ ਦਿੱਖ ਨੂੰ ਬਚਾਇਆ ਜਾਵੇ ਇਸ ਮੌਕੇ ਸਰਪ੍ਰਸਤ ਸੂਬੇਦਾਰ ਸੌਦਾਗਰ ਸਿੰਘ ਹਮੀਦੀ ਵਾਰੰਟ ਅਫ਼ਸਰ ਬਲਵਿੰਦਰ ਸਿੰਘ ਢੀਂਡਸਾ ਸੂਬੇਦਾਰ ਕਮਲਜੀਤ ਸ਼ਰਮਾ ਵਾਰੰਟ ਅਫ਼ਸਰ ਅਵਤਾਰ ਸਿੰਘ ਸਿੱਧੂ ਸੂਬੇਦਾਰ ਧੰਨਾ ਸਿੰਘ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੇਖੋਂ ਸੂਬੇਦਾਰ ਗੁਰਜੰਟ ਸਿੰਘ ਨਾਈਵਾਲ ਸੂਬੇਦਾਰ ਜਗਸੀਰ ਸਿੰਘ ਭੈਣੀ ਜੱਸਾ ਸੂਬੇਦਾਰ ਕਮਲਜੀਤ ਸ਼ਰਮਾ ਵਾਰੰਟ ਅਫ਼ਸਰ ਅਵਤਾਰ ਸਿੰਘ ਸਿੱਧੂ ਸੂਬੇਦਾਰ ਧੰਨਾ ਸਿੰਘ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੇਖੋਂ ਸੂਬੇਦਾਰ ਗੁਰਜੰਟ ਸਿੰਘ ਨਾਈਵਾਲ ਸੂਬੇਦਾਰ ਜਗਸੀਰ ਸਿੰਘ ਭੈਣੀ ਜੱਸਾਹੌਲਦਾਰ ਬਸੰਤ ਸਿੰਘ ਉੱਗੋਕੇ ਹੌਲਦਾਰ ਰੂਪ ਸਿੰਘ ਮਹਿਤਾ ਵਾਰੰਟ ਅਫ਼ਸਰ ਜਗਦੀਪ ਸਿੰਘ ਗੁਰਦੇਵ ਸਿੰਘ ਮੱਕੜ ਆਦਿ ਸੈਨਿਕ ਆਗੂ ਹਾਜਰ ਸਨ।

## ਖ਼ਾਲਸਾ ਕਾਲਜ ਵੱਲੋਂ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਵਿਖੇ ਲਗਾਈ ਧਾਰਮਿਕ ਪ੍ਰਦਰਸ਼ਨੀ



ਭਗਤਾ ਭਾਈ ਕਾ, 8 ਜੁਲਾਈ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ,ਸੁਖਮਿੰਦਰ ਸਿੰਘ (ਸਕੱਤਰ ਵਿੱਦਿਆ)ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਮਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰਦੁਆਰਾ ਮੋਤੀ ਬਾਗ ਪਾਤਸ਼ਾਹੀ ਨੌਵੀਂ,ਪਟਿਆਲਾ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਵੱਲੋ ਧਾਰਮਿਕ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਜਿਸ ਦੌਰਾਨ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈ ਕਾ ਦੇ ਈ.ਸੀ.ਏ ਵਿਭਾਗ ਵੱਲੋਂ ਹਿਸਟਰੀ ਵਿਭਾਗ ਦੇ ਸਹਿਯੋਗ ਨਾਲ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਹੇਠ ਧਾਰਮਿਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ ।ਇਸ ਪ੍ਰਦਰਸ਼ਨੀ ਵਿੱਚ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਠੰਡਾ ਬੁਰਜ, ਖੰਡਾ, ਦਸ ਗੁਰੂ ਸਾਹਿਬਾਨਾਂ ਦਾ ਜੀਵਨ ਬਿਉਰਾ, ਭਾਈ ਮਤੀਦਾਸ, ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨੂੰ ਪੇਸ਼ ਕਰਦੇ ਚਾਰਟ ਅਤੇ ਮਾਡਲਾਂ ਨੇ ਸੰਗਤਾਂ ਦਾ ਧਿਆਨ ਖਿੱਚਿਆ ।ਇਸ ਮੌਕੇ ਸਕੱਤਰ ਵਿੱਦਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੁਖਮਿੰਦਰ ਸਿੰਘ,ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਅਨੇਕਾਂ ਉੱਘੀਆਂ ਸਿੱਖ ਸ਼ਖ਼ਸੀਅਤਾਂ ਵੱਲੋਂ ਪ੍ਰਦਰਸ਼ਨੀਆਂ ਦਾ ਦੌਰਾ ਕੀਤਾ ਗਿਆ। ਖ਼ਾਲਸਾ ਕਾਲਜ ਭਗਤਾ ਭਾਈਕਾ ਦੇ ਪ੍ਰਿੰਸੀਪਲ ਡਾ.ਸਤਿੰਦਰ ਕੌਰ ਮਾਨ ਨੇ ਦੱਸਿਆ ਕਿ ਇਹ ਪ੍ਰਦਰਸ਼ਨੀ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਦਾ ਇੱਕ ਸਾਰਥਿਕ ਯਤਨ ਹੈ। ਸਮਾਗਮ ਵਿੱਚ ਪਹੁੰਚੀਆਂ ਸਿੱਖ ਸੰਗਤਾਂ ਨੇ ਇਸ ਪ੍ਰਦਰਸ਼ਨੀ ਦਾ ਖ਼ੂਬ ਆਨੰਦ ਮਾਣਿਆ ਅਤੇ ਖ਼ਾਲਸਾ ਕਾਲਜ ਦੇ ਇਸ ਯਤਨ ਦੀ ਸ਼ਲਾਘਾ ਕੀਤੀ। ਇਸ ਮੌਕੇ ਸੰਸਥਾ ਦੇ ਲਗਪਗ 50 ਵਿਦਿਆਰਥੀਆਂ/ਸਟਾਫ਼ ਨੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਐਮ.ਏ (ਪੰਜਾਬੀ) ਦੀ ਵਿਦਿਆਰਥਣ ਸੁਮਨਦੀਪ ਕੌਰ ਨੇ ਭਾਈ ਮਤੀ ਦਾਸ ਜੀ ਦੀ ਸ਼ਹੀਦੀ ਨੂੰ ਸਿਜਦਾ ਕਰਦੀ ਕਵਿਤਾ ਬੜੇ ਹੀ ਭਾਵੁਕ ਅੰਦਾਜ਼ ਵਿੱਚ ਪੇਸ਼ ਕੀਤੀ। ਜ਼ਿਕਰਯੋਗ ਹੈ ਕਿ ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵੱਲੋਂ ਵੀ ਧਾਰਮਿਕ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਜਿਹੇ ਉਪਰਾਲੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਲਈ ਅਹਿਮ ਭੂਮਿਕਾ ਨਿਭਾਅ ਰਹੇ ਹਨ। ਇਸ ਮੌਕੇ ਈ.ਸੀ.ਏ ਇੰਚਾਰਜ ਡਾ. ਸਿਮਰਜੀਤ ਕੌਰ, ਹਿਸਟਰੀ ਵਿਭਾਗ ਦੇ ਮੁਖੀ ਡਾ. ਰਮਨਪ੍ਰੀਤ ਕੌਰ, ਪ੍ਰੋ. ਜਸਬੀਰ ਕੌਰ, ਪ੍ਰੋ. ਅੰਮ੍ਰਿਤਪਾਲ ਸਿੰਘ, ਪ੍ਰੋ. ਗਗਨਦੀਪ ਕੌਰ(ਐਫ. ਟੀ),ਬਲਜੀਤ ਸਿੰਘ (ਸਟੋਰ ਕੀਪਰ) ਅਤੇ ਸ. ਲਖਵੀਰ ਸਿੰਘ (ਕਲਰਕ) ਤੋਂ ਇਲਾਵਾ ਸਮੂਹ ਸਟਾਫ਼ ਨੇ ਭਰਪੂਰ ਸਹਿਯੋਗ ਦਿੱਤਾ।

## ਸਿਵਲ ਸਰਜਨ ਵੱਲੋਂ ਬਰਸਾਤੀ ਮੌਸਮ 'ਚ ਬਿਮਾਰੀਆਂ ਤੋਂ ਬਚਾਅ ਲਈ ਪ੍ਰਬੰਧਾਂ ਦੀ ਸਮੀਖਿਆ



ਮਾਨਸਾ, 8 ਜੁਲਾਈ (ਵਿਰੋਦਰਪਾਲ ਮੰਤਰੋ ): ਬਰਸਾਤੀ ਮੌਸਮ ਦੌਰਾਨ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕ ਕਰਨ ਹਿਤ ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਨੇ ਸਮੂਹ ਪ੍ਰੋਗਰਾਮ ਅਫ਼ਸਰਾਂ ਅਤੇ ਸਬੰਧਤ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਅਧੀਨ ਲੋਕਾਂ ਨੂੰ ਘਰ ਘਰ ਜਾ ਕੇ ਜਾਗਰੂਕ ਕੀਤਾ ਜਾ ਰਿਹਾ, ਇਸੇ ਤਰ੍ਹਾਂ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂਕਿ ਦਸਤ(ਡਾਇਰੀਆ),ਹੈਜਾ,ਟਾਈਫਾਇਡ, ਪੀਲੀਆ,ਆਦਿ ਤੋਂ ਬਚਣ ਲਈ ਪਾਣੀ ਦੇ ਸੈਂਪਲ ਲਏ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਮੌਸਮ ਵਿੱਚ ਪਾਣੀ ਨੂੰ ਉਬਾਲ ਕੇ ਜਾਂ ਫਿਲਟਰ ਕਰਕੇ ਹੀ ਪੀਤਾ ਜਾਵੇ ਤਾਂ ਜੋ ਕਿਸੇ ਤਰ੍ਹਾਂ ਦੀ ਪੇਟ ਦੀ ਇਨਫੈਕਸ਼ਨ ਨਾ ਹੋ ਸਕੇ, ਫਲ ਤੇ ਸਬਜ਼ੀਆਂ ਪਾਣੀ ਨਾਲ ਚੰਗੀ ਤਰ੍ਹਾਂ ਸਾਫ ਕਰਕੇ ਵਰਤਣੀਆਂ ਚਾਹੀਦੀਆਂ ਹਨ, ਜ਼ਿਆਦਾ ਦੇਰ ਦੇ ਕੱਟੇ ਹੋਏ, ਗਲੇ ਹੋਏ ਫਲ ਅਤੇ ਸਬਜ਼ੀਆਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਜੇਕਰ ਕਿਸੇ ਨੂੰ ਦਸਤ ਉਲਟੀਆਂ ਲੱਗਦੀਆਂ ਹਨ ਤਾਂ ਤੁਰੰਤ ਨੇੜੇ ਦੇ ਹਸਪਤਾਲ ਵਿੱਚ ਜਾ ਕੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਅਤੇ ਖਾਸ ਤੌਰ 'ਤੇ ਓ.ਆਰ.ਐਸ. ਦੇ ਘੋਲ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ 01 ਜੁਲਾਈ ਤੋਂ 31 ਜੁਲਾਈ ਤੱਕ ਦਸਤ ਰੋਕੋ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਸਬੰਧੀ ਜ਼ਿਲ੍ਹਾ ਪੱਧਰ ਅਤੇ ਸਬ ਵੀਜ਼ਨ ਪੱਧਰ 'ਤੇ ਹਸਪਤਾਲਾਂ ਵਿੱਚ ਕਾਰਨਰ ਸਥਾਪਤ ਕੀਤੇ ਗਏ ਹਨ। ਇਸ ਤੋਂ ਇਲਾਵਾ ਆਸ਼ਾ ਵਰਕਰਜ਼ ਘਰ ਘਰ ਜਾ ਕੇ ਓ.ਆਰ.ਐਸ.ਦੇ ਪੈਕਟਾਂ ਦੀ ਵੰਡ ਅਤੇ ਓ.ਆਰ.ਐਸ. ਦੇ ਘੋਲ ਨੂੰ ਬਣਾਉਣ ਦਾ ਤਰੀਕਾ ਦੱਸਣ ਤੋਂ ਇਲਾਵਾ ਜਿੰਕ ਦੀਆਂ ਗੋਲੀਆਂ ਵੰਡੀਆਂ ਜਾ ਰਹੀਆਂ ਹਨ, ਜਿਨ੍ਹਾਂ ਘਰਾਂ ਵਿੱਚ ਛੋਟੇ ਬੱਚੇ, ਗਰਭਵਤੀ ਮਾਵਾਂ, ਦੁੱਧ ਚੁਆਉਂਦੀਆਂ ਮਾਵਾਂ ਅਤੇ ਬਜ਼ੁਰਗ ਹਨ ਉਨ੍ਹਾਂ ਨੂੰ ਗਰਮੀ ਦੇ ਮੌਸਮ ਵਿੱਚ ਘਰ ਤੋਂ ਬਾਹਰ ਦੀਆਂ ਬਣੀਆਂ ਚੀਜ਼ਾਂ ਨਾ ਵਰਤਣ ਅਤੇ ਬਿਨ੍ਹਾਂ ਕਿਸੇ ਜ਼ਰੂਰੀ ਕੰਮ ਤੋਂ ਘਰ ਤੋਂ ਬਾਹਰ ਨਾ ਜਾਣ ਦੀ ਸਲਾਹ ਦਿੱਤੀ ਗਈ। ਫਾਸਟ ਫੂਡ ਤੋਂ ਪਰਹੇਜ਼,ਆਲੇ ਦੁਆਲੇ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਬਾਰੇ ਕਿਹਾ ਗਿਆ ਤਾਂ ਜੋ ਮੱਖੀ, ਮੱਛਰ ਪੈਦਾ ਨਾ ਹੋ ਸਕੇ। ਡੇਂਗੂ ਮਲੇਰੀਆ ਤੋਂ ਬਚਾਅ ਲਈ ਆਲੇ ਦੁਆਲੇ ਪਾਣੀ ਨਹੀਂ ਖੜ੍ਹੇ ਹੋਣ ਦੇਣਾ ਚਾਹੀਦਾ, ਜੇਕਰ ਕਿਤੇ ਪਾਣੀ ਖੜ੍ਹਾ ਹੁੰਦਾ ਹੈ ਤਾਂ ਉੱਥੇ ਕਾਲੇ ਤੇਲ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨਾਂ ਸਿਹਤ ਵਿਭਾਗ ਦੇ ਅਧਿਕਾਰੀਆ ਅਤੇ ਕਰਮਚਾਰੀਆਂ ਨੂੰ ਸੁਚੇਤ ਹੋਣ ਲਈ ਕਿਹਾ ਅਤੇ ਸਿਹਤ ਪ੍ਰਤੀ ਮਿਆਰੀ ਵਿਧੀ ਨੂੰ ਅਪਨਾਉਣ ਅਤੇ ਲਾਗੂ ਕਰਵਾਉਣ ਦੀ ਹਦਾਇਤ ਕੀਤੀ। ਇਸ ਮੌਕੇ ਡਾ. ਬਲਜੀਤ ਕੌਰ ਜ਼ਿਲ੍ਹਾ ਟੀਕਾਕਰਨ ਅਫ਼ਸਰ ਮਾਨਸਾ, ਡਾ. ਰਵਿੰਦਰ ਸਿੰਗਲਾ ਸਹਾਇਕ ਸਿਵਲ ਸਰਜਨ ਮਾਨਸਾ, ਡਾ. ਕੰਵਲਪ੍ਰੀਤ ਕੌਰ ਬਰਾੜ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ, ਵਿਜੈ ਕੁਮਾਰ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ, ਅਵਤਾਰ ਸਿੰਘ ਜਿਲਾ ਪ੍ਰੋਗਰਾਮ ਮੈਨੇਜਰ,ਦਰਸਨ ਸਿੰਘ ਉਪ ਸਮੂਹ ਸਿੱਖਿਆ ਤੇ ਸੂਚਨਾ ਅਫਸਰ,ਸ੍ਰੀ ਸੰਤੋਸ਼ ਭਾਰਤੀ ਐਪੀਡੀਮੋਲੋਜਸਟ,ਸਿਖਾ ਸਿੰਗਲਾ ਅਕਾਊਂਟ ਅਫਸਰ, ਪ੍ਰਤਾਪ ਸਿੰਘ ਅਤੇ ਸੀਨੀਅਰ ਸਹਾਇਕ, ਜਸਪ੍ਰੀਤ ਕੌਰ, ਕਰਮਵੀਰ ਕੌਰ, ਸੁੱਖਵਿੰਦਰ ਸਿੰਘ ਜ਼ਿਲ੍ਹਾ ਫਾਰਮੇਸੀ ਅਫ਼ਸਰ,ਸੰਜੀਵ ਸ਼ਰਮਾ,ਗੁਰਿੰਦਰ ਜੀਤ ਸ਼ਰਮਾ, ਕ੍ਰਿਸ਼ਨ ਕੁਮਾਰ ਮੌਜੂਦ ਸਨ।

## ਸਾਹਿਲ ਗਰਗ ਨੇ ਪਿਸਟਲ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ



ਤਪਾ ਮੰਡੀ, 8 ਜੁਲਾਈ (ਭੂਸ਼ਨ ਘੜੈਲਾ): ਸਥਾਨਕ ਸ਼ਹਿਰ ਦੇ ਮੋਤੀ ਨਗਰ ਦੇ ਵਸਨੀਕ ਡਾ. ਨਰੇਸ਼ ਕੁਮਾਰ ਦੇ ਪੁੱਤਰ ਸਾਹਿਲ ਗਰਗ ਨੇ 4 ਜੁਲਾਈ ਨੂੰ ਦੇਹਰਾਦੂਨ ਵਿੱਚ ਹੋਈ ਓਪਨ ਸ਼ੂਟਿੰਗ ਵਿੱਚ 25 ਮੀਟਰ ਪਿਸਟਲ ਮੁਕਾਬਲੇ ਵਿੱਚ 300 ਵਿੱਚੋਂ 280 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਪ੍ਰਬੰਧਕਾਂ ਵੱਲੋਂ ਉਸਦੇ ਗਲੇ ਵਿੱਚ ਸੋਨੇ ਦਾ ਤਗਮਾ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਸਦੇ ਪਿਤਾ ਡਾ. ਨਰੇਸ਼ ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਹਿਲ ਪਹਿਲਾਂ ਹੀ ਪੰਜਾਬ ਵਿੱਚ ਹੋਏ ਵੱਖ-ਵੱਖ ਮੁਕਾਬਲਿਆਂ ਵਿੱਚ ਸੋਨੇ ਅਤੇ ਚਾਂਦੀ ਦੇ ਤਗਮੇ ਜਿੱਤ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਮੁਕਾਬਲੇ ਵਿੱਚ ਵੱਖ-ਵੱਖ ਰਾਜਾਂ ਦੇ 280 ਨਿਸ਼ਾਨੇਬਾਜ਼ਾਂ ਨੇ ਭਾਗ ਲਿਆ ਸੀ ਜਦੋਂਕਿ 22 ਨੌਜਵਾਨ ਪੰਜਾਬ ਦੇ ਸਨ। ਇਸ ਪ੍ਰਾਪਤੀ 'ਤੇ ਪਰਿਵਾਰ ਨੂੰ ਦੋਸਤਾਂ, ਰਿਸ਼ਤੇਦਾਰਾਂ ਅਤੇ ਸ਼ਹਿਰ ਵਾਸੀਆਂ ਵੱਲੋਂ ਵਧਾਈਆਂ ਮਿਲ ਰਹੀਆਂ ਹਨ।

## ਫਰਮ ਦਾ ਲਾਇਸੈਂਸ ਰੱਦ

ਬਰਨਾਲਾ, 8 ਜੁਲਾਈ (ਹਿਮਾਂਸ਼ੂ ਗਰਗ): ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਰੂਲਜ਼ 2013 ਅਤੇ ਅਮੈਂਡਮੈਂਟ ਰੂਲਜ਼ 2014 ਅਧੀਨ ਜਾਰੀ ਲਾਇਸੰਸ ਮਿਆਦ ਪੁੱਗਣ 'ਤੇ ਰੱਦ ਕੀਤਾ ਗਿਆ ਹੈ। ਇਹ ਲਾਇਸੈਂਸ ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ੍ਰੀ ਟੀ ਬੈਨਿਥ ਵੱਲੋਂ ਜਾਰੀ ਹੁਕਮਾਂ 'ਤੇ ਰੱਦ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਬੰਧਤ ਲਾਈਸੈਂਸੀ ਵੱਲੋਂ ਲਾਈਸੈਂਸ ਸਰੰਡਰ ਕਰਨ ਦੀ ਦਿੱਤੀ ਦਰਖਾਸਤ ਅਤੇ ਐੱਸ ਐੱਸ ਪੀ ਬਰਨਾਲਾ ਵਲੋਂ ਪ੍ਰਾਪਤ ਰਿਪੋਰਟ ਦੇ ਆਧਾਰ 'ਤੇ ਸ੍ਰੀ ਪੰਕਜ ਬਾਂਸਲ ਪੁੱਤਰ ਸ੍ਰੀ ਸੁਰਿੰਦਰ ਕੁਮਾਰ ਵਾਸੀ ਸੰਗਰ ਪੱਤੀ ਰੋਡ ਧਨੌਲਾ ਅਤੇ ਸ੍ਰੀ ਦਿਨੇਸ਼ ਕੁਮਾਰ ਪੁੱਤਰ ਸ੍ਰੀ ਰਾਮ ਗੋਪਾਲ ਵਾਸੀ ਗੁਰਦੁਆਰਾ ਰਾਮਸਰ ਰੋਡ ਧਨੌਲਾ ਜ਼ਿਲ੍ਹਾ ਬਰਨਾਲਾ ਦੇ ਨਾਮ 'ਤੇ ਜਾਰੀ ਹਿੱਸੇਦਾਰ ਫਰਮ ਬਲੂ ਓਸ਼ੀਅਨ ਆਈਲੈਟਸ ਇੰਸਟੀਟਿਊਟ ਦਾ ਲਾਈਸੈਂਸ ਰੱਦ ਕੀਤਾ ਗਿਆ ਹੈ।

## ਬਲਾਤਕਾਰ ਦੇ ਇਲਜ਼ਾਮ ਵਿੱਚੋਂ ਮੁਲਜ਼ਮ ਬਰੀ

ਬਰਨਾਲਾ, 8 ਜੁਲਾਈ (ਬਘੇਲ ਸਿੰਘ ਧਾਲੀਵਾਲ): ਮਾਨਯੋਗ ਅਦਾਲਤ ਸ੍ਰੀ ਬੀ.ਬੀ.ਐਸ ਤੇਜੀ ਸੈਸ਼ਨ ਜੱਜ ਬਰਨਾਲਾ ਨੇ ਦੋਸ਼ੀਆਨ ਵਿਜੈ ਸਿੰਘ ਉਰਫ਼ ਹੈਪੀ, ਜਸਵਿੰਦਰ ਸਿੰਘ ਉਰਫ਼ ਗੱਗੂ ਵਾਸੀਆਨ ਬਰਨਾਲਾ ਨੂੰ, ਲੜਕੀ ਨੂੰ ਵਰਗਲਾ ਕੇ ਲਿਜਾਣ ਅਤੇ ਜਬਰ ਜਨਾਹ ਦੇ ਕੇਸ ਵਿੱਚੋਂ ਫੌਜਦਾਰੀ ਵਕੀਲ ਸਤਨਾਮ ਸਿੰਘ ਰਾਹੀਂ ਐਡਵੋਕੇਟ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ, ਦੋਸ਼ੀਆਂ ਨੂੰ ਬਾਇੱਜਤ ਬਰੀ ਕਰਨ ਦਾ ਹੁਕਮ ਸੁਣਾਇਆ। ਪੁਲਸ ਕਹਾਣੀ ਮੁਤਾਬਕ ਪੁਲਸ ਪਾਰਟੀ ਪਾਸ ਮਿਤੀ 1-3-2022 ਨੂੰ ਮੁੱਦਈ ਗੇਲੋ ਪਤਨੀ ਜੱਸੀ ਸਿੰਘ ਬਰਨਾਲਾ ਨੇ ਬਿਆਨ ਦਰਜ ਕਰਵਾਏ ਸੀ ਅਤੇ ਕਾਰਵਾਈ ਦੀ ਮੰਗ ਕੀਤੀ। ਦੋਸ਼ੀਆਂ ਗੱਗੂ ਸਿੰਘ ਤੇ ਹੈਪੀ ਸਿੰਘ ਵੱਲੋਂ ਐਡਵੋਕੇਟ ਸਤਨਾਮ ਸਿੰਘ ਰਾਹੀਂ ਅਦਾਲਤ ਪੇਸ਼ ਹੋਏ। ਚਲਾਨ ਪੇਸ਼ ਹੋਣ ਉਪਰੰਤ ਗਵਾਹਾਂ ਨੇ ਆਪਣੀਆਂ ਗਵਾਹੀਆਂ ਦਰਜ ਕਰਾਈਆਂ। ਕੇਸ ਦੀ ਬਹਿਸ ਦੌਰਾਨ ਦੋਸ਼ੀਆਂ ਦੇ ਵਕੀਲ ਨੇ ਇਹ ਦਲੀਲਾਂ ਦਿੱਤੀਆਂ ਕਿ ਮੁਦਈ ਧਿਰ ਵੱਲੋਂ ਜੋ ਕਹਾਣੀ ਬਣਾਈ ਗਈ ਤੇ ਜਿਸ ਥਾਂ 'ਤੇ ਬਲਾਤਕਾਰ ਹੋਣ ਜਾਹਰ ਕੀਤਾ ਹੈ, ਉਸ ਥਾਂ 'ਤੇ ਸੰਘਣੀ ਵਸੋਂ ਹੋਣ ਕਰਕੇ ਅਜਿਹਾ ਨਹੀਂ ਹੋ ਸਕਦਾ ਅਤੇ ਮੁਦਈ ਧਿਰ ਨੇ ਜੋ ਇਲਜ਼ਾਮ ਲਗਾਏ ਹਨ ਉਸਦਾ ਡਾਕਟਰੀ ਗਵਾਹੀ ਨਾਲ ਮੇਲ ਕਰਕੇ ਵੀ, ਬਲਾਤਕਾਰ ਦਾ ਕੇਸ ਨਹੀਂ ਬਣਦਾ। ਦੋਸ਼ੀਆਂ ਦੇ ਵਕੀਲ ਨੇ ਡਾਕਟਰੀ ਗਵਾਹੀ ਦੇ ਜ਼ਰੂਰੀ ਤੱਥ ਜੱਜ ਸਾਬ ਦੇ ਧਿਆਨ ਵਿਚ ਬਹਿਸ ਦੌਰਾਨ ਲਿਆਂਦੇ, ਜਿਸ ਪਰ ਮਾਨਯੋਗ ਅਦਾਲਤ ਵੱਲੋਂ ਸਤਨਾਮ ਸਿੰਘ ਰਾਹੀਂ ਐਡਵੋਕੇਟ ਦੀ ਦੋਸ਼ੀਆਂ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ।

## ਭਰਵੀਂ ਬਰਸਾਤ ਕਾਰਨ ਪਿੰਡ ਠਸਕਾ ਦੇ ਅੱਧਾ ਦਰਜ਼ਨ ਦੇ ਕਰੀਬ ਗ਼ਰੀਬ ਲੋਕਾਂ ਦੇ ਘਰਾਂ ਵਿੱਚ ਦਾਖਲ ਹੋਇਆ ਬਰਸਾਤੀ ਪਾਣੀ



ਖਨੌਰੀ, 8 ਜੁਲਾਈ (ਓਮਪ੍ਰਕਾਸ਼ ਮੁਆਲ): ਖਨੌਰੀ ਇਲਾਕੇ ਦੇ ਪਿੰਡਾਂ ਵਿੱਚ ਸੋਮਵਾਰ ਦੀ ਸਵੇਰ ਹੋਈ ਭਾਰੀ ਬਰਸਾਤ ਕਾਰਨ ਜਿੱਥੇ ਲੋਕਾਂ ਨੂੰ ਗਰਮੀ ਤੋਂ ਰਾਹਤ ਅਤੇ ਝੋਨੇ ਨੂੰ ਪਾਣੀ ਮਿਲਿਆ ਲੋਕਾਂ ਦੇ ਚਿਹਰੇ ਗਰਮੀ ਅਤੇ ਤਪਸ਼ ਘਟਦੀ ਵੇਖ ਖਿੜੇ ਹਨ । ਉਥੇ ਹੀ ਬਰਸਾਤੀ ਪਾਣੀ ਪਿੰਡ ਠਸਕਾ ਦੇ ਅੱਧਾ ਦਰਜ਼ਨ ਦੇ ਕਰੀਬ ਗ਼ਰੀਬ ਲੋਕਾਂ ਦੇ ਘਰਾਂ ਵਿੱਚ ਜਾ ਵੜਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਨੰਬਰਦਾਰ ਸ਼ਰਨਜੀਤ ਸਿੰਘ ਨੇ ਦੱਸਿਆ ਕਿ ਪਿੰਡ ਦੀ ਫਿਰਨੀ ਦੀ ਸੜਕ ਦੇ ਨਾਲ ਬਣੇ ਗੰਦੇ ਪਾਣੀ ਦੇ ਨਿਕਾਸੀ ਨਾਲੇ ਦੀ ਡੂੰਘਾਈ ਤਾਂ ਠੀਕ ਹੈ ਪ੍ਰੰਤੂ ਚੋੜਾਈ ਬਹੁਤ ਘੱਟ ਹੈ। ਜਿਸ ਕਾਰਨ ਪਾਣੀ ਓਵਰ ਫਲੋ ਹੋ ਕੇ ਨਾਲੀਆਂ ਰਾਹੀਂ ਬਾਹਰ ਨਿਕਲਣ ਦੀ ਬਜਾਏ ਘਰਾਂ ਵਿੱਚ ਵੜ ਜਾਂਦਾ ਹੈ,ਜਿਸ ਕਾਰਨ ਘਰ ਤਲਾਬ ਦਾ ਰੂਪ ਧਾਰਨ ਕਰ ਲੈਂਦੇ ਹਨ, ਜਿੱਥੇ ਇਸ ਨਾਲ ਘਰੇਲੂ ਚੀਜ਼ਾਂ ਨੁੱਕਸਾਨੀਆਂ ਜਾਂਦੀਆਂ ਹਨ, ਉਥੇ ਹੀ ਨਾਲੀਆਂ ਗਲੀਆਂ ਦਾ ਗੰਦਾ ਪਾਣੀ ਘਰਾਂ ਵਿੱਚ ਵੜਨ ਕਾਰਨ ਘਰਾਂ ਵਿੱਚ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ, ਜਿਸ ਨੂੰ ਸਾਫ ਕਰਨਾ ਜੋਖ਼ਮ ਭਰਿਆ ਕੰਮ ਬਣਦਾ ਹੈ। ਉਥੇ ਹੀ ਬਿਮਾਰੀਆਂ ਫੈਲਣ ਦਾ ਡਰ ਵੀ ਬਣਿਆ ਰਹਿੰਦਾ ਹੈ। ਸਾਬਕਾ ਸਰਪੰਚ ਰਾਮਪਾਲ ਸਿੰਘ ਠਸਕਾ, ਸਾਬਕਾ ਸਰਪੰਚ ਸ਼ਮਸ਼ੇਰ ਸਿੰਘ ਠਸਕਾ, ਸਾਬਕਾ ਫੌਜੀ ਕਰਮਚੰਦ ਸਿੰਘ, ਨੰਬਰਦਾਰ ਸ਼ਰਨਜੀਤ ਸਿੰਘ , ਪੰਚ ਸ਼ਮਸ਼ੇਰ ਸਿੰਘ, ਪੰਚ ਫੁੱਲ ਕੁਮਾਰ ਨਾਲ (ਰਵਿਦਾਸੀਆ) ਮੁੱਹਲੇ ਦੇ ਲੋਕਾਂ ਨੇ ਹਲਕਾ ਵਿਧਾਇਕ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ,ਐਮ.ਪੀ ਸੰਗਰੂਰ,ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਹੈ, ਕਿ ਸੜਕ ਨਾਲ ਬਣੇ ਇਸ ਨਿਕਾਸੀ ਨਾਲੇ ਦੀ ਚੋੜਾਈ ਵਧਾਈ ਜਾਵੇ ਜਾਂ ਇਸ ਦੀ ਥਾਂ ਸਿਵਰੇਜ ਸਿਸਟਮ ਬਣਾਇਆ ਜਾਵੇ ਤਾਂ ਜੋ ਗੰਦੇ ਪਾਣੀ ਦਾ ਨਿਕਾਸ ਹੋ ਸਕੇ, ਤਾਂ ਜੋ ਗ਼ਰੀਬ ਲੋਕਾਂ ਦੇ ਘਰਾਂ ਦਾ ਨੁਕਸਾਨ ਨਾ ਹੋ ਸਕੇ।

## ਪੁਲਿਸ ਨੇ ਨਾਕਾਬੰਦੀ ਕਰਕੇ ਵਾਹਨਾਂ ਦੀ ਕੀਤੀ ਚੈਕਿੰਗ



ਧਨੌਲਾ, 8 ਜੁਲਾਈ (ਚਮਕੌਰ ਸਿੰਘ ਗੱਗੀ): ਐੱਸ ਐੱਸ ਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਉੱਪ ਕਪਤਾਨ ਪੁਲਿਸ ਨਾਰਕੋਟਿਕ ਸ਼੍ਰੀ ਕਮਲਜੀਤ ਸਿੰਘ ਜੀ ਦੀ ਦੇਖ ਰੇਖ ਹੇਠ ਥਾਣਾ ਧਨੌਲਾ ਦੇ ਮੁਖੀ ਇੰਸਪੈਕਟਰ ਜਗਜੀਤ ਸਿੰਘ ਜੀ ਦੀ ਅਗਵਾਈ ਵਿੱਚ ਸਮੇਤ ਪੁਲਿਸ ਪਾਰਟੀ ਵੱਲੋਂ ਧਨੌਲਾ ਦੇ ਬੱਸ ਸਟੈਂਡ ਵਿਖੇ ਵਿਸੇਸ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ, ਗੱਲਬਾਤ ਕਰਦੇ ਹੋਏ ਉੱਪ ਕਪਤਾਨ ਪੁਲਿਸ ਨਾਰਕੋਟਿਕ ਸ਼੍ਰੀ ਕਮਲਜੀਤ ਸਿੰਘ ਨੇ ਕਿਹਾ ਕਿ ਮਾੜੇ ਅਨਸਰਾਂ ਨੂੰ ਨੱਥ ਪਾਉਣ ਲਈ ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਨਾਕੇ ਲਗਾਏ ਗਏ ਹਨ, ਜਿੱਥੇ ਹਰ ਦੋ ਪਹੀਆ, ਚਾਰ ਪਹੀਆ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਅਧੂਰੇ ਕਾਗਜ਼ਾਤ ਵਾਲਿਆਂ ਦੇ ਚਲਾਨ ਕੱਟੇ ਗਏ ਹਨ, ਤੇ ਸ਼ੱਕੀ ਵਾਹਨਾਂ ਦੀ ਪਛਾਣ ਕਰਕੇ ਪੁੱਛਗਿੱਛ ਕੀਤੀ ਗਈ ਹੈ, ਓਹਨਾਂ ਕਿਹਾ ਕਿ ਆਏ ਦਿਨ ਹੋ ਰਹੀਆਂ ਵਾਰਦਾਤਾਂ ਦੇ ਮੱਦੇਨਜਰ ਹਰ ਮਾੜੇ ਅਨਸਰ ਸ਼ੱਕੀ ਵਾਹਨਾਂ ਤੇ ਨਜਰ ਰੱਖੀ ਜਾ ਰਹੀ ਹੈ, ਤੇ ਬਿਨਾ ਨੰਬਰ ਪਲੇਟ ਮੋਟਰਸਾਇਕਲਾਂ ਦੇ ਚਲਾਨ ਕੱਟੇ ਗਏ ਹਨ। ਇਸ ਮੌਕੇ ਮੁੱਖ ਅਫਸਰ ਜਗਜੀਤ ਸਿੰਘ, ਸਹਾਇਕ ਥਾਣੇਦਾਰ ਸੁਖਦੇਵ ਸਿੰਘ, ਸਹਾਇਕ ਥਾਣੇਦਾਰ ਜਗਦੇਵ ਸਿੰਘ, ਸਹਾਇਕ ਥਾਣੇਦਾਰ ਬਲਵਿੰਦਰ ਸ਼ਰਮਾ, ਸਹਾਇਕ ਥਾਣੇਦਾਰ ਸੇਵਾ ਸਿੰਘ, ਹੌਲਦਾਰ ਸੰਦੀਪ ਸਿੰਘ, ਸਿਪਾਹੀ ਚੰਨਪ੍ਰੀਤ ਸਿੰਘ, ਸਿਪਾਹੀ ਕਾਬਲ ਸਿੰਘ, ਸਿਪਾਹੀ ਅੰਮ੍ਰਿਤਪਾਲ ਸਿੰਘ, ਅਕਾਸ਼ਦੀਪ ਸਿੰਘ, ਸਮੇਤ ਪੁਲਿਸ ਮੁਲਾਜ਼ਮ ਸਨ।

## ਗੁਰੂ ਗੋਬਿੰਦ ਸਿੰਘ ਸਕੂਲ ਮਲੂਕਾ ਦੇ ਵਿਦਿਆਰਥੀਆਂ ਵੱਲੋਂ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ



ਭਗਤਾ ਭਾਈ ਕਾ, 8 ਜੁਲਾਈ (ਸਵਰਨ ਸਿੰਘ ਭਗਤਾ):ਐਸ.ਜੀ.ਪੀ.ਸੀ ਸ੍ਰੀ ਹਰਿਮੰਦਰ ਸਾਹਿਬ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾਂ ਗੁਰਗੱਦੀ ਦਿਵਸ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ,ਭਾਈ ਦਿਆਲਾ ਜੀ,ਭਾਈ ਮਤੀ ਦਾਸ ਜੀ ,ਭਾਈ ਸਤੀ ਦਾਸ ਜੀ ਦੇ 350 ਸਾਲਾਂ ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਪਾਤਸ਼ਾਹੀ ਨੌਵੀਂ (ਪਟਿਆਲਾ) ਵਿਖੇ ਗੁਰਮਤਿ ਸਮਾਗਮ ਕਰਵਾਏ ਗਏ। ਇਨ੍ਹਾਂ ਸਮਾਗਮਾਂ ਦੌਰਾਨ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ।ਇਹਨਾਂ ਗੁਰਮਤਿ ਸਮਾਗਮਾਂ ਵਿੱਚ ਸ਼ਬਦ ਗਾਇਨ, ਕਵਿਤਾ, ਕਵੀਸ਼ਰੀ ਅਤੇ ਭਾਸ਼ਣ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਕਰਵਾਏ ਗਏ। ਇਹਨਾਂ ਸਮਾਗਮਾਂ ਵਿੱਚ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਵਿੱਚ ਸ਼ਮੂਲੀਅਤ ਕੀਤੀ। ਪ੍ਰਿੰਸੀਪਲ ਮੈਡਮ ਗੁਰਿੰਦਰ ਕੌਰਦੇਖ ਰੇਖ ਵਿੱਚ ਸ਼ਬਦ ਗਾਇਨ ਤਿਆਰ ਕਰਵਾਇਆ ਗਿਆ, ਜਿਸ ਵਿੱਚ 22 ਬੱਚਿਆਂ ਨੇ ਭਾਗ ਲਿਆ ਅਤੇ ਸਮਾਗਮ ਵਿੱਚ ਸ਼ਬਦ ਗਾਇਨ ਕੀਤਾ ।ਇਸ ਦੀ ਤਿਆਰੀ ਮਿਊਜ਼ਿਕ ਅਧਿਆਪਕ ਸੁਖਜਿੰਦਰ ਸਿੰਘ ਵੱਲੋਂ ਕਰਵਾਈ ਗਈ। ਇਸ ਸਮਾਗਮ ਵਿੱਚ ਸਕੂਲ ਦੇ ਜੂਨੀਅਰ ਵਿੰਗ ਦੇ ਅਧਿਆਪਕਾਂ, ਧਾਰਮਿਕ ਅਧਿਆਪਕ ਅਤੇ ਡੀ.ਪੀ ਅਧਿਆਪਕ ਨੇ ਵੀ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿੱਚ ਧਾਰਮਿਕ ਪ੍ਰਦਰਸ਼ਨੀ ਵੀ ਲਗਾਈ ਗਈ ਇਸ ਪ੍ਰਦਰਸ਼ਨੀ ਵਿੱਚ 13 ਕਾਲਜ ਅਤੇ 7 ਸਕੂਲ ਸ਼ਾਮਿਲ ਹੋਏ। ਉਚੇਚੇ ਤੌਰ ਤੇ ਸਕੱਤਰ ਵਿਦਿਆ ਸੁਖਮਿੰਦਰ ਸਿੰਘ ਅਤੇ ਅਸਿਸਟੈਂਟ ਡਾਇਰੈਕਟਰ (ਸਕੂਲਜ )ਬੀਬਾ ਸਤਵੰਤ ਕੌਰ ਪਹੁੰਚੇ ।ਪ੍ਰਿੰਸੀਪਲ ਮੈਡਮ ਗੁਰਿੰਦਰ ਕੌਰ ਵੱਲੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਇਸੇ ਤਰ੍ਹਾਂ ਵੱਧ ਚੜ੍ਹ ਕੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ।



# ਪਟਿਆਲਾ-ਆਸ/ਪਾਸ



## ਜ਼ਿਲ੍ਹੇ 'ਚ ਉਲਟੀਆਂ ਤੇ ਦਸਤ ਰੋਗ ਫੈਲਣ ਤੋਂ ਰੋਕਣ ਲਈ ਜ਼ਮੀਨੀ ਪੱਧਰ 'ਤੇ ਕੀਤੀ ਜਾਵੇ ਕਾਰਵਾਈ: ਡਾ. ਪ੍ਰੀਤੀ ਯਾਦਵ

☛ਡਾਇਰੈਕਟਰ ਸਿਹਤ, ਕਮਿਸ਼ਨਰ ਨਗਰ ਨਿਗਮ ਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਉੱਚ ਪੱਧਰੀ ਬੈਠਕ

☛ਡੀ.ਸੀ. ਵੱਲੋਂ ਅਲੀਪੁਰ ਅਰਾਈਆਂ ਤੇ ਮਾਤਾ ਕੁਸ਼ੱਲਿਆ ਹਸਪਤਾਲ ਦਾ ਦੌਰਾ, ਮਰੀਜ਼ਾਂ ਨਾਲ ਵੀ ਗੱਲਬਾਤ

ਪਟਿਆਲਾ, 8 ਜੁਲਾਈ (ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਸਵੇਰੇ ਉਲਟੀਆਂ ਤੇ ਦਸਤ ਰੋਗ ਪ੍ਰਭਾਵਤ ਅਲੀਪੁਰ ਅਰਾਈਆਂ, ਹੈਲਥ ਤੇ ਵੈਲਨੈਸ ਸੈਂਟਰ ਅਤੇ ਮਾਤਾ ਕੌਸ਼ੱਲਿਆ ਹਸਪਤਾਲ ਦਾ ਦੌਰਾ ਕਰਕੇ ਸਿਹਤ ਵਿਭਾਗ ਦੇ ਡਾਇਰੈਕਟਰ ਡਾ. ਹਿਤੇਂਦਰ ਕੌਰ, ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ ਅਤੇ ਜਲ ਸਪਲਾਈ ਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨਾਲ ਬੈਠਕ ਕਰਕੇ ਡਾਇਰੀਆ ਮਾਮਲਿਆਂ ਦਾ ਜਾਇਜ਼ਾ ਲਿਆ। ਡਾ. ਪ੍ਰੀਤੀ ਯਾਦਵ ਨੇ ਸਮੂਹ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਡਾਇਰੀਆ ਦੇ ਮਾਮਲੇ ਵਧਣ ਤੋਂ ਰੋਕਣ ਲਈ ਜ਼ਮੀਨੀ ਪੱਧਰ 'ਤੇ ਕਾਰਵਾਈ ਕੀਤੀ ਜਾਵੇ ਅਤੇ ਇਸ ਵਿੱਚ ਕੋਈ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨੇ ਡਾਇਰੀਆ ਰੋਗ ਫੈਲਣ ਦੇ ਕਾਰਨਾਂ ਦਾ ਪਤਾ ਲਾਉਣ ਸਮੇਤ ਇਸ ਨੂੰ ਹੋਰ ਅੱਗੇ ਫੈਲਣ ਤੋਂ ਰੋਕਣ ਲਈ ਐਸ.ਡੀ.ਐਮ ਦੀ ਅਗਵਾਈ ਹੇਠ ਕਮੇਟੀ ਦਾ ਵੀ ਗਠਨ ਕੀਤਾ, ਜਿਸ 'ਚ ਜਲ ਸਪਲਾਈ ਤੇ ਸੀਵਰੇਜ਼ ਬੋਰਡ, ਨਗਰ ਨਿਗਮ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਗਿਆ।



ਡਾ. ਪ੍ਰੀਤੀ ਯਾਦਵ ਨੇ ਇਸ ਤੋਂ ਪਹਿਲਾਂ ਆਪਣੇ ਅਲੀਪੁਰ ਅਰਾਈਆਂ ਤੇ ਮਾਤਾ ਕੌਸ਼ੱਲਿਆ ਹਸਪਤਾਲ ਦੇ ਦੌਰੇ ਦੌਰਾਨ ਦਸਤ ਰੋਗ ਤੋਂ ਪੀੜਤ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਚੱਲ ਰਹੇ ਇਲਾਜ ਬਾਰੇ ਜਾਇਜ਼ਾ ਲਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਿੱਥੇ ਆਪਣੇ ਘਰਾਂ ਵਿੱਚ ਪਾਣੀ ਦੀ ਗ਼ੈਰ ਕਾਨੂੰਨੀ ਸਪਲਾਈ ਨਾ ਚਲਾਉਣ ਉੱਥੇ ਹੀ ਬਰਸਾਤ ਦੇ ਮੌਸਮ 'ਚ ਦੂਸ਼ਿਤ ਪਾਣੀ ਪੀਣ ਤੋਂ ਬਚਣ ਲਈ ਕਲੋਰੀਨ ਦੀਆਂ ਗੋਲੀਆਂ ਵਾਲਾ ਅਤੇ ਉਬਲਿਆ ਪਾਣੀ ਪੀਣ ਨੂੰ ਹੀ ਤਰਜ਼ੀਹ ਦੇਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਉਲਟੀਆਂ ਜਾਂ ਦਸਤ ਦੇ ਕੋਈ ਲੱਛਣ ਆਉਂਦੇ ਹਨ, ਤਾਂ ਉਹ ਤੁਰੰਤ ਨੇੜਲੇ ਸਿਹਤ ਕੇਂਦਰ ਜਾਂ ਹਸਪਤਾਲ ਤੋਂ ਮੈਡੀਕਲ ਸਹਾਇਤਾ ਲੈਣ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਨਗਰ ਨਿਗਮ ਸਮੇਤ ਸੀਵਰੇਜ਼ ਤੇ ਵਾਟਰ ਸਪਲਾਈ ਵਿਭਾਗ ਦੇ ਅਧਿਕਾਰੀਆਂ ਤੋਂ ਅਲੀਪੁਰ ਅਰਾਈਆਂ ਵਿਖੇ ਪਾਣੀ ਦੀ ਸਪਲਾਈ 'ਚ ਸੀਵਰੇਜ਼ ਦਾ ਗੰਦਾ ਪਾਣੀ ਮਿਲਣ ਤੋਂ ਰੋਕਣ ਲਈ ਕੀਤੀ ਕਾਰਵਾਈ ਦਾ ਜਾਇਜ਼ਾ ਲਿਆ ਅਤੇ ਆਦੇਸ਼ ਦਿਤੇ ਕਿ ਸ਼ਹਿਰ ਸਮੇਤ ਜ਼ਿਲ੍ਹੇ 'ਚ ਹੋਰ ਵੀ ਹੌਟਸਪੌਟ ਇਲਾਕਿਆਂ 'ਚ ਵੀ ਸਾਵਧਾਨੀ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਪਟਿਆਲਾ ਸਮੇਤ ਸਾਰੇ ਜ਼ਿਲ੍ਹੇ ਵਿੱਚ ਸਾਰੀਆਂ ਹੌਟ-ਸਪੌਟ ਥਾਵਾਂ ਦੀ ਨਿਗਰਾਨੀ ਕੀਤੀ ਜਾਵੇ ਅਤੇ ਜਿੱਥੇ ਕਿਤੇ ਦੂਸ਼ਿਤ ਪਾਣੀ ਮਿਲਣ ਦੀ ਸੰਭਾਵਨਾ ਹੋਵੇ, ਉਥੇ ਅਗੇਤੀ ਹੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਜਾਗਰੂਕਤਾ ਕੈਂਪ ਲਾਉਣ ਸਮੇਤ ਕਲੋਰੀਨ ਦੀਆਂ ਗੋਲੀਆਂ ਵੰਡੀਆਂ ਜਾਣ ਤੇ ਪਟਿਆਲਾ ਸ਼ਹਿਰ ਸਮੇਤ ਬਾਕੀ ਜ਼ਿਲ੍ਹੇ ਅੰਦਰ ਵੀ ਚੌਕਸੀ ਵਰਤਣ ਸਮੇਤ ਲੋਕਾਂ ਨੂੰ ਗੰਦੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਜਾਗਰੂਕਤਾ ਮੁਹਿੰਮ 'ਚ ਢਿੱਲ ਨਾ ਵਰਤੀ ਜਾਵੇ। ਉਨ੍ਹਾਂ ਜ਼ਿਲ੍ਹਾ ਸਿਹਤ ਅਫ਼ਸਰ ਨੂੰ ਖਾਣ ਪੀਣ ਵਾਲੀਆਂ ਵਸਤਾਂ ਦੇ ਸੈਂਪਲ ਲੈਣ ਤੇ ਸਾਫ਼-ਸਫ਼ਾਈ ਦਾ ਖਿਆਲ ਰੱਖਣ ਲਈ ਕੋਈ ਕੁਤਾਹੀ ਨਾ ਵਰਤੀ ਜਾਵੇ। ਅਧਿਕਾਰੀਆਂ ਨੇ ਜਾਣੂੰ ਕਰਵਾਇਆ ਕਿ ਅਲੀਪੁਰ ਅਰਾਈਆਂ ਵਿਖੇ ਘਰ-ਘਰ ਸਰਵੇ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਜਾਗਰੂਕ ਕਰਨ ਸਮੇਤ ਪਾਣੀ ਦੇ ਕੁਨੈਕਸ਼ਨ ਵੀ ਚੈਕ ਕੀਤੇ ਜਾ ਰਹੇ ਹਨ। ਇਸ ਤੋਂ ਬਿਨ੍ਹਾਂ ਮੁਨਾਦੀ ਵੀ ਕਰਵਾਈ ਜਾ ਰਹੀ ਹੈ। ਮੀਟਿੰਗ 'ਚ ਏ.ਡੀ.ਸੀ. ਨਵਰੀਤ ਕੌਰ ਸੇਖੋਂ ਸਮੇਤ ਸਿਹਤ, ਜਲ ਸਪਲਾਈ ਤੇ ਸੀਵਰੇਜ਼ ਬੋਰਡ, ਸਿਹਤ ਵਿਭਾਗ ਤੇ ਨਗਰ ਨਿਗਮ ਦੇ ਅਧਿਕਾਰੀ ਵੀ ਮੌਜੂਦ ਸਨ।

## ਸਿਹਤ ਮੰਤਰੀ ਵੱਲੋਂ ਮਾਡਲ ਟਾਊਨ ਡਰੇਨ ਦਾ ਦੌਰਾ

### ਬਰਸਾਤੀ ਪਾਣੀ ਵਾਲੀਆਂ ਹੋਦੀਆਂ ਦੀ ਸਫ਼ਾਈ ਤੇ ਸੁਰੱਖਿਆ ਲਈ ਆਲੇ-ਦੁਆਲੇ ਗਰਿੱਲ ਲਗਾਉਣ ਦੇ ਨਿਰਦੇਸ਼

ਪਟਿਆਲਾ, 8 ਜੁਲਾਈ (ਰੁਪਾਣਾ.) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਮਾਡਲ ਟਾਊਨ ਡਰੇਨ ਦਾ ਦੌਰਾ ਕਰਕੇ ਇਸ ਖੇਤਰ ਦੀ ਟਰੈਫ਼ਿਕ ਦੀ ਸਮੱਸਿਆ ਹੱਲ ਕਰਨ ਲਈ ਭਾਦਸੋਂ ਰੋਡ ਟਿਵਾਣਾ ਚੌਕ ਤੋਂ ਦੀਪ ਤੇ ਵਿਕਾਸ ਨਗਰ ਸੋਮਵਾਰ ਦੀ ਮੰਡੀ ਤੱਕ ਡਰੇਨ 'ਤੇ ਦੋ ਪਹੀਆਂ ਤੇ ਹਲਕੇ ਵਾਹਨ ਚਲਾਉਣ ਲਈ ਸਬੰਧਤ ਵਿਭਾਗਾਂ ਨੂੰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਡਰੇਨ 'ਤੇ ਬਣੀਆਂ ਬਰਸਾਤੀ ਪਾਣੀ ਦੀਆਂ ਹੋਦੀਆਂ ਦੀ ਸਫ਼ਾਈ ਤੇ ਸੁਰੱਖਿਆ ਲਈ ਹੋਦੀਆਂ ਦੇ ਆਲੇ-ਦੁਆਲੇ ਗਰਿੱਲ ਲਗਾਉਣ ਦੀ ਹਦਾਇਤ ਕੀਤੀ। ਉਨ੍ਹਾਂ ਡੇਅਰੀ ਮਾਲਕਾਂ ਨੂੰ ਮਾਡਲ ਟਾਊਨ ਡਰੇਨ ਵਿੱਚ ਗੋਹਾ-ਕੂੜਾ ਨਾ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਏ.ਡੀ.ਸੀ. ਨਵਰੀਤ ਕੌਰ ਸੇਖੋਂ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਲਗਭਗ ਦੋ ਸਾਲ ਪਹਿਲਾ 25.60 ਕਰੋੜ ਰੁਪਏ ਦੀ ਲਾਗਤ ਨਾਲ ਮਾਡਲ ਟਾਊਨ ਡਰੇਨ ਨੂੰ ਕਵਰ ਕੀਤਾ ਗਿਆ ਸੀ, ਜਿਸ ਨਾਲ ਇਸ ਖੇਤਰ ਦੀ ਨੁਹਾਰ ਬਦਲ ਗਈ ਹੈ। ਉਨ੍ਹਾਂ ਕਿਹਾ ਕਿ ਭਾਦਸੋਂ ਰੋਡ ਦੇ ਦਰਜਨਾਂ ਕਲੋਨੀਆਂ ਸਮੇਤ ਸਿਊਣਾ ਤੇ ਹੋਰ ਪਿੰਡਾਂ ਨੂੰ ਰਸਤਾ ਜਾਣ ਕਰਕੇ ਟਿਵਾਣਾ ਚੌਕ 'ਤੇ ਸਵੇਰ ਤੇ ਸ਼ਾਮ ਸਮੇਂ ਟਰੈਫ਼ਿਕ ਦੀ ਵੱਡੀ ਸਮੱਸਿਆ ਰਹਿੰਦੀ ਹੈ ਜਿਸ ਨੂੰ ਹੱਲ ਕਰਨ ਲਈ ਟਿਵਾਣਾ ਚੌਕ ਤੋਂ ਸੋਮਵਾਰ



ਦੀ ਮੰਡੀ ਤੱਕ ਡਰੇਨ 'ਤੇ ਦੋ ਪਹੀਆਂ ਤੇ ਹਲਕੇ ਵਾਹਨ ਚਲਾਏ ਜਾਣ 'ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਡਲ ਟਾਊਨ ਡਰੇਨ ਦਾ ਮੁੱਖ ਕੰਮ ਬਰਸਾਤੀ ਪਾਣੀ ਦੀ ਨਿਕਾਸੀ ਦਾ ਹੈ ਪਰ ਕੁਝ ਡੇਅਰੀ ਮਾਲਕਾਂ ਵੱਲੋਂ ਇਸ ਵਿੱਚ ਗੋਹਾ-ਕੂੜਾ ਪਾਇਆ ਜਾ ਰਿਹਾ ਹੈ ਜੋ ਕਿ ਡਰੇਨ ਨੂੰ ਚੋਕ ਕਰ ਦੇਵੇਗਾ ਤੇ ਕਰੋੜਾਂ ਰੁਪਏ ਨਾਲ ਕਵਰ ਕੀਤੀ ਡਰੇਨ ਨੂੰ ਦੁਬਾਰਾ ਪੁੱਟ ਕੇ ਸਾਫ਼ ਕਰਨਾ ਬਹੁਤ ਮੁਸ਼ਕਲ ਹੈ, ਇਸ ਲਈ ਡੇਅਰੀ ਮਾਲਕ ਗੋਹਾ-ਕੂੜਾ ਡਰੇਨ ਵਿੱਚ ਨਾ ਪਾਉਣ। ਸਿਹਤ ਮੰਤਰੀ ਨੇ ਕਿਹਾ ਕਿ ਇਸ ਡਰੇਨ ਦੇ ਆਲੇ-ਦੁਆਲੇ ਪਟਿਆਲਾ ਸ਼ਹਿਰ ਅਧੀਨ ਆਉਂਦੇ ਹਸਨਪੁਰ, ਸਿਊਣਾ, ਝਿਲ, ਰਣਜੀਤ ਨਗਰ, ਵਿਕਾਸ ਨਗਰ, ਦੀਪ ਨਗਰ, ਆਨੰਦ ਨਗਰ, ਏਕਤਾ ਵਿਹਾਰ, ਪ੍ਰੇਮ ਨਗਰ, ਅਬਲੋਵਾਲ, ਆਦਰਸ਼ ਕਾਲੋਨੀ, ਸਰਾਭਾ ਨਗਰ, ਬਾਬੂ ਸਿੰਘ ਕਾਲੋਨੀ ਆਦਿ ਸ਼ਾਹਿਰੀ ਕਾਲੋਨੀਆਂ ਵਸਦੀਆਂ ਹਨ, ਇੱਥੋਂ ਦੇ ਵਸਨੀਕਾਂ ਨੂੰ ਇਸ ਡਰੇਨ ਦੇ ਵਿਕਸਤ ਹੋਣ ਨਾਲ ਵੱਡਾ ਲਾਭ ਮਿਲਿਆ ਹੈ। ਉਨ੍ਹਾਂ ਸਥਾਨਕ ਵਸਨੀਕਾਂ ਨੂੰ ਆਪਣੇ ਮੁਹੱਲੇ ਦੀਆਂ ਸੁਸਾਇਟੀਆਂ ਬਣਾ ਕੇ ਡਰੇਨ 'ਤੇ ਬਣਾਏ ਗਏ ਪਾਰਕਾਂ ਦੀ ਸਾਂਭ ਸੰਭਾਲ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਭਨਾਂ ਦੇ ਸਹਿਯੋਗ ਨਾਲ ਪਟਿਆਲਾ ਦਿਹਾਤੀ ਦੇ ਇਸ ਖੇਤਰ ਨੂੰ ਹੋਰ ਸੋਹਣਾ ਬਣਾਇਆ ਜਾਵੇਗਾ। ਇਸ ਮੌਕੇ ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਪਿਊਸ਼ ਅਗਰਵਾਲ, ਕੌਂਸਲਰ ਜਸਬੀਰ ਗਾਂਧੀ, ਨਗਰ ਨਿਗਮ ਦੇ ਐਸ.ਈ. ਗੁਰਪ੍ਰੀਤ ਸਿੰਘ ਵਾਲੀਆ, ਐਕਸੀਅਨ ਜੇ.ਪੀ. ਸਿੰਘ, ਐਕਸੀਅਨ ਮੰਡੀ ਬੋਰਡ ਅੰਮ੍ਰਿਤਪਾਲ ਸਿੰਘ, ਜੈ ਸ਼ੰਕਰ, ਸਰਪੰਚ ਸੰਜੀਵ ਰਾਏ, ਸੁਰੇਸ਼ ਰਾਏ ਸਮੇਤ ਵੱਡੀ ਗਿਣਤੀ ਇਲਾਕਾ ਨਿਵਾਸੀ ਮੌਜੂਦ ਸਨ।

## ਸੁਤੰਤਰਤਾ ਦਿਵਸ ਦੇ ਸਮਾਗਮ ਮੌਕੇ ਬਹਾਦਰੀ ਤੇ ਵਿਲੱਖਣ ਕੰਮ ਕਰਨ ਵਾਲਿਆਂ ਨੂੰ ਸਨਮਾਨਤ ਕਰਨ ਲਈ ਅਰਜ਼ੀਆਂ ਦੀ ਮੰਗ

### ਅਰਜ਼ੀਆਂ 15 ਜੁਲਾਈ ਤੱਕ ਦਫ਼ਤਰ ਡੀ.ਸੀ. ਮਲੇਰਕੋਟਲਾ ਵਿਖੇ ਜਮ੍ਹਾਂ ਕਰਵਾਈਆਂ ਜਾਣ

ਮਲੇਰਕੋਟਲਾ, 8 ਜੂਨ (ਚ.ਨ.ਸ.) : ਡਿਪਟੀ ਕਮਿਸ਼ਨਰ ਵੀਰਾਜ ਐਸ.ਤਿੜਕੇ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 15 ਅਗਸਤ 2025 ਨੂੰ ਸੁਤੰਤਰਤਾ ਦਿਵਸ ਮੌਕੇ ਰਾਜ ਪੱਧਰੀ ਸਮਾਗਮ ਵਿੱਚ ਵਿਸ਼ੇਸ਼ ਖੇਤਰਾਂ ਵਿੱਚ ਉਪਲਬਧੀਆਂ ਕਰਨ ਵਾਲੇ ਅਤੇ ਬਹਾਦਰੀ ਦਿਖਾਉਣ ਵਾਲਿਆਂ ਨੂੰ ਹਰ ਸਾਲ ਦੀ ਤਰ੍ਹਾਂ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ ਜਾਣਾ ਹੈ। ਇਸ ਸਬੰਧੀ ਰਾਜ ਸਰਕਾਰ ਵੱਲੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਉਹ ਵਿਅਕਤੀ ਜਿਨ੍ਹਾਂ ਨੇ ਕਿਸੇ ਵਿਸ਼ੇਸ਼ ਖੇਤਰ ਵਿੱਚ ਉਪਲਭਧੀਆਂ ਕੀਤੀਆਂ ਜਾ ਬਹਾਦਰੀ ਦਿਖਾਈ ਹੋਵੇ ਉਹ ਆਪਣੀਆਂ ਅਰਜ਼ੀਆਂ 15 ਜੁਲਾਈ 2025 ਤੱਕ ਦਫ਼ਤਰ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਦੀ (ਐਮ.ਏ.ਸ਼ਾਖਾ ਕਮਰਾ ਨੰਬਰ 04) ਵਿਖੇ ਜਮ੍ਹਾ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਵੀਰਾਜ ਐਸ.ਤਿੜਕੇ ਨੇ ਦੱਸਿਆਂ ਕਿ ਇਸ ਵਿੱਚ ਅੱਤਵਾਦੀਆਂ, ਦਹਿਸਤਗਰਦਾਂ ਜਾਂ ਹੋਰ ਗੈਰ ਸਮਾਜੀ ਅਨਸਰਾਂ ਨਾਲ ਨਜਿੱਠਣ ਅਤੇ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲਿਆਂ ਵਿਰੁੱਧ ਜਾਂ ਕਿਸੇ ਕੰਮ ਵਿੱਚ ਵਿਖਾਈ ਵਿਸ਼ੇਸ਼ ਬਹਾਦਰੀ ਵਾਲੇ ਵਿਅਕਤੀ ਅਰਜ਼ੀਆਂ ਦੇ ਸਕਦੇ ਹਨ।

## ਸੜਕ ਹਾਦਸੇ 'ਚ ਇੱਕ ਮੌਤ, ਇੱਕ ਜ਼ਖਮੀ

ਪਟਿਆਲਾ, 8 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਵਿਕਾਸ ਪੁੱਤਰ ਫੋਜਾ ਵਾਸੀ ਰਾਜ ਪੱਟੀ ਪਿੰਡ ਮਟੌਰ ਥਾਣਾ ਕਲਾਇਤ ਜ਼ਿਲ੍ਹਾ ਕੈਂਥਲ ਹਰਿਆਣਾ ਨੇ ਟਿੱਪਰ ਦੇ ਅਣਪਛਾਤੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਦੋਸਤ ਦਵਿੰਦਰ ਪੁੱਤਰ ਧਰਮਵੀਰ ਵਾਸੀ ਮਟੌਰ ਨਾਲ ਗੱਡੀ 'ਤੇ ਸਵਾਰ ਹੋ ਕੇ ਅਲੀਪੁਰ ਚੌਂਕ ਪਟਿਆਲਾ ਕੋਲ ਜਾ ਰਿਹਾ ਸੀ, ਜੋ ਅਣਪਛਾਤੇ ਡਰਾਇਵਰ ਨੇ ਆਪਣਾ ਟਿੱਪਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰਿਆ, ਜੋ ਐਕਸੀਡੈਂਟ ਵਿੱਚ ਉਸ ਦੇ ਸੱਟਾਂ ਲੱਗੀਆਂ ਤੇ ਉਸ ਦੇ ਦੋਸਤ ਦੀ ਮੌਤ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

*ਸ਼ੁਰੂ ਹੋਈ ਦਸਤ ਰੋਕੂ ਮੁਹਿੰਮ*

## ਘਰ-ਘਰ ਜਾ ਕੇ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਓ.ਆਰ.ਐਸ. ਦੇ ਪੈਕਟ ਦਿੱਤੇ ਜਾਣਗੇ

ਪਟਿਆਲਾ, 8 ਜੁਲਾਈ (ਰੁਪਾਣਾ) : ਸਿਹਤ ਵਿਭਾਗ ਵੱਲੋਂ ਪੂਰੇ ਜਿਲੇ ਵਿੱਚ 0—5 ਸਾਲ ਤੱਕ ਦੇ ਬੱਚਿਆਂ ਦੀਆ ਦਸਤ ਨਾਲ ਹੋਣ ਵਾਲੀਆਮੋਤਾਂ ਨੂੰ



ਰੋਕਣ ਦੇ ਮਕਸਦ ਨਾਲ ਦਸਤ ਰੋਕੂ ਮੁਹਿੰਮ ਚਲਾਈ ਜਾਵੇਗੀ ।ਇਸ ਸਬੰਧੀ ਪੋਸਟਰ ਜਾਰੀ ਕਰਦੇ ਹੋਏ ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਦਸਤ ਦੀ ਰੋਕਥਾਮ, ਸਫਾਈ ਅਤੇ ਓ.ਆਰ.ਐਸ ਨਾਲ ਰੱਖੋ ਅਪਣਾ ਧਿਆਨ ਨਾਹਰੇ ਤਹਿਤ ਅੱਜ ਤੋ 1 ਜੁਲਾਈ ਤੋਂ 31 ਜੁਲਾਈ ਤੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ।ਉਨਾਂ ਕਿਹਾ ਕਿ ਇਸ ਮੁਹਿੰਮ ਦੀ ਸਫਲਤਾ ਲਈ ਸਾਰੇ ਪ੍ਰਬੰਧ ਮੁਕੰਮਲ ਹਨ ।ਇਸ ਮੁਹਿੰਮ ਤਹਿਤ ਅੱਜ ਜਾਗਰੂਕਤਾ ਪੋਸਟਰ ਰਿਲੀਜ਼ ਕੀਤਾ ਗਿਆ। ਸਿਵਲ ਸਰਜਨ ਪਟਿਆਲਾ ਨੇ ਦੱਸਿਆ ਕਿ 5 ਸਾਲ ਤੱਕ ਦੇ ਬੱਚਿਆਂ ਨੂੰ ਲੱਗਣ ਵਾਲੇ ਦਸਤ ਦੇ ਕਾਰਨ,ਦਸਤ ਦੇ ਰੋਕਥਾਮ,ਓ.ਆਰ.ਐਸ ਦਾ ਘੋਲ ਤਿਆਰ ਕਰਨ,ਦਸਤ ਲੱਗਣ ਤੇ ਓ.ਆਰ.ਐਸ ਦਾ ਘੋਲ ਦੇਣ ਅਤੇ ਬੱਚੇ ਨੂੰ ਦਸਤ ਲੱਗਣ ਦੀ ਹਾਲਤ ਵਿੱਚ ਜਿੰਕ ਦੀਆਂ ਗੋਲੀਆ ਦੇਣ, ਹੱਥਾਂ ਦੀ ਸਾਫ—ਸਫਾਈ ਅਤੇ ਪੀਣ ਲਈ ਸਾਫ ਪਾਣੀ ਦੀ ਵਰਤੋਂ ਸਬੰਧੀ ਪਰਿਵਾਰਾਂ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇਗੀ । ਉਨਾਂ ਕਿਹਾ ਕਿ ਗਰਮੀ ਅਤੇ ਬਰਸਾਤਾਂ ਦਾ ਮੌਸਮ ਹੋਣ ਕਾਰਣ ਦਸਤ ਲੱਗਣ ਨਾਲ ਬੱਚਿਆ ਵਿੱਚ ਪਾਣੀ ਦੀ ਘਾਟ ਹੋਣ ਕਾਰਣ ਕਈ ਵਾਰ ਜਾਨ ਨੂੰ ਵੀ ਖਤਰਾ ਹੋ ਸਕਦਾ ਹੈ ।ਇਸ ਲਈ ਦਸਤ ਲੱਗਣ ਤੇ ਤੁਰੰਤ ਬੱਚੇ ਨੂੰ ਓ.ਆਰ.ਐਸ ਦਾ ਘੋਲ ਦਿੱਤਾ ਜਾਵੇ ।

ਜਿਲ੍ਹਾ ਟੀਕਾਕਰਨ ਅਫਸਰ ਡਾ.ਕੁਸ਼ਲਦੀਪ ਗਿੱਲ ਵੱਲੋਂ ਦੱਸਿਆ ਗਿਆ ਕਿ ਇਸ ਮੁਹਿੰਮ ਦੌਰਾਨ ਆਸ਼ਾ ਵਰਕਰਜ ਵੱਲੋਂ ਘਰ—ਘਰ ਜਾ ਕੇ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਓ.ਆਰ.ਐਸ ਦੇ ਪੈਕਟ ਦਿੱਤੇ ਜਾ ਰਹੇ ਹਨ ਤਾਂ ਜੋ ਦਸਤ ਦੌਰਾਨ ਬੱਚਿਆ ਨੂੰ ਘੋਲ ਪਿਲਾਇਆ ਜਾ ਸਕੇ। ਇਸ ਮੁਹਿੰਮ ਦੌਰਾਨ ਆਸ਼ਾ ਅਤੇ ਏ.ਐਨ.ਐਮ ਵੱਲੋਂ ਬੱਚਿਆਂ ਨੂੰ ਘੋਲ ਪਿਲਾਉਣ ਦੀ ਵਿਧੀ ਅਤੇ ਮਾਵਾਂ ਨੂੰ ਨਵਜਾਤ ਬੱਚਿਆਂ ਨੂੰ ਪਹਿਲੇ 6 ਮਹੀਨੇ ਤੱਕ ਅਪਣਾ ਦੁੱਧ ਪਿਲਾਉਣ ਅਤੇ 6 ਮਹੀਨੇ ਬਆਦ ਉਪਰੀ ਖੁਰਾਕ ਦੇਣ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ ।ਜਿਹੜੇ ਬੱਚੇ ਦਸਤਾਂ ਤੋਂ ਪੀੜਤ ਹੋਣਗੇ, ਉਨਾਂ ਨੂੰ ਜਿੰਕ ਦੀਆਂ ਗੋਲੀਆ 14 ਦਿਨਾਂ ਤੱਕ ਖਾਣ ਲਈ ਦਿੱਤੀਆਂ ਜਾਣਗੀਆ ਕਿਉਂਕਿ ਜਿੰਕ ਦੀ ਗੋਲੀ ਖਾਣ ਨਾਲ ਬੱਚਿਆਂ ਦੇ ਦਸਤ ਜਲਦੀ ਠੀਕ ਹੁੰਦੇ ਹਨ ਉਥੇ ਬੱਚਿਆਂ ਨੂੰ ਦੁਬਾਰਾ ਦਸਤ ਲਗਣ ਦੇ ਮੌਕੇ ਘੱਟ ਜਾਂਦੇ ਹਨ। ਇਸ ਮੁਹਿੰਮ ਦੌਰਾਨ ਸਮੂਹ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਜਿੰਕ ਅਤੇ ਓ.ਆਰ.ਐਸ ਕਾਰਨਰ ਵੀ ਬਣਾਏ ਗਏ ਹਨ ਤਾਂ ਜੋ ਲੋੜ ਪੈਣ ਤੇ ਬੱਚੇ ਦਾ ਤੁਰੰਤ ਇਲਾਜ ਸ਼ੁਰੂ ਹੋ ਸਕੇ ।ਲੋਕਾਂ ਨੂੰ ਸਾਫ—ਸਫਾਈ,ਹੱਥ ਧੋਣ ਦੀ ਤਕਨੀਕ ਤੇ ਮਹੱਤਤਾ,ਸ਼ੁੱਧ ਪਾਣੀ ਦੀ ਵਰਤੋ, ਪਾਣੀ ਵਾਲੀ ਟੈਂਕੀਆਂ ਦੀ ਸਫਾਈ, ਸਿਹਤ ਸੰਸਥਾਵਾਂ, ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿਚ ਵੀ ਇਸ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਬਲਕਾਰ ਸਿੰਘ, ਜਿਲ੍ਹਾ ਸਿਹਤ ਡੈਂਟਲ ਅਫਸਰ ਡਾ.ਸੁਨੰਦਾ ਗਰੋਵਰ, ਜਿਲ੍ਹਾ ਮਾਸ ਮੀਡੀਆਂ ਅਫਸਰ ਕੁਲਬੀਰ ਕੌਰ ਅਤੇ ਜਸਜੀਤ ਕੌਰ, ਜਿਲ੍ਹਾ ਬੀ.ਸੀ.ਸੀ ਕੋਆਰਡੀਨੇਟਰ ਜ਼ਸਵੀਰ ਕੌਰ, ਬੀ.ਈ.ਈ ਸ਼ਾਯਾਨ ਜ਼ਫਰ, ਪੀ.ਏ ਜਸਪਾਲ ਕੌਰ, ਸੀ.ਓ ਗੀਤਾ, ਬਿੱਟੂ ਅਤੇ ਗੁਰਪ੍ਰੀਤ ਕੌਰ ਹਾਜ਼ਰ ਸਨ।

## ਪਤੀ-ਪਤਨੀ 360 ਲੀਟਰ ਲਾਹਣ ਸਮੇਤ ਕਾਬੂ

ਸਮਾਣਾ, 8 ਜੁਲਾਈ (ਵਿਜੇ ਕੁਮਾਰ) : ਸਮਾਣਾ ਸਦਰ ਪੁਲਿਸ ਨੇ ਛਾਪੇਮਾਰੀ ਦੌਰਾਨ ਪਤੀ-ਪਤਨੀ ਨੂੰ 360 ਲੀਟਰ ਲਾਹਣ ਸਮੇਤ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਗੁਰਪ੍ਰੀਤ ਕੌਰ ਅਤੇ ਉਸ ਦਾ ਪਤੀ ਸਾਹਿਬ ਸਿੰਘ ਵਾਸੀ ਪਿੰਡ ਫਤਿਹ ਮਾਜਰੀ ਸ਼ਾਮਲ ਹਨ। ਜਾਣਕਾਰੀ ਦਿੰਦਿਆਂ ਸਦਰ ਪੁਲਿਸ ਮੁਖੀ ਅਜੇ ਕੁਮਾਰ ਪਰੋਚਾ ਨੇ ਦੱਸਿਆ ਕਿ ਏ.ਐੱਸ.ਆਈ. ਰਾਜਕੁਮਾਰ ਸ਼ਰਮਾ ਪੁਲਸ ਪਾਰਟੀ ਸਮੇਤ ਪਿੰਡ ਫਤਿਹ ਮਾਜਰੀ ਵਿੱਚ ਗਸ਼ਤ ਦੌਰਾਨ ਮੁਲਜ਼ਮਾਂ ਵੱਲੋਂ ਨਾਜਾਇਜ਼ ਸ਼ਰਾਬ ਕੱਢ ਕੇ ਵੇਚਣ ਦੀ ਆਦਤ ਬਾਰੇ ਮਿਲੀ ਸੂਚਨਾ 'ਤੇ ਉਸ ਦੇ ਘਰ ਛਾਪਾ ਮਾਰਿਆ ਗਿਆ ਅਤੇ ਡਰੰਮਾਂ ਵਿੱਚ ਭਰ ਕੇ ਰੱਖੀ 360 ਲੀਟਰ ਲਾਹਣ ਬਰਾਮਦ ਹੋਣ 'ਤੇ ਪਤੀ-ਪਤਨੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਪਤੀ-ਪਤਨੀ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

## ਚਿੱਟੇ ਦਾ ਸੇਵਨ ਕਰਦਾ ਨੌਜਵਾਨ ਕਾਬੂ

ਸਮਾਣਾ, 8 ਜੁਲਾਈ (ਵਿਜੇ ਕੁਮਾਰ) : ਸੀ.ਆਈ.ਏ. ਸਟਾਫ ਸਮਾਣਾ ਨੇ ਚਿੱਟੇ/ਹੈਰੋਇਨ ਦਾ ਸੇਵਨ ਕਰਦੇ ਇੱਕ ਨੌਜਵਾਨ ਨੂੰ ਕਾਬੂ ਕਰਕੇ ਉਸ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਨੌਜਵਾਨ ਦੀ ਪਛਾਣ ਅੰਕੁਸ਼ ਕਸ਼ਯਪ ਵਾਸੀ ਵਿਕਾਸ ਨਗਰ, ਪਟਿਆਲਾ ਵਜੋਂ ਹੋਈ ਹੈ। ਸੀ.ਆਈ.ਏ.ਸਟਾਫ ਦੇ ਮੁਖੀ ਇੰਸਪੈਕਟਰ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਸਬ-ਇੰਸਪੈਕਟਰ ਅਵਤਾਰ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਅਗਰਸੇਨ ਚੌਂਕ ਵਿੱਚ ਮੌਜੂਦ ਸਨ, ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨੌਜਵਾਨ ਚਿੱਟਾ ਪੀਣ ਦਾ ਆਦੀ ਹੈ ਅਤੇ ਹੁਣ ਦਰਦੀ ਕਲੋਨੀ ਰਜਵਾਹੇ ਦੀ ਪਟੜੀ ਕੋਲ ਬੈਠਾ ਨਸ਼ੇ ਦਾ ਸੇਵਨ ਕਰ ਰਿਹਾ ਹੈ। ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਛਾਪਾ ਮਾਰ ਕੇ ਮੁਲਜ਼ਮ ਕੋਲੋਂ ਇੱਕ ਲਾਈਟਰ, ਸਿਲਵਰ ਪੇਪਰ ਅਤੇ ਕਾਗਜ਼ ਦਾ ਬਣਾਇਆ ਰੋਲ ਪੇਪਰ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੂੰ ਨਸ਼ਾ ਛੁਡਾਊ ਕੇਂਦਰ, ਪਟਿਆਲਾ ਭੇਜ ਦਿੱਤਾ ਗਿਆ ਹੈ।

## ਘਰ 'ਚੋਂ ਸੋਨੇ ਦੇ ਗਹਿਣੇ ਚੋਰੀ

ਪਟਿਆਲਾ, 8 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਰਾਕੇਸ਼ ਪ੍ਰਸ਼ਾਦ ਪੁੱਤਰ ਜੀਵਾ ਰਾਮ ਵਾਸੀ ਗਲੀ ਨੰ. 2 ਜਗਤਾਰ ਨਗਰ ਪਟਿਆਲਾ ਨੇ ਕਥਿਤ ਦੋਸ਼ੀ ਸੂਰਜ ਵਾਸੀ ਭਾਰਤ ਨਗਰ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਘਰ ਨੂੰ ਤਾਲਾ ਲਗਾ ਕੇ ਆਪਣੀ ਪਤਨੀ ਸਮੇਤ ਬਾਹਰ ਸਮਾਨ ਲੈਣ ਚਲਾ ਗਿਆ, ਜਦੋਂ ਵਾਪਿਸ ਆ ਕੇ ਦੇਖਿਆ ਤਾਂ ਤਾਲੇ ਟੁੱਟੇ ਪਏ ਸਨ, ਜੋ ਲੋਕਰ ਵਿੱਚੋਂ 1 ਜੋੜੀ ਕਾਂਟੇ, 1 ਛਾਂਪ, 1 ਚੈਨੀ ਤੇ 1 ਸੋਨੇ ਦਾ ਟਿੱਕਾ ਗਾਇਬ ਸੀ, ਜੋ ਕਿ ਦੋਸ਼ੀ ਨੇ ਚੋਰੀ ਕਰ ਲਏ ਸਨ। ਪੁਲਿਸ ਨੇ ਧਾਰਾ 331(2),305 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਨਿਗਮ ਟੀਮ ਨੇ ਤ੍ਰਿਪੜੀ ਇਲਾਕੇ ਵਿੱਚ ਚੁੱਕੇ ਨਾਜਾਇਜ਼ ਬੋਰਡ

### ਪਿਛਲੇ ਦੋ ਮਹੀਨਿਆਂ ਤੋਂ ਕੋਈ ਟਾਇਰ ਸਾੜਨ ਦੀ ਸ਼ਿਕਾਇਤ ਨਹੀਂ ਆਈ

ਪਟਿਆਲਾ, 8 ਜੁਲਾਈ (ਰੁਪਾਣਾ) ਸ਼ਹਿਰ ਦੇ ਇੰਦਰਾਪੁਰੀ ਇਲਾਕੇ ਵਿੱਚ ਲੰਮੇ ਸਮੇਂ ਤੋਂ ਟਾਇਰ ਸਾੜਨ ਨਾਲ ਹੋਣ ਵਾਲੇ ਗੰਦੇ ਧੂਏਂ ਨਾਲ ਪਰੇਸ਼ਾਨ ਲੋਕਾਂ ਵੱਲੋਂ ਦੋ ਮਹੀਨੇ ਤੋਂ ਲਗਾਤਾਰ ਸ਼ਿਕਾਇਤਾਂ ਦਿੱਤੀਆਂ ਜਾ ਰਹੀਆ ਸਨ, ਪਰ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਦੇ ਹੁਕਮਾਂ ਅਨੁਸਾਰ ਅਤੇ ਕਮਿਸ਼ਨਰ ਪਰਮਵੀਰ ਸਿੰਘ ਅਤੇ ਮੇਅਰ ਕੁੰਦਨ ਗੋਗੀਆ, ਸਕੱਤਰ ਸੁਰਜੀਤ ਸਿੰਘ ਦੀ ਰਹਿਨੁਮਾਈ ਹੇਠ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਕਾਰਵਾਈ ਕਰਨ ਦੇ ਨਾਲ ਨਾਲ ਨਿਗਮ ਟੀਮ ਦੀ ਮੁਸ਼ਤੈਦੀ ਰੱਖਣ ਨਾਲ ਪਿਛਲੇ ਦੋ ਮਹੀਨਿਆਂ ਤੋਂ ਕੋਈ ਵੀ ਹਾਦਸਾ ਨਹੀ ਹੋਇਆ। ਇਹ ਪ੍ਰਗਟਾਵਾ ਚੈਕਿੰਗ ਦੌਰਾਨ ਇੰਦਰਾਪੁਰੀ ਕਲੋਨੀ ਵਿਖੇ ਪੁੱਜੇ ਇੰਸਪੈਕਟਰ ਵਿਸ਼ਾਲ ਵਰਮਾ ਨੇ ਕੀਤਾ। ਵਰਮਾ ਨੇ ਕਿਹਾ ਕਿ ਇੰਦਰਾਪੁਰੀ ਦੇ ਲੋਕਾਂ ਦਾ ਕਹਿਣਾ ਹੈ ਕਿ ਹੁਣ ਲੋਕ ਖੁਸ਼ ਹਨ ਅਤੇ ਲੋਕਾਂ ਵੱਲੋਂ ਟਾਇਰ ਸਾੜਨ ਦੀ ਕੋਈ ਵੀ ਸ਼ਿਕਾਇਤ ਬੀਤੇ ਸਮੇਂ ਦੌਰਾਨ ਸਾਹਮਣੇ ਨਹੀ ਆਈ ਹੈ, ਉੱਥੇ ਹੀ ਲੋਕ ਨੂੰ ਨੇੜੇ ਬਣੇ ਪਾਰਕ ਦੀ ਸਾਫ ਸਫਾਈ ਪ੍ਰਤੀ ਵੀ ਰਾਹਤ ਮਿਲੀ ਹੈ। ਇਸ ਤੋਂ ਇਲਾਵਾ ਵਰਮਾ ਨੇ ਨਿਗਮ ਟੀਮ ਨਾਲ ਮਿਲ ਕੇ ਤ੍ਰਿਪੜੀ ਏਰੀਏ ਵਿੱਚ ਵੀ ਨਜ਼ਾਇਜ ਸੜਕ ਤੱਕ ਰੱਖੇ ਬੋਰਡਾਂ ਨੂੰ ਜਬਤ ਕੀਤਾ।



## ਵਿਨੇ ਸ਼ਰਮਾ ਵੱਲੋਂ ਆਪਣੇ ਬੇਟੇ ਹਿਮਾਂਸ਼ੂ ਸ਼ਰਮਾ ਦੀ ਯਾਦ 'ਚ ਲੋੜਵੰਦ ਔਰਤਾਂ ਲਈ ਫਰੀ ਸਿਲਾਈ-ਕਢਾਈ ਸੈਂਟਰ ਖੋਲ੍ਹਣਾ ਸ਼ਲਾਘਾਯੋਗ ਉਪਰਾਲਾ: ਪਰਮਿੰਦਰ ਭਲਵਾਨ

ਪਟਿਆਲਾ, 8 ਜੁਲਾਈ (ਚ.ਨ.ਸ.) : ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਉਂਡੇਸ਼ਨ ਵੱਲੋ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ , ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਰਿਟਾਇਰ ਐਸ ਡੀ ਓ ਬਿਜਲੀ ਬੋਰਡ ਵਿਨੇ ਸ਼ਰਮਾ ਵਲੋਂ ਆਪਣੇ ਸਵਰਗੀ ਬੇਟੇ ਹਿਮਾਂਸ਼ੂ ਸ਼ਰਮਾ ਦੀ ਨਿੱਘੀ ਯਾਦ ਵਿੱਚ 35 ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਫਰੀ ਸਿਲਾਈ ਕਢਾਈ ਸੈਂਟਰ ਪਿੰਡ ਕਰੋਜੀਵਾਲਾ ਵਿਖੇ ਖੋਲ੍ਹਿਆ ਗਿਆ, ਜਿਸ ਵਿਚ ਮੁੱਖ ਮਹਿਮਾਨ ਰਿਟਾਇਰ ਐਸ.ਡੀ.ਓ. ਬਿਜਲੀ ਬੋਰਡ ਵਿਨੇ ਸ਼ਰਮਾ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੋਸਲਿੰਗ ਸੈਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਇਸ ਮੌਕੇ ਸਿਲਾਈ ਕਢਾਈ ਸੈਂਟਰ ਦੀ ਟੀਚਰ ਕਰਮਜੀਤ ਕੌਰ ਵਲੋਂ



ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ, ਵਿਸ਼ੇਸ਼ ਤੌਰ ਤੇ ਐਸ ਪੀ ਪਰਾਸ਼ਰ, ਭੁਪਿੰਦਰ ਕਰੋਜੀਵਾਲਾ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ , ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ, ਗੁਰਲੀਨ ਕੌਰ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਉਂਡੇਸ਼ਨ ਦੇ ਪ੍ਰਧਾਨ ਰਿਟਾਇਰ ਐਸ ਡੀ ਓ ਬਿਜਲੀ ਬੋਰਡ ਵਿਨੇ ਸ਼ਰਮਾ ਵੱਲੋ ਆਪਣੇ ਸਵਰਗੀ ਬੇਟੇ ਹਿਮਾਂਸ਼ੂ ਸ਼ਰਮਾ ਦੀ ਨਿੱਘੀ ਯਾਦ ਵਿੱਚ ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਫਰੀ ਸਿਲਾਈ ਕਢਾਈ ਸੈਂਟਰ ਖੋਲਣਾ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਇਸ ਸਿਲਾਈ ਕਢਾਈ ਸੈਂਟਰ ਵਿਚੋਂ ਸਿਖਲਾਈ ਲੈ ਕੇ ਆਪਣਾ ਸਵੈਰੋਜ਼ਗਾਰ ਚਲਾ ਸਕਦੀਆਂ ਹਨ। ਉਹਨਾਂ ਦੀ ਸੰਸਥਾ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਉਂਡੇਸ਼ਨ ਵਲੋਂ ਅੱਗੇ ਤੋਂ ਵੀ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਲਈ ਹਰ ਸੰਭਵ ਮਦਦ ਕੀਤੀ ਜਾਂਦੀ ਰਹੇਗੀ , ਅਤੇ ਸਿਲਾਈ ਕਢਾਈ ਸੈਂਟਰ ਦਾ ਕੋਰਸ ਪੂਰਾ ਹੋਣ 'ਤੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ।

## ਕਰੰਟ ਲੱਗਣ ਕਾਰਨ ਇੱਕ ਦੀ ਮੌਤ, ਇੱਕ ਜ਼ਖ਼ਮੀ

ਪਟਿਆਲਾ, 8 ਜੁਲਾਈ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਕਰਨਜੋਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਪੁਨੀਆ ਖਾਨਾ ਨੇ ਕਥਿਤ ਦੋਸ਼ੀ ਸਨੀ ਵਾਸੀ ਪੁਰਾਣਾ ਬਿਸ਼ਨ ਨਗਰ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਸੰਗਰੂਰ-ਪਟਿਆਲਾ ਰੋਡ 'ਤੇ ਬਣੇ ਗੋਲਡ ਡਸਟ ਵਿੱਚ ਬਰਗਰ ਕਿੰਗ ਵਿੱਚ ਕੁੱਕ ਦਾ ਕੰਮ ਕਰਦਾ ਹੈ। ਉਹ ਅਤੇ ਉਸ ਨਾਲ ਕੰਮ ਕਰਨ ਵਾਲਾ ਨੂਰਅੰਸ਼ ਸਿੰਘ ਪੁੱਤਰ ਜਸਵਿੰਦਰਪਾਲ ਸਿੰਘ ਵਾਸੀ ਪਿੰਡ ਬਾਰਨ, ਜਦੋਂ ਕੰਮ ਤੋਂ ਆਪਣੇ ਘਰ ਜਾਣ ਲੱਗੇ ਤਾਂ ਉਕਤ ਕਥਿਤ ਦੋਸ਼ੀ ਜੋ ਕਿ ਆਰ.ਜੇ.ਐਮ ਹੈ, ਨੇ ਬਾਹਰ ਪਿਆ ਲੋਹੇ ਦਾ ਫਲੈਕਸ ਬੋਰਡ ਅੱਗੇ ਕਰਨ ਨੂੰ ਕਿਹਾ, ਜੋ ਉਪਰੋਂ ਬਿਜਲੀ ਦੀਆਂ ਤਾਰਾਂ ਲੰਘਦੀਆਂ ਸਨ, ਜਿਸ ਦੇ ਬਾਵਜੂਦ ਵੀ ਕਥਿਤ ਦੋਸ਼ੀ ਨੇ ਉਨ੍ਹਾਂ ਨੂੰ ਇਸ ਕੰਮ ਲਈ ਕਿਹਾ, ਜਦੋਂ ਉਹ ਨੂਰਅੰਸ਼ ਅਤੇ ਰਾਜਨ ਬੋਰਡ ਨੂੰ ਸੜਕ 'ਤੇ ਕਰਨ ਲੱਗੇ ਤਾਂ ਤਿੰਨਾਂ ਨੂੰ ਕਰੰਟ ਲੱਗ ਪਿਆ, ਜੋ ਨੂਰਅੰਸ਼ ਦੇ ਜ਼ਿਆਦਾ ਕਰੰਟ ਲੱਗਣ ਕਾਰਨ ਮੌਤ ਹੋ ਗਈ ਤੇ ਉਹ ਜੇਰੇ ਇਲਾਜ ਰਾਜਿੰਦਰਾ ਹਸਪਤਾਲ ਪਟਿਆਲਾ ਦਾਖਲ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਸਾਨੂੰ ਵਾਤਾਵਰਨ ਨੂੰ ਸਾਫ-ਸੁਥਰਾ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਨੇ: ਹਰਿੰਦਰਪਾਲ ਚੰਦੂਮਾਜਰਾ

ਭੁਨਰਹੇੜੀ, 8 ਜੁਲਾਈ (ਗੁਰਜੀਤ ਸਿੰਘ ਢੋਟ) : ਅਵਰ ਲੇਡੀ ਆਫ ਫਾਤਿਮਾ ਸਕੂਲ ਵਿਖੇ ਵਣ-ਮਹਾਂਉਤਸਵ ਮਨਾਇਆ ਗਿਆ। ਜਿਸ ਵਿਚ ਬਤੌਰ ਮੁੱਖ ਮਹਿਮਾਨ ਹਲਕਾ ਸਨੌਰ ਦੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਪਹੁੰਚੇ। ਇਸ ਮੌਕੇ ਉਨ੍ਹਾਂ ਕਿਹਾ ਕਿ ਰੁੱਖ ਸਾਨੂੰ ਜਿਉਣ ਲਈ ਸਾਹ ਦਿੰਦੇ ਹਨ, ਇਸ ਲਈ ਸਾਨੂੰ ਜਿਆਦਾ ਤੋਂ ਜਿਆਦਾ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਬੂਟਿਆਂ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ ਤਾਂ ਉਹ ਵੱਡੇ ਦਰਖਤ ਬਣ ਸਕਣ। ਹਰਿੰਦਰਪਾਲ ਚੰਦੂਮਾਜਰਾ ਨੇ ਕਿਹਾ ਕਿ ਅਵਰ ਲੇਡੀਜ਼ ਆਫ ਫਾਤਿਮਾ ਸਕੂਲ ਵੱਲੋਂ ਵਣ ਮਹਾਉਤਸਵ ਮਨਾਉਣਾ ਅਤੇ ਬੱਚਿਆਂ ਨੂੰ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕ ਕਰਨਾ ਇੱਕ



ਸ਼ਲਾਘਾਯੋਗ ਕੰਮ ਹੈ, ਕਿਉਂਕਿ ਹੁਣ ਤੋਂ ਜਿਹੜੇ ਬੱਚੇ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕ ਹੋ ਜਾਣਗੇ ਉਹ ਵੱਡੇ ਹੋ ਕੇ ਨਿਸ਼ਚਿਤ ਤੌਰ 'ਤੇ ਵਾਤਾਵਰਣ ਨੂੰ ਬਚਾਉਣ ਵਿਚ ਆਪਣਾ ਯੋਗਦਾਨ ਪਾਉਣਗੇ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਅਤੇ ਮੁੱਖ ਮਹਿਮਾਨ ਹਰਿੰਦਰਪਾਲ ਸਿੰਘ ਚੰਦੂਮਾਜਰਾ ਵੱਲੋਂ ਇੱਕ ਬੂਟਾ ਵੀ ਲਗਾਇਆ। ਇਸ ਮੌਕੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੇ ਸਿਆਸੀ ਸਕੱਤਰ ਜਗਜੀਤ ਸਿੰਘ ਕੋਹਲੀ, ਹਰਫੂਲ ਸਿੰਘ ਬੋਸਰ, ਦੀਦਾਰ ਸਿੰਘ ਬੋਸਰ, ਦੇਸ ਰਾਜ ਅਸਰਪੁਰ, ਸੁਰਿੰਦਰ ਸਿੰਘ ਅਤੇ ਲੱਖੀ ਅਸਰਪੁਰ ਵੱਲੋਂ ਯਾਦਗਾਰੀ ਬੂਟੇ ਲਗਾਏ ਗਏ। ਸਾਬਕਾ ਵਿਧਾਇਕ ਨੇ ਸਕੂਲ ਦੀ ਪ੍ਰਿੰਸੀਪਲ ਸਟਾਫ ਦਾ ਧੰਨਵਾਦ ਵੀ ਕੀਤਾ।

## ਕਲਾਸ ਫੋਰਥ ਇੰਪਲਾਇਜ਼ ਯੂਨੀਅਨ ਦੀ ਡਾ. ਵਿਸ਼ਾਲ ਚੋਪੜਾ ਨਾਲ ਹੋਈ ਮੀਟਿੰਗ



ਪਟਿਆਲਾ, 8 ਜੁਲਾਈ (ਰੁਪਾਣਾ) : ਦੀ ਕਲਾਸ ਫੌਰਥ ਗੌਰਮਿੰਟ ਇੰਪਲਾਇਜ਼ ਯੂਨੀਅਨ ਪੰਜਾਬ (1680) ਸਬ ਬ੍ਰਾਂਚ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਨੁਮਾਇੰਦਿਆਂ ਦੀ ਮੀਟਿੰਗ ਮੈਡੀਕਲ ਸੁਪਰਡੈਂਟ ਡਾ. ਵਿਸ਼ਾਲ ਚੋਪੜਾ ਨਾਲ ਹੋਈ, ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਡਾਇਰੈਕਟਰ ਪ੍ਰਿੰਸੀਪਲ ਡਾ. ਰਮਿੰਦਰ ਪਾਲ ਸਿੰਘ ਸਿਬੀਆ ਸ਼ਾਮਲ ਹੋਏ। ਇਸ ਮੀਟਿੰਗ ਹੋਰ ਡਾਕਟਰ ਸਾਹਿਬਾਨ ਅਤੇ ਦਫਤਰੀ ਅਮਲਾ ਸ਼ਾਮਿਲ ਸੀ। ਯੂਨੀਅਨ ਦੀ ਤਰਫੋਂ ਸਾਥੀ ਦਰਸ਼ਨ ਸਿੰਘ ਲੁਬਾਣਾ ਸੂਬਾ ਪ੍ਰਧਾਨ, ਜਗਮੋਹਨ ਸਿੰਘ ਨੋ ਲੱਖਾ, ਪ੍ਰਧਾਨ ਰਾਜੇਸ਼ ਕੁਮਾਰ ਗੋਲੂ, ਅਜੇ ਕੁਮਾਰ ਸੀਪਾ, ਪ੍ਰਧਾਨ ਪਰਮਿੰਦਰ ਕੰਬੋਜ ਮੈਡੀਕਲ ਕਾਲਜ ਪਟਿਆਲਾ, ਸਕੱਤਰ ਦੇਸਰਾਜ, ਮਹਿੰਦਰ ਸਿੰਘ ਸਿੱਧੂ, ਪ੍ਰੇਮੀ ਅਨਿਲ ਕੁਮਾਰ, ਕੁਲਵਿੰਦਰ ਸਿੰਘ, ਵਿਕਰਮ ਸਿੰਘ ਆਦਿ ਸ਼ਾਮਲ ਸੀ, ਮੀਟਿੰਗ ਵਿੱਚ ਕਰਮਚਾਰੀਆ ਦੇ ਨਿਸ਼ਚਿਤ ਕੀਤੇ ਨਿਯਮਾਂ ਅਨੁਸਾਰ ਕੰਮਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਗੁਰਪ੍ਰੀਤ ਕੌਰ ਦੇ ਮਾਮਲੇ 'ਤੇ ਵੀ ਦਲੀਲਾਂ ਸਹਿਤ ਗੱਲਬਾਤ ਕੀਤੀ ਅਤੇ ਇਹ ਫ਼ੈਸਲਾ ਹੋਇਆ ਕਿ ਚੋਥਾ ਦਰਜਾ ਕਰਮਚਾਰੀ ਦੀ ਮੁੱਢਲੀ ਨਿਯੁਕਤੀ ਦੇ ਅਹੁਦੇ ਦਾ ਕੰਮ ਲਿਆ ਜਾਵੇਗਾ ਅਤੇ ਡੀ.ਸੀ. ਰੇਟ ਕਰਮਚਾਰੀਆ ਨੂੰ ਪੱਕੇ ਕਰਨ ਦਾ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਹੋਰ ਬਹੁਤ ਸਾਰੇ ਇਸ਼ੂਆਂ 'ਤੇ ਸਹਿਮਤੀ ਬਣੀ 'ਤੇ ਵਿਚਾਰੇ ਗਏ ਇਸ਼ੂ ਸਮਾਂ ਬੱਧ ਤਰੀਕੇ ਨਾਲ ਲਾਗੂ ਹੋਣਗੇ। ਮੀਟਿੰਗ ਵਿੱਚ ਹਰ ਇਸ਼ੂ 'ਤੇ ਖੁੱਲ੍ਹੀ ਬਹਿਸ ਅਧਿਕਾਰੀਆ ਨਾਲ ਸਾਥੀ ਦਰਸ਼ਨ ਸਿੰਘ ਲੁਬਾਣਾ ਨੇ ਕੀਤੀ ਇਹਨਾਂ ਵੱਲੋਂ ਨਿਯਮਾਂ ਦੇ ਹਵਾਲੇ ਅਨੁਸਾਰ ਕੀਤੀ ਦਲੀਲਾਂ ਤੇ ਅਧਿਕਾਰੀਆਂ ਨੇ ਸਹਿਮਤੀ ਪ੍ਰਗਟ ਕੀਤੀ ਅਤੇ ਇਨ੍ਹਾਂ ਫੈਸਲਿਆਂ ਨੂੰ ਲਾਗੂ ਕਰਨ ਇੱਕ ਹੋਰ ਮੀਟਿੰਗ ਵੀ ਕੀਤੇ ਜਾਣ ਦਾ ਭਰੋਸਾ ਦਿੱਤਾ ਗਿਆ।

## ਅੱਜ ਦੇਸ਼ ਵਿਆਪੀ ਹੜਤਾਲ 'ਚ ਪੰਜਾਬ ਭਰ ਦੇ ਨਰੇਗਾ ਕਾਮੇ ਹੋਣਗੇ ਸ਼ਾਮਲ

ਨਾਭਾ, 8 ਜੁਲਾਈ (ਬਲਜਿੰਦਰ ਮਾਨ) : ਦੇਸ਼ ਭਰ ਦੀਆਂ 10 ਟ੍ਰੇਡ ਯੂਨੀਅਨਾਂ ਕੇਂਦਰ ਦੀ ਮੋਦੀ ਹਕੂਮਤ ਵੱਲੋ ਤੇਜ਼ੀ ਨਾਲ਼ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ , ਦੇਸ਼ ਦੀ ਕਿਰਤੀ ਧਿਰ ਨੂੰ ਮੰਚ ਤੇ ਇਕੱਠੇ ਕਰਕੇ ਲਗਾਤਾਰ ਸੰਘਰਸ਼ ਜਾਰੀ ਰੱਖਣ ਲਈ 9 ਜੁਲਾਈ ਕੀਤੀ ਜਾਣ ਵਾਲੀ ਦੇਸ਼ ਵਿਆਪੀ ਹੜਤਾਲ ਵਿੱਚ ਪੰਜਾਬ ਭਰ ਦੇ ਨਰੇਗਾ ਕਾਮੇਂ ਇਸ ਹੜਤਾਲ਼ ਵਿੱਚ ਵੱਡੀ ਪੱਧਰ ਤੇ ਸ਼ਮੂਲੀਅਤ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਮਜ਼ਦੂਰਾਂ ਦੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆ ਕੀਤਾ, ਉਹਨਾਂ ਕਿਹਾ ਕਿ ਕੇਂਦਰੀ ਹਕੂਮਤ ਬੜੀ ਤੇਜ਼ੀ ਨਾਲ਼ ਰੁਜ਼ਗਾਰ ਦੇਣ ਵਾਲੇ ਜ਼ੋ ਮੁਨਾਫ਼ੇ ਵਾਲੇ ਅਦਾਰੇ ਹਨ, ਉਹਨਾਂ ਕਾਰਪੋਰੇਟ ਘਰਾਣਿਆਂ ਨੂੰ ਕੋਡੀਆਂ ਦੇ ਭਾਅ ਦੇ ਰਹੀ ਹੈ, ਲਗਪਗ ਸਾਰੀਆਂ ਹੀ ਸਰਕਾਰੀ ਅਦਾਰਿਆਂ ਨੂੰ ਪੂੰਜੀਪਤੀਆਂ ਹਵਾਲੇ ਕਰਨ ਲੱਗੀ ਹੋਈ ਹੈ, ਵਿੱਦਿਅਕ ਅਦਾਰੇ, ਲੋਕਾਂ ਸੇਹਤ ਸਹੂਲਤਾਂ ਪ੍ਰਦਾਨ ਕਰਨ ਵਾਲ਼ੇ ਅਦਾਰਿਆਂ ਨੂੰ ਵੇਚ ਕੇ ਦੇਸ਼ ਦੀ ਜਨਤਾ ਨੂੰ ਵਿਦਿਆ ਤੇ ਇਲਾਜ ਵਿਹੂਣੇ ਕਰਨ ਤੇ ਲੱਗੀ ਹੋਈ, ਕਾਰਖਾਨਿਆਂ ਵਿੱਚ ਯੂਨੀਅਨ ਬਣਾਉਣ ਤੇ ਪਾਬੰਦੀਆਂ ਮੜੀਆਂ ਜਾ ਰਹੀਆਂ ਹਨ,4 ਲੇਬਰ ਕੋਡ ਬਣਾਕੇ ਟ੍ਰੇਡ ਯੂਨੀਅਨ ਹੱਕਾਂ ਤੇ ਡਾਕਾਂ ਮਾਰਿਆ ਜਾ ਰਿਹਾ ਹੈ, ਜਵਾਨੀ ਨੂੰ ਰੁਜ਼ਗਾਰ ਦੇਣ ਦੀ ਬੇਜਾਏ ਉਹਨਾਂ ਮੁਸਲਮਾਨ ਹਿੰਦੂ ਕਰਕੇ ਲੜਾਈਆ ਜਾ ਰਿਹਾ ਹੈ, ਦੇਸ਼ ਵਿੱਚ ਕੱਚੇ ਕਾਮਿਆਂ ਨੂੰ ਨਿਗੂਣੀਆਂ ਜਿਹੀਆਂ ਤਨਖਾਹ ਦੇ ਕੇ ਉਹਨਾਂ ਦਾ ਸ਼ਰੀਰਕ ਸ਼ੋਸ਼ਣ ਕੀਤਾਂ ਜਾ ਰਿਹਾਂ ਹੈ,ਇਸ ਲਈ ਦੇਸ਼ ਦੇ ਕਰੋੜਾਂ ਕਾਮੇ 9 ਜੁਲਾਈ ਨੂੰ ਹੜਤਾਲ਼ ਕਰਨਗੇ, ਜਿਨਾਂ ਵਿੱਚ ਟ੍ਰਾਂਸਪੋਰਟ, ਬਿਜਲੀ, ਬੈਂਕਾਂ, ਰੇਲਵੇ, ਸਨਅਤੀ ਕਾਮੇਂ, ਆਂਗਨਵਾੜੀ, ਆਸਾਂ ਵਰਕਰ,ਮਿਡ ਡੇ ਮੀਲ ਕਾਮੇਂ, ਭੱਠਿਆਂ ਦੇ ਮਜ਼ਦੂਰ ਤੇ ਹੋਰ ਬਹੁਤ ਸਾਰੇ ਅਦਾਰਿਆ ਸਿੰਘ ਦੇ ਕਾਮੇਂ ਹੜਤਾਲ਼ ਕਰਕੇ ਵੱਡੀਆ ਰੈਲੀਆਂ ਕੇਂਦਰ ਮੋਦੀ ਹਕੂਮਤ ਖਿਲਾਫ ਕਰਨਗੇ,ਇਸ ਸਮੇਂ ਪੰਜਾਬ ਇਸਤਰੀ ਸਭਾ ਦੀ ਆਗੂ ਬਲਜੀਤ ਕੌਰ ਗਦਾਈਆ,ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ ਏਟਕ ਦੇ ਆਗੂ ਸੁਖਦੇਵ ਸਿੰਘ ਮੌਲਾ, ਅਮਰਜੀਤ ਸਿੰਘ, ਮਹਿੰਦਰ ਕੌਰ, ਭਿੰਦਰ ਸਿੰਘ ਕੌਲੀ, ਅੰਗਰੇਜ਼ ਕੌਰ ਨੇ ਸੰਬੋਧਨ ਕਰਦਿਆ ਕਿਹਾ ਕਿ ਨਾਭਾ ਤਹਿਸੀਲ ਦੇ ਨਰੇਗਾ ਕਾਮੇ ਵੱਖ ਵੱਖ ਮਜ਼ਦੂਰ ਮੁਲਜ਼ਮ ਤੇ ਕਿਸਾਨਾਂ ਦੀਆਂ ਦੇ ਫੈਸਲੇ ਅਨੁਸਾਰ ਪਟਿਆਲਾ ਗੇਟ ਅੱਡੇ ਇਕੱਠੇ ਹੋ ਕੇ ਰੈਲੀ ਕਰਨਗੇ, ਤੇ ਬਜ਼ਾਰਾਂ ਵਿੱਚ ਮਾਰਚ ਕਰਕੇ ਬੌੜਾਂ ਗੇਟ ਸਮਾਪਤੀ ਕਰਨਗੇ।



## ਲੜਕੀ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਹਿਰਾਸਤ 'ਚ ਰੱਖਣ ਦਾ ਸ਼ੱਕ

ਪਟਿਆਲਾ, 8 ਜੁਲਾਈ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਧਾਰਾ 127 (6) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਪਤਨੀ ਸਮੇਤ ਬਾਹਰ ਗਿਆ ਹੋਇਆ ਸੀ ਅਤੇ ਉਸ ਦੀ ਲੜਕੀ ਉਮਰ ਕਰੀਬ 13 ਸਾਲ 10 ਮਹੀਨੇ ਘਰ ਵਿੱਚ ਹੀ ਸੀ, ਪਰ ਬਿਨਾ ਦੱਸੇ ਘਰੋਂ ਬਾਹਰ ਚਲੀ ਗਈ ਅਤੇ ਘਰ ਵਾਪਿਸ ਨਹੀ ਆਈ। ਉਸ ਨੂੰ ਸ਼ੱਕ ਹੈ ਕਿ ਕਿਸ ਅਣਪਛਾਤੇ ਵਿਅਕਤੀਆਂ ਨੇ ਉਸਦੀ ਲੜਕੀ ਨੂੰ ਗੈਰ ਕਾਨੂੰਨੀ ਤੌਰ 'ਤੇ ਆਪਣੀ ਹਿਰਾਸਤ ਵਿੱਚ ਛੁਪਾ ਕੇ ਰੱਖ ਲਿਆ ਹੈ।



# ਪਟਿਆਲਾ-ਆਸ/ਪਾਸ



### ਡੀ.ਸੀ. ਦੀ ਅਗਵਾਈ ਹੇਠ ਉੱਚ ਪੱਧਰੀ ਟੀਮ ਵੱਲੋਂ ਠੋਸ ਰਹਿੰਦ-ਖੂੰਹਦ ਡੰਪ ਸਾਈਟ ਦਾ ਜਾਇਜ਼ਾ

## ਡੰਪ ਨੂੰ ਅੱਗ ਲੱਗਣ ਦੀ ਕੌਮੀ ਗਰੀਨ ਟ੍ਰਿਬਿਊਨਲ ਕੋਲ ਸ਼ਿਕਾਇਤ ਕਰਨ ਵਾਲੇ ਨੇ ਵੀ ਡੰਪ 'ਤੇ ਚੱਲਦੇ ਕੰਮ ਉੱਪਰ ਸੰਤੁਸ਼ਟੀ ਪ੍ਰਗਟਾਈ



ਪਟਿਆਲਾ, 8 ਜੁਲਾਈ (ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤੇ ਨਗਰ ਨਿਗਮ ਦੇ ਅਧਿਕਾਰੀਆਂ ਦੀ ਇੱਕ ਉੱਚ ਪੱਧਰੀ ਸੰਯੁਕਤ ਟੀਮ ਨੇ ਅੱਜ ਸਵੇਰੇ ਇੱਥੇ ਸਨੌਰੀ ਅੱਡੇ ਨੇੜੇ ਮਿਉਂਸਪਲ ਠੋਸ ਰਹਿੰਦ-ਖੂੰਹਦ ਡੰਪ ਸਾਈਟ ਦਾ ਦੌਰਾ ਕਰਕੇ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਨਗਰ ਨਿਗਮ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਇਸ ਠੋਸ ਕੂੜੇ ਦਾ ਨਿਪਟਾਰਾ ਕਰ ਰਹੀ ਏਜੰਸੀ ਨੂੰ ਹਦਾਇਤ ਕੀਤੀ ਕਿ ਵਿਰਾਸਤੀ ਰਹਿੰਦ-ਖੂੰਹਦ ਦੇ ਨਿਪਟਾਰੇ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮਾਂ, 2016 ਦੇ ਉਪਬੰਧਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕੌਮੀ ਗਰੀਨ ਟ੍ਰਿਬਿਊਨਲ ਕੋਲ ਡੰਪ ਸਾਈਟ 'ਤੇ ਅੱਗ ਲੱਗਣ ਬਾਬਤ ਸੰਜੀਵ ਕੁਮਾਰ ਵੱਲੋਂ ਕੀਤੀ ਸ਼ਿਕਾਇਤ ਬਾਬਤ ਸ਼ਿਕਾਇਤ ਕਰਤਾ ਨੂੰ ਵੀ ਨਾਲ ਲੈਕੇ ਮੌਕੇ ਦਾ ਜਾਇਜ਼ਾ ਲਿਆ, ਜਿਸ 'ਤੇ ਸ਼ਿਕਾਇਤ ਕਰਤਾ ਨੇ ਸੰਤੁਸ਼ਟੀ ਪ੍ਰਗਟਾਉਂਦਿਆਂ ਦੱਸਿਆ ਕਿ ਬੀਤੇ ਤਿੰਨ ਮਹੀਨਿਆਂ ਤੋਂ ਸਥਿਤੀ ਵਿੱਚ ਬਹੁਤ ਸੁਧਾਰ ਹੋਇਆ ਹੈ ਅਤੇ ਇੱਥੇ ਬਦਬੂ ਵੀ ਲਗਪਗ ਖਤਮ ਹੋ ਗਈ ਹੈ ਅਤੇ ਹੁਣ ਕੋਈ ਅੱਗ ਵੀ ਨਹੀਂ ਲੱਗੀ। ਡਿਪਟੀ ਕਮਿਸ਼ਨਰ ਨੇ ਇਸ ਦੌਰੇ ਦੌਰਾਨ ਡੰਪ ਸਾਈਟ 'ਤੇ ਮੈਸਰਜ਼ ਸਾਗਰ ਮੋਟਰਜ਼, ਲਾਤੂਰ, ਮਹਾਰਾਸ਼ਟਰ ਦੁਆਰਾ ਵਿਰਾਸਤੀ ਰਹਿੰਦ-ਖੂੰਹਦ ਦੇ ਨਿਪਟਾਰੇ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਇਸ 'ਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਇਸ ਸੰਯੁਕਤ ਕਮੇਟੀ ਨੇ ਪਾਇਆ ਕਿ ਇੱਥੇ ਹੁਣ ਕੂੜੇ ਨੂੰ ਅੱਗ ਲੱਗਣ ਦਾ ਕੋਈ ਮਾਮਲਾ ਨਹੀਂ ਹੈ ਅਤੇ ਸਾਈਟ 'ਤੇ ਫਾਇਰ ਅਲਾਰਮ ਸਿਸਟਮ ਵਾਲੇ ਮੀਥੇਨ ਮੀਟਰ ਲਗਾਏ ਗਏ ਹਨ ਅਤੇ ਇੱਕ ਫਾਇਰ ਬ੍ਰਿਗੇਡ ਗੱਡੀ ਵੀ ਇੱਥੇ ਤਾਇਨਾਤ ਕੀਤੀ ਗਈ ਹੈ। ਕੰਪਨੀ ਦੇ ਪ੍ਰਤੀਨਿਧੀ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਦੱਸਿਆ ਕਿ ਠੋਸ ਰਹਿੰਦ-ਖੂੰਹਦ ਦਾ ਅਗਲੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਆਦੇਸ਼ ਦਿੱਤੇ ਕਿ ਸ਼ਹਿਰ ਨੂੰ ਸੜਕਾਂ ਦੇ ਕਿਨਾਰੇ ਖੁੱਲ੍ਹੇ ਵਿੱਚ ਕੂੜਾ ਸੁੱਟਣ ਅਤੇ ਠੋਸ ਰਹਿੰਦ-ਖੂੰਹਦ ਨੂੰ ਸਾੜਨ ਤੋਂ ਮੁਕਤ ਕੀਤਾ ਜਾਵੇ, ਤਾਂ ਜੋ ਸ਼ਹਿਰ ਵਿੱਚ ਹਵਾ ਪ੍ਰਦੂਸ਼ਣ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਅੱਜ ਦੀ ਸੰਯੁਕਤ ਕਮੇਟੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਰਿਪੋਰਟ ਸੌਂਪੇਗੀ, ਜੋ ਅੱਗੇ ਐਨਜੀਟੀ ਵਿੱਚ ਦਾਇਰ ਕੀਤੀ ਜਾਵੇਗੀ। ਇਸ ਮੌਕੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਸੀਨੀਅਰ ਵਾਤਾਵਰਣ ਇੰਜੀਨੀਅਰ ਰਾਜੇਸ਼ ਚੋਪੜਾ, ਵਾਤਾਵਰਣ ਇੰਜੀਨੀਅਰ ਗੁਰਕਰਨ ਸਿੰਘ ਤੇ ਮੋਹਿਤ ਸਿੰਗਲਾ ਸਮੇਤ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਰਾਜਿੰਦਰ ਚੋਪੜਾ, ਕਾਰਜਕਾਰੀ ਇੰਜੀਨੀਅਰ ਜੇ.ਪੀ. ਸਿੰਘ ਤੇ ਮੈਡੀਕਲ ਅਫ਼ਸਰ ਡਾ. ਨਵਿੰਦਰ ਸਿੰਘ, ਐਸ.ਡੀ.ਓ. ਹਰਦੀਪ ਸਿੰਘ ਤੇ ਸੈਨੇਟਰੀ ਇੰਸਪੈਕਟਰ ਹਰਵਿੰਦਰ ਸਿੰਘ ਵੀ ਮੌਜੂਦ ਸਨ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਨਿਵਾਸੀਆਂ ਅਤੇ ਖਾਸ ਕਰਕੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਕੂੜਾ ਘਟਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਸਾਥ ਦੇਣ ਅਤੇ ਇਸ ਲਈ ਕੇਵਲ ਕੁਝ ਕੁ ਗੱਲਾਂ ਦਾ ਧਿਆਨ ਰੱਖਣ, ਜਿਸ ਨਾਲ ਕੂੜੇ ਦਾ ਨਿਪਟਾਰਾ ਸੁਚੱਜੇ ਤੇ ਵਾਤਾਵਰਣ ਪੱਖੀ ਢੰਗ ਨਾਲ ਸਹਿਜੇ ਹੀ ਕੀਤਾ ਜਾ ਸਕੇਗਾ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜੇਕਰ ਹਰ ਨਾਗਰਿਕ ਆਪਣੀ ਜਿੰਮੇਵਾਰੀ ਸਮਝਦੇ ਹੋਏ ਆਪਣੇ ਘਰਾਂ ਵਿੱਚ ਪੈਦਾ ਹੁੰਦੇ ਕੂੜੇ ਨੂੰ ਪਹਿਲਾਂ ਤਾਂ ਘਟਾਵੇ ਅਤੇ ਦੂਜਾ ਇਸ ਨੂੰ 100 ਫੀਸਦੀ ਗਿੱਲਾ ਤੇ ਸੁੱਕਾ ਵੱਖ-ਵੱਖ ਕਰਨਾ ਯਕੀਨੀ ਬਣਾਏ ਅਤੇ ਤੀਸਰੀ ਮਹੱਤਵਪੂਰਨ ਗੱਲ, ਦੁਬਾਰਾ ਵਰਤੀ ਜਾਣ ਵਾਲੀਆਂ ਵਸਤਾਂ ਨੂੰ ਰੀਸਾਇਕਲ ਕਰਨ ਲਈ ਭੇਜੇ ਤਾਂ ਅਸੀਂ ਪਟਿਆਲਾ ਨੂੰ ਕੂੜਾ ਮੁਕਤ ਕਰਕੇ ਹਰਿਆ-ਭਰਿਆ ਤੇ ਸਾਫ਼-ਸੁੱਥਰਾ ਬਣਾ ਸਕਦੇ ਹਾਂ। ਉਨ੍ਹਾਂ ਨੇ ਲੋਕਾਂ ਨੂੰ ਬੂਟੇ ਲਾਉਣ ਲਈ ਵੀ ਪ੍ਰੇਰਿਤ ਕੀਤਾ ਤਾਂ ਕਿ ਸ਼ਹਿਰ ਦਾ ਸਾਰਾ ਕੂੜਾ ਹੀ ਇੱਥੇ ਆਵੇ ਤੇ ਕੂੜੇ ਦਾ ਵਾਤਾਵਰਨ ਪੱਖੀ ਢੰਗ ਨਾਲ ਸਹੀ ਨਿਪਟਾਰਾ ਕੀਤਾ ਜਾ ਸਕੇ।

## ਐਸ.ਡੀ.ਐਮ ਗੁਰਦੇਵ ਸਿੰਘ ਧੰਮ ਨੇ ਫੌਜੀ ਭਰਤੀ ਦੀ ਤਿਆਰੀਆਂ ਲਈ ਕੀਤੀ ਸਮੀਖਿਆ ਮੀਟਿੰਗ



ਪਟਿਆਲਾ, 8 ਜੁਲਾਈ (ਚ.ਨ.ਸ.) : ਪਟਿਆਲਾ ਦੇ ਐਸ.ਡੀ.ਐਮ. ਗੁਰਦੇਵ ਸਿੰਘ ਧੰਮ ਅਤੇ ਆਰਮੀ ਭਰਤੀ ਡਾਇਰੈਕਟਰ ਕਰਨਲ ਜੀ.ਆਰ.ਐਸ. ਰਾਜਾ ਦੀ ਅਗਵਾਈ ਹੇਠ ਭਾਰਤੀ ਫੌਜੀ ਭਰਤੀ ਦੀ ਵਿਸ਼ੇਸ਼ ਤਿਆਰੀਆਂ ਦੀ ਸਮੀਖਿਆ ਲਈ ਇਕ ਬੈਠਕ ਆਯੋਜਿਤ ਕੀਤੀ ਗਈ। ਉਹਨਾਂ ਦੱਸਿਆ ਕਿ ਪੰਜਾਬ ਦੇ ਛੇ ਜ਼ਿਲ੍ਹਿਆਂ ,ਪਟਿਆਲਾ, ਫ਼ਤਿਹਗੜ੍ਹ ਸਾਹਿਬ, ਸੰਗਰੂਰ, ਬਰਨਾਲਾ ਅਤੇ ਮਾਲੇਰਕੋਟਲਾ ਦੇ ਲਿਖਤੀ ਟੈਸਟ ਪਾਸ ਕਰ ਚੁੱਕੇ ਉਮੀਦਵਾਰਾਂ ਲਈ ਭਾਰਤੀ ਫੌਜੀ ਭਰਤੀ ਦਾ ਫ਼ਿਜ਼ੀਕਲ ਟੈਸਟ 31 ਜੁਲਾਈ ਤੋਂ 11 ਅਗਸਤ ਤੱਕ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ ਪਟਿਆਲਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ । ਗੁਰਦੇਵ ਸਿੰਘ ਧੰਮ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਵੱਲ ਇਕ ਹੋਰ ਵੱਡਾ ਕਦਮ ਚੁੱਕਿਆ ਗਿਆ ਹੈ ।ਉਹਨਾਂ ਕਿਹਾ ਕਿ ਭਰਤੀ ਦੀ ਪ੍ਰਕ੍ਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਿਵਲ ਪ੍ਰਸ਼ਾਸਨ, ਪੁਲਿਸ ਅਤੇ ਆਰਮੀ ਵੱਲੋਂ ਆਪਸੀ ਤਾਲਮੇਲ ਰਾਹੀਂ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾਵੇਗਾ। ਉਹਨਾਂ ਸਬੰਧਤ ਵਿਭਾਗਾਂ ਨੂੰ ਜਾਰੀ ਨਿਰਦੇਸ਼ਾਂ ਵਿੱਚ ਟ੍ਰੈਫ਼ਿਕ ਡਾਇਵਰਜਨ, ਮੈਡੀਕਲ ਐਮਰਜੈਂਸੀ ਸਹੂਲਤਾਂ, ਟਾਇਲਟ, ਪੀਣ ਵਾਲੇ ਪਾਣੀ ਦੀ ਉਪਲੱਬਧਤਾ, ਮੀਂਹ ਤੋਂ ਬਚਾਅ ਲਈ ਤਰਪਾਲ ਸ਼ੈਲਟਰ, ਲਾਈਟਿੰਗ, ਬੈਰੀਕੇਟਿੰਗ, ਸੁਰੱਖਿਆ ਪ੍ਰਬੰਧ, ਸਾਫ਼ ਸਫ਼ਾਈ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਸਮੇਂ ਸਿਰ ਮੁਹੱਈਆਂ ਕਰਵਾਉਣ ਲਈ ਕਿਹਾ ਗਿਆ । ਕਰਨਲ ਰਾਜਾ ਨੇ ਦੱਸਿਆ ਕਿ ਲਿਖਤੀ ਪ੍ਰੀਖਿਆ ਪਾਸ ਕਰ ਚੁੱਕੇ 8 ਤੋਂ 9 ਹਜ਼ਾਰ ਨੌਜਵਾਨ ਇਸ ਭਰਤੀ ਰੈਲੀ 'ਚ ਸ਼ਾਮਲ ਹੋਣਗੇ । ਉਹਨਾਂ ਨੇ ਜਾਣਕਾਰੀ ਦਿੱਤੀ ਜ਼ਿਲ੍ਹਾ-ਵਾਰ ਰੋਸਟਰ ਤਿਆਰ ਕੀਤਾ ਜਾ ਰਿਹਾ ਹੈ ਅਤੇ ਹਰ ਰੋਜ਼ ਲਗਭਗ 700 ਉਮੀਦਵਾਰ ਟੈਸਟ ਲਈ ਸਵੇਰੇ 4 ਵਜੇ ਤੱਕ ਪਹੁੰਚ ਜਾਣਗੇ । ਇਸ ਮੌਕੇ ਪੁਲਿਸ ਵਿਭਾਗ, ਖੇਡ ਵਿਭਾਗ, ਫਾਇਰ ਵਿਭਾਗ, ਪੀ.ਐਸ.ਪੀ.ਸੀ.ਐਲ, ਮੰਡੀ ਬੋਰਡ , ਰੋਜ਼ਗਾਰ ਵਿਭਾਗ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਸਨ ।

## ਪਾਵਰਕਾਮ ਪੈਨਸ਼ਨਰ ਐਸਸੀਏਸ਼ਨ ਦੀ ਮਹੀਨਾਵਾਰ ਮੀਟਿੰਗ



ਸਮਾਣਾ, 8 ਜੁਲਾਈ (ਵਿਜੇ ਕੁਮਾਰ) : ਪੈਨਸ਼ਨਰ ਐਸੋਸੀਏਸ਼ਨ (ਪਾਵਰਕਾਮ) ਵੰਡ ਮੰਡਲ ਯੂਨਿਟ ਸਮਾਣਾ ਦੀ ਮਹੀਨਾਵਾਰ ਮੀਟਿੰਗ ਸੋਹਨ ਸਿੰਘ ਵਿਰਕ ਦੀ ਪ੍ਰਧਾਨਗੀ 'ਚ ਹੋਈ। ਜਿਸ ਵਿਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ । ਮੀਟਿੰਗ ਨੂੰ ਸੰਬੋਧਨ ਕਰਦੀਆ ਪਿਆਰਾ ਸਿੰਘ,ਧਰਮਪਾਲ ਸਿੰਘ, ਦਵਿੰਦਰ ਸਿੰਘ, ਗੁਰਦੀਪ ਸਿੰਘ ਚੀਮਾ, ਨਛੱਤਰ ਸਿੰਘ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਉਨਾਂ ਦੀ ਦੀਆਂ ਮੰਗਾਂ ਪ੍ਰਤੀ ਅਪਨਾਏ ਗਲਤ ਰਵਈਏ ਦੀ ਨਿੰਦਾ ਕੀਤੀ ਗਈ । ਇਸ ਦੌਰਾਨ ਪ੍ਰਧਾਨ ਸੋਹਨ ਸਿੰਘ ਵਿਰਕ ਨੇ ਸੰਬੋਧਨ ਕਰਦੀਆ ਜੱਥੇਬੰਦੀਆ ਦੀ ਕਾਰਜਸ਼ੀਲਤਾ ਦਾ ਵਰਨਣ ਕੀਤਾ ਅਤੇ ਆਏ ਸਾਥੀਆ ਦਾ ਧੰਨਵਾਦ ਕੀਤਾ। ਮੀਟਿੰਗ ਵਿਚ ਜਿਨ੍ਹਾਂ ਸੱਤ ਸਾਥੀਆਂ ਦੇ ਜਨਮ ਦਿਨ ਜੁਲਾਈ ਮਹੀਨੇ ਵਿਚ ਪੈਂਦੇ ਹਨ ਨੂੰ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ। ਮੀਟਿੰਗ ਦੀ ਰਿਫਰੈਸਮੈਂਟ ਪ੍ਰਧਾਨ ਸੋਹਨ ਸਿੰਘ ਨੇ ਆਪਣੇ ਜਨਮ ਦਿਨ ਦੀ ਖੁਸ਼ੀ ਮੌਕੇ ਕੀਤੀ । ਅੱਜ ਦੀ ਮਿਟਿੰਗ ਵਿੱਚ ਦੋ ਨਵੇ ਰਿਟਾਇਰ ਹੋਏ ਮੈਂਬਰ ਹਰੀਪਾਲ ਅਤੇ ਗੁਲਜਾਰ ਸਿੰਘ ਨੂੰ ਜੱਥੇਬੰਦੀ ਵਿੱਚ ਸਾਮਲ ਹੋਣ 'ਤੇ ਸਨਮਾਨਿਤ ਕੀਤਾ ਗਿਆ।

## ਚੌਰਾ ਤੋਂ ਸਨੌਰ ਰੋਡ 'ਤੇ ਪਏ ਡੂੰਘੇ ਖੱਡੇ, ਬਰਸਾਤੀ ਪਾਣੀ ਹੋਇਆ ਜਮ੍ਹਾਂ



ਪਟਿਆਲਾ, 8 ਜੁਲਾਈ (ਰੁਪਾਣਾ) : ਸਥਾਨਕ ਚੌਰਾ ਰੋਡ ਤੋਂ ਸਨੌਰ ਰੋਡ 'ਤੇ ਪਏ ਡੂੰਘੇ ਖੱਡਿਆਂ ਕਰਕੇ ਲੋਕ ਪ੍ਰੇਸ਼ਾਨ ਹੋ ਰਹੇ ਹਨ। ਜਾਣਕਾਰੀ ਦਿੰਦਿਆਂ ਜਤਿੰਦਰ ਸਿੰਘ, ਪ੍ਰਭਜੋਤ ਸਿੰਘ, ਦਿਵਿਆਂਸ਼ੂ ਸ਼ਰਮਾ ਨੇ ਦੱਸਿਆ ਕਿ ਪਿਛਲੇ ਕਰੀਬ ਕਈ ਸਾਲਾਂ ਤੋਂ ਸਨੌਰ ਤੋਂ ਚੌਰਾ ਨੂੰ ਜਾਣ ਵਾਲੀ ਸੜਕ 'ਤੇ ਡੂੰਘੇ ਡੂੰਘੇ ਖੱਡੇ ਪਏ ਹੋਏ ਹਨ, ਇੱਥੇ ਕਈ ਵਾਰ ਲੋਕਾਂ ਦਾ ਡਿੱਗ ਕੇ ਜਾਨੀ ਨੁਕਸਾਨ ਹੋ ਚੁੱਕਿਆ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਸੜਕ ਨੂੰ ਠੀਕ ਕਰਕੇ ਬਣਾਇਆ ਜਾਵੇ।

## ਪ੍ਰਾਇਮਰੀ ਸਕੂਲ ਨੂੰ ਬਰਤਨ ਕੀਤੇ ਦਾਨ



ਭਾਦਸੋਂ, 8 ਜੁਲਾਈ (ਭਰਪੂਰ ਸਿੰਘ ਮੱਟਰਾਂ) : ਸਰਕਾਰੀ ਪ੍ਰਾਇਮਰੀ ਸਕੂਲ ਰੰਨੋ ਕਲਾਂ ਬਲਾਕ ਭਾਦਸੋਂ-2 (ਪਟਿਆਲ਼ਾ) ਨੂੰ ਸਰਪੰਚ ਸੁਰਿੰਦਰ ਸਿੰਘ ਟਿਵਾਣਾ ਤੇ ਗ੍ਰਾਮ ਪੰਚਾਇਤ ਰੰਨੋ ਕਲਾਂ ਵਲੋਂ 25000 ਰੁਪਏ ਦੀ ਰਾਸ਼ੀ ਨਾਲ ਸਕੂਲ ਵਿੱਚ ਪੜ੍ਹਦੇ ਬੱਚਿਆਂ ਲਈ ਖਾਣਾ ਬਣਾਉਣ ਲਈ ਜ਼ਰੂਰੀ ਬਰਤਨ ਦਾਨ ਕੀਤੇ ਗਏ।ਇਸ ਸਮੇਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਭਾਦਸੋਂ-2 ਜਗਜੀਤ ਸਿੰਘ ਨੌਹਰਾ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਅੱਗੇ ਤੋਂ ਵੀ ਸਕੂਲ ਨੂੰ ਸਹਿਯੋਗ ਦਿੰਦੇ ਰਹਿਣ ਲਈ ਕਿਹਾ ਗਿਆ। ਇਸ ਸਮੇਂ ਕਲੱਸਟਰ ਹੈੱਡ ਟੀਚਰ ਜਿੰਦਲਪੁਰ ਗੁਰਪ੍ਰੀਤ ਸਿੰਘ ਪੰਧੇਰ ਵਲੋਂ ਪੁੱਜੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਸਮੇਂ ਸਰਪੰਚ ਸੁਰਿੰਦਰ ਸਿੰਘ,ਬਲਵਿੰਦਰ ਸਿੰਘ ਪੰਜਾਬ ਪੈਲੇਸ ਰੰਨੋ ਕਲਾਂ, ਮਨਜਿੰਦਰ ਕੌਰ ਹਿੰਦੀ ਮਿਸਟ੍ਰੈਸ ਰੰਨੋ ਕਲਾਂ, ਰਘਵੀਰ ਸਿੰਘ ਸਾਬਕਾ ਸਰਪੰਚ, ਸਕੂਲ ਮੁਖੀ ਜਗਦੇਵ ਸਿੰਘ , ਸੁਖਵਿੰਦਰ ਸਿੰਘ ਟਿਵਾਣਾ ਡੀ.ਪੀ.ਈ, ਜਸਵੰਤ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬੀ.ਆਰ.ਸੀ. ਸਤਵੀਰ ਸਿੰਘ ਰਾਏ ਬੀ.ਆਰ.ਸੀ. ਹਰਪ੍ਰੀਤ ਕੌਰ ਤੁਰਖੇੜੀ,ਪ੍ਰਿਤਪਾਲ ਕੌਰ ਟੌਹੜਾ,ਕੰਚਨ ਰਾਣੀ ਰੰਨੋ ਕਲਾਂ,ਪੂਨਮ ਅਰੋੜਾ ਸ਼ਾਹਪੁਰ, ਗੁਰਪ੍ਰੀਤ ਸਿੰਘ ਖਿਜ਼ਰਪੁਰ, ਕਮਲਜੀਤ ਕੌਰ ਬਹਿਬਲਪੁਰ,ਸੋਨੀਆ ਮਨਕੂ ਝੰਬਾਲ਼ੀ ਖਾਸ,ਰਾਜਦੀਪ ਕੌਰ ਛੰਨਾਂ ਨੱਥੂਵਾਲੀਆਂ, ਨੀਲਮ ਹਕੀਮਪੁਰਾ ਤੇ ਕੁਲਵਿੰਦਰ ਕੌਰ ਜਿੰਦਲਪੁਰ ਹਾਜ਼ਰ ਸਨ ।

## ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਮਹੀਨਾਵਾਰ ਮੀਟਿੰਗ



ਪਟਿਆਲਾ, 8 ਜੁਲਾਈ (ਰੁਪਾਣਾ) : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਵੱਲੋਂ ਜੁਲਾਈ ਮਹੀਨੇ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਦਫਤਰ ਆਰੀਆ ਸਮਾਜ ਵਿਖੇ ਜ਼ਿਲ੍ਹਾ ਪ੍ਰਧਾਨ ਨਰੇਸ਼ ਕੁਮਾਰ ਦੁਗੱਲ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਅਸੈਂਬਲੀ ਹਲਕਾ ਪਟਿਆਲਾ ਸ਼ਹਿਰੀ ਦੇ ਅਬਜ਼ਰਵਰ ਸ੍ਰੀ ਰਿੰਪਲ ਮਿੱਡਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ । ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਵੱਲੋਂ ਰਿੰਪਲ ਮਿੱਡਾ ਨੂੰ ਕਾਂਗਰਸ ਦੇ ਦਫਤਰ ਕਾਂਗਰਸ ਪਾਰਟੀ ਦੇ ਦਫਤਰ ਪਹੁੰਚਣ 'ਤੇ ਸਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ।ਮੀਟਿੰਗ ਵਿੱਚ ਸੰਗਠਨ ਨੂੰ ਮਜ਼ਬੂਤ ਕਰਨ ਲਈ ਬਣਾਈਆਂ ਜਾਣ ਵਾਲੀਆਂ ਮੰਡਲ ਕਮੇਟੀਆਂ ਬੂਥ ਕਮੇਟੀਆਂ ਪਿੰਡ ਅਤੇ ਵਾਰਡ ਕਮੇਟੀਆਂ ਬਾਰੇ ਵਿਚਾਰ ਵਟਾਂਦਰਾ ਅਤੇ ਹੁਣ ਤੱਕ ਕਮੇਟੀਆਂ ਦੇ ਗਠਨ ਬਾਰੇ ਜਾਣਕਾਰੀ ਦਿੱਤੀ ਗਈ।ਮੀਟਿੰਗ ਨੂੰ ਰਾਜੇਸ਼ ਮੰਡੋਰਾ ਬਲਾਕ ਪ੍ਰਧਾਨ ਕਿਲਾ ਮੁਬਾਰਕ ,ਕਮਲਜੀਤ ਸਿੰਘ ਸਹਿਗਲ ਸਾਬਕਾ ਮੈਂਬਰ ਐਸ ਐਸ ਬੋਰਡ, ਹਰਵਿੰਦਰ ਸਿੰਘ ਨਿੱਪੀ ਮੈਂਬਰ ਪੀ ਪੀ ਸੀ ਸੀ, ਰਿੰਪਲ ਮਿੱਡਾ ਅਬਜ਼ਰਵਰ ਹਲਕਾ ਪਟਿਆਲਾ ਸ਼ਹਿਰੀ ਅਤੇ ਨਰੇਸ਼ ਕੁਮਾਰ ਦੁੱਗਲ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਸਾਲ 2025 ਨੂੰ ਕਾਂਗਰਸ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਵਾਲਾ ਸਾਲ ਘੋਸ਼ਿਸ਼ ਕੀਤਾ ਹੈ, ਜਿਸ ਦੇ ਤਹਿਤ ,ਬਲਾਕ ਕਾਂਗਰਸ ਕਮੇਟੀ, ਮੰਡਲ ਕਮੇਟੀਆਂ ਤੋਂ ਇਲਾਵਾ ਪਿੰਡ/ਵਾਰਡ ਕਮੇਟੀਆਂ ਅਤੇ ਬੂਥ ਕਮੇਟੀਆਂ ਦਾ ਗਠਨ ਕਰਕੇ ਸੰਗਠਨ ਨੂੰ ਮਜ਼ਬੂਤ ਅਤੇ ਸਰਵਉਚ ਬਣਾਇਆ ਜਾਣਾ ਹੈ। ਇਸ ਕਰਕੇ ਸਾਰੇ ਸਾਥੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਿਹੜੇ ਜਿਹੜੇ ਸਾਥੀਆਂ ਦੀਆਂ ਕਮੇਟੀਆਂ ਮੁਕੰਮਲ ਨਹੀਂ ਹੋਈਆਂ ਉਹਨਾਂ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਕੇ ਜ਼ਲ੍ਹਾ ਕਾਂਗਰਸ ਕਮੇਟੀ ਦੇ ਦਫਤਰ ਵਿੱਚ ਜਮ੍ਹਾਂ ਕਰਵਾਇਆ ਜਾਵੇ ਤਾਂ ਕਿ ਉਹਨਾਂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਦਫਤਰ ਭੇਜਿਆ ਜਾ ਸਕੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀ ਮਦਨ ਲਾਲ ਭਾਮਰੀ, ਸ਼ਾਂਤੀ ਦੇਵੀ,ਰਕੇਸ਼ ਪੰਡਤ ਕੇਸੀ, ਮਹਿੰਦਰ ਸਿੰਘ ਬਡੂੰਗਰ, ਐਡਵੋਕੇਟ ਨਰਿੰਦਰ ਕਪੂਰ , ਕੈਪਟਨ ਸੁਰਮੁਖ ਸਿੰਘ ਵਿਨੋਦ ਭਟਨਾਗਰ,ਵਿਨੋਦ ਮਲਹੋਤਰਾ , ਅਸ਼ੋਕ ਗੋਇਲ, ਸੁਰਿੰਦਰ ਗੋਇਲ, ਸੁਰਿੰਦਰ ਕੌਰ ਸ਼ਰਮਾ,ਅਸ਼ੋਕ ਸ਼ਰਮਾ, ਗੌਰਵ ਗੋਇਲ ,ਮਿੱਕੀ ਵਰਮਾ , ਬਲਵਿੰਦਰ ਸਿੰਘ ਗਰੇਵਾਲ, ਗਗਨ ਗਰਗ, ਰਕੇਸ਼ ਕੁਮਾਰ ਪੰਡਿਤ ਜੀ,ਸੁਭਾਸ਼ ਚੰਦ, ਰਜਨੀ ਸਿਗਲਾ, ਕ੍ਰਿਸ਼ਨ ਸਿਗਲਾ, ਰਜੇਸ਼ ਬੱਗਣ, ਸੰਜੇ ਹੰਸ, ਐਡਵੋਕੇਟ ਅਮੇਸ ਸ਼ਰਮਾ, ਐਡਵੋਕੇਟ ਰੋਹਿਤ ਹੰਸ , ਰਾਮ ਦਿਆਲ, ਅਮਰਜੀਤ ਸਹੋਤਾ, ਰਜਨੀ ਬਡਲਾਨ , ਕਿਰਪਾਲ ਕੌਰ,ਕਰਮ ਸਿੰਘ, ਗੁਰਪ੍ਰੀਤ ਸਿੰਘ ਸੰਤ, ਸਮਿਤ ਠਾਕੁਰ, ਅਨਿਲ ਵਰਮਾ,ਅਰਵਿੰਦਰ ਸੈਣੀ, ਅਵੀ ਸ਼ਰਮਾ,ਬਬਲੀ ਮਿਸਤਰੀ, ਜੋਗਿੰਦਰ ਪਾਲ ਸਿੰਘ, ਅਵਤਾਰ ਸਿੰਘ, ਰਨਬੀਰ ਸਿੰਘ ਆਨੰਦ ਨਗਰ, ਵਿਜੇ ਮੋਹਨ ਵਰਮਾ, ਹੰਸਾਂ ਸਿੰਘ, ਰਣਵੀਰ ਸਿੰਘ, ਵਿਕਰਮ ਇਸ਼ਾਂਤ, ਰਜਿੰਦਰ ਸਿੰਘ ਸਹੋਤਾ, ਵਿਕਾਸ ਸਿਆਲ, ਰੂਬੀ ਸਿਆਲ, ਤਰਸੇਮ ਲਾਲ, ਨਿਸ਼ਾ, ਰਾਣੀ ਕੌਰ, ਸੁਨਹਿਰੀ ਦੇਵੀ ,ਰਜਿੰਦਰ ਸਿੰਘ ਮਾਸਟਰ ਜੀ,ਗੌਤਮ ਸਲੂਜਾ ,ਦੀਪ ਟੰਡਨ ਦੋਨੋਂ ਸੋਸ਼ਲ ਮੀਡੀਆ ਇੰਚਾਰਜ ਹਾਜ਼ਰ ਸਨ।

## ਸੇਵਾ ਭਾਰਤੀ ਵੱਲੋਂ ਵਿਦਿਆਰਥੀਆਂ ਲਈ ਸਰਟੀਫਿਕੇਟ ਵੰਡ ਸਮਾਰੋਹ



ਪਟਿਆਲਾ, 8 ਜੁਲਾਈ (ਚ.ਨ.ਸ.) : ਸਥਾਨਕ ਥਾਪਰ ਪੋਲੀਟੈਕਨਿਕ ਕਾਲਜ ਪਟਿਆਲਾ ਵਿਖੇ ਸੇਵਾ ਭਾਰਤੀ (ਰਜਿ.) ਪੰਜਾਬ, ਪਟਿਆਲਾ ਅਧੀਨ ਚੱਲ ਰਹੇ ਕੰਪਿਊਟਰ ਸੈਂਟਰ ਵਿਚ ਸਿਖਲਾਈ ਪ੍ਰਾਪਤ ਕਰ ਚੁੱਕੇ ਵਿਦਿਆਰਥੀਆਂ ਲਈ ਸਰਟੀਫਿਕੇਟ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ, ਜਿਸ ਵਿਚ 18 ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਸਮਾਰੋਹ ਦੌਰਾਨ ਸ੍ਰੀ ਗੁਰਸ਼ਰਨ ਲਾਲ ਵਢੇਰਾ, ਕਾਰਜਕਾਰੀ ਮੈਂਬਰ ਜੀ ਨੇ ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਦਾ ਮਾਰਗ ਦਰਸ਼ਨ ਕੀਤਾ ਅਤੇ ਪੜ੍ਹਾਈ ਸਬੰਧੀ ਬਹੁਤ ਹੀ ਗਿਆਨ ਪੂਰਵਕ ਗੱਲਾਂ ਸਾਂਝੀਆਂ ਕੀਤੀਆਂ। ਸ੍ਰੀ ਵਰਿੰਦਰ ਸ਼ਰਮਾ ਕਾਰਜਕਾਰੀ ਮੈਂਬਰ ਨੇ ਬੱਚਿਆਂ ਨੂੰ ਆਪਣੇ ਰੋਜ਼ਾਨਾ ਕੰਮਕਾਜ ਦੌਰਾਨ ਪੜ੍ਹਾਈ ਲਈ ਇਕ ਨਿਸ਼ਚਿਤ ਸਮਾਂ ਫਿਕਸ ਕਰਨ 'ਤੇ ਧਿਆਨ ਕੇਂਦਰਿਤ ਕਰਨ ਲਈ ਪ੍ਰੇਰਿਤ ਕੀਤਾ। ਸਮਾਰੋਹ ਵਿਚ ਸ੍ਰੀ ਧਰਮਪਾਲ ਸਿੰਘ ਪ੍ਰਧਾਨ, ਸ੍ਰੀ ਪ੍ਰੇਮ ਚੰਦ ਗੁਪਤਾ ਕੈਸ਼ੀਅਰ, ਸ੍ਰੀ ਰਾਜੀਵ ਗਰਗ, ਸ੍ਰੀਮਤੀ ਰੇਨੂੰ ਗਰਗ ਕਾਰਜਕਾਰੀ ਮੈਂਬਰ ਵੀ ਸ਼ਾਮਲ ਹੋਏ। ਸ੍ਰੀ ਧਰਮਪਾਲ ਸਿੰਘ ਪ੍ਰਧਾਨ ਸੇਵਾ ਭਾਰਤੀ ਪਟਿਆਲਾ ਵੱਲੋਂ ਸਮਾਰੋਹ ਵਿਚ ਆਏ ਸਾਰੇ ਮੈਂਬਰਾਂ ਅਤੇ ਬੱਚਿਆਂ ਦਾ ਧੰਨਵਾਦ ਕੀਤਾ।

### ਚੋਰੀ ਕਰਨ ਦੇ ਦੋਸ਼ 'ਚ ਤਿੰਨ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 8 ਜੁਲਾਈ (ਵਿਜੇ ਕੁਮਾਰ) : ਸਦਰ ਪੁਲਿਸ ਨੇ ਪਿੰਡ ਕੁਲਾਰਾਂ ਦੇ ਇੱਕ ਘਰ ਵਿੱਚ ਚੋਰੀ ਕਰਨ ਦੇ ਦੋਸ਼ ਵਿੱਚ ਤਿੰਨ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਪ੍ਰਭਜੋਤ ਸਿੰਘ ਪੁੱਤਰ ਦਰਸ਼ਨ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਭੀਮ ਸਿੰਘ, ਹਰਸ਼ਵਿੰਦਰ ਸਿੰਘ ਪੁੱਤਰ ਨਾਹਰ ਸਿੰਘ, ਸਾਰੇ ਵਾਸੀ ਪਿੰਡ ਕੁਲਾਰਾਂ ਸ਼ਾਮਲ ਹਨ। ਮਵੀ ਪੁਲਸ ਚੌਂਕੀ ਇੰਚਾਰਜ ਅੰਗਰੇਜ਼ ਸਿੰਘ ਨੇ ਦੱਸਿਆ ਕਿ ਸਤਨਾਮ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਪਿੰਡ ਕੁਲਾਰਾਂ ਵੱਲੋਂ ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ 4 ਜੁਲਾਈ ਦੀ ਤੜਕੇ ਸਵੇਰੇ 3 ਵਜੇ ਜਦੋਂ ਉਸਦੀ ਪਤਨੀ ਜਾਗੀ ਤਾਂ ਉਕਤ ਨੌਜਵਾਨਾਂ ਨੂੰ ਘਰ ਵਿੱਚ ਚੋਰੀ ਕਰਦਿਆਂ ਪਾਇਆ। ਰੌਲਾ ਪਾਉਣ 'ਤੇ ਮੁਲਜ਼ਮ ਨੌਜਵਾਨ ਭੱਜ ਗਏ। ਜਾਂਚ ਕਰਨ 'ਤੇ ਉਨ੍ਹਾਂ ਦੇ ਘਰੋਂ 25,000 ਰੁਪਏ ਅਤੇ ਕੁਝ ਸਾਮਾਨ ਗਾਇਬ ਪਾਇਆ ਗਿਆ, ਜੋ ਕਿ ਮੁਲਜ਼ਮ ਚੋਰੀ ਕਰਕੇ ਲੈ ਗਏ ਸਨ। ਅਧਿਕਾਰੀ ਅਨੁਸਾਰ ਪੁਲਸ ਨੇ ਮਾਮਲਾ ਦਰਜ ਕਰਕੇ ਮੁਲਜ਼ਮ ਨੌਜਵਾਨਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਬਲਜੀਤ ਸਿੰਘ ਧਾਰੌਂਕੀ ਨਾਭਾ ਜ਼ੋਨਲ ਟੂਰਨਾਮੈਂਟ ਕਮੇਟੀ ਦੇ 18ਵੀਂ ਵਾਰ ਜ਼ੋਨਲ ਸਕੱਤਰ ਚੁਣੇ



ਨਾਭਾ, 8 ਜੁਲਾਈ (ਬਲਜਿੰਦਰ ਮਾਨ) : ਸਾਲ 2025-26 ਲਈ ਨਾਭਾ ਜੋਨਲ ਟੂਰਨਾਮੈਂਟ ਕਮੇਟੀ ਦੀ ਚੋਣ ਸਰਕਾਰੀ ਮਾਡਲ ਹਾਈ ਸਕੂਲ ਨਾਭਾ ਵਿਖੇ ਵੱਖ ਵੱਖ ਸਕੂਲਾਂ ਤੋਂ ਆਏ ਸਰੀਰਕ ਸਿੱਖਿਆ ਅਧਿਆਪਕਾ ਮੁੱਖ ਅਧਿਆਪਕਾ ਤੇ ਪ੍ਰਿੰਸੀਪਲਾਂ ਦੀ ਹਾਜ਼ਰੀ ਵਿੱਚ ਹੋਈ । ਬਲਜੀਤ ਸਿੰਘ ਧਾਰੌਂਕੀ ਦੇ ਪਿਛਲੇ ਸਤਾਰਾਂ ਸਾਲ ਦੇ ਨਾਭਾ ਜ਼ੋਨ ਦੇ ਟੂਰਨਾਮੈਂਟ ਕਰਾਉਣ ਦੇ ਸ਼ਲਾਘਾਯੋਗ ਪ੍ਰਬੰਧਾਂ ਨੂੰ ਦੇਖਦਿਆਂ ਅਠਾਰਵੀਂ ਵਾਰ ਫਿਰ ਸਰਵਸੰਮਤੀ ਨਾਲ ਜੋਨਲ ਸਕੱਤਰ ਚੁਣ ਲਿਆ ਗਿਆ ।ਬਲਜੀਤ ਸਿੰਘ ਧਾਰੌਂਕੀ ਧਰਮ ਸਿੰਘ ਧਾਰੌਂਕੀ ਸਾਬਕਾ ਚੇਅਰਮੈਨ ਦੇ ਸਪੁੱਤਰ ਹਨ। ਨਾਭਾ ਜ਼ੋਨਲ ਟੂਰਨਾਮੈਂਟ ਕਮੇਟੀ ਦਾ ਪ੍ਰਧਾਨ ਸ ਸ ਸ ਸ ਮੁੰਡੇ ਨਾਭਾ ਦੇ ਪ੍ਰਿੰਸੀਪਲ ਰਮਨਦੀਪ ਨੂੰ ਵੀ ਸਰਵਸੰਮਤੀ ਨਾਲ ਚੁਣਿਆ ਗਿਆ ਬੁੱਧ ਰਾਮ ਪੀ ਟੀ ਆਈ ਰੋਹਟਾ ਨੂੰ ਵਿੱਤ ਸਕੱਤਰ ਚੁਣਿਆ ਗਿਆ। ਇਸ ਮੌਕੇ ਜਸਵਿੰਦਰ ਸਿੰਘ ਸੰਧੂ, ਮੱਖਣ ਸਿੰਘ ਸੋਜ਼ਾ, ਚਮਕੌਰ ਸਿੰਘ, ਅਮਨਦੀਪ ਕੌਰ ਸਾਰੇ ਲੈਕਚਰਾਰ ਮਹਿੰਦਰ ਸਿੰਘ, ਹਰਮਨਦੀਪ ਸਿੰਘ, ਗੁਰਦੀਪ ਸਿੰਘ, ਬਹਾਦਰ ਸਿੰਘ, ਪ੍ਰੇਮ ਸਿੰਘ, ਅਮਨਦੀਪ ਕੌਰ, ਤੇਜਿੰਦਰ ਸਿੰਘ ਸਾਰੇ ਡੀ ਪੀ ਈ ਬੇਅੰਤ ਸਿੰਘ, ਰਣਰਿੰਦਰ ਕੌਰ, ਦਵਿੰਦਰ ਸਿੰਘ, ਹਰਦੀਪ ਸਿੰਘ ਪੀ ਟੀ ਆਈ ਤੇ ਹੋਰ ਬਹੁਤ ਸਾਰੇ ਅਧਿਆਪਕ ਹਾਜ਼ਰ ਸਨ।

## ਗ੍ਰਾਮ ਪੰਚਾਇਤ ਦੁਲੱਦੀ ਵਿਖੇ ਵਿਕਾਸ ਕਾਰਜ ਸ਼ੁਰੂ

### ਰਹਿੰਦੇ ਵਿਕਾਸ ਕਾਰਜ ਜਲਦ ਪੂਰੇ ਕੀਤੇ ਜਾਣਗੇ : ਗੁਰਜੰਟ ਸਿੰਘ



ਨਾਭਾ, 8 ਜੁਲਾਈ (ਬਲਜਿੰਦਰ ਮਾਨ): ਹਲਕਾ ਨਾਭਾ ਦੇ ਪਿੰਡ ਦੁਲੱਦੀ ਦੀ ਗ੍ਰਾਮ ਪੰਚਾਇਤ ਵੱਲੋਂ ਪੰਜਾਬ ਸਰਕਾਰ ਤੇ ਵਿਧਾਇਕ ਨਾਭਾ ਦੀ ਯੋਗ ਅਗਵਾਈ ਚ ਪਿੰਡ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ ਹੈ ਜਿਵੇਂ ਮੇਨ ਰੋਡ ਤੇ ਸਵਾਗਤੀ ਗੇਟ,ਗਲੀਆਂ ਨਾਲੀਆਂ, ਸੜਕਾਂ,ਡਰੇਨ ਦੀ ਸਫਾਈ, ਟੋਬਾ ਪੱਕਾ ਕੀਤਾ ਗਿਆ ਆਦਿ ਇਸ ਮੌਕੇ ਸਰਪੰਚ ਗੁਰਜੰਟ ਸਿੰਘ ਨੇ ਕਿਹਾ ਰਹਿੰਦੇ ਵਿਕਾਸ ਕਾਰਜ ਜਲਦ ਪੂਰੇ ਕੀਤੇ ਜਾਣਗੇ ਇਸ ਮੌਕੇ ਉਨ੍ਹਾਂ 'ਤੇ ਸਮੂਹ ਪੰਚਾਇਤ ਵੱਲੋਂ ਸਹਿਯੋਗ ਦੇਣ ਲਈ ਵਿਧਾਇਕ ਦੇਵ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਦੀ ਰਹਿਮਨਾਈ ਤੇ ਯਤਨਾਂ ਸਦਕਾ ਪਿੰਡ ਦੀ ਕਾਇਆ ਕਲਪ ਕੀਤੀ ਜਾਵੇਗੀ ਤਾਂ ਜੋ ਪਿੰਡ ਵਾਸੀਆਂ ਨੂੰ ਸਹੂਲਤਾਂ ਪ੍ਰਦਾਨ ਹੋ ਸਕਣ ਇਸ ਮੌਕੇ ਸਰਪੰਚ ਗੁਰਜੰਟ ਸਿੰਘ ਦੁਲੱਦੀ,ਵਿਕਾਸ ਗਰਗ ਪੰਚ,ਬਲਜੀਤ ਸਿੰਘ ਪੰਚ,ਦੇਵੀ ਪੰਚ, ਰਾਜ ਕੁਮਾਰ ਰਾਜੂ ਪੰਚ,ਕਰਮਜੀਤ ਕੌਰ ਪੰਚ, ਮੋਮਤਾ ਦੇਵੀ ਪੰਚ,ਨਿਰਮਲਾ ਦੇਵੀ ਪੰਚ, ਰਾਜਵਿੰਦਰ ਕੋਰ ਪੰਚ, ਮਨਪ੍ਰੀਤ ਮਨੀ ਪੰਚ ਆਦਿ ਹਾਜ਼ਰ ਸਨ।

## ਵਣ ਮਹਾਂਉਤਸਵ ਮਨਾਇਆ



ਸਮਾਣਾ 8 ਜੁਲਾਈ (ਵਿਜੇ ਕੁਮਾਰ) : ਵਾਤਾਵਰਨ ਸੰਭਾਲ ਪ੍ਰਤੀ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਮਿਲੇਨੀਅਮ ਵਰਲਡ ਸਕੂਲ ਸਮਾਣਾ ਚ ਵਣ ਮਹਾਂਉਤਸਵ ਮਨਾਇਆਗਿਆ, ਜਿਸ ਵਿੱਚ ਵਿਦਿਆਰਥੀਆਂ ਆਧਿਆਪਕਾਂ ਅਤੇ ਸਟਾਫ਼ ਵੱਲੋਂ ਸਕੂਲ ਅਹਾਤੇ ਅੰਦਰ ਬੂਟੇ ਲਗਾਏ ਗਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆ ਬਲਾਰਿਆਂ ਨੇ ਵਾਤਾਵਰਣ ਸੰਤੁਲਨ ਬਣਾਈ ਰੱਖਣ ਵਿੱਚ ਰੁੱਖਾਂ ਦੀ ਮਹੱਤਤਾ ਬਾਰੇ ਦੱਸਿਆ। ਚੇਅਰਮੈਨ ਡਾ. ਕੇ.ਕੇ. ਜੌਹਰੀ ਨੇ ਇਸ ਮੌਕੇ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਭਵਿੱਖ ਦੀ ਪੀੜ੍ਹੀ ਨੂੰ ਅਸੀਂ ਜੋ ਸਭ ਤੋਂ ਵਧੀਆ ਤੋਹਫ਼ਾ ਦੇ ਸਕਦੇ ਹਾਂ ਉਹ ਇੱਕ ਹਰਿਆ ਭਰਿਆ ਗ੍ਰਹਿ ਹੈ। ਪ੍ਰਿੰਸੀਪਲ ਸ਼੍ਰੀਮਤੀ ਸ਼ਾਲਿਨੀ ਕਾਜਲਾ ਨੇ ਅੱਗੇ ਕਿਹਾ, ਰੁੱਖ ਲਗਾਉਣਾ ਉਮੀਦ ਬੀਜਣਾ ਹੈ।ਇਹ ਪ੍ਰੋਗਰਾਮ ਸਾਰੇ ਭਾਗੀਦਾਰਾਂ ਦੁਆਰਾ ਪੌਦਿਆਂ ਦੀ ਰੱਖਿਆ ਅਤੇ ਪਾਲਣ-ਪੋਸ਼ਣ ਕਰਨ ਅਤੇ ਇੱਕ ਹਰਾ-ਭਰਾ ਕੱਲ੍ਹ ਬਣਾਉਣ ਵਿੱਚ ਯੋਗਦਾਨ ਪਾਉਣ ਦੀ ਸਹੁੰ ਨਾਲ ਸਮਾਪਤ ਹੋਇਆ।

## ਨੌਜਵਾਨਾਂ ਨੂੰ ਚੰਗੀ ਸਿਹਤ ਤੇ ਸਰੀਰਕ ਫਿਟਨੈੱਸ ਦੇਣਾ ਹੀ ਜਿੰਮ ਸੈਂਟਰ ਦਾ ਮੁੱਖ ਉਦੇਸ਼ : ਵਿਰਦੀ



ਸਮਾਣਾ, 8 ਜੁਲਾਈ (ਜਵੰਦਾ) : ਸਥਾਨਕ ਪਬਲਿਕ ਕਾਲਜ ਦੇ ਸਾਹਮਣੇ ਮੁਹੱਲਾ ਇੰਦਰਾਪੁਰੀ ਵਿਖੇ ਬਾਡੀ ਜੋਨ ਜਿੰਮ ਸੈਂਟਰ ਦੀ ਓਪਨਿੰਗ ਹੋਈ, ਜਿੱਥੇ ਜਿੰਮ ਦੇ ਮਾਲਕ ਭੋਲਾ ਵਿਰਦੀ ਵੱਲੋਂ ਇੱਕ ਨਵੀਂ ਪਹਿਲ ਕਰਦੇ ਹੋਏ ਇਸ ਜਿੰਮ ਦਾ ਉਦਘਾਟਨ ਕਿਸੇ ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਸ਼ਖਸੀਅਤ ਤੋਂ ਨਾ ਕਰਵਾ ਕੇ ਬਲਕਿ ਆਪਣੇ ਮਾਪਿਆਂ ਤੇ ਪਰਿਵਾਰਕ ਮੈਂਬਰਾਂ ਤੋਂ ਕਰਵਾਇਆ ਗਿਆ, ਜੋ ਕਿ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਹੈ। ਇਸ ਸਬੰਧੀ ਭੋਲਾ ਵਿਰਦੀ ਦਾ ਕਹਿਣਾ ਹੈ ਜਿਨ੍ਹਾਂ ਕਰਕੇ ਅੱਜ ਉਹ ਇਸ ਮੁਕਾਮ ਤੇ ਪੁੱਜਾ ਹੈ ਤਾਂ ਇਸ ਦਾ ਉਦਘਾਟਨ ਕਰਨ ਦਾ ਹੱਕ ਵੀ ਉਨ੍ਹਾਂ ਮਾਪਿਆਂ ਦਾ ਹੀ ਬਣਦਾ ਹੈ। ਇਸ ਮੌਕੇ ਜਿੰਮ ਦਾ ਉਦਘਾਟਨ ਕਰਨ ਉਪਰੰਤ ਲਛਮਣ ਸਿੰਘ ਵਿਰਦੀ ਅਤੇ ਬਲਵਿੰਦਰ ਸਿੰਘ ਵਿਰਦੀ ਨੇ ਮੀਡੀਆ ਰਾਹੀਂ ਨੌਜਵਾਨਾਂ ਨੂੰ ਨਸੀਅਤ ਦਿੰਦੇ ਹੋਏ ਕਿਹਾ ਕਿ ਉਹ ਜ਼ਿੰਦਗੀ ਦੇ ਸਫ਼ਰ ਨੂੰ ਸੁਚੱਜੇ ਢੰਗ ਨਾਲ ਪੂਰਾ ਕਰਨ ਲਈ, ਸਰੀਰ ਤੰਦਰੁਸਤ ਅਤੇ ਫਿੱਟ ਰੱਖਣ ਲਈ ਜਿੰਮ ਨਾਲ ਜ਼ਰੂਰ ਜੁੜਣ। ਉਨ੍ਹਾਂ ਦੱਸਿਆ ਕਿ ਅੱਜ ਨੌਜਵਾਨਾਂ ਦੇ ਨਾਲ-ਨਾਲ ਨੌਜਵਾਨ ਲੜਕੀਆਂ ਅਤੇ ਔਰਤਾਂ ਵਲੋਂ ਵੀ ਸਰੀਰਕ ਫਿਟਨੈਸ ਲਈ ਜਿੰਮ ਨੂੰ ਪਹਿਲਾ ਦਿੱਤੀ ਜਾ ਰਹੀ ਹੈ । ਇਸ ਮੌਕੇ ਗੁਰਮੀਤ ਸਿੰਘ ਵਿਰਦੀ, ਬੰਟੀ ਵਿਰਦੀ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਹਾਜ਼ਰ ਸਨ।

## ਅਸ਼ਵਨੀ ਸ਼ਰਮਾ ਦੇ ਪੰਜਾਬ ਭਾਜਪਾ ਕਾਰਜਕਾਰੀ ਪ੍ਰਧਾਨ ਬਣਨ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ : ਅਸ਼ਵਨੀ ਚੋਪੜਾ



ਨਾਭਾ, 8 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ): ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਪਟਿਆਲਾ ਦਿਹਾਤੀ ਦੱਖਣੀ ਲੋਕਲ ਬਾਡੀ ਸੈਲ ਦੇ ਜ਼ਿਲ੍ਹਾ ਕਨਵੀਨਰ ਅਸ਼ਵਨੀ ਚੋਪੜਾ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਾਅਵਾ ਕੀਤਾ ਕਿ ਅਸ਼ਵਨੀ ਸ਼ਰਮਾ ਦੇ ਪੰਜਾਬ ਪ੍ਰਦੇਸ਼ ਕਾਰਜਕਾਰੀ ਪ੍ਰਧਾਨ ਬਣਨ ਨਾਲ ਪਾਰਟੀ ਹੋਰ ਵਧੇਰੇ ਮਜ਼ਬੂਤ ਹੋਵੇਗੀ। ਚੋਪੜਾ ਨੇ ਦੱਸਿਆ ਕਿ ਅਸ਼ਵਨੀ ਸ਼ਰਮਾ ਪਾਰਟੀ ਦੇ ਟਕਸਾਲੀ ਆਗੂ ਹਨ। ਉਹਨਾਂ ਪਹਿਲਾਂ ਪਠਾਨਕੋਟ ਮੰਡਲ ਪ੍ਰਧਾਨ ਤੋਂ ਰਾਜਨੀਤਿਕ ਸਫਰ ਸ਼ੁਰੂ ਕੀਤਾ ਉਸ ਸਮੇਂ ਦੇ ਜ਼ਿਲ੍ਹਾ ਗੁਰਦਾਸਪੁਰ ਜ਼ਿਲ੍ਹੇ ਦੀ ਟੀਮ ਵਿੱਚ ਕੰਮ ਕੀਤਾ ਪੰਜਾਬ ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਬਣੇ ਪੰਜਾਬ ਭਾਜਪਾ ਦੇ ਜਨਰਲ ਸੱਕਤਰ ਰਹੇ ਦੋ ਵਾਰ ਪੰਜਾਬ ਭਾਜਪਾ ਦੇ ਪ੍ਰਧਾਨ ਰਹਿ ਚੁੱਕੇ ਹਨ ਦੋ ਵਾਰ ਪਠਾਨਕੋਟ ਤੋਂ ਵਿਧਾਇਕ ਬਣੇ ਹਨ ਭਾਜਪਾ ਵਰਕਰਾਂ ਵਿੱਚ ਸ਼ਰਮਾਂ ਦੇ ਪ੍ਰਧਾਨ ਬਣਨ ਨਾਲ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਕਿਉਂਕਿ ਪਿਛਲੇ ਕਾਫੀ ਸਮੇਂ ਤੋਂ ਜਿਹੜੇ ਪਾਰਟੀ ਵਰਕਰ ਘਰਾਂ ਵਿੱਚ ਬੈਠੇ ਸੀ ਉਹ ਹੁਣ ਸਰਗਰਮ ਹੋ ਜਾਣਗੇ ਅਤੇ ਆਉਣ ਵਾਲੀਆ 2027 ਦੀਆਂ ਵਿਧਾਨ ਸਭਾ ਚੋਣਾ ਵਿੱਚ ਪਾਰਟੀ ਹੋਰ ਵਧੇਰੇ ਮਜ਼ਬੂਤ ਹੋ ਕੇ ਉੱਭਰੇਗੀ ਅਤੇ ਹਰਿਆਣੇ ਦੀ ਤਰਜ 'ਤੇ ਪੰਜਾਬ ਦੇ ਲੋਕ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਉਣਗੇ।

## ਕਿਰਪਾਨ ਨਾਲ ਕੀਤਾ ਹਮਲਾ, ਜਾਨੋਂ ਮਾਰਨ ਦੀਆਂ ਦਿੱਤੀਆਂ ਧਮਕੀਆਂ

ਪਟਿਆਲਾ, 8 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਪ੍ਰਿੰਸ ਕੁਮਾਰ ਪੁੱਤਰ ਰਵੀ ਕੁਮਾਰ ਵਾਸੀ ਪਿੰਡ ਟਿੱਬਰ ਜ਼ਿਲ੍ਹਾ ਗੁਰਦਾਸਪੁਰ ਨੇ ਕਥਿਤ ਦੋਸ਼ੀਆਂ ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ ਵਾਸੀ ਪਿੰਡ ਕਰਹੇੜੀ, ਜਗਦੀਪ ਸਿੰਘ ਪਟਿਆਲਾ ਅਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਸੈਕਿੰਡ ਕਮਾਂਡੋ ਵਿੱਚ ਡਿਊਟੀ ਕਰਦਾ ਹੈ। ਉਹ ਆਪਣੇ ਦੋਸਤ ਕੁਲਵਿੰਦਰ ਸਿੰਘ ਨਾਲ ਕਾਰ ਪਰ ਸਵਾਰ ਹੋ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੋਲ ਜਾ ਰਿਹਾ ਸੀ, ਜੋ ਅੱਗੇ ਖੜ੍ਹੀ ਕਾਰ ਨੂੰ ਹਾਰਨ ਮਾਰ ਕੇ ਸਾਇਡ ਦੇਣ ਲਈ ਕਿਹਾ ਤਾਂ ਕਾਰ ਡਰਾਇਵਰ ਗੁਰਪ੍ਰੀਤ ਸਿੰਘ ਅਤੇ ਉਸ ਨਾਲ ਬੈਠਾ ਇੱਕ ਹੋਰ ਵਿਅਕਤੀ ਉਸ ਨਾਲ ਗਾਲੀ ਗਲੋਚ ਕਰਨ ਲੱਗ ਪਏ ਅਤੇ ਫੋਨ ਕਰਕੇ ਬਾਕੀ ਹੋਰਨਾਂ ਨੂੰ ਵੀ ਮੌਕੇ 'ਤੇ ਬੁਲਾ ਲਿਆ, ਜੋ ਗੁਰਪ੍ਰੀਤ ਸਿੰਘ ਨਾਲ ਬੈਠਾ ਅਣਪਛਾਤਾ ਵਿਅਕਤੀ ਆਪਣੇ ਆਪ ਨੂੰ ਪੁਲਿਸ ਮੁਲਾਜਮ ਕਹਿ ਰਿਹਾ ਸੀ ਤੇ ਗੱਡੀ ਵਿੱਚੋਂ ਏ.ਕੇ. 47 ਕੱਢ ਲਿਆਇਆ ਤੇ ਉਸ ਵੱਲ ਫਾਇਰ ਕਰਨ ਲੱਗਾ ਪਰ ਗੋਲੀ ਨਹੀਂ ਚੱਲ ਸਕੀ, ਜਿਸ ਨੇ ਫਿਰ ਕਾਰ ਸਟਾਰਟ ਕਰਕੇ ਜਾਨੋਂ ਮਾਰਨ ਦੀ ਨਿਯਤ ਨਾਲ ਉਸ ਵਿੱਚ ਮਾਰੀ। ਉਸ ਦੀ ਖੱਬੀ ਲੱਤ ਟਾਇਰ ਹੇਠਾਂ ਆ ਗਈ ਤੇ ਉਸ ਦੀ ਲੱਤ ਟੁੱਟ ਗਈ। ਕਥਿਤ ਦੋਸ਼ੀਆਂ ਨੇ ਉਸ ਨੂੰ ਘੇਰ ਕੇ ਜਾਨੋਂ ਮਾਰਨ ਦੀ ਨਿਯਤ ਨਾਲ ਕਿਰਪਾਨ ਨਾਲ ਕੁੱਟਮਾਰ ਕੀਤੀ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਸਰਕਾਰੀ ਮਿਡਲ ਸਕੂਲ ਬੱਤਾ ਵਿਖੇ ਲਗਾਏ ਬੂਟੇ



ਦੇਵੀਗੜ੍ਹ , 8 ਜੁਲਾਈ (ਗੁਰਜੀਤ ਸਿੰਘ ਢੋਟ) : ਬਰਸਾਤਾਂ ਦੇ ਚੱਲਦਿਆਂ ਸਰਕਾਰੀ ਮਿਡਲ ਸਕੂਲ ਬੱਤਾ ਵਿਖੇ ਐਸ. ਐਮ. ਸੀ. ਦੇ ਚੇਅਰਮੈਨ ਤੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਆਗੂ ਹਰਮਿੰਦਰ ਸਿੰਘ ਬੱਤਾ, ਸਰਪੰਚ ਅਜੈਬ ਸਿੰਘ, ਮਾਸਟਰ ਮਲਕੀਤ ਸਿੰਘ, ਬਲਬੀਰ ਸਿੰਘ, ਸੁਖਵਿੰਦਰ ਸਿੰਘ, ਸਕੂਲ ਸਟਾਫ ਤੇ ਸਮੂਹ ਵਿਦਿਆਰਥੀਆਂ ਨੇ ਰਲ ਮਿਲ ਕੇ ਸਰਕਾਰੀ ਨਰਸਰੀ ਵੱਲੋਂ ਦਿੱਤੇ ਗਏ ਵੱਖ-ਵੱਖ ਕਿਸਮਾਂ ਦੇ 15 ਬੂਟੇ ਲਗਾਏ ਗਏ। ਇਸ ਮੌਕੇ ਚੇਅਰਮੈਨ ਹਰਮਿੰਦਰ ਸਿੰਘ ਬੱਤਾ ਨੇ ਕਿਹਾ ਕਿ ਬਰਸਾਤਾਂ ਵਿਚ ਬੂਟੇ ਲਗਾਉਣ ਨਾਲ ਇਹ ਤੇਜ਼ੀ ਨਾਲ ਵਧਦੇ ਫੁੱਲਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਬੂਟਿਆਂ ਦੀ ਦੇਖਭਾਲ ਕਰਨ ਲਈ ਵੀ ਪ੍ਰੇਰਿਆ।

## ਪਰਿਵਾਰਕ ਮੈਂਬਰਾਂ ਦੀ ਕੀਤੀ ਕੁੱਟਮਾਰ

ਪਟਿਆਲਾ, 8 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਨੌਰ ਪੁਲਿਸ ਕੋਲ ਕਾਕਾ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਬੱਲਾਂ ਨੇ ਕਥਿਤ ਦੋਸ਼ੀਆਂ ਗੁਰਮੀਤ ਸਿੰਘ, ਵਿਸ਼ਾਲ, ਆਰੀਅਨ, ਰਿੰਪੀ ਵਾਸੀ ਬਾਗੜੀਆ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਨੈਬ ਸਿੰਘ, ਲੱਖੀ ਰਾਮ, ਜਗਤਾਰ ਸਿੰਘ, ਰਿਸ਼ੀਪਾਲ, ਕਮਲਜੀਤ ਕੌਰ, ਬੰਤ ਰਾਮ, ਰਿੰਕਪਾਲ, ਜਗਸੀਰ ਵਾਸੀ ਬੱਲਾ ਅਤੇ 5/6 ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀਆਂ ਨੇ ਉਸ ਤੇ ਉਸਦੇ ਪਰਿਵਾਰਿਕ ਮੈਂਬਰਾਂ ਦੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਉਸ ਦੀ ਭਰਜਾਈ ਜਸਵੀਰ ਕੌਰ ਦੀ ਲੱਤ ਟੁੱਟ ਗਈ, ਵਜਾ ਰੰਜਿਸ਼ ਇਹ ਹੈ ਕਿ ਪੁਰਾਣੀ ਤਕਰਾਰਬਾਜ਼ੀ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।